

Ray Dhaliwal
Real Estate Broker

**Moving to Indiana?**

**Contact Ray Dhaliwal @ 317-993-4987**

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

**for Free Consultation!!!**

Helpful in Easy and Accessible Home Loans at low Interest Rates.

CENTURY 21 SCHEETZ
RAYD@C21Scheetz.com



Twenty First Year of Publication | ਨਿਊ ਯਾਰਕ ਐਡੀਸ਼ਨ | Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 21, Issue 29, July 18, 2020 | 20451 N. Plum Grove Rd., Palatine, IL 60074 | Ph:847-359-0746, Fax:847-705-9388


# ਸ਼੍ਰੋਮਣੀ ਕਮੇਟੀ ਦੀ ਕਾਰਗੁਜ਼ਾਰੀ ਸਵਾਲਾਂ ਦੇ ਘੇਰੇ ਵਿਚ

## ਵੱਖ-ਵੱਖ ਮਸਲੇ ਨਜਿੱਠਣ ਦੀ ਥਾਂ ਰਫਾ-ਦਫਾ ਕਰਨ 'ਤੇ ਜ਼ੋਰ

**ਅੰਮ੍ਰਿਤਸਰ:** ਸਿੱਖਾਂ ਦੀ ਨੁਮਾਇੰਦਗੀ ਕਰਨ ਵਾਲੇ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਗੁਜ਼ਾਰੀ ਸਵਾਲਾਂ ਦੇ ਘੇਰੇ ਵਿਚ ਹੈ। ਤਖਤ ਕੇਸਗੜ੍ਹ ਸਾਹਿਬ ਵਿਖੇ ਲੰਗਰ ਖਰੀਦ ਘਪਲਾ; ਘਿਓ, ਦੁੱਧ ਪਾਊਡਰ ਤੇ ਹੋਰ ਵਸਤਾਂ ਪੰਜਾਬ ਦੀ ਬਜਾਏ ਮਹਾਰਾਸ਼ਟਰ ਦੀ ਕਿਸੇ ਪ੍ਰਾਈਵੇਟ ਕੰਪਨੀ ਤੋਂ ਖਰੀਦਣ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 267 ਪਾਵਨ ਸਰੂਪ ਗਾਇਬ ਹੋਣ ਸਮੇਤ ਕਈ ਮਸਲਿਆਂ ਉਤੇ ਸ਼੍ਰੋਮਣੀ ਕਮੇਟੀ ਬੁਰੀ ਤਰ੍ਹਾਂ ਘਿਰੀ ਹੋਈ ਹੈ।

ਸਾਲਾਨਾ ਆਡਿਟ ਸਮੇਂ ਵੀ ਸ਼੍ਰੋਮਣੀ ਕਮੇਟੀ ਨੂੰ ਚਾਰ ਸਾਲਾਂ ਤੱਕ ਪਾਵਨ ਸਰੂਪਾਂ ਦੇ ਘੱਟ ਹੋਣ ਦਾ ਪਤਾ ਨਾ ਲੱਗਣ ਬਾਰੇ ਸਵਾਲਾਂ ਦਾ ਇਸ ਸੰਸਥਾ ਕੋਲ ਕੋਈ ਜਵਾਬ ਨਹੀਂ। ਗੱਲ ਸਿਰਫ ਜਾਂਚ ਬਹਾਨੇ ਇਸ ਮਾਮਲੇ ਨੂੰ ਫਿਲਹਾਲ ਠੰਢੇ ਬਸਤੇ ਵਿਚ ਪਾਉਣ ਦੀ ਹੋ ਰਹੀ ਹੈ। ਪਿਛਲੀ ਦਿਨੀਂ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਨੇ ਸਰੂਪਾਂ ਦਾ ਮਾਮਲਾ ਉਭਾਰਿਆ ਸੀ, ਪਰ ਚਾਰ ਸਾਲਾਂ ਤੋਂ ਇਸ ਮਾਮਲੇ ਉਤੇ ਮਿੱਟੀ ਪਾਉਂਦੀ ਆ ਰਹੀ ਸ਼੍ਰੋਮਣੀ ਕਮੇਟੀ ਨੇ ਇਸ ਅਣਗਹਿਲੀ ਨੂੰ ਹੁਣ ਵੀ ਦਬਾਉਣ ਦੇ ਕਈ ਯਤਨ ਕੀਤੇ। ਹਾਲਾਂਕਿ ਮਸਲਾ ਭਖਦਾ ਦੇਖ ਕੇ ਜਾਂਚ ਲਈ 6 ਮੈਂਬਰੀ ਸਬ ਕਮੇਟੀ ਬਣਾਉਣ ਦਾ ਐਲਾਨ ਕਰ ਦਿੱਤਾ ਪਰ ਜਦੋਂ ਸਿੱਖ ਜਥੇਬੰਦੀਆਂ ਸੰਤੁਸ਼ਟ ਨਾ ਹੋਈਆਂ ਤਾਂ ਯੂ-ਟਰਨ ਲੈਂਦਿਆਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਅਪੀਲ ਕਰ ਦਿੱਤੀ ਕਿ ਉਹ ਇਸ ਮਾਮਲੇ ਦੀ ਕਿਸੇ ਸੇਵਾ-ਮੁਕਤ ਸੀਨੀਅਰ ਸਿੱਖ ਜੱਜ ਜਾਂ ਕਿਸੇ ਮੁੱਖ ਸਿੱਖ ਸ਼ਖਸੀਅਤ ਪਾਸੋਂ ਨਿਰਪੱਖ ਜਾਂਚ ਕਰਵਾਉਣ।

ਸਵਾਲ ਉਠ ਰਹੇ ਹਨ ਕਿ ਪਿਛਲੇ ਚਾਰ ਸਾਲਾਂ ਦੌਰਾਨ ਸ਼੍ਰੋਮਣੀ ਕਮੇਟੀ ਦੇ ਪਬਲੀਕੇਸ਼ਨ ਵਿਭਾਗ (ਗੁਰਦੁਆਰਾ ਸ੍ਰੀ ਰਾਮਸਰ ਸਾਹਿਬ) ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 267 ਪਾਵਨ ਸਰੂਪ ਗਾਇਬ ਹੋਣ ਬਾਰੇ ਸਾਰੀ ਜਾਣਕਾਰੀ ਹੋਣ ਦੇ ਬਾਵਜੂਦ ਇਸ ਅਣਗਹਿਲੀ ਪਰਦਾ ਪਾਉਣ ਦੀ ਕੋਸ਼ਿਸ਼ ਕਿਉਂ ਕੀਤੀ ਗਈ। ਦਰਅਸਲ, ਪੰਜਾਬ ਮਨੁੱਖੀ ਅਧਿਕਾਰ ਸੰਗਠਨ ਦੇ ਵਕੀਲ ਸਰਬਜੀਤ ਸਿੰਘ ਵੇਰਕਾ ਨੇ ਇਹ ਮਾਮਲਾ ਉਭਾਰਿਆ ਸੀ। ਸ਼੍ਰੋਮਣੀ ਕਮੇਟੀ ਨੇ ਸਫਾਈ ਦਿੱਤੀ ਕਿ ਇਸ ਲਈ ਉਸ ਵੇਲੇ ਦਾ ਸੇਵਾਮੁਕਤ ਸੁਪਰਵਾਈਜ਼ਰ ਕਵਲਜੀਤ ਸਿੰਘ ਜ਼ਿੰਮੇਵਾਰ ਸੀ, ਜਿਸ ਨੇ ਲਿਖਤੀ ਰੂਪ ਵਿਚ ਆਪਣੀ ਸਾਰੀ ਗਲਤੀ ਮੰਨੀ ਹੈ ਤੇ ਇਸ ਗਲਤੀ ਕਰ ਕੇ ਜੁਰਮਾਨਾ ਵੀ ਭਰ ਚੁੱਕਾ ਹੈ। ਬਾਅਦ ਵਿਚ ਕਵਲਜੀਤ ਸਿੰਘ ਨੇ ਮੀਡੀਆ ਸਾਹਮਣੇ ਆ ਕੇ ਦਾਅਵਾ ਕਰ ਦਿੱਤਾ ਕਿ ਸ਼੍ਰੋਮਣੀ ਕਮੇਟੀ ਦੇ ਦਬਾਅ ਹੇਠ ਉਸ ਨੇ ਹਲਫਨਾਮੇ ਉਤੇ



ਦਸਤਖਤ ਕੀਤੇ ਸਨ। ਸਿੱਖ ਜਥੇਬੰਦੀਆਂ ਸਵਾਲ ਕਰ ਰਹੀਆਂ ਹਨ ਕਿ 4 ਸਾਲ ਪਹਿਲਾਂ ਹੋਈ ਇਹ ਵੱਡੀ ਅਣਗਹਿਲੀ ਸਿਰਫ ਮੁਲਾਜ਼ਮ ਉਤੇ ਸੁੱਟ ਕੇ ਮਾਮਲਾ ਰਫਾ-ਦਫਾ ਕਰ ਦਿੱਤਾ ਗਿਆ ਤੇ ਜਾਂਚ ਦੀ ਲੋੜ ਨਾ ਸਮਝੀ ਗਈ।

ਦਰਅਸਲ, ਸ਼੍ਰੋਮਣੀ ਕਮੇਟੀ ਦੀ

*(ਬਾਕੀ ਸਫਾ 6 ਉਤੇ)*

# ਮੋਦੀ ਤੋਂ ਬਾਅਦ ਹੁਣ ਕੈਪਟਨ ਨੇ ਕਰੋਨਾ ਨੂੰ ਢਾਲ ਬਣਾਇਆ

**ਚੰਡੀਗੜ੍ਹ:** ਭਾਰਤੀ ਹਾਕਮਾਂ ਨੂੰ ਕਰੋਨਾ ਵਾਇਰਸ ਰਾਸ ਆਇਆ ਲੱਗਦਾ ਹੈ। ਇਹੀ ਕਾਰਨ ਹੈ ਕਿ ਕੇਂਦਰ ਦੀ ਮੋਦੀ ਸਰਕਾਰ ਪਿਛੋਂ ਹੁਣ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੀ ਕਰੋਨਾ ਬਹਾਨੇ ਲੋਕਾਂ ਉਤੇ ਮਨਮਰਜ਼ੀ ਦੇ ਫੈਸਲੇ ਥੋਪਣ ਤੇ ਵਿਰੋਧ ਕਰਨ ਵਾਲਿਆਂ ਨੂੰ ਵਾਇਰਸ ਫੈਲਾਉਣ ਲਈ ਜ਼ਿੰਮੇਵਾਰ ਦੱਸ ਅੰਦਰ ਡੱਕਣ ਦੇ ਰਾਹ ਤੁਰ ਪਏ ਹਨ। ਸੂਬੇ ਵਿਚ ਤਾਜ਼ਾ ਪਾਬੰਦੀਆਂ ਨੂੰ ਇਸੇ ਕੋਸ਼ਿਸ਼ ਵਜੋਂ ਵੇਖਿਆ ਜਾ ਰਿਹਾ ਹੈ। ਪੰਜਾਬ ਦੀਆਂ ਵੱਡੀ ਗਿਣਤੀ ਕਿਸਾਨ ਜਥੇਬੰਦੀਆਂ ਨੇ ਸਰਕਾਰ ਦੀ ਇਸ ਰਣਨੀਤੀ 'ਤੇ ਸਵਾਲ ਚੁੱਕਦੇ ਹੋਏ ਸੰਘਰਸ਼ ਤਿੱਖਾ ਕਰਨ ਦਾ ਐਲਾਨ ਕਰ ਦਿੱਤਾ ਹੈ।

ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਨੇ ਸਵਾਲ ਕੀਤਾ ਹੈ ਕਿ ਪਹਿਲਾਂ ਕਰੋਨਾ ਸੰਕਟ ਦੀ ਆੜ ਹੇਠ ਕੇਂਦਰ ਦੀ ਭਾਜਪਾ ਗੱਠਜੋੜ ਹਕੂਮਤ ਵੱਲੋਂ ਤਿੰਨ ਕਿਸਾਨ ਉਜਾੜੂ ਆਰਡੀਨੈਂਸ ਅਤੇ ਬਿਜਲੀ ਸੋਧ ਬਿੱਲ 2020 ਮੜ੍ਹਨ ਦੇ ਐਲਾਨ ਕੀਤੇ ਗਏ ਹਨ। ਤੇਲ ਕੰਪਨੀਆਂ ਨੂੰ ਖੁੱਲ੍ਹੀ ਛੁੱਟੀ ਦੇ ਕੇ ਪੈਟਰੋਲ, ਡੀਜ਼ਲ ਦੇ ਰੇਟ ਅਸਮਾਨੀ ਚਾੜ੍ਹੇ ਜਾ ਰਹੇ ਹਨ। ਹੁਣ ਮੋਦੀ ਦੀ ਰਣਨੀਤੀ ਸਫਲ ਹੁੰਦੀ ਦੇਖ ਕੈਪਟਨ ਸਰਕਾਰ ਵੀ ਇਸੇ ਰਾਹ ਤੁਰ ਪਈ ਹੈ।


ਛੇਤੇ ਰਹੇ ਕਿ ਪੰਜਾਬ ਸਰਕਾਰ ਨੇ ਤਾਜ਼ਾ ਫੈਸਲੇ ਵਿਚ ਸੂਬੇ ਵਿਚ ਸਾਰੇ ਜਨਤਕ ਇਕੱਠਾਂ 'ਤੇ ਮੁਕੰਮਲ ਰੋਕ ਲਾ ਦਿੱਤੀ ਹੈ। ਜਨਤਕ ਇਕੱਠ ਕਰਨ 'ਤੇ ਲਾਈਆਂ ਰੋਕਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁਧ ਲਾਜ਼ਮੀ ਐਫ. ਆਈ. ਆਰ. ਦਰਜ ਕੀਤੀ ਜਾਵੇਗੀ। ਤਾਜ਼ਾ ਦਿਸ਼ਾ-ਨਿਰਦੇਸ਼ਾਂ ਪਿਛੋਂ ਸੂਬੇ ਵਿਚ ਜਨਤਕ ਜਥੇਬੰਦੀਆਂ ਜਾਂ ਸਿਆਸੀ ਪਾਰਟੀਆਂ ਵੱਲੋਂ ਕਿਸੇ ਵੀ ਤਰ੍ਹਾਂ ਦਾ ਸੰਘਰਸ਼, ਰੈਲੀ ਜਾਂ ਇਕੱਠ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ ਤੇ ਜੇ ਕੋਈ ਪਾਰਟੀ ਜਾਂ ਜਥੇਬੰਦੀ ਕਰਦੀ ਹੈ ਤਾਂ ਇਸ ਗਤੀਵਿਧੀ ਨੂੰ ਕਾਨੂੰਨ ਦੀ ਉਲੰਘਣਾ ਮੰਨਿਆ ਜਾਵੇਗਾ।

ਉਧਰ, ਸੰਘਰਸ਼ਸ਼ੀਲ ਜਥੇਬੰਦੀਆਂ ਸਰਕਾਰ ਦੇ ਇਸ ਫੈਸਲੇ ਨੂੰ ਧੱਕੇਸ਼ਾਹੀ ਦੱਸਦੀਆਂ ਤਰਕ ਦੇ ਰਹੀਆਂ ਹਨ ਕਿ ਉਹ ਤਾਂ



ਪਹਿਲਾਂ ਹੀ ਸਮਾਜਿਕ ਦੂਰੀਆਂ ਸਮੇਤ ਹਰ ਨਿਯਮਾਂ ਦੀ ਪਾਲਣਾ ਕਰਦਿਆਂ ਆਪਣੀ ਆਵਾਜ਼ ਬੁਲੰਦ ਕਰ ਰਹੀਆਂ ਹਨ। ਸਰਕਾਰ ਦੇ ਤਾਜ਼ਾ ਸਖਤੀ ਵਾਲੇ ਹੁਕਮ ਸਿਰਫ ਉਨ੍ਹਾਂ ਦੀ ਆਵਾਜ਼ ਬੰਦ ਕਰਨ ਵਾਲੇ ਹਨ। ਦਰਅਸਲ, ਪੰਜਾਬ ਸਰਕਾਰ ਵਲੋਂ ਪਿਛਲੇ ਕੁਝ ਦਿਨਾਂ ਵਿਚ ਲਏ ਫੈਸਲਿਆਂ ਖਿਲਾਫ ਪੂਰੇ ਸੂਬੇ ਵਿਚ ਰੋਹ ਉਠ ਰਿਹਾ ਸੀ। ਬਠਿੰਡਾ ਥਰਮਲ ਪਲਾਂਟ ਦੀ ਜ਼ਮੀਨ ਵੇਚਣ, ਸਨਅਤੀ ਪਾਰਕ ਵਾਸਤੇ ਮੱਤੇਵਾੜਾ ਜੰਗਲ ਦੇ ਉਜਾੜੇ, ਤੇਲ ਕੀਮਤਾਂ ਵਿਚ ਵਾਧੇ, ਆਰਥਿਕ ਸੰਕਟ ਬਹਾਨੇ ਬੱਸ ਭਾੜੇ, ਇੰਤਕਾਲ ਫੀਸ ਵਿਚ ਭਾਰੀ ਵਾਧੇ ਸਣੇ ਪਿਛਲੇ ਸਾਢੇ 4 ਸਾਲ ਦੀਆਂ ਨਾਲਾਇਕੀਆਂ ਦੇ ਮੁੱਦੇ 'ਤੇ ਸਰਕਾਰ ਹਰ ਪਾਸੇ ਲਾਜਵਾਬ ਨਜ਼ਰ ਆ ਰਹੀ ਸੀ। ਸਰਕਾਰ ਇਸ ਔਖੀ ਘੜੀ 'ਚ ਤਾਜ਼ਾ ਪਾਬੰਦੀਆਂ ਨੂੰ ਢਾਲ ਬਣਾਉਣ ਦੀ ਰਣਨੀਤੀ ਉਤੇ ਹੈ।


**Tanya`s Beauty Salon**



*Threading/Waxing
*Facial (Men & Women)
*Anti-Aging Facial-Bleach
*Hair Cut-Color and Style

We Specialize in Bridal & Henna

85-03 Roosevelt Ave.,
Jackson Heights, NY 11373
Ph: 718-205-7832



**LEAF XPRESS**
INIANAPOLIS, IN

**Now Hiring!**

We are looking for professional CDL A drivers.
*Newer Model well maintained Trucks and Trailers.
*COMPETITIVE PAY!! HOME EVERY WEEKEND!!
*Atleast 2 years of experience required.

**Call, ISHAN: 317-688-9222**

28-



ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ

120-20 101 Ave. S. Richmond Hill,
New York 11419

# ਭਾਰਤ ਨੇ ਚੀਨ ਦੇ ਗਲਵਾਨ ਦਾਅਵੇ ਨੂੰ ਮੁੜ ਨਕਾਰਿਆ

**ਨਵੀਂ ਦਿੱਲੀ:** ਪੂਰਬੀ ਲੱਦਾਖ ਵਿਚ ਸਰਹੱਦ ਉਤੇ ਜਾਰੀ ਤਲਖੀ ਦਰਮਿਆਨ ਭਾਰਤ ਅਤੇ ਚੀਨ ਵਿਚਕਾਰ ਗੱਲਬਾਤ ਦਾ ਨਵਾਂ ਦੌਰ ਸ਼ੁਰੂ ਹੋਣ ਦੀ ਸੰਭਾਵਨਾ ਵਿਚਕਾਰ ਭਾਰਤ ਨੇ ਗਲਵਾਨ ਘਾਟੀ 'ਤੇ ਚੀਨ ਦੇ ਦਾਅਵੇ ਨੂੰ ਮੁੜ ਖਾਰਜ ਕਰ ਦਿੱਤਾ ਹੈ। ਚੀਨ ਵੱਲੋਂ ਅਸਲ ਕੰਟਰੋਲ ਰੇਖਾ ਉਤੇ ਕਈ ਥਾਵਾਂ ਤੋਂ ਆਪਣੀ ਫੌਜ ਪਿੱਛੇ ਹਟਾਉਣ ਦੇ ਅਮਲ ਵਿਚਕਾਰ ਭਾਰਤ ਨੇ ਕਿਹਾ ਹੈ ਕਿ ਉਹ ਗੱਲਬਾਤ ਰਾਹੀਂ ਸਰਹੱਦੀ ਇਲਾਕੇ 'ਚ ਅਮਨ-ਚੈਨ ਅਤੇ ਮੱਤਭੇਦਾਂ ਦੇ ਹੱਲ ਨੂੰ ਲੈ ਕੇ ਆਸਵੰਦ ਹੈ।

ਭਾਰਤ ਨੇ ਇਹ ਵੀ ਕਿਹਾ ਕਿ ਉਹ ਆਪਣੀ ਖੁਦਮੁਖਤਿਆਰੀ ਅਤੇ ਇਲਾਕੇ ਦੀ ਅਖੰਡਤਾ ਪ੍ਰਤੀ ਵਚਨਬੱਧ ਹੈ। ਵਿਦੇਸ਼ ਮੰਤਰਾਲੇ ਦੇ ਤਰਜਮਾਨ ਅਨੁਰਾਗ ਸ੍ਰੀਵਾਸਤਵ ਨੇ ਆਨਲਾਈਨ ਪ੍ਰੈੱਸ ਬਿਆਨ 'ਚ ਕਿਹਾ ਕਿ ਅਸਲ ਕੰਟਰੋਲ ਰੇਖਾ ਦਾ ਸਖਤੀ ਨਾਲ ਸਨਮਾਨ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਸਰਹੱਦੀ ਇਲਾਕਿਆਂ 'ਚ ਇਹ ਸ਼ਾਂਤੀ ਅਤੇ ਸਦਭਾਵਨਾ ਦਾ ਮੁੱਖ ਆਧਾਰ ਹੈ। ਤਰਜਮਾਨ ਨੇ ਕਿਹਾ ਕਿ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨੇ ਪਿਛਲੇ ਐਤਵਾਰ ਚੀਨ ਦੇ ਵਿਦੇਸ਼ ਮੰਤਰੀ ਵੈਂਗ ਯੀ ਨੂੰ ਗਲਵਾਨ ਘਾਟੀ ਸਮੇਤ ਅਸਲ ਕੰਟਰੋਲ ਰੇਖਾ 'ਤੇ ਵਾਪਰੀਆਂ ਘਟਨਾਵਾਂ ਸਬੰਧੀ ਭਾਰਤ ਦੀ ਸਥਿਤੀ ਤੋਂ ਜਾਣੂ ਕਰਵਾਇਆ ਸੀ। ਸ੍ਰੀਵਾਸਤਵ ਨੇ ਕਿਹਾ ਕਿ ਦੋਵੇਂ ਮੁਲਕਾਂ ਵਿਚਕਾਰ ਕੂਟਨੀਤਕ ਅਤੇ ਫੌਜੀ ਅਧਿਕਾਰੀਆਂ ਵਿਚਕਾਰ ਮੀਟਿੰਗਾਂ ਦਾ ਦੌਰ ਜਾਰੀ ਰਹੇਗਾ। ਉਨ੍ਹਾਂ ਕਿਹਾ ਕਿ ਇਹ ਮੀਟਿੰਗ ਛੇਤੀ ਹੋਣ ਦੀ ਸੰਭਾਵਨਾ ਹੈ। ਉਧਰ, ਇਸ ਤੋਂ ਪਹਿਲਾਂ ਚੀਨ ਨੇ ਕਿਹਾ ਕਿ ਪੂਰਬੀ ਲੱਦਾਖ 'ਚ ਅਸਲ ਕੰਟਰੋਲ ਰੇਖਾ ਉਤੇ ਗਲਵਾਨ ਘਾਟੀ ਅਤੇ ਹੋਰ ਇਲਾਕਿਆਂ 'ਚ ਚੀਨੀ ਅਤੇ ਭਾਰਤੀ ਫੌਜਾਂ ਨੇ ਪਿੱਛੇ ਹਟਣ ਲਈ ਢੁਕਵੇਂ ਕਦਮ ਉਠਾਏ ਹਨ। ਚੀਨੀ ਵਿਦੇਸ਼ ਮੰਤਰਾਲੇ ਦੇ ਤਰਜਮਾਨ ਜ਼ਾਓ ਲਿਜਿਆਨ ਨੇ ਕਿਹਾ ਕਿ ਹੁਣ ਸਰਹੱਦ 'ਤੇ ਹਾਲਾਤ ਸਥਿਰ ਅਤੇ ਸੁਧਰ ਰਹੇ ਹਨ।

## ਚੀਨ ਨੇ ਭਾਰਤ ਦੀ ਜ਼ਮੀਨ ਖੋਹ ਲਈ: ਰਾਹੁਲ

**ਨਵੀਂ ਦਿੱਲੀ:** ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਇਕ ਵਾਰ ਫਿਰ ਲੱਦਾਖ ਮਾਮਲੇ ਉਤੇ ਸਰਕਾਰ 'ਤੇ ਨਿਸ਼ਾਨਾ ਲਾਉਂਦਿਆਂ ਪੁੱਛਿਆ ਹੈ ਕਿ ਅਜਿਹਾ ਕੀ ਹੋਇਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਦੀ ਮੌਜੂਦਗੀ ਵਿਚ ਚੀਨ ਨੇ ਭਾਰਤ ਦੀ ਜ਼ਮੀਨ ਖੋਹ ਲਈ। ਰਾਹੁਲ ਨੇ ਟਵੀਟ ਰਾਹੀਂ ਖਬਰਾਂ ਸਾਂਝੀਆਂ ਕਰਦਿਆਂ ਜਿਸ ਵਿਚ ਰੱਖਿਆ ਮਾਹਰ ਦੇ ਹਵਾਲੇ ਨਾਲ ਦੋਸ਼ ਲਗਾਇਆ ਗਿਆ ਹੈ ਕਿ ਮਾਹਰ ਉਤੇ ਇਲਜ਼ਾਮ ਲਗਾਇਆ ਕਿ ਸਰਕਾਰ ਅਸਲ ਕੰਟਰੋਲ ਰੇਖਾ ਤੋਂ ਚੀਨ ਦੇ ਪਿੱਛੇ ਹਟਣ ਬਾਰੇ ਮੀਡੀਆ ਨੂੰ 'ਗੁਮਰਾਹ' ਕਰ ਰਹੀ ਹੈ ਤੇ ਗਲਵਾਨ ਵਾਦੀ ਤੋਂ ਪਿੱਛੇ ਹਟਣਾ ਭਾਰਤ ਲਈ ਖਤਰਨਾਕ ਹੈ।

# ਭਾਰਤੀ ਅਰਥਚਾਰਾ ਲੀਹ 'ਤੇ ਆਉਣ ਦੀ ਆਸ

**ਮੁੰਬਈ:** ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਦੇ ਗਵਰਨਰ ਸ਼ਕਤੀਕਾਂਤ ਦਾਸ ਨੇ ਦਾਅਵਾ ਕੀਤਾ ਹੈ ਕਿ ਭਾਰਤੀ ਅਰਥਵਿਵਸਥਾ ਦੇ ਆਮ ਵਾਂਗ ਹੋਣ ਦੇ ਸੰਕੇਤ ਮਿਲ ਰਹੇ ਹਨ। ਜਿਵੇਂ-ਜਿਵੇਂ ਲੌਕਡਾਊਨ ਵਿਚ ਢਿੱਲ ਦਿੱਤੀ ਜਾ ਰਹੀ ਹੈ, ਅਰਥਚਾਰਾ ਪੱਟੜੀ ਉਤੇ ਆ ਰਿਹਾ ਹੈ। ਉਨ੍ਹਾਂ ਕਿਹਾ ਕਿ ਮੌਕੇ ਦੀ ਮੰਗ ਭਰੋਸਾ ਬਹਾਲ ਕਰਨ, ਵਿੱਤੀ ਸਥਿਰਤਾ ਨੂੰ ਸਾਂਭਣ ਦੀ ਹੈ।

ਵਿਕਾਸ ਨੂੰ ਰਫਤਾਰ ਦੇ ਕੇ ਮਜ਼ਬੂਤੀ ਨਾਲ ਰਿਕਵਰੀ ਕਰਨੀ ਸਮੇਂ ਦੀ ਲੋੜ ਹੈ। ਐਸ.ਬੀ.ਆਈ. ਦੇ 7ਵੇਂ ਬੈਂਕਿੰਗ ਤੇ ਆਰਥਿਕ ਸੰਮੇਲਨ ਮੌਕੇ ਦਾਸ ਨੇ ਕਿਹਾ ਕਿ ਭਾਰਤੀ ਕੰਪਨੀਆਂ ਤੇ ਉਦਯੋਗਾਂ ਨੇ ਸੰਕਟ ਦਾ ਬਿਹਤਰ ਢੰਗ ਨਾਲ ਸਾਹਮਣਾ ਕੀਤਾ ਹੈ। ਹਾਲਾਂਕਿ ਉਨ੍ਹਾਂ ਨਾਲ ਹੀ ਕਿਹਾ ਕਿ ਸਪਲਾਈ ਲੜੀਆਂ ਪੂਰੀ ਸਮਰੱਥਾ ਨਾਲ ਕਦੋਂ ਚੱਲਣਗੀਆਂ, ਇਸ ਬਾਰੇ ਹਾਲੇ ਪੱਕਾ ਪਤਾ ਨਹੀਂ ਹੈ। ਨਾ ਹੀ ਮੰਗ ਦੇ ਪਹਿਲਾਂ ਵਾਲੇ ਪੱਧਰ ਉਤੇ ਆਉਣ ਬਾਰੇ ਕੁਝ ਕਿਹਾ ਜਾ ਸਕਦਾ ਹੈ।

ਆਰ.ਬੀ.ਆਈ. ਦੇ ਗਵਰਨਰ ਦਾਸ ਨੇ ਕਿਹਾ ਕਿ ਮਹਾਮਾਰੀ ਵਿਕਾਸ ਦੀਆਂ ਸੰਭਾਵਨਾਵਾਂ ਉਤੇ ਕੀ ਅਸਰ ਛੱਡ ਕੇ ਜਾਵੇਗੀ, ਇਹ ਬਾਰੇ ਅੰਦਾਜ਼ਾ ਲਾਉਣਾ ਔਖਾ ਹੈ। ਉਨ੍ਹਾਂ ਕਿਹਾ ਕਿ ਸੋਧਿਤ ਤੇ ਵਿਆਪਕ ਸੁਧਾਰ ਲਈ ਚੁੱਕੇ ਕਦਮਾਂ ਨਾਲ ਵਿਕਾਸ ਨੂੰ ਹੁਲਾਰਾ ਮਿਲਣਾ ਚਾਹੀਦਾ ਹੈ। ਉਨ੍ਹਾਂ ਨਾਲ ਹੀ ਕਿਹਾ ਕਿ ਕੇਂਦਰੀ ਬੈਂਕ ਬੈਂਕਿੰਗ ਢਾਂਚੇ ਨੂੰ ਨਿੱਗਰ ਰੱਖਣ ਤੇ ਆਰਥਿਕ ਗਤੀਵਿਧੀ ਬਰਕਰਾਰ ਰੱਖਣ ਲਈ ਪੂਰਾ ਜ਼ੋਰ ਲਾ ਰਹੀ ਹੈ ਤਾਂ ਕਿ ਵਿੱਤੀ ਸਥਿਰਤਾ ਬਣੀ ਰਹੇ। ਦਾਸ ਨੇ ਕਿਹਾ ਕਿ ਕੋਵਿਡ ਸੰਕਟ ਦੇ ਮੱਦੇਨਜ਼ਰ ਦੇਸ਼ ਦੇ ਸਾਰੇ ਅਦਾਇਗੀ ਢਾਂਚੇ ਤੇ ਵਿੱਤੀ ਬਜ਼ਾਰ ਬਿਨਾਂ ਅੜਿੱਕਾ ਕੰਮ ਕਰ ਰਹੇ ਹਨ, ਆਰ.ਬੀ.ਆਈ. ਵੀ ਪੂਰੀ ਨਿਗਰਾਨੀ ਕਰ ਰਿਹਾ ਹੈ। ਗਵਰਨਰ ਨੇ ਨਾਲ ਹੀ ਕਿਹਾ ਕਿ ਬੈਂਕਾਂ ਨੂੰ ਪ੍ਰਸ਼ਾਸਕੀ ਸੁਧਾਰ ਕਰਨੇ ਪੈਣਗੇ, ਜ਼ੋਖਮ ਪ੍ਰਬੰਧਨ ਨੂੰ ਹੋਰ ਤਿੱਖਾ ਕਰਨਾ ਪਵੇਗਾ ਤੇ ਨਾਲ ਹੀ ਰਾਸ਼ੀ ਵੀ ਜੁਟਾਉਣੀ ਪਵੇਗੀ।

ਆਰ.ਬੀ.ਆਈ. ਗਵਰਨਰ ਨੇ ਵਿੱਤੀ ਬੋਝ ਹੇਠਾਂ ਦੱਬੀਆਂ ਵਿੱਤੀ ਸੰਸਥਾਵਾਂ ਦੇ ਉਭਾਰ ਲਈ 'ਰੈਜ਼ੋਲਿਊਸ਼ਨ ਕਾਰਪੋਰੇਸ਼ਨ' ਕਾਇਮ ਕਰਨ ਦੀ ਵਕਾਲਤ ਕੀਤੀ, ਜਿਸ ਨੂੰ ਵਿਧਾਨਕ ਪ੍ਰਵਾਨਗੀ ਹਾਸਲ ਹੋਵੇ। ਉਨ੍ਹਾਂ ਕਿਹਾ ਕਿ ਇਹ ਰੈਗੂਲੇਟਰ ਅਗਾਊਂ ਚਿਤਾਵਨੀ ਦੇ ਸਕੇਗਾ ਤੇ ਉਭਰ ਰਹੇ ਵਿੱਤੀ ਜੋਖਮਾਂ ਬਾਰੇ ਵੀ ਦੱਸੇਗਾ।


# ਕੁਕ ਅਤੇ ਤੰਦੂਰੀਏ ਦੀ ਲੋੜ ਹੈ

ਮਿਲਵਾਕੀ, ਵਿਸਕਾਸਿਨ ਵਿਚ ਨਾਰਥ ਇੰਡੀਅਨ ਕੁਕ ਅਤੇ ਤੰਦੂਰੀਏ ਦੀ ਲੋੜ ਹੈ

ਚੰਗੀ ਤਨਖਾਹ, ਰਿਹਾਇਸ਼ ਫਰੀ

ਕਾਲ ਕਰੋ, ਮਿਸਟਰ ਸਿੰਘ

ਫੋਨ: 414-581-3784

bsingh1350@me.com

28-


## ਕਰੋਨਾ ਸੰਕਟ ਗੰਭੀਰ ਹੋ ਰਿਹੈ: ਟੈਡਰੋਸ

**ਜਨੇਵਾ:** ਵਿਸ਼ਵ ਸਿਹਤ ਸੰਸਥਾ ਨੇ ਚਿਤਾਵਨੀ ਦਿੱਤੀ ਹੈ ਕਿ ਦੁਨੀਆਂ ਦੇ ਜ਼ਿਆਦਾਤਰ ਹਿੱਸੇ ਵਿਚ ਨੋਵਲ ਕਰੋਨਾ ਵਾਇਰਸ 'ਤੇ ਅਜੇ ਵੀ ਕਾਬੂ ਨਹੀਂ ਪਾਇਆ ਜਾ ਸਕਿਆ ਹੈ। ਸੰਸਥਾ ਦਾ ਕਹਿਣਾ ਹੈ ਕਿ ਅਸਲ ਵਿਚ ਇਹ ਸੰਕਟ ਗੰਭੀਰ ਹੁੰਦਾ ਜਾ ਰਿਹਾ ਹੈ।

ਵਿਸ਼ਵ ਸਿਹਤ ਸੰਸਥਾ ਦੇ ਡਾਇਰੈਕਟਰ ਜਨਰਲ ਟੈਡਰੋਸ ਐਡਨੌਮ ਗੈਬਰੀਸਸ ਨੇ ਕਿਹਾ, "ਇਸ ਵਾਇਰਸ ਨੇ ਵਿਸ਼ਵ ਦੇ ਕੁਝ ਸਭ ਤੋਂ ਅਮੀਰ ਦੇਸ਼ਾਂ ਦੀ ਸਿਹਤ ਪ੍ਰਣਾਲੀ ਨੂੰ ਨਾਕਾਮ ਕਰ ਦਿੱਤਾ ਹੈ ਜਦੋਂਕਿ ਕੁਝ ਦੇਸ਼ਾਂ ਵੱਲੋਂ ਇਸ ਦਾ ਵਧੀਆ ਢੰਗ ਨਾਲ ਮੁਕਾਬਲਾ ਕੀਤਾ ਗਿਆ ਹੈ। ਵਿਸ਼ਵ ਦੇ ਜ਼ਿਆਦਾਤਰ ਹਿੱਸੇ ਵਿਚ ਵਾਇਰਸ ਕਾਬੂ ਹੇਠ ਨਹੀਂ ਹੈ।

# Matrimonials

## ਲੜਕੀ ਦੀ ਲੋੜ ਹੈ

ਸੈਣੀ ਸਿੱਖ, 30 ਸਾਲ, ਕੱਦ 5'-7", ਬੀ. ਕਾਮ., ਲੀਕਰ ਸਟੋਰ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਸੈਣੀ ਪਰਿਵਾਰਕ ਲੜਕੀ ਦੀ ਲੋੜ ਹੈ। ਸੰਪਰਕ ਕਰੋ, ਫੋਨ: 309-868-7373 29-32

Suitable match for USA citizen clean shaven Jatt Sikh boy, 35 yrs, 5'-11", Masters in Event Tourism Management. No dowry. Contact: 317-909-3287; WhatsApp+1-317-529-3886. 28-31

Wanted Suitable girl for slim, handsome Jatt Sikh boy, 29 yrs, 6 feet tall, on work permit and currently owns a liquor store. Whole family in America. Contact, Ph: 815-621-9077 28-31

Wanted Suitable girl for US Citizen Khatri Gursikh boy, 35 yrs, height 5'-10", BS & MS (USA), working as a Pharmaceutical Engineer in Chicago area. Contact, Ph: 630-290-1375 or neenakr2016@gmail.com 28-31

Gursikh (Sardar/Prajapat), 34 yrs, American born and raised boy, looking for life partner. Graduate from UC Berkeley, currently working in tech seeking educated, western raised family girl. Caste not important. Please contact, Ph: 925-360-0609 24-27

ਸੈਣੀ ਸਿੱਖ, 34 ਸਾਲ, ਕੱਦ 5'-9", ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892 29-32

Wanted Suitable girl for US Citizen, Khatri Gursikh boy, 35 yrs, 5'-10", BS & MS (USA), working as a Pharmaceutical Engineer in Chicago area. Contact, Ph: 630-290-1375 or neenakr2016@gmail.com 27-30

ਅਮਰੀਕਨ ਗਰੀਨ ਕਾਰਡ ਹੋਲਡਰ, ਜੱਟ ਸਿੱਖ ਉਮਰ 30 ਸਾਲ, 5'-9", ਵੈਸ਼ਨੂੰ ਲੜਕੇ ਅਤੇ ਦੂਜੇ ਯੂ. ਐਸ. ਵਰਕ ਪਰਮਿਟ ਹੋਲਡਰ, ਉਮਰ 29 ਸਾਲ, 5'-9" ਵੈਸ਼ਨੂੰ ਲੜਕੇ ਲਈ ਲੜਕੀਆਂ ਦੀ ਲੋੜ ਹੈ। ਸੰਪਰਕ ਕਰੋ, ਫੋਨ: 216-235-5171 25-28

Handsome Jat Sikh Johal boy, 25 yrs, 6'-2". B.Sc. Computer Science from USA. Working in Bay Area as Sr. Production Engineer, good package $150K. Owns Rural & Urban Property. Two sisters (Elder sister married & well settled in USA & younger sister doctor). Required beautiful, tall, professionally qualified US citizen Jat Sikh girl. Please contact: +91-98141-20374 (Father, India), 775-357-4816 (Sister, USA) or Email: Simjohal174@gmail.com 25-28

## ਲੜਕੇ ਦੀ ਲੋੜ ਹੈ

US born, Hindu Nai beautiful girl, 31 yrs, 5'-2, Masters in English and a JD (law) degree, divorced with one child looking for a well-settled and educated boy in America. Whole family is well-settled in New York. Please contact, Ph: 347-252-6400 26-29

Wanted suitable match in USA Born or raised and we consider student visa also for good looking Punjabi Brahmin girl, 28 yrs, 5'-4", well educated BBA, working as a HR Manager in multinational company. Please contact Hindu family only. Please email: pk-1960@hotmail.com, Ph: 216-288-1676 21-24


*To Advertise with Punjab Times Call: 847-359-0746*
*Visit us on the web:**www.punjabtimesusa.com***



# ਜਥੇ ਦੀ ਲੋੜ ਹੈ

ਸਿੱਖ ਸੈਂਟਰ, ਸੈਨ ਐਨਟੋਨੀਓ (ਟੈਕਸਸ) ਲਈ ਤਿੰਨ ਜਣਿਆਂ ਦੇ ਜਥੇ ਦੀ ਲੋੜ ਹੈ। ਜਥੇ ਦਾ ਕਾਰਜ ਜੋੜਮੇਲ ਮੌਕੇ ਜੋੜਮੇਲ ਦੀ ਅਗਵਾਈ ਕਰਨਾ, ਕੀਰਤਨ, ਕਥਾ ਤੇ ਅਰਦਾਸ ਕਰਨਾ ਅਤੇ ਸੰਗਤ ਨੂੰ ਪ੍ਰੇਰਨਾ ਤੇ ਅਧਿਆਤਮਿਕ ਰਾਹ ਦਿਖਾਉਣਾ ਹੋਵੇਗਾ। ਅਜਿਹੇ ਕਾਰਜ ਦਾ ਪਹਿਲਾਂ ਤਜਰਬਾ ਹੋਣਾ ਜ਼ਰੂਰੀ ਹੈ।

ਸੰਪਰਕ ਕਰੋ: ਬਲਵਿੰਦਰ ਸਿੰਘ ਢਿੱਲੋਂ
ਪ੍ਰਧਾਨ, ਸਿੱਖ ਸੈਂਟਰ, ਸੈਨ ਐਨਟੋਨੀਓ (ਟੈਕਸਸ)
ਫੋਨ: 210-573-3017

**ਯੋਗਤਾਵਾਂ**

*ਜਥੇ ਵਿਚ ਸ਼ਾਮਿਲ ਹੋਣ ਵਾਲਿਆਂ ਨੂੰ ਗੁਰਬਾਣੀ ਦਾ ਡੂੰਘਾ ਗਿਆਨ ਅਤੇ ਅੰਗਰੇਜ਼ੀ ਦਾ ਕੁਝ ਗਿਆਨ ਹੋਵੇ।
*ਕਲਾਸੀਕਲ ਸੰਗੀਤ ਦਾ ਗਿਆਨ, ਰਾਗ, ਤਬਲਾ ਤਾਲ ਤੇ ਹਾਰਮੋਨੀਅਮ ਦਾ ਗਿਆਨ ਹੋਵੇ।
*ਸਾਹਿਤ ਬਾਰੇ ਗਿਆਨ, ਭਾਸ਼ਣ ਤੇ ਵਿਅਕਤੀਗਤ ਗੁਣ ਵੀ ਹੋਣ।
*ਡਿਊਟੀ ਵਧੀਆ ਢੰਗ ਨਾਲ ਨਿਭਾਉਣ ਲਈ ਸੰਗਤ ਨੂੰ ਪ੍ਰਭਾਵਿਤ ਕਰਨ ਦਾ ਗੁਣ ਵੀ ਹੋਵੇ।

**ਡਿਊਟੀ ਵਿਚ ਸ਼ਾਮਿਲ ਹਨ**

ਗੁਰੂ ਗ੍ਰੰਥ ਸਾਹਿਬ ਦਾ ਪਾਠ, ਹਫਤਾਵਾਰੀ ਦੀਵਾਨਾਂ ਵਿਚ ਸ਼ਬਦ ਗਾਇਨ, ਵਿਆਹ ਤੇ ਮੰਗਣੀ ਸਮਾਗਮ, ਸਸਕਾਰ ਅਤੇ ਹੋਰ ਧਾਰਮਿਕ ਰਸਮਾਂ/ਸਮਾਗਮ ਕਰਵਾਉਣੇ।

ਤਨਖਾਹ: 4000 ਡਾਲਰ ਪ੍ਰਤੀ ਮਹੀਨਾ ਅਤੇ ਕੀਰਤਨ ਭੇਟਾ
ਜੇ ਲੋੜ ਹੋਵੇ ਤਾਂ ਅੰਗਰੇਜ਼ੀ ਜਾਂ ਕੰਪਿਊਟਰ ਸਿਖਲਾਈ ਲਈ ਅਦਾਇਗੀ ਵੀ ਕੀਤੀ ਜਾਵੇਗੀ।

# ਮੁਕੇਸ਼ ਅੰਬਾਨੀ ਦੁਨੀਆਂ ਦਾ 8ਵਾਂ ਸਭ ਤੋਂ ਅਮੀਰ ਅਰਬਪਤੀ



**ਨਵੀਂ ਦਿੱਲੀ:** ਬਲੂਮਬਰਗ ਵੱਲੋਂ ਜਾਰੀ ਕੀਤੀ ਗਈ ਦੁਨੀਆਂ ਦੇ ਸਭ ਤੋਂ ਅਮੀਰ ਅਰਬਪਤੀਆਂ ਦੀ ਸੂਚੀ 'ਚ ਭਾਰਤ ਦੇ ਸਭ ਤੋਂ ਅਮੀਰ ਵਿਅਕਤੀ ਤੇ ਰਿਲਾਇੰਸ ਇੰਡਸਟਰੀਜ਼ ਦੇ ਸੀ.ਐਮ.ਡੀ. ਮੁਕੇਸ਼ ਅੰਬਾਨੀ ਨੂੰ 8ਵਾਂ ਸਥਾਨ ਮਿਲਿਆ ਹੈ। ਸੂਚੀ ਅਨੁਸਾਰ ਅੰਬਾਨੀ ਦੀ ਜਾਇਦਾਦ 68.3 ਅਮਰੀਕੀ ਅਰਬ ਡਾਲਰ ਹੈ ਤੇ ਉਨ੍ਹਾਂ ਨੇ ਪ੍ਰਸਿੱਧ ਕਾਰੋਬਾਰੀ ਤੇ ਦਾਨਕਰਤਾ ਵਾਰੇਨ ਬਫੇ ਨੂੰ ਪਛਾੜ ਕੇ ਉਕਤ ਸਥਾਨ ਪ੍ਰਾਪਤ ਕੀਤਾ ਹੈ, ਜਿਨ੍ਹਾਂ ਦੀ ਜਾਇਦਾਦ 67.9 ਅਮਰੀਕੀ ਅਰਬ ਡਾਲਰ ਹੈ। ਅਮਰੀਕੀ ਇੰਟਰਨੈੱਟ ਉਦਮੀ ਤੇ ਉਦਯੋਗਪਤੀ ਜੈਫ ਬੇਜੋਸ 188 ਅਮਰੀਕੀ ਅਰਬ ਡਾਲਰ ਦੀ ਜਾਇਦਾਦ ਨਾਲ ਸੂਚੀ 'ਚ ਪਹਿਲੇ ਸਥਾਨ ਉਤੇ ਹਨ, 115 ਅਮਰੀਕੀ ਅਰਬ ਡਾਲਰ ਨਾਲ ਮਾਈਕਰੋਸੌਫਟ ਦੇ ਸਹਿ-ਸੰਸਥਾਪਕ ਬਿਲ ਗੇਟਸ ਦੂਜੇ ਨੰਬਰ 'ਤੇ ਜਦੋਂਕਿ ਫਰਾਂਸ ਦੇ ਕਾਰੋਬਾਰੀ ਤੇ ਕਲਾਤਮਕ ਵਸਤੂਆਂ ਦਾ ਸੰਗ੍ਰਹਿ ਕਰਨ ਵਾਲੇ ਬਰਨਾਰਡ ਅਰਨੌਲਟ 92.8 ਅਮਰੀਕੀ ਅਰਬ ਨਾਲ ਤੀਜੇ ਸਥਾਨ ਉਤੇ ਹਨ। ਫੇਸਬੁੱਕ ਦੇ ਚੇਅਰਮੈਨ ਤੇ ਸੀ.ਈ.ਓ. ਮਾਰਕ ਜ਼ੁਕਰਬਰਗ ਨੂੰ 92.7 ਅਮਰੀਕੀ ਅਰਬ ਡਾਲਰ ਨਾਲ ਸੂਚੀ ਵਿਚ ਚੌਥਾ ਸਥਾਨ ਮਿਲਿਆ ਹੈ।

# ਰਾਹੁਲ ਨੂੰ ਮੁੜ ਪ੍ਰਧਾਨ ਬਣਾਉਣ ਦੀ ਚਰਚਾ

**ਨਵੀਂ ਦਿੱਲੀ:** ਦੇਸ਼ ਵਿਚ ਕੋਵਿਡ-19 ਮਹਾਮਾਰੀ ਅਤੇ ਸਿਆਸੀ ਸਥਿਤੀ ਵਿਚਾਰਨ ਲਈ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਵੱਲੋਂ ਪਾਰਟੀ ਦੇ ਲੋਕ ਸਭਾ ਮੈਂਬਰਾਂ ਦੀ ਸੱਦੀ ਗਈ ਬੈਠਕ ਵਿਚ ਰਾਹੁਲ ਗਾਂਧੀ ਨੂੰ ਪਾਰਟੀ ਪ੍ਰਧਾਨ ਬਣਾਏ ਜਾਣ ਦੀ ਚਰਚਾ ਭਾਰੂ ਰਹੀ।

ਸੂਤਰਾਂ ਅਨੁਸਾਰ ਕਰੀਬ ਤਿੰਨ ਘੰਟੇ ਚੱਲੀ ਇਸ ਵਰਚੁਅਲ ਬੈਠਕ ਵਿਚ ਸਭ ਤੋਂ ਪਹਿਲਾਂ ਇਹ ਮੰਗ ਲੋਕ ਸਭਾ ਵਿਚ ਪਾਰਟੀ ਦੇ ਚੀਫ ਵ੍ਹਿਪ ਕੇ. ਸੁਰੇਸ਼ ਵਲੋਂ ਚੁੱਕੀ ਗਈ, ਜਿਸ ਦਾ ਜ਼ਿਆਦਾਤਰ ਸੰਸਦ ਮੈਂਬਰਾਂ ਨੇ ਸਮਰਥਨ ਕੀਤਾ। ਸੂਤਰਾਂ ਅਨੁਸਾਰ ਸੁਰੇਸ਼ ਨੇ ਕਿਹਾ ਕਿ ਮਹਾਮਾਰੀ ਦੌਰਾਨ ਰਾਹੁਲ ਵੱਲੋਂ ਲੋਕਾਂ ਦੇ ਮੁੱਦੇ ਮੂਹਰੇ ਹੋ ਕੇ ਚੁੱਕੇ ਗਏ ਹਨ, ਜਿਸ ਕਰਕੇ ਇਸ ਸੰਕਟ ਕਾਲ ਦੌਰਾਨ ਉਨ੍ਹਾਂ ਨੂੰ ਕਾਂਗਰਸ ਦੀ ਕਮਾਂਡ ਸੌਂਪੇ ਜਾਣ ਦੀ ਲੋੜ ਹੈ।

ਸੂਤਰਾਂ ਅਨੁਸਾਰ ਇਹ ਮੰਗ ਚੁੱਕੇ ਜਾਣ ਸਮੇਂ ਰਾਹੁਲ ਗਾਂਧੀ ਵੀ ਬੈਠਕ ਵੀ ਮੌਜੂਦ ਸੀ ਪਰ ਸੋਨੀਆ ਗਾਂਧੀ ਤੇ ਰਾਹੁਲ ਇਸ ਮੁੱਦੇ 'ਤੇ ਕੁਝ ਵੀ ਨਹੀਂ ਬੋਲੇ। ਬੈਠਕ ਵਿਚ ਮਨੀਕਮ ਟੈਗੋਰ, ਗੌਰਵ ਗੋਗੋਈ, ਐਂਟੋ ਐਂਟਨੀ, ਗੁਰਜੀਤ ਸਿੰਘ ਔਜਲਾ, ਸਪਤਾਗਿਰੀ ਸ਼ੰਕਰ ਉਲਾਕਾ ਤੇ ਹੋਰਾਂ ਨੇ ਇਸ ਮੰਗ ਦਾ ਸਮਰਥਨ ਕੀਤਾ। ਬੈਠਕ ਵਿਚ ਸੰਸਦ ਦਾ ਮੌਨਸੂਨ ਸੈਸ਼ਨ ਸੱਦੇ ਜਾਣ, ਭਾਰਤ-ਚੀਨ ਵਿਵਾਦ, ਤੇਲ ਕੀਮਤਾਂ ਵਿਚ ਵਾਧਾ, ਆਰਥਿਕ ਮੰਦੀ ਸਣੇ ਕਈ ਮੁੱਦਿਆਂ 'ਤੇ ਚਰਚਾ ਹੋਈ।

# ਅਦਾਕਾਰਾ ਦਿੱਵਿਆ ਚੋਕਸੇ ਦਾ ਦੇਹਾਂਤ

ਮੁੰਬਈ: ਅਦਾਕਾਰਾ ਦਿੱਵਿਆ ਚੋਕਸੇ ਦੀ ਕੈਂਸਰ ਕਾਰਨ ਮੌਤ ਹੋ ਗਈ। ਉਹ 28 ਸਾਲ ਦੀ ਸੀ। ਨਿਰਦੇਸ਼ਕ ਮੋਨਜੋਏ ਮੁਕਰਜੀ, ਜਿਸ ਨੇ ਦਿੱਵਿਆ ਨਾਲ ਉਸ ਦੀ 2016 'ਚ ਆਈ ਪਹਿਲੀ ਫਿਲਮ 'ਹੈ ਅਪਨਾ ਦਿਲ ਤੋਂ ਆਵਾਰਾ' ਵਿਚ ਕੰਮ ਕੀਤਾ ਸੀ, ਅਨੁਸਾਰ ਅਦਾਕਾਰਾ ਨੇ ਆਪਣੇ ਗ੍ਰਹਿ ਸ਼ਹਿਰ ਭੋਪਾਲ 'ਚ ਸਵੇਰੇ ਆਖਰੀ ਸਾਹ ਲਿਆ। ਉਹ ਪਿਛਲੇ ਡੇਢ ਸਾਲ ਤੋਂ ਕੈਂਸਰ ਨਾਲ ਪੀੜਤ ਸੀ।


ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ

'ਦੇਸੀ ਬਾਜ਼ਾਰ' ਗਰੀਨਵੁੱਡ, ਇੰਡੀਆਨਾ ਲਈ ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ

ਚੰਗੀ ਤਨਖਾਹ ਤੇ ਹੋਰ ਸਹੂਲਤਾਂ

ਸੰਪਰਕ ਕਰੋ: 317-888-2040



ਵੇਟਰ, ਹੈਲਪਰ, ਤੰਦੂਰੀਏ ਤੇ ਡਿਸ਼ ਵਾਸ਼ਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਵੇਟਰ, ਕਿਚਨ ਹੈਲਪਰ, ਤੰਦੂਰੀਏ ਅਤੇ ਡਿਸ਼ ਵਾਸ਼ਰ ਦੀ ਲੋੜ ਹੈ। ਚੰਗੀ ਤਨਖਾਹ ਅਤੇ ਰਿਹਾਇਸ਼ ਦਾ ਪ੍ਰਬੰਧ।

ਸੰਪਰਕ ਕਰੋ, ਦਵਿੰਦਰ ਸਿੰਘ

ਫੋਨ: 262-391-7666

26-



ਬਜ਼ੁਰਗ ਦੀ ਦੇਖਭਾਲ ਲਈ ਬੀਬੀ ਦੀ ਭਾਲ

ਯੰਗਸਟਾਊਨ, ਓਹਾਇਓ (Youngstown, Ohio) ਰਹਿੰਦੇ ਪੰਜਾਬੀ ਪਰਿਵਾਰ ਨੂੰ ਬਜ਼ੁਰਗ ਦਾਦੀ ਜੀ ਦੀ ਦੇਖਭਾਲ ਕਰਨ ਵਾਲੀ ਬੀਬੀ ਦੀ ਭਾਲ ਹੈ, ਜੋ ਰੋਜ਼ਾਨਾ ਕੰਮਾਂ 'ਚ ਮਦਦ ਕਰ ਸਕੇ। ਰਿਹਾਇਸ਼ ਅਤੇ ਭੋਜਨ ਦਿੱਤਾ ਜਾਵੇਗਾ।

ਤਨਖਾਹ $3,000 ਪ੍ਰਤੀ ਮਹੀਨਾ ਸ਼ੁਰੂਆਤ

ਸਰਕਾਰੀ ਮਨਜ਼ੂਰਸ਼ੁਦਾ ਸਿਖਲਾਈ ਨਾਲ ਤਨਖਾਹ $4,000 ਪ੍ਰਤੀ ਮਹੀਨਾ ਹੋ ਸਕਦੀ ਹੈ।

ਸੰਪਰਕ ਕਰੋ: ਈਮੇਲ: biji1924@gmail.com

ਜਾਂ ਫੋਨ: 330-967-0878

26-



ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

Gurdip Singh Sandhu

Homeopathic Practitioner/Consultant Since 1973

DHMS-Gold Medalist, BAMS, MDEh.- India

**Well Experienced as:**

Director, Principal, Professor and Chief Medical Officer in Medical Colleges and Hospitals of Punjab (India)

Practice Under State of California Act SB 577

**EX Member:** The California Homeopathic Society

National Center For Homeopathy- USA



*Gurdip Singh Sandhu*

**Live on Jas TV**

Saturday 9:30AM and Sunday 4PM (Pacific Time)

7021 Village Park Way, Dublin, CA 94568

Email: Homeomedicine@yahoo.com



Midway Business Broker




For All Your Commercial Real Estate Needs

MIDWAY Business Broker

We Build Your Dreams

We Help You To

*Gas Station

*Commercial

*Liquor Store

*Hotel/Motel

*Miscellaneous Store

We will assist you to provide funding from $25K to $500K in 48 hrs.

List your business at: WWW.MBBBIZ.COM

Ajeet Singh: 847-529-9778

Nick Verma: 630-664-1435



Michigan Truck Driving School

6405 Middlebelt Road, Romulus, MI 48174

ਖੁਸ਼ਖਬਰੀ ! ਖੁਸ਼ਖਬਰੀ ! ! ਖੁਸ਼ਖਬਰੀ ! ! !

ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇੰਸੈਂਸ ਲਓ

*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Raj Jamarai Cell:734-644-1010 Office:734-747-4298

# ਬੇਅਦਬੀ: ਸੀ.ਬੀ.ਆਈ. ਤੇ 'ਸਿੱਟ' ਦੀ ਖਹਿਬਾਜ਼ੀ ਨੇ ਮੁੜ ਉਲਝਾਈ ਜਾਂਚ

**ਚੰਡੀਗੜ੍ਹ:** ਬੇਅਦਬੀ ਮਾਮਲਿਆਂ ਵਿਚ ਇਨਸਾਫ ਦੀ ਆਸ ਇਕ ਫਿਰ ਟੁੱਟਦੀ ਨਜ਼ਰ ਆ ਰਹੀ ਹੈ। ਕੈਪਟਨ ਸਰਕਾਰ ਵੱਲੋਂ ਬਣਾਈ ਵਿਸ਼ੇਸ਼ ਜਾਂਚ ਟੀਮ (ਸਿੱਟ) ਵੱਲੋਂ ਬੇਅਦਬੀ ਮਾਮਲਿਆਂ ਵਿਚ ਡੇਰਾ ਸਿਰਸਾ ਮੁਖੀ ਰਾਮ ਰਹੀਮ ਸਣੇ ਕੁਝ ਪ੍ਰੇਮੀਆਂ ਨੂੰ ਨਾਮਜ਼ਦ ਕਰਨ ਤੋਂ ਬਾਅਦ ਸੀ.ਬੀ.ਆਈ. ਨੇ ਅਦਾਲਤ ਤੱਕ ਪਹੁੰਚ ਕਰਕੇ ਇਸ ਕਾਰਵਾਈ ਉਤੇ ਇਤਰਾਜ਼ ਉਠਾ ਦਿੱਤਾ ਹੈ। ਇਹੀ ਨਹੀਂ, ਸੀ.ਬੀ.ਆਈ. ਤੋਂ ਬਾਅਦ ਗ੍ਰਿਫਤਾਰ ਕੀਤੇ ਗਏ ਡੇਰਾ ਪ੍ਰੇਮੀਆਂ ਨੇ ਅਦਾਲਤ ਵਿਚ ਅਰਜ਼ੀ ਦੇ ਕੇ ਮੰਗ ਕੀਤੀ ਕਿ ਜਾਂਚ ਟੀਮ ਵੱਲੋਂ ਪੇਸ਼ ਕੀਤੀ ਗਈ ਚਾਰਜਸ਼ੀਟ ਤੇ ਸਮੁੱਚੀ ਪੜਤਾਲ ਗੈਰ-ਕਾਨੂੰਨੀ ਹੈ। ਇਸ ਲਈ ਜਾਂਚ ਟੀਮ ਵੱਲੋਂ ਪੇਸ਼ ਕੀਤਾ ਚਲਾਨ ਵਾਪਸ ਕੀਤਾ ਜਾਵੇ।



'ਸਿਟ' ਵੱਲੋਂ ਬੁਰਜ ਜਵਾਹਰ ਸਿੰਘ ਵਾਲਾ ਤੋਂ ਗੁਰੂ ਗ੍ਰੰਥ ਸਾਹਿਬ ਦੀ ਬੀੜ ਚੋਰੀ ਕਰਨ ਤੇ ਬਰਗਾੜੀ ਵਿਖੇ ਅੰਗ ਪਾੜ ਕੇ ਸੁੱਟਣ ਦੇ ਦੋਸ਼ 'ਚ ਦਰਜ ਕੇਸ ਵਿਚ ਡੇਰਾ ਪ੍ਰੇਮੀਆਂ ਨੂੰ ਨਾਮਜ਼ਦ ਕਰਨ ਦੇ ਤੀਜੇ ਦਿਨ ਹੀ ਸੀ.ਬੀ.ਆਈ. ਵੱਲੋਂ ਪੰਜਾਬ ਪੁਲਿਸ ਦੀ ਜਾਂਚ ਨੂੰ ਰੋਕਣ ਲਈ ਅਦਾਲਤ 'ਚ ਪਹੁੰਚ ਨੂੰ ਡੇਰਾ ਮੁਖੀ ਨੂੰ ਬਚਾਉਣ ਲਈ ਕੀਤਾ ਜਾ ਰਿਹਾ ਯਤਨ ਸਮਝਿਆ ਜਾ ਰਿਹਾ ਹੈ। ਸੀ.ਬੀ.ਆਈ. ਅਦਾਲਤ ਨੇ ਜਾਰੀ ਤਾਜ਼ਾ ਹੁਕਮਾਂ ਵਿਚ ਕਿਹਾ ਕਿ ਇਕ ਕੇਸ ਦੀ ਦੋ ਦੋ ਏਜੰਸੀਆਂ ਬਰਾਬਰ ਜਾਂਚ ਕਰ ਰਹੀਆਂ ਹਨ ਪਰ ਕਾਨੂੰਨ ਮੁਤਾਬਕ ਇਨ੍ਹਾਂ ਨੂੰ ਇਸ ਗੱਲ ਮਨਜ਼ੂਰੀ ਨਹੀਂ ਦੇਣੀ ਚਾਹੀਦੀ ਸੀ। ਫਿਲਹਾਲ ਅਦਾਲਤ ਪੰਜਾਬ ਪੁਲਿਸ ਦੀ ਸਿੱਟ ਦੀ ਕਾਰਵਾਈ ਉਤੇ ਕੋਈ ਰੋਕ ਨਹੀਂ ਲਗਾਈ ਹੈ। ਅਦਾਲਤ ਨੇ ਸਰਕਾਰ ਅਤੇ ਸ਼ਿਕਾਇਤ ਕਰਤਾਵਾਂ ਨੂੰ ਆਪਣਾ ਪੱਖ ਰੱਖਣ ਦੀ ਹਦਾਇਤ ਕਰਦਿਆਂ ਸਪੱਸ਼ਟ ਕੀਤਾ ਕਿ ਜੇਕਰ ਇਸ ਦੌਰਾਨ ਕਿਸੇ ਧਿਰ ਨੇ ਆਪਣਾ ਲਿਖਤੀ ਪੱਖ ਨਹੀਂ ਰੱਖਿਆ ਤਾਂ ਬਾਅਦ ਵਿਚ ਦਾਇਰ ਜਵਾਬ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ ਅਤੇ ਅਦਾਲਤ ਇਹ ਮੰਨ ਲਵੇਗੀ ਕਿ ਸਬੰਧਤ ਧਿਰ ਦੀ ਜਵਾਬ ਦੇਣ ਵਿਚ ਕੋਈ ਰੁਚੀ ਨਹੀਂ ਹੈ।

ਸੀ.ਬੀ.ਆਈ. ਦਾ ਤਰਕ ਹੈ ਕਿ ਉਹ ਪਹਿਲਾਂ ਹੀ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ, ਫਿਰ ਸਿੱਟ ਨੂੰ ਇਸ ਬਾਰੇ ਕਾਰਵਾਈ ਕਰਨ ਦਾ ਕੋਈ ਹੱਕ ਨਹੀਂ। ਦੱਸ ਦਈਏ ਕਿ ਕੈਪਟਨ ਸਰਕਾਰ ਨੇ ਪਿਛਲੇ ਸਾਲ ਵਿਧਾਨ ਸਭਾ ਵਿਚ ਮਤਾ ਪਾਸ ਕਰਕੇ ਬੇਅਦਬੀ ਮਾਮਲਿਆਂ ਦੀ ਜਾਂਚ ਸੀ.ਬੀ.ਆਈ. ਤੋਂ ਲੈ ਕੇ ਸਰਕਾਰ ਵੱਲੋਂ ਬਣਾਈ ਇਕ ਵਿਸ਼ੇਸ਼ ਜਾਂਚ ਟੀਮ ਹਵਾਲੇ ਕਰ ਦਿੱਤੀ ਸੀ। ਸਰਕਾਰ ਦਾ ਦਾਅਵਾ ਹੈ ਕਿ ਉਸ ਨੇ ਕੇਂਦਰ ਸਰਕਾਰ ਨੂੰ ਇਸ ਬਾਰੇ ਜਾਣੂ ਕਰਵਾ ਦਿੱਤਾ ਸੀ ਤੇ ਹੁਣ ਸੀ.ਬੀ.ਆਈ. ਦਾ ਇਸ ਮਾਮਲੇ ਦੀ ਜਾਂਚ ਨਾਲ ਕੋਈ ਲੈਣਾ ਦੇਣਾ ਨਹੀਂ ਪਰ ਸੀ.ਬੀ.ਆਈ. ਦਾ ਦਾਅਵਾ ਹੈ ਕਿ ਉਨ੍ਹਾਂ ਨੂੰ ਜਾਂਚ ਤੋਂ ਲਾਂਭੇ ਹੋਣ ਬਾਰੇ ਕੋਈ ਜਾਣਕਾਰੀ ਨਹੀਂ ਮਿਲੀ।

ਪੰਜਾਬ ਸਰਕਾਰ ਨੇ ਦਾਅਵਾ ਕੀਤਾ ਹੈ ਕਿ ਉਸ ਨੇ ਸੀ.ਬੀ.ਆਈ. ਨੂੰ ਜਾਂਚ ਲਈ ਦਿੱਤੀ ਸਹਿਮਤੀ ਵਾਪਸ ਲੈ ਕੇ ਕੇਸ ਵਾਪਸ ਮੰਗਿਆ ਸੀ ਤੇ ਪੰਜਾਬ ਹਾਈਕੋਰਟ ਨੇ ਸਪੱਸ਼ਟ ਰੂਪ 'ਚ ਰਾਜ ਸਰਕਾਰ ਦੇ ਫੈਸਲੇ ਉਪਰ ਮੋਹਰ ਲਗਾ ਦਿੱਤੀ ਸੀ। ਫਿਰ ਸੀ.ਬੀ.ਆਈ. ਨੇ ਹਾਈਕੋਰਟ ਦੇ ਫੈਸਲੇ ਨੂੰ ਸੁਪਰੀਮ ਕੋਰਟ 'ਚ ਚੁਣੌਤੀ ਦਿੱਤੀ ਤਾਂ ਸੁਪਰੀਮ ਕੋਰਟ ਨੇ 20 ਫਰਵਰੀ, 2020 ਨੂੰ ਸੀ.ਬੀ.ਆਈ. ਦੀ ਪਟੀਸ਼ਨ ਰੱਦ ਕਰ ਦਿੱਤੀ ਸੀ। ਉਸ ਤੋਂ ਬਾਅਦ ਸੀ.ਬੀ.ਆਈ. 5-6 ਮਹੀਨੇ ਚੁੱਪ ਰਹੀ ਤੇ ਹੁਣ ਜਦ ਸੰਗੀਨ ਜੁਰਮ ਦੇ ਦੋਸ਼ੀਆਂ ਖਿਲਾਫ ਪੁਲਿਸ ਨੇ ਕਾਰਵਾਈ ਆਰੰਭ ਕੀਤੀ ਹੈ ਤਾਂ ਪਤਾ ਨਹੀਂ ਕਿਵੇਂ ਅਦਾਲਤ 'ਚ ਆ ਖੜ੍ਹੇ ਹੋਏ ਹਨ। ਸਰਕਾਰੀ ਵਕੀਲ ਨੇ ਕਿਹਾ ਕਿ ਇਸ ਵੇਲੇ ਬੇਅਦਬੀ ਮਾਮਲੇ ਦੀ ਜਾਂਚ ਸਿਰਫ ਪੰਜਾਬ ਪੁਲਿਸ ਕਰ ਰਹੀ ਹੈ। ਸੀ.ਬੀ.ਆਈ. ਤਾਂ ਕਾਫੀ ਸਮਾਂ ਪਹਿਲਾਂ ਆਪਣਾ ਕੰਮ ਬੰਦ ਕਰ ਚੁੱਕੀ ਹੈ। ਕਾਨੂੰਨੀ ਹਲਕਿਆਂ 'ਚ ਇਹ ਦਲੀਲ ਦਿੱਤੀ ਜਾ ਰਹੀ ਹੈ ਕਿ ਸੀ.ਬੀ.ਆਈ.ਵਲੋਂ ਸੁਪਰੀਮ ਕੋਰਟ 'ਚ ਰਿਵਿਊ ਪਟੀਸ਼ਨ ਲਈ ਦਿੱਤੀ ਦਰਖਾਸਤ ਦਾ ਉਸ ਸਮੇਂ ਤੱਕ ਕੋਈ ਮੁੱਲ ਨਹੀਂ ਜਦ ਤੱਕ ਅਦਾਲਤ ਇਸ ਪਟੀਸ਼ਨ ਨੂੰ ਪ੍ਰਵਾਨ ਕਰਕੇ ਪੰਜਾਬ ਸਰਕਾਰ ਨੂੰ ਨੋਟਿਸ ਨਹੀਂ ਜਾਰੀ ਕਰਦੀ ਜਾਂ ਇਸ ਮਾਮਲੇ 'ਚ ਹਾਈਕੋਰਟ ਵਲੋਂ ਕੀਤੇ ਫੈਸਲੇ ਉੱਪਰ ਰੋਕ ਨਹੀਂ ਲਗਾਉਂਦੀ। ਪਤਾ ਲੱਗਾ ਹੈ ਕਿ ਪੁਲਿਸ ਵੱਲੋਂ ਸੀ.ਬੀ.ਆਈ. ਵੱਲੋਂ ਰੁਕਾਵਟ ਖੜ੍ਹੀ ਕਰਨ ਦੇ ਖਦਸ਼ੇ ਨੂੰ ਦੇਖਦਿਆਂ ਸਾਰੇ ਮਾਮਲੇ ਦੀ ਪਿਛਲੇ 2-3 ਹਫਤੇ ਤੋਂ ਡੂੰਘਾਈ ਨਾਲ ਤਫਤੀਸ਼ ਕੀਤੀ ਜਾ ਰਹੀ ਸੀ ਤੇ ਡੇਰਾ ਪ੍ਰੇਮੀਆਂ ਦੀ ਗ੍ਰਿਫਤਾਰੀ ਤੋਂ ਤੀਜੇ ਦਿਨ ਹੀ ਚਲਾਨ ਪੇਸ਼ ਕਰ ਦਿੱਤਾ।

## ਬਾਦਲਾਂ ਨੂੰ ਬਚਾ ਰਹੇ ਨੇ ਕੈਪਟਨ ਤੇ ਮੋਦੀ: ਭਗਵੰਤ ਮਾਨ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਦੋਸ਼ ਲਾਇਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ ਵਿਚ ਘਿਰੇ ਬਾਦਲਾਂ ਨੂੰ ਬਚਾਉਣ ਲਈ ਨਰਿੰਦਰ ਮੋਦੀ ਅਤੇ ਕੈਪਟਨ ਅਮਰਿੰਦਰ ਸਿੰਘ ਰਲੇ ਹੋਏ ਹਨ। ਉਨ੍ਹਾਂ ਆਖਿਆ ਕਿ ਮੋਦੀ ਸਰਕਾਰ ਸੀ.ਬੀ.ਆਈ. ਅਤੇ ਕੈਪਟਨ ਅਮਰਿੰਦਰ ਸਿੰਘ, ਰਣਬੀਰ ਸਿੰਘ ਖੱਟੜਾ ਦੀ 'ਸਿਟ' (ਜੋ ਪਾਵਨ ਸਰੂਪ ਚੋਰੀ ਹੋਣ ਤੇ ਪੱਤਰੇ ਖਿਲਾਰਨ ਦੇ ਮਾਮਲਿਆਂ ਦੀ ਜਾਂਚ ਕਰ ਰਹੀ ਹੈ) ਰਾਹੀਂ ਬੇਅਦਬੀ ਤੇ ਗੋਲੀ ਕਾਂਡ ਮਾਮਲਿਆਂ ਦੀ ਜਾਂਚ ਕਰ ਰਹੀ ਕੁੰਵਰ ਵਿਜੈ ਪ੍ਰਤਾਪ ਸਿੰਘ ਵਾਲੀ 'ਸਿਟ' ਨੂੰ ਲੀਹੋਂ ਲਾਹੁਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਸ੍ਰੀ ਮਾਨ ਨੇ ਬਹਿਬਲ ਕਲਾਂ ਗੋਲੀਕਾਂਡ ਵਿਚ 'ਸਿਟ' ਦੀ ਜਾਂਚ ਰੋਕਣ ਲਈ ਸੀ.ਬੀ.ਆਈ. ਵੱਲੋਂ ਮੁਹਾਲੀ ਦੀ ਅਦਾਲਤ ਵਿਚ ਅਰਜ਼ੀ ਦਾਇਰ ਕਰਨ ਉਤੇ ਇਤਰਾਜ਼ ਜ਼ਾਹਿਰ ਕੀਤਾ ਹੈ।

## ਬਾਦਲਾਂ ਨੂੰ ਮੋਦੀ ਸਰਕਾਰ ਬਚਾਅ ਰਹੀ: ਕਾਂਗਰਸ

**ਚੰਡੀਗੜ੍ਹ:** ਪੰਜਾਬ ਦੇ ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਸਿਹਤ ਤੇ ਪਰਿਵਾਰ ਭਲਾਈ ਮੰਤਰੀ ਬਲਬੀਰ ਸਿੰਘ ਸਿੱਧੂ, ਮਾਲ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ, ਖੁਰਾਕ ਤੇ ਸਿਵਲ ਸਪਲਾਈ ਮੰਤਰੀ ਭਾਰਤ ਭੂਸ਼ਨ ਆਸ਼ੂ ਅਤੇ ਇਸਤਰੀ ਅਤੇ ਬਾਲ ਭਲਾਈ ਮੰਤਰੀ ਅਰੁਣਾ ਚੌਧਰੀ ਨੇ ਦੋਸ਼ ਲਾਇਆ ਹੈ ਕਿ ਮੋਦੀ ਸਰਕਾਰ ਸੀ.ਬੀ.ਆਈ. ਦੇ ਸਹਾਰੇ ਬੇਅਦਬੀ ਮਾਮਲੇ ਵਿਚ ਬਾਦਲਾਂ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਕਾਂਗਰਸੀ ਵਜ਼ੀਰਾਂ ਨੇ ਸਾਂਝੇ ਬਿਆਨ ਰਾਹੀਂ ਕਿਹਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਦੀ ਪੰਜਾਬ ਪੁਲਿਸ ਵੱਲੋਂ ਕੀਤੀ ਜਾ ਰਹੀ ਜਾਂਚ ਨੂੰ ਹਰ ਹਾਲਤ ਵਿਚ ਸਿਰੇ ਲਾ ਕੇ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਜਾਣਗੀਆਂ।

# ਦੁੱਧ ਪਦਾਰਥ ਖਰੀਦ: ਪੰਜਾਬ ਸਰਕਾਰ ਤੇ ਸ਼੍ਰੋਮਣੀ ਕਮੇਟੀ ਆਹਮੋ-ਸਾਹਮਣੇ

**ਅੰਮ੍ਰਿਤਸਰ:** ਲੰਗਰ ਘਰ ਵਾਸਤੇ ਦੇਸੀ ਘਿਓ ਤੇ ਹੋਰ ਦੁੱਧ ਵਾਲੇ ਪਦਾਰਥ ਮਿਲਕਫੈੱਡ (ਵੇਰਕਾ) ਦੀ ਥਾਂ ਪੁਣੇ ਦੀ ਸੋਨਾਈ ਕੋਆਪ੍ਰੇਟਿਵ ਸੁਸਾਇਟੀ ਕੋਲੋਂ ਖਰੀਦਣ ਦੇ ਫੈਸਲੇ ਮਗਰੋਂ ਸ਼੍ਰੋਮਣੀ ਕਮੇਟੀ ਤੇ ਸੂਬੇ ਦੇ ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਵਿਚਾਲੇ ਵਿਵਾਦ ਸ਼ੁਰੂ ਹੋ ਗਿਆ ਹੈ।



ਸ਼੍ਰੋਮਣੀ ਕਮੇਟੀ ਨੇ ਜਿਥੇ ਟੈਂਡਰ ਮੁਤਾਬਕ ਘੱਟ ਰੇਟ ਅਤੇ ਵਧੀਆ ਮਿਆਰ ਦੇ ਆਧਾਰ 'ਤੇ ਪੁਣੇ ਦੀ ਕੰਪਨੀ ਨੂੰ ਠੇਕਾ ਦੇਣ ਦੀ ਗੱਲ ਆਖੀ ਹੈ, ਉਥੇ ਹੀ ਇਹ ਦੋਸ਼ ਵੀ ਲਾਇਆ ਹੈ ਕਿ ਮਿਲਕਫੈੱਡ ਵਲੋਂ ਭੇਜੇ ਟੀਨਾਂ ਵਿਚੋਂ ਘਿਓ ਘੱਟ ਨਿਕਲਿਆ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਪੰਜਾਬ ਦੇ ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੂੰ ਪੱਤਰ ਲਿਖ ਕੇ ਦੱਸਿਆ ਹੈ ਕਿ ਦੇਸੀ ਘਿਓ ਅਤੇ ਸੁੱਕੇ ਦੁੱਧ ਦੇ ਟੈਂਡਰਾਂ ਦੀ ਪ੍ਰਕ੍ਰਿਆ ਨਿਯਮਾਂ ਅਧੀਨ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਹ ਟੈਂਡਰ ਕੇਵਲ 3 ਮਹੀਨੇ ਲਈ ਕੀਤਾ ਗਿਆ ਹੈ ਜਿਸ ਦੀ ਅਨੁਮਾਨਤ ਲਾਗਤ 60 ਕਰੋੜ ਨਹੀਂ ਸਗੋਂ 18 ਕਰੋੜ ਰੁਪਏ ਦੇ ਕਰੀਬ ਬਣਦੀ ਹੈ। ਮਿਲਕਫੈੱਡ ਵੇਰਕਾ ਦੇ ਅਧਿਕਾਰੀਆਂ ਨੂੰ ਵਾਰ-ਵਾਰ ਪੱਤਰ ਲਿਖ ਕੇ ਦੂਸਰੀਆਂ ਕੰਪਨੀਆਂ ਦੇ ਮੁਕਾਬਲੇ ਰੇਟ ਘਟਾਉਣ ਲਈ ਕਿਹਾ ਗਿਆ ਸੀ ਪਰ ਉਹ ਦੇਸੀ ਘਿਓ 399 ਰੁਪਏ ਅਤੇ ਸੁੱਕਾ ਦੁੱਧ 310 ਰੁਪਏ ਪ੍ਰਤੀ ਕਿੱਲੋ ਬਗੈਰ ਜੀ.ਐਸ.ਟੀ. ਤੋਂ ਦੇਣ ਉਤੇ ਅੜੇ ਹੋਏ ਸਨ ਜਦਕਿ ਟੈਂਡਰ ਦੌਰਾਨ ਦੇਸੀ ਘਿਓ ਦਾ ਰੇਟ 319.80 ਰੁਪਏ ਅਤੇ ਸੁੱਕੇ ਦੁੱਧ ਦਾ ਰੇਟ 250 ਰੁਪਏ ਪ੍ਰਤੀ ਕਿੱਲੋ ਬਗੈਰ ਜੀ.ਐਸ.ਟੀ. ਤੋਂ ਸੀ। ਜੇਕਰ ਮਿਲਕਫੈਡ ਵੇਰਕਾ ਨੂੰ ਆਰਡਰ ਦੇ ਦਿੱਤਾ ਜਾਂਦਾ ਤਾਂ ਇਸ ਨਾਲ ਸ਼੍ਰੋਮਣੀ ਕਮੇਟੀ ਨੂੰ 5 ਕਰੋੜ 20 ਲੱਖ ਰੁਪਏ ਤੋਂ ਵੱਧ ਖਰਚਣੇ ਪੈਣੇ ਸਨ।

ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਜਿੰਦਰ ਸਿੰਘ ਮਹਿਤਾ, ਜੂਨੀਅਰ ਮੀਤ ਪ੍ਰਧਾਨ ਗੁਰਬਖਸ਼ ਸਿੰਘ ਖਾਲਸਾ ਅਤੇ ਜਨਰਲ ਸਕੱਤਰ ਹਰਜਿੰਦਰ ਸਿੰਘ ਧਾਮੀ ਨੇ ਆਪਣਾ ਪੱਖ ਰੱਖਦਿਆਂ ਕਿਹਾ ਕਿ ਐਗਮਾਰਕ ਪੈਮਾਨੇ ਵਾਲੇ ਇਹ ਦੁੱਧ ਪਦਾਰਥ ਘੱਟ ਰੇਟ ਅਤੇ ਵਧੀਆ ਮਿਆਰ ਦੇ ਹੋਣ ਕਾਰਨ ਟੈਂਡਰ ਪ੍ਰਵਾਨ ਕੀਤੇ ਗਏ ਹਨ। ਸ਼੍ਰੋਮਣੀ ਕਮੇਟੀ ਨੇ ਪੁਣੇ ਦੀ ਕੰਪਨੀ ਨੂੰ ਇਕ ਜੁਲਾਈ ਤੋਂ 30 ਸਤੰਬਰ, 2020 ਤੱਕ ਸ੍ਰੀ ਹਰਿਮੰਦਰ ਸਾਹਿਬ ਦੇ ਲੰਗਰ ਘਰ ਅਤੇ ਹੋਰ ਗੁਰਦੁਆਰਿਆਂ ਵਾਸਤੇ ਦੇਸੀ ਘਿਓ ਅਤੇ ਸੁੱਕਾ ਦੁੱਧ ਖਰੀਦਣ ਦੇ ਟੈਂਡਰ ਦਿੱਤੇ। ਇਸ ਕੰਪਨੀ ਤੋਂ ਦੇਸੀ ਘਿਓ 315 ਰੁਪਏ ਪ੍ਰਤੀ ਕਿੱਲੋ ਅਤੇ ਸੁੱਕਾ ਦੁੱਧ 225 ਰੁਪਏ ਪ੍ਰਤੀ ਕਿੱਲੋ (ਜੀ.ਐਸ.ਟੀ. ਵੱਖਰਾ) ਖਰੀਦੇ ਜਾਣਗੇ, ਜਦਕਿ ਵੇਰਕਾ ਉਤਪਾਦਾਂ ਦੇ ਰੇਟ ਦੇਸੀ ਘਿਓ 399 ਰੁਪਏ ਪ੍ਰਤੀ ਕਿੱਲੋ ਅਤੇ ਸੁੱਕਾ ਦੁੱਧ 250 ਰੁਪਏ ਪ੍ਰਤੀ ਕਿੱਲੋ ਜੀ.ਐਸ.ਟੀ. ਵੱਖਰਾ ਸਨ।

ਇਸ ਤਰ੍ਹਾਂ ਸ਼੍ਰੋਮਣੀ ਕਮੇਟੀ ਨੇ ਸੋਨਾਈ ਕੰਪਨੀ ਨਾਲ ਟੈਂਡਰ ਕਰ ਕੇ ਤਿੰਨ ਮਹੀਨਿਆਂ ਵਿਚ ਪੰਜ ਕਰੋੜ 20 ਲੱਖ ਰੁਪਏ ਦੀ ਬਚਤ ਕੀਤੀ ਹੈ। ਪ੍ਰਾਪਤ ਵੇਰਵਿਆਂ ਅਨੁਸਾਰ ਭਾਵੇਂ ਦੇਸੀ ਘਿਓ ਅਤੇ ਸੁੱਕੇ ਦੁੱਧ ਦਾ ਟੈਂਡਰ ਪੂਨਾ ਦੀ ਕੋਆ: ਸੁਸਾਇਟੀ ਨੂੰ ਦਿੱਤਾ ਗਿਆ ਹੈ, ਪਰ ਤਾਜ਼ਾ ਦੁੱਧ, ਪਨੀਰ ਅਤੇ ਦਹੀਂ ਦਾ ਟੈਂਡਰ ਵੇਰਕਾ ਨਾਲ ਹੀ ਹੈ ਤੇ ਵੇਰਕਾ ਵਲੋਂ ਸ਼੍ਰੋਮਣੀ ਕਮੇਟੀ ਨੂੰ ਤਾਜ਼ਾ ਦੁੱਧ 42 ਰੁਪਏ ਕਿੱਲੋ, ਪਨੀਰ 245 ਰੁਪਏ ਕਿਲੋ ਜੀ.ਐਸ.ਟੀ. ਵੱਖਰੀ, ਅਤੇ ਦਹੀਂ 45 ਰੁਪਏ ਕਿਲੋ ਦੇ ਰੇਟਾਂ ਉਤੇ ਸਪਲਾਈ ਕੀਤਾ ਜਾ ਰਿਹਾ ਹੈ।

## ਘਪਲੇ ਲੁਕੋਣ ਲਈ ਬਿਆਨ ਦੇ ਰਿਹਾ ਰੰਧਾਵਾ: ਲੌਂਗੋਵਾਲ

**ਲੁਧਿਆਣਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਆਪਣੇ ਘਪਲੇ ਛੁਪਾਉਣ ਲਈ ਸ਼੍ਰੋਮਣੀ ਕਮੇਟੀ ਵਲੋਂ ਵੇਰਕਾ ਦੁੱਧ ਸਪਲਾਈ ਬੰਦ ਕਰਨ ਦੇ ਸਿਲਸਿਲੇ ਵਿਚ ਲੋਕਾਂ ਨੂੰ ਗੁਮਰਾਹ ਕਰਨ ਲਈ ਗਲਤ ਬਿਆਨਬਾਜ਼ੀ ਕਰ ਰਹੇ ਹਨ।

ਲੌਂਗੋਵਾਲ ਨੇ ਕਿਹਾ ਕਿ ਵੇਰਕਾ ਵਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਮਹਿੰਗੇ ਭਾਅ 'ਤੇ ਦੁੱਧ ਪਦਾਰਥ ਸਪਲਾਈ ਕਰਨ ਨਾਲ ਪੰਜ ਕਰੋੜ ਰੁਪਏ ਦਾ ਘਾਟਾ ਪਿਆ ਹੈ। ਦੁੱਧ ਪਦਾਰਥ ਲੈਣ ਲਈ ਇਕ ਪ੍ਰਕਿਰਿਆ ਅਪਣਾ ਕੇ ਟੈਂਡਰ ਲਏ ਗਏ ਹਨ, ਜਿਸ ਤਹਿਤ ਮਹਾਰਾਸ਼ਟਰ ਦੀ ਕੰਪਨੀ ਨੂੰ ਇਹ ਠੇਕਾ ਦਿੱਤਾ ਗਿਆ ਹੈ। ਲੌਕਡਾਊਨ ਦੌਰਾਨ ਵੇਰਕਾ ਵਲੋਂ ਕਿਸਾਨਾਂ ਤੋਂ ਘੱਟ ਕੀਮਤ 'ਤੇ ਦੁੱਧ ਲੈ ਕੇ ਸ਼੍ਰੋਮਣੀ ਕਮੇਟੀ ਨੂੰ ਵੱਧ ਭਾਅ 'ਤੇ ਦਿੱਤਾ ਗਿਆ ਸੀ।

## ਸ਼੍ਰੋਮਣੀ ਕਮੇਟੀ ਕੰਪਨੀ ਨੂੰ ਦਿੱਤੇ ਆਰਡਰ ਰੱਦ ਕਰੇ: ਬੈਂਸ

**ਲੁਧਿਆਣਾ:** ਲੋਕ ਇਨਸਾਫ ਪਾਰਟੀ ਦੇ ਸਰਪ੍ਰਸਤ ਬਲਵਿੰਦਰ ਸਿੰਘ ਬੈਂਸ ਅਤੇ ਮੁਖੀ ਸਿਮਰਜੀਤ ਸਿੰਘ ਬੈਂਸ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਪਾਸੋਂ ਮੰਗ ਕੀਤੀ ਹੈ ਕਿ ਉਹ ਖੁਦ ਦਖਲ ਅੰਦਾਜ਼ੀ ਕਰਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਹੁਕਮ ਦੇਣ ਕਿ ਸ਼੍ਰੋਮਣੀ ਕਮੇਟੀ ਸੁੱਕੇ ਦੁੱਧ ਅਤੇ ਦੇਸੀ ਘਿਓ ਦੇ ਪੁਣੇ ਦੀ ਕੰਪਨੀ ਨੂੰ ਦਿੱਤੇ ਆਰਡਰ ਰੱਦ ਕਰੇ। ਬੈਂਸ ਭਰਾਵਾਂ ਨੇ ਦੱਸਿਆ ਕਿ ਇਸ ਸਬੰਧੀ ਉਨ੍ਹਾਂ ਨੇ ਜਥੇਦਾਰ ਨੂੰ ਪੱਤਰ ਵੀ ਲਿਖਿਆ ਹੈ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਲੰਗਰ ਅਤੇ ਕੜਾਹ ਪ੍ਰਸ਼ਾਦ ਲਈ ਘਿਓ ਅਤੇ ਸੁੱਕੇ ਦੁੱਧ ਦੀ ਸਪਲਾਈ ਲਈ ਆਰਡਰ ਮਿਲਕਫੈਡ ਨੂੰ ਛੱਡ ਕੇ ਪੁਣੇ ਦੀ ਅਣਜਾਣ ਪ੍ਰਾਈਵੇਟ ਕੰਪਨੀ ਸੋਨਾਈ ਡੇਅਰੀ ਨੂੰ ਦਿੱਤਾ ਗਿਆ ਹੈ, ਜਦੋਂ ਕਿ ਪਹਿਲਾਂ ਕਈ ਦਹਾਕਿਆਂ ਤੋਂ ਇਹ ਆਰਡਰ ਮਿਲਕਫੈੱਡ ਨੂੰ ਦਿੱਤਾ ਜਾ ਰਿਹਾ ਸੀ।

# ਅਕਾਲ ਤਖਤ ਵਲੋਂ ਜੰਮੂ ਕਸ਼ਮੀਰ ਗੁਰਦੁਆਰਾ ਬੋਰਡ ਭੰਗ ਕਰਨ ਦਾ ਵਿਰੋਧ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਜੰਮੂ ਕਸ਼ਮੀਰ ਦੇ ਰਾਜਪਾਲ ਅਤੇ ਕੇਂਦਰ ਸਰਕਾਰ ਨੂੰ ਜੰਮੂ ਕਸ਼ਮੀਰ ਗੁਰਦੁਆਰਾ ਬੋਰਡ ਭੰਗ ਨਾ ਕਰਨ ਅਤੇ ਪ੍ਰਸ਼ਾਸਕ ਨਾ ਲਾਉਣ ਦੀ ਅਪੀਲ ਕੀਤੀ ਹੈ। ਜਥੇਦਾਰ ਨੇ ਆਖਿਆ ਕਿ ਬੀਤੇ ਦਿਨੀਂ ਸ਼੍ਰੋਮਣੀ ਕਮੇਟੀ ਨੂੰ ਇਸ ਸਬੰਧੀ ਲੋੜੀਂਦੀ ਕਾਰਵਾਈ ਲਈ ਆਖਿਆ ਗਿਆ ਸੀ ਅਤੇ ਸ਼੍ਰੋਮਣੀ ਕਮੇਟੀ ਨੇ ਇਸ ਸਬੰਧੀ ਸੂਬੇ ਦੇ ਰਾਜਪਾਲ ਨੂੰ ਪੱਤਰ ਵੀ ਭੇਜਿਆ ਹੈ।

ਉਨ੍ਹਾਂ ਆਖਿਆ ਕਿ ਗੁਰਦੁਆਰਾ ਪ੍ਰਬੰਧ ਬੋਰਡ ਦਾ ਪ੍ਰਸ਼ਾਸਕ ਲਾਉਣ ਦਾ ਮਤਲਬ ਗੁਰਦੁਆਰੇ ਦੇ ਮਾਮਲਿਆਂ ਵਿਚ ਸਰਕਾਰ ਦੀ ਸਿੱਧੀ ਦਖਲਅੰਦਾਜ਼ੀ ਹੈ, ਜਿਸ ਨੂੰ ਸਿੱਖ ਬਰਦਾਸ਼ਤ ਨਹੀਂ ਕਰਨਗੇ।

ਕਰੋਨਾ ਮਹਾਮਾਰੀ ਕਾਰਨ ਇਸ ਦੀਆਂ ਚੋਣਾਂ ਨਹੀਂ ਹੋ ਸਕੀਆਂ। ਸਰਕਾਰ ਚੋਣਾਂ ਕਰਾਉਣ ਦੀ ਥਾਂ ਇਸ ਦਾ ਪ੍ਰਸ਼ਾਸਕ ਲਾਉਣਾ ਚਾਹੁੰਦੀ ਹੈ ਜਦਕਿ ਇਸ ਦੀ ਮਿਆਦ ਵਿਚ ਵਾਧਾ ਕਰ ਕੇ ਇਸ ਨੂੰ ਇਸੇ ਢੰਗ ਨਾਲ ਚੱਲਦਾ ਰੱਖਣਾ ਚਾਹੀਦਾ ਹੈ। ਉਨ੍ਹਾਂ ਨੇ ਜੰਮੂ ਕਸ਼ਮੀਰ ਸਿਵਲ ਸਰਵਿਸਿਜ਼ ਕਮਿਸ਼ਨ ਵਿਚ ਵੀ ਸਿੱਖ ਮੈਂਬਰ ਨਾਮਜ਼ਦ ਕਰਨ ਦੀ ਮੰਗ ਕੀਤੀ ਹੈ।

ਉਨ੍ਹਾਂ ਕਿਹਾ ਕਿ ਦੇਸ਼ ਆਜ਼ਾਦ ਹੋਣ ਤੋਂ ਬਾਅਦ ਲਗਾਤਾਰ ਇਸ ਕਮਿਸ਼ਨ ਵਿਚ ਸਿੱਖ ਮੈਂਬਰ ਨਾਮਜ਼ਦ ਹੁੰਦਾ ਰਿਹਾ ਹੈ ਪਰ ਹੁਣ ਇਸ ਨੂੰ ਅਣਡਿੱਠ ਕੀਤਾ ਗਿਆ ਹੈ।



ਸ਼੍ਰੋਮਣੀ ਗੁਰਦੁਆਰਾ ਪ੍ਰਬੰਕ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਵੀ ਪ੍ਰਸ਼ਾਸਕ ਲਾਉਣ ਦੀ ਕਾਰਵਾਈ ਉਤੇ ਰੋਕ ਲਾਉਣ ਅਤੇ ਮੌਜੂਦਾ ਕਮੇਟੀ ਨੂੰ ਨਵੀਂ ਚੋਣ ਤਕ ਕੰਮ ਕਰਨ ਦਾ ਹੱਕ ਦੇਣ ਦੀ ਮੰਗ ਕੀਤੀ ਹੈ।

## ਸਿੱਖਾਂ ਨੂੰ ਥਾਣਿਆਂ 'ਚ ਜ਼ਲੀਲ ਨਾ ਕੀਤਾ ਜਾਵੇ: ਜਥੇਦਾਰ

**ਤਲਵੰਡੀ ਸਾਬੋ:** ਯੂ.ਏ.ਪੀ.ਏ. ਨੂੰ ਕਾਲਾ ਕਾਨੂੰਨ ਦੱਸਦਿਆਂ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਪੰਜਾਬ ਵਿਚ ਪੁਲਿਸ ਵਲੋਂ ਸਿੱਖ ਨੌਜਵਾਨਾਂ ਉਤੇ ਇਸ ਕਾਨੂੰਨ ਤਹਿਤ ਦਰਜ ਕੀਤੇ ਜਾ ਰਹੇ ਮਾਮਲਿਆਂ ਦੀ ਨਿਖੇਧੀ ਕਰਦਿਆਂ ਨੌਜਵਾਨਾਂ ਨੂੰ ਥਾਣਿਆਂ ਵਿਚ ਜ਼ਲੀਲ ਕਰਨ ਨੂੰ ਗਲਤ ਦੱਸਿਆ ਹੈ। ਉਨ੍ਹਾਂ ਛੋਟੇ ਛੋਟੇ ਮਾਮਲਿਆਂ ਤਹਿਤ ਸਿੱਖ ਨੌਜਵਾਨਾਂ ਨੂੰ ਥਾਣਿਆਂ ਵਿਚ ਜ਼ਲੀਲ ਕਰਨ ਅਤੇ ਉਨ੍ਹਾਂ ਉਪਰ ਇਸ ਕਾਨੂੰਨ ਤਹਿਤ ਕੇਸ ਦਰਜ ਕਰਨ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਨੇ ਇਸ ਵਾਰ ਜੰਮੂ ਕਸ਼ਮੀਰ ਸਰਵਿਸ ਕਮਿਸ਼ਨ ਵਿਚ ਕੋਈ ਸਿੱਖ ਮੈਂਬਰ ਨਾ ਲੈਣ 'ਤੇ ਵੀ ਰੋਸ ਪ੍ਰਗਟਾਇਆ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੀ ਆਜ਼ਾਦੀ ਮਗਰੋਂ ਇਹ ਪਹਿਲੀ ਵਾਰ ਹੈ ਕਿ ਸਰਵਿਸ ਕਮਿਸ਼ਨ ਵਿਚ ਕਿਸੇ ਸਿੱਖ ਨੂੰ ਮੈਂਬਰ ਨਹੀਂ ਲਿਆ ਗਿਆ।

# ਚੋਣ ਤਿਆਰੀਆਂ: ਕੈਪਟਨ ਲੋਕ ਰੋਹ ਕੇਂਦਰ ਸਰਕਾਰ ਵੱਲ ਮੋੜਨ ਦੇ ਰਾਹ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਲਈ ਭਾਵੇਂ ਅਜੇ ਤਕਰੀਬਨ ਡੇਢ ਸਾਲ ਪਿਆ ਹੈ ਪਰ ਰਾਜਸੀ ਪਾਰਟੀਆਂ ਨੇ ਆਪਣੇ ਏਜੰਡੇ ਹੁਣ ਤੋਂ ਉਭਾਰਨੇ ਸ਼ੁਰੂ ਕਰ ਦਿੱਤੇ ਹਨ। ਕੈਪਟਨ ਸਰਕਾਰ ਦੀਆਂ ਹੁਣ ਤੱਕ ਦੀ ਨਾਕਾਮੀਆਂ ਤੇ ਪਾਰਟੀ ਅੰਦਰੋਂ ਉਠੀ ਸਖਤ ਨਾਰਾਜ਼ਗੀ ਕਾਰਨ ਇਸ ਵਾਰ ਕਾਂਗਰਸ ਦੇ ਮੁੱਦੇ ਕੁਝ ਹਟ ਕੇ ਹਨ।

ਇਸ ਵਾਰ ਕਾਂਗਰਸ ਪੰਜਾਬ ਦੇ ਮੁੱਦਿਆਂ ਦੀ ਗੱਲ ਕਰਨ ਦੀ ਥਾਂ ਸਾਰਾ ਜ਼ੋਰ ਕੇਂਦਰ ਸਰਕਾਰ ਦੀਆਂ ਧੱਕੇਸ਼ਾਹੀ ਵੱਲ ਮੋੜਨ ਲਈ ਡਟ ਗਈ ਹੈ। ਬੇਅਦਬੀ ਮਾਮਲੇ ਵਿਚ ਡੇਰਾ ਸਿਰਸਾ ਮੁਖੀ ਨੂੰ ਨਾਮਜ਼ਦ ਕਰਨ ਅਤੇ ਸੀ.ਬੀ.ਆਈ. ਦੇ ਡੇਰਾ ਮੁਖੀ ਦੀ ਹਮਾਇਤ ਵਿਚ ਆ ਖੜ੍ਹਨ ਕਰਕੇ ਇਹ ਮੁੱਦਾ ਕੇਂਦਰ ਬਨਾਮ ਪੰਜਾਬ ਬਣਦਾ ਜਾ ਰਿਹਾ ਹੈ। ਮੋਦੀ ਸਰਕਾਰ ਵਲੋਂ ਕਈ ਮਾਮਲਿਆਂ ਖਾਸ ਕਰ ਖੇਤੀ ਸਬੰਧੀ ਜਾਰੀ ਤਿੰਨ ਆਰਡੀਨੈਂਸਾਂ ਨੂੰ ਕਿਸਾਨੀ ਦੀ ਹੋਂਦ ਤੇ ਫੈਡਰਲ ਢਾਂਚੇ ਦੇ ਭਵਿੱਖ ਦੇ ਸੰਦਰਭ 'ਚ ਵਿਚਾਰਿਆ ਜਾ ਰਿਹਾ ਹੈ। ਬੇਅਦਬੀ, ਖੇਤੀ ਆਰਡੀਨੈਂਸ ਤੇ ਫੈੱਡਰਲ ਢਾਂਚੇ ਬਾਰੇ ਬੁਨਿਆਦੀ ਸਵਾਲ ਪੰਜਾਬ ਦੀ ਸਿਆਸਤ ਅੰਦਰ ਭਖ ਉਠੇ ਉਕਤ ਤਿੰਨੇ ਮੁੱਦੇ ਤੀਜੇ ਬਦਲ ਦੇ ਉਭਾਰ ਲਈ ਵੀ ਜਰਖੇਜ਼ ਮੰਨੇ ਜਾ ਰਹੇ ਹਨ ਪਰ ਕੈਪਟਨ ਸਰਕਾਰ ਵੱਲੋਂ ਇਨ੍ਹਾਂ ਤਿੰਨਾਂ ਮੁੱਦਿਆਂ ਉਪਰ ਰੜਕਵਾਂ ਪੈਂਤੜਾ ਮੱਲਣ ਨਾਲ ਜਿਥੇ ਉਨ੍ਹਾਂ ਦੀ ਸਰਕਾਰ ਖਿਲਾਫ ਪੈਦਾ ਹੋਈਆਂ ਵਿਰੋਧੀ ਭਾਵਨਾਵਾਂ ਦੇ ਘਟਣ ਜਾਂ ਸ਼ਾਂਤ ਹੋਣ ਦਾ ਰਸਤਾ ਖੁੱਲ੍ਹ ਸਕਦਾ ਹੈ, ਉਥੇ ਤੀਜਾ ਬਦਲ ਉਸਾਰਨ ਦੀ ਤਾਂਘ ਰੱਖਣ ਵਾਲੀਆਂ ਸਿਆਸੀ ਧਿਰਾਂ ਹੱਥੋਂ ਮੁੱਦਾ ਵੀ ਖਿਸਕ ਸਕਦਾ ਹੈ ਤੇ ਉਨ੍ਹਾਂ ਦੀ ਅਪੀਲ ਵੀ ਮੱਠੀ ਪੈ ਸਕਦੀ ਹੈ ਪਰ ਹੈਰਾਨੀ ਦੀ ਗੱਲ ਇਹ ਹੈ ਕਿ ਪੂਰੀ ਇਕ ਸਦੀ ਤੋਂ ਪੰਥ ਤੇ ਪੰਜਾਬ ਮਸਲਿਆਂ ਉਪਰ ਡਟ ਕੇ ਪਹਿਰਾ ਦੇਣ ਵਾਲਾ ਅਕਾਲੀ ਦਲ ਇਨ੍ਹਾਂ ਬੁਨਿਆਦੀ ਮੁੱਦਿਆਂ ਤੋਂ ਪੂਰੀ ਤਰ੍ਹਾਂ ਅਵੇਸਲਾ ਹੋਇਆ ਨਜ਼ਰ ਆ ਰਿਹਾ ਹੈ।



ਅਕਾਲੀ ਦਲ ਦੀ ਵੱਡੀ ਕਮਜ਼ੋਰੀ ਇਹ ਹੈ ਕਿ ਸਰਕਾਰ ਪ੍ਰਤੀ ਨਰਮ ਵਤੀਰੇ ਕਾਰਨ ਉਹ ਪੈਦਾ ਹੋਈਆਂ ਸਰਕਾਰ ਵਿਰੋਧੀ ਭਾਵਨਾਵਾਂ ਨੂੰ ਵਰਤਣ 'ਚ ਕਾਮਯਾਬ ਨਹੀਂ ਰਿਹਾ। ਆਮ ਆਦਮੀ ਪਾਰਟੀ ਤੇ ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਵਾਲਾ ਅਕਾਲੀ ਦਲ ਉਕਤ ਮਸਲਿਆਂ ਉਪਰ ਆਪਣੇ ਨੁਕਤਾ ਨਿਗਾਹ ਅਨੁਸਾਰ ਲਾਮਬੰਦੀ ਕਰਨ ਲਈ ਯਤਨਸ਼ੀਲ ਹੈ। ਉਹ ਵੀ ਇਨ੍ਹਾਂ ਮੁੱਦਿਆਂ ਨੂੰ ਆਉਣ ਵਾਲੀ ਚੋਣ ਦੇ ਅਹਿਮ ਮੁੱਦੇ ਸਮਝ ਕੇ ਚੱਲ ਰਹੇ ਹਨ। ਦਰਜਨ ਤੋਂ ਵਧੇਰੇ ਕਿਸਾਨ ਸੰਗਠਨ ਖੇਤੀ ਆਰਡੀਨੈਂਸਾਂ ਨੂੰ ਕਿਸਾਨ ਵਿਰੋਧੀ ਕਰਾਰ ਦੇ ਕੇ ਸੰਘਰਸ਼ ਕਰ ਰਹੇ ਹਨ। ਖੱਬੇ ਪੱਖੀ ਧੜੇ ਵੀ ਸਾਰੇ ਹੀ ਉਕਤ ਮੁੱਦਿਆਂ ਉਪਰ ਮੋਦੀ ਸਰਕਾਰ ਦੇ ਖਿਲਾਫ ਹਨ। ਕੁਲ ਮਿਲਾ ਕੇ ਅਕਾਲੀ-ਭਾਜਪਾ ਗੱਠਜੋੜ ਨੂੰ ਛੱਡ ਕੇ ਬਾਕੀ ਸਾਰੀਆਂ ਹੀ ਸਿਆਸੀ ਧਿਰਾਂ ਆਪੋ-ਆਪਣੇ ਤਰੀਕੇ ਨਾਲ ਉਕਤ ਮਸਲਿਆਂ ਨੂੰ ਪੰਜਾਬ ਦੇ ਅਹਿਮ ਮੁੱਦੇ ਕਰਾਰ ਦੇ ਰਹੀਆਂ ਹਨ ਤੇ ਇਸੇ ਆਧਾਰ ਉਤੇ ਪੰਜਾਬ ਦੇ ਸਿਆਸੀ ਦ੍ਰਿਸ਼ 'ਚ ਸਰਗਰਮ ਹੋਣ ਦੀਆਂ ਨੀਤੀਆਂ ਬਣਾ ਰਹੀਆਂ ਹਨ। ਪ੍ਰਦੇਸ਼ ਕਾਂਗਰਸ ਪ੍ਰਧਾਨ ਸੁਨੀਲ ਜਾਖੜ ਦਾ ਕਹਿਣਾ ਹੈ ਕਿ ਬੇਅਦਬੀ ਲੋਕਾਂ ਲਈ ਆਤਮਿਕ ਮੁੱਦਾ ਹੈ ਤੇ ਖੇਤੀ ਫੈਸਲੇ ਕਿਸਾਨਾਂ ਲਈ ਜੀਵਨ ਮੌਤ ਦਾ ਸਵਾਲ ਹਨ। ਪੰਜਾਬ ਕਾਂਗਰਸ ਦੋਵਾਂ ਬੁਨਿਆਦੀ ਮਸਲਿਆਂ ਉੱਪਰ ਪੰਜਾਬ ਨਾਲ ਖੜ੍ਹੀ ਹੈ ਤੇ ਕੈਪਟਨ ਸਰਕਾਰ ਨੇ ਪੂਰੀ ਸਪੱਸ਼ਟਤਾ ਨਾਲ ਦੋਵਾਂ ਮਸਲਿਆਂ ਉਪਰ ਪੈਂਤੜਾ ਮੱਲ ਲਿਆ ਹੈ ਤੇ ਅਗਲੀ ਚੋਣ ਵਿਚ ਵੀ ਇਹ ਅਹਿਮ ਮੁੱਦੇ ਬਣਨਗੇ ਅਤੇ ਅਸੀਂ ਅਕਾਲੀਆਂ ਨੂੰ ਕਟਹਿਰੇ 'ਚ ਖੜ੍ਹਾ ਕਰਾਂਗੇ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਪੂਰੀ ਤਰ੍ਹਾਂ ਸਰਗਰਮ ਹੈ ਪਰ ਮੋਦੀ ਸਰਕਾਰ ਦੇ ਇਸ਼ਾਰੇ ਉਪਰ ਸੀ.ਬੀ.ਆਈ. ਡੇਰਾ ਮੁਖੀ ਦੇ ਬਚਾਅ ਵਿਚ ਆ ਖੜ੍ਹੀ ਹੈ ਤੇ ਅਕਾਲੀ ਚੁੱਪ ਕਰ ਗਏ ਹਨ। ਇਹੀ ਗੱਲ ਸਿਆਸੀ ਖਲਾਅ ਭਰਨ ਲਈ ਕਾਫੀ ਹੈ।

ਅਕਾਲੀ ਦਲ ਦੇ ਨਵੇਂ ਪ੍ਰਧਾਨ ਬਣੇ ਸੁਖਦੇਵ ਸਿੰਘ ਢੀਂਡਸਾ ਦਾ ਕਹਿਣਾ ਹੈ ਕਿ ਪੰਥ ਤੇ ਕਿਸਾਨਾਂ ਦੇ ਮੁੱਦੇ ਸਾਡੀ ਪਾਰਟੀ ਲਈ ਸਭ ਤੋਂ ਬੁਨਿਆਦੀ ਮੁੱਦੇ ਹਨ। ਕੇਂਦਰ ਸਰਕਾਰ ਨੇ ਖੇਤੀ ਆਰਡੀਨੈਂਸ ਜਾਰੀ ਕਰਕੇ ਜਿਥੇ ਫੈਡਰਲ ਢਾਂਚੇ ਦੀ ਅਵੱਗਿਆ ਕੀਤੀ ਹੈ, ਉਥੇ ਇਨ੍ਹਾਂ ਫੈਸਲਿਆਂ ਨਾਲ ਪੰਜਾਬ ਦੇ ਕਿਸਾਨਾਂ ਦੇ ਹਿੱਤ ਉਤੇ ਵੱਡਾ ਹਮਲਾ ਕੀਤਾ ਹੈ ਤੇ ਖੇਤੀ ਖੇਤਰ ਵੱਡੇ ਵਪਾਰੀਆਂ ਹੱਥ ਸੌਂਪਣ ਦਾ ਰਾਹ ਖੋਲ੍ਹ ਦਿੱਤਾ ਹੈ।

# ਸੁਖਦੇਵ ਸਿੰਘ ਢੀਂਡਸਾ ਵਲੋਂ ਪੰਜਾਬ ਵਿਚ ਹੁਣ ਤੀਜੇ ਬਦਲ ਦਾ ਹੋਕਾ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਦੇ ਨਵੇਂ ਬਣੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੇ ਪੰਜਾਬ ਵਿਚ ਤੀਜੇ ਬਦਲ ਦੀ ਗੱਲ ਤੋਰੀ ਹੈ। ਢੀਂਡਸਾ ਦਾ ਕਹਿਣਾ ਹੈ ਕਿ ਪੰਜਾਬ ਇਸ ਵੇਲੇ ਗੰਭੀਰ ਸਿਆਸੀ, ਆਰਥਿਕ ਅਤੇ ਸਮਾਜਿਕ ਸੰਕਟ ਵਿਚੋਂ ਲੰਘ ਰਿਹਾ ਹੈ। ਸੂਬੇ ਦੇ ਲੋਕ ਭ੍ਰਿਸ਼ਟਾਚਾਰ ਤੋਂ ਬਹੁਤ ਅੱਕੇ ਹੋਏ ਹਨ ਤੇ ਮੌਜੂਦਾ ਵਿਵਸਥਾ ਅਤੇ ਸਥਾਪਤ ਪਾਰਟੀਆਂ ਤੋਂ ਨਿਰਾਸ਼ ਹਨ। ਇਸ ਲਈ ਲੋਕਾਂ ਨੂੰ ਨਵਾਂ ਪ੍ਰੋਗਰਾਮ ਦੇਣ ਦੀ ਲੋੜ ਹੈ ਅਤੇ ਅਗਾਮੀ ਵਿਧਾਨ ਸਭਾ ਚੋਣਾਂ ਦੌਰਾਨ ਹਮਖਿਆਲ ਪਾਰਟੀਆਂ ਨਾਲ ਗੱਠਜੋੜ ਕਰਕੇ ਲੋਕਾਂ ਨੂੰ ਇਕ ਤੀਜਾ ਬਦਲ ਦੇਣ ਦਾ ਯਤਨ ਕੀਤਾ ਜਾਵੇਗਾ।

ਢੀਂਡਸਾ ਨੇ ਆਖਿਆ ਕਿ ਸ੍ਰੀ ਅਕਾਲ ਤਖਤ ਤੇ ਸ਼੍ਰੋਮਣੀ ਕਮੇਟੀ ਦੇ ਰੁਤਬੇ ਅਤੇ ਸ਼੍ਰੋਮਣੀ ਅਕਾਲੀ ਦਲ ਵਿਚ ਜਮਹੂਰੀਅਤ ਬਹਾਲ ਕਰਾਉਣਾ ਹੀ ਉਨ੍ਹਾਂ ਦਾ ਮੁੱਖ ਮੰਤਵ ਹੋਵੇਗਾ। ਇਸ ਮਕਸਦ ਨੂੰ ਪੂਰਾ ਕਰਨ ਲਈ ਉਹ ਲੋਕਾਂ ਦਾ ਭਰੋਸਾ ਵੀ ਹਾਸਲ ਕਰਨਗੇ।

ਢੀਂਡਸਾ ਨੇ ਆਖਿਆ ਕਿ ਸਿੱਖ ਸੰਸਥਾਵਾਂ, ਸ਼੍ਰੋਮਣੀ ਕਮੇਟੀ ਅਤੇ ਸ੍ਰੀ ਅਕਾਲ ਤਖਤ ਨੂੰ ਕਬਜ਼ੇ ਤੋਂ ਮੁਕਤ ਕਰਾਉਣਾ ਅਤੇ ਸ਼੍ਰੋਮਣੀ ਅਕਾਲੀ ਦਲ ਵਿਚ ਜਮਹੂਰੀਅਤ ਦੀ ਬਹਾਲੀ ਉਨ੍ਹਾਂ ਦਾ ਮੁੱਖ ਮੰਤਵ ਹੋਵੇਗਾ। ਉਨ੍ਹਾਂ ਦੋਸ਼ ਲਾਇਆ ਕਿ ਸ਼੍ਰੋਮਣੀ ਕਮੇਟੀ ਨੂੰ ਲੁੱਟਿਆ ਜਾ ਰਿਹਾ ਹੈ ਅਤੇ ਉਸ 'ਚ ਵੱਡੇ ਘਪਲੇ ਹੋ ਰਹੇ ਹਨ। ਪਾਵਨ ਸਰੂਪ ਰਿਕਾਰਡ ਵਿਚੋਂ ਲਾਪਤਾ ਹੋਣ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਇਨ੍ਹਾਂ ਵਿਚੋਂ ਕਈ ਸਰੂਪ ਅਗਨਭੇਟ ਹੋ ਗਏ, ਜਿਨ੍ਹਾਂ ਦਾ ਚੁੱਪ ਚੁਪੀਤੇ ਸਸਕਾਰ ਕਰ ਦਿੱਤਾ ਗਿਆ ਅਤੇ ਉਸ ਦਾ ਪਸ਼ਚਾਤਾਪ ਤੱਕ ਨਹੀਂ ਕੀਤਾ ਗਿਆ। ਉਨ੍ਹਾਂ ਇਸ ਨੂੰ ਗੁਰੂ ਸਾਹਿਬ ਦੀ ਬੇਅਦਬੀ ਕਰਾਰ ਦਿੱਤਾ। ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਜਲਦੀ ਕਰਾਉਣ ਉਤੇ ਜ਼ੋਰ ਦੇਣ ਬਾਰੇ ਉਨ੍ਹਾਂ ਕਿਹਾ ਕਿ ਕਰੋਨਾ ਸੰਕਟ ਦਾ ਮਾਮਲਾ ਹੱਲ ਹੋਣ ਮਗਰੋਂ ਉਹ ਕੇਂਦਰ ਸਰਕਾਰ ਨੂੰ ਮਿਲਣਗੇ ਅਤੇ ਚੋਣਾਂ ਛੇਤੀ ਕਰਾਉਣ ਦੀ ਅਪੀਲ ਕਰਨਗੇ।

ਬੇਅਦਬੀ ਮਾਮਲਿਆਂ ਵਿਚ ਵਿਸ਼ੇਸ਼ ਜਾਂਚ ਟੀਮ ਵਲੋਂ ਡੇਰਾ ਸਿਰਸਾ ਦੇ ਮੁਖੀ ਨੂੰ ਨਾਮਜ਼ਦ ਕੀਤੇ ਜਾਣ ਉਤੇ ਤਸੱਲੀ ਪ੍ਰਗਟ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਪਿੱਛੇ ਅਸਲ ਸਾਜ਼ਿਸ਼ਘਾੜਿਆਂ ਦਾ ਵੀ ਪਤਾ ਲਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ,''ਕੋਈ ਚਾਹੇ ਕਿੰਨਾ ਵੀ ਤਾਕਤਵਰ ਹੋਵੇ, ਇਸ ਮਾਮਲੇ ਵਿਚ ਹਰੇਕ ਕਸੂਰਵਾਰ ਖਿਲਾਫ ਕਾਰਵਾਈ ਹੋਣੀ ਚਾਹੀਦੀ ਹੈ।''

## ਬਾਦਲਾਂ ਤੋਂ ਸਿੱਖ ਸੰਸਥਾਵਾਂ ਨੂੰ 'ਆਜ਼ਾਦ' ਕਰਵਾਉਣ ਦਾ ਅਹਿਦ



## ਕੈਪਟਨ-ਸੁਖਬੀਰ ਗੱਠਜੋੜ ਨਾਲ ਚਲਦੇ ਬਾਦਲਾਂ ਦੇ ਧੰਦੇ: ਢੀਂਡਸਾ

**ਚੰਡੀਗੜ੍ਹ:** ਪੰਜਾਬ 'ਚ ਨਵ ਬਣੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੇ ਅਕਾਲੀ ਦਲ ਦੇ ਪ੍ਰਧਾਨ ਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਉਤੇ ਮੌਜੂਦਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਸਮਝੌਤਾ ਹੋਣ ਦੇ ਦੋਸ਼ ਲਾਏ ਹਨ। ਕਾਂਗਰਸ ਦੇ ਇਸ਼ਾਰੇ 'ਤੇ ਨਵੀਂ ਪਾਰਟੀ ਕਾਇਮ ਕਰਨ ਦੇ ਲਾਏ ਦੋਸ਼ਾਂ ਦਾ ਜਵਾਬ ਦਿੰਦਿਆਂ ਸ੍ਰੀ ਢੀਂਡਸਾ ਨੇ ਕਿਹਾ ਕਿ ਸੂਬੇ ਵਿਚ ਸਾਲ 2017 ਵਿਚ ਜਦੋਂ ਤੋਂ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਕਾਂਗਰਸ ਸਰਕਾਰ ਹੋਂਦ 'ਚ ਆਈ ਹੈ ਉਦੋਂ ਤੋਂ ਹੀ ਸੁਖਬੀਰ ਸਿੰਘ ਬਾਦਲ ਦੀਆਂ ਟਰਾਂਸਪੋਰਟ ਕੰਪਨੀਆਂ ਤੇ ਕੇਬਲ ਦੇ ਧੰਦਾ ਬੇਰੋਕ ਚੱਲ ਰਿਹਾ ਹੈ।

## ਬ੍ਰਹਮਪੁਰਾ ਨੇ ਅਕਾਲੀ ਦਲ 'ਚ ਵਾਪਸੀ ਨੂੰ ਨਕਾਰਿਆ

**ਚੰਡੀਗੜ੍ਹ:** ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਵਲੋਂ ਨਵੇਂ ਸ਼੍ਰੋਮਣੀ ਅਕਾਲੀ ਦਲ ਦਾ ਐਲਾਨ ਕਰਨ ਤੋਂ ਬਾਅਦ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਨੇ ਸ਼੍ਰੋਮਣੀ ਅਕਾਲੀ ਦਲ ਵਿਚ ਵਾਪਸੀ ਦੀਆਂ ਖਬਰਾਂ ਨੂੰ ਮੁੱਢੋਂ ਨਕਾਰਿਆ ਹੈ। ਇਸ ਦੇ ਨਾਲ ਹੀ ਉਨ੍ਹਾਂ ਢੀਂਡਸਾ ਉਤੇ ਸ਼ਬਦੀ ਹੱਲਾ ਕਰਦਿਆਂ ਕਿਹਾ ਕਿ ਢੀਂਡਸਾ ਨੇ ਅਕਾਲੀ ਦਲ (ਟਕਸਾਲੀ) ਨਾਲ ਏਕਤਾ ਦਾ ਢੌਂਗ ਰਚਦਿਆਂ ਸੇਵਾ ਸਿੰਘ ਸੇਖਵਾਂ ਅਤੇ ਬੀਰਦਵਿੰਦਰ ਸਿੰਘ ਨੂੰ ਆਪਣੇ ਨਾਲ ਰਲਾ ਕੇ ਚੰਗੇ-ਭਲੇ ਰਿਸ਼ਤਿਆਂ ਵਿਚ ਕੁੜੱਤਣ ਪੈਦਾ ਕੀਤੀ ਹੈ। ਜਥੇਦਾਰ ਬ੍ਰਹਮਪੁਰਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਟਕਸਾਲੀ ਦਾ ਗਠਨ ਸਿੱਖੀ ਸੋਚ ਅਤੇ ਪਰੰਪਰਾਵਾਂ ਲਈ ਕੀਤਾ ਗਿਆ ਸੀ ਜਿਸ ਉਤੇ ਉਹ ਆਪਣੇ ਸਾਥੀਆਂ ਨਾਲ ਡੱਟ ਕੇ ਪਹਿਰਾ ਦੇਣਗੇ।

## ਜਥੇਦਾਰ ਨੰਦਗੜ੍ਹ ਵਲੋਂ ਢੀਂਡਸਾ ਦੀ ਹਮਾਇਤ ਦਾ ਐਲਾਨ

**ਸੰਗਰੂਰ:** ਤਖਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਨੇ ਸ਼੍ਰੋਮਣੀ ਅਕਾਲੀ ਦਲ ਦੇ ਨਵੇਂ ਬਣੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੀ ਅਗਵਾਈ ਵਾਲੇ ਦਲ ਦੀ ਜ਼ੋਰਦਾਰ ਹਮਾਇਤ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਵਿਚ ਸਿੱਖ ਜਗਤ ਦੀ ਰਾਜਨੀਤਕ ਤੌਰ 'ਤੇ ਤਰਜਮਾਨੀ ਕਰਨ ਵਾਲੀ ਜਮਾਤ ਆਪਣੇ ਅਸਲ ਨਿਸ਼ਾਨੇ ਤੋਂ ਥਿੜਕ ਕੇ ਨਿੱਜਵਾਦ ਵਲ ਆਕਰਸ਼ਿਤ ਹੋ ਗਈ ਸੀ ਜਿਸ ਕਾਰਨ ਪੰਥਕ ਪਲੇਟਫਾਰਮ 'ਚ ਪੂਰੀ ਤਰ੍ਹਾਂ ਖਲਾਅ ਪੈਦਾ ਹੋ ਗਿਆ।

ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਨਾਲ ਨਵੀਂ ਪਾਰਟੀ ਨੂੰ ਲੈ ਕੇ ਬਣੀ ਨਾਰਾਜ਼ਗੀ ਬਾਰੇ ਉਨ੍ਹਾਂ ਕਿਹਾ ਕਿ ਪਾਰਟੀ ਦਾ ਐਲਾਨ ਕਰਨ ਤੋਂ ਪਹਿਲਾਂ ਉਹ ਸ੍ਰੀ ਬ੍ਰਹਮਪੁਰਾ ਨੂੰ ਮਿਲੇ ਸਨ।

ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਟਕਸਾਲੀ ਦਾ ਪ੍ਰਧਾਨ ਬਣਾਏ ਜਾਣ ਦੀ ਕੀਤੀ ਪੇਸ਼ਕਸ਼ ਦਾ ਧੰਨਵਾਦ ਵੀ ਕੀਤਾ ਸੀ। ਉਨ੍ਹਾਂ ਕਿਹਾ ਕਿ ਸਮਰਥਕਾਂ ਦੀ ਰਾਏ ਸੀ ਕਿ ਸ਼੍ਰੋਮਣੀ ਅਕਾਲੀ ਦਲ ਟਕਸਾਲੀ ਦਾ ਪ੍ਰਧਾਨ ਬਣਨ ਦੀ ਥਾਂ ਹੋਰ ਪਾਰਟੀ ਬਣਾਉਣੀ ਚਾਹੀਦੀ ਹੈ। ਉਨ੍ਹਾਂ ਆਖਿਆ ਕਿ ਉਹ ਸ੍ਰੀ ਬ੍ਰਹਮਪੁਰਾ ਨਾਲ ਮੁਲਾਕਾਤ ਕਰ ਕੇ ਉਨ੍ਹਾਂ ਨੂੰ ਪਾਰਟੀ ਦਾ ਸਰਪ੍ਰਸਤ ਬਣਨ ਲਈ ਕਹਿਣਗੇ। ਪੁੱਤਰ ਪਰਮਿੰਦਰ ਸਿੰਘ ਢੀਂਡਸਾ ਨੂੰ ਮੁੱਖ ਮੰਤਰੀ ਬਣਾਉਣ ਦੇ ਲਾਏ ਗਏ ਦੋਸ਼ਾਂ ਬਾਰੇ ਉਨ੍ਹਾਂ ਕਿਹਾ ਕਿ ਸ੍ਰੀ ਬ੍ਰਹਮਪੁਰਾ ਨਾਲ ਕਦੇ ਵੀ ਇਸ ਸਬੰਧੀ ਕੋਈ ਗੱਲ ਨਹੀਂ ਹੋਈ। ਇਸ ਮੌਕੇ ਉਨ੍ਹਾਂ ਰਾਜਸਥਾਨ ਵਿਚ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੀ ਹੋਈ ਬੇਅਦਬੀ ਦੀ ਘਟਨਾ ਦੀ ਸਖਤ ਨਿੰਦਾ ਕਰਦਿਆਂ ਦੋਸ਼ੀਆਂ ਖਿਲਾਫ ਕਾਰਵਾਈ ਦੀ ਮੰਗ ਕੀਤੀ।

# 'ਆਪ' ਵਿਧਾਇਕਾਂ ਦਾ ਨਵੀਆਂ ਗੱਡੀਆਂ ਵਾਲਾ ਸੁਪਨਾ ਟੁੱਟਿਆ

**ਚੰਡੀਗੜ੍ਹ:** ਪੰਜਾਬ ਸਰਕਾਰ ਵਲੋਂ ਪੰਜ ਉਚ ਅਫਸਰਾਂ ਨੂੰ ਨਵੀਆਂ ਇਨੋਵਾ ਅਲਾਟ ਕਰਨ ਦੇ ਹੁਕਮ ਦਿੱਤੇ ਗਏ ਹਨ ਜਿਸ ਤੋਂ ਆਮ ਆਦਮੀ ਪਾਰਟੀ (ਆਪ) ਦੇ ਵਿਧਾਇਕ ਭੜਕ ਉਠੇ ਹਨ ਜਿਨ੍ਹਾਂ ਕੋਲ ਖਟਾਰਾ ਵਾਹਨ ਹਨ। ਕੁਝ ਦਿਨ ਪਹਿਲਾਂ ਕਾਂਗਰਸੀ ਵਿਧਾਇਕਾਂ ਨੂੰ ਨਵੀਆਂ ਇਨੋਵਾ ਗੱਡੀਆਂ ਦਿੱਤੀਆਂ ਗਈਆਂ ਹਨ। ਟਰਾਂਸਪੋਰਟ ਵਿਭਾਗ ਨੇ 17 ਨਵੀਆਂ ਇਨੋਵਾ ਗੱਡੀਆਂ ਦੀ ਖਰੀਦ ਕੀਤੀ ਸੀ। 'ਆਪ' ਦੇ ਇਕੋ ਵਿਧਾਇਕ ਅਮਨ ਅਰੋੜਾ ਨੂੰ ਨਵੀਂ ਇਨੋਵਾ ਦਿੱਤੀ ਗਈ ਹੈ ਜਦੋਂ ਕਿ ਬਾਕੀ ਨਵੇਂ ਵਾਹਨ ਹਾਕਮ ਧਿਰ ਦੇ ਵਿਧਾਇਕ ਲੈ ਗਏ ਹਨ।



ਵੇਰਵਿਆਂ ਅਨੁਸਾਰ ਪੰਜਾਬ ਸਰਕਾਰ ਨੇ ਟਰਾਂਸਪੋਰਟ ਵਿਭਾਗ ਨੂੰ ਉਚ ਅਫਸਰਾਂ ਨੂੰ ਨਵੀਆਂ ਇਨੋਵਾ ਅਲਾਟ ਕਰਨ ਲਈ ਲਿਖਿਆ ਹੋਇਆ ਹੈ। ਵਾਟਰ ਰੈਗੂਲੇਟਰੀ ਅਥਾਰਿਟੀ ਦੇ ਚੇਅਰਮੈਨ ਅਤੇ ਮੁੱਖ ਸਕੱਤਰ ਰਹਿ ਚੁੱਕੇ ਅਧਿਕਾਰੀ ਕਰਨ ਅਵਤਾਰ ਸਿੰਘ ਨੂੰ ਨਵੀਂ ਇਨੋਵਾ ਗੱਡੀ ਦੇ ਦਿੱਤੀ ਗਈ ਹੈ। ਨਵੇਂ ਹੁਕਮਾਂ ਅਨੁਸਾਰ ਨਵੀਂ ਸਟਾਫ ਕਾਰ ਹੁਣ ਵਧੀਕ ਮੁੱਖ ਸਕੱਤਰ ਸੰਜੇ ਕੁਮਾਰ, ਪ੍ਰਮੁੱਖ ਸਕੱਤਰ ਏ. ਵੇਣੂ ਪ੍ਰਸ਼ਾਦ, ਪ੍ਰਮੁੱਖ ਸਕੱਤਰ (ਖੁਰਾਕ ਤੇ ਸਪਲਾਈ) ਕੇ.ਏ.ਪੀ ਸਿਨਹਾ, ਪ੍ਰਮੁੱਖ ਸਕੱਤਰ ਤੇਜਵੀਰ ਸਿੰਘ ਆਦਿ ਨੂੰ ਅਲਾਟ ਹੋਣੀ ਹੈ।

ਸੂਬਾ ਇਸ ਸਮੇਂ ਵਿੱਤੀ ਸੰਕਟ ਵਿਚੋਂ ਲੰਘ ਰਿਹਾ ਹੈ। 'ਆਪ' ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਕਿਹਾ ਕਿ ਉਹ ਖਟਾਰਾ ਗੱਡੀ ਵਿਚ ਜਾਨ ਜੋਖਮ ਵਿਚ ਪਾ ਕੇ ਸਫਰ ਕਰਦੇ ਹਨ ਅਤੇ ਉਹ ਸਰਕਾਰ ਨੂੰ ਗੱਡੀ ਦੀ ਸਥਿਤੀ ਬਾਰੇ ਜਾਣੂ ਵੀ ਕਰਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਕੈਪਟਨ ਸਰਕਾਰ ਨੇ ਚੁਣੇ ਪ੍ਰਤੀਨਿਧਾਂ ਨੂੰ ਨਜ਼ਰਅੰਦਾਜ਼ ਕਰ ਕੇ ਅਧਿਕਾਰੀਆਂ ਨੂੰ ਨਿਵਾਜਿਆ ਹੈ। ਉਨ੍ਹਾਂ ਕਿਹਾ ਕਿ ਇਹ ਅਫਸਰਾਂ ਦੀ ਸਰਕਾਰ ਹੈ ਜਿਸ 'ਚ ਵਿਧਾਇਕ ਭੁਗਤ ਰਹੇ ਹਨ। ਜਾਣਕਾਰੀ ਅਨੁਸਾਰ ਬਠਿੰਡਾ ਦਿਹਾਤੀ ਤੋਂ 'ਆਪ' ਵਿਧਾਇਕ ਰੁਪਿੰਦਰ ਕੌਰ ਰੂਬੀ ਨੂੰ ਵੀ ਆਪਣਾ ਖਟਾਰਾ ਵਾਹਨ ਕਿਸੇ ਹੋਰ ਪੁਰਾਣੇ ਵਾਹਨ ਨਾਲ ਤਬਦੀਲ ਕਰਨਾ ਪਿਆ ਹੈ। ਆਮ ਆਦਮੀ ਪਾਰਟੀ ਦੇ ਬੁਲਾਰੇ ਕੁਲਤਾਰ ਸੰਧਵਾਂ ਨੇ ਕਿਹਾ ਕਿ ਉਚ ਅਫਸਰਾਂ ਨੇ ਤਾਂ ਘਰ ਤੋਂ ਸਿਰਫ ਦਫਤਰ ਤੱਕ ਹੀ ਜਾਣਾ ਹੁੰਦਾ ਹੈ ਅਤੇ ਕੋਈ ਟਾਵਾਂ ਅਧਿਕਾਰੀ ਹੋਵੇਗਾ ਜੋ ਪੰਜਾਬ ਵਿਚ ਵਿਚਰਦਾ ਹੋਵੇਗਾ। ਉਨ੍ਹਾਂ ਕਿਹਾ ਕਿ ਵਿਧਾਇਕ 24 ਘੰਟੇ ਦੀ ਡਿਊਟੀ ਕਰਦੇ ਹਨ ਪਰ ਉਨ੍ਹਾਂ ਕੋਲ ਮਿਆਦ ਪੁਗਾ ਚੁੱਕੇ ਵਾਹਨ ਹਨ। ਉਨ੍ਹਾਂ ਸਰਕਾਰ ਨੂੰ ਅਫਸਰਾਂ ਦੀ ਥਾਂ 'ਤੇ ਚੁਣੇ ਹੋਏ ਨੁਮਾਇੰਦਿਆਂ ਨੂੰ ਪਹਿਲ ਦੇਣ ਲਈ ਕਿਹਾ।

ਸੂਤਰਾਂ ਅਨੁਸਾਰ ਪੰਜਾਬ ਸਰਕਾਰ ਨੇ ਬਹੁਤੇ ਅਫਸਰਾਂ ਨੂੰ ਨਵੇਂ ਵਾਹਨ ਦੇਣ ਦੀ ਥਾਂ ਉਨ੍ਹਾਂ ਦੀਆਂ ਪੁਰਾਣੀਆਂ ਗੱਡੀਆਂ ਦੇ ਟਾਇਰ ਬਦਲ ਕੇ ਦੇਣ ਦੀ ਕਾਰਵਾਈ ਸ਼ੁਰੂ ਕੀਤੀ ਹੈ। ਆਮ ਰਾਜ ਪ੍ਰਬੰਧ ਵਿਭਾਗ ਨੇ ਅਫਸਰਾਂ ਤੇ ਵਿਭਾਗਾਂ ਨੂੰ ਅਲਾਟ 87 ਗੱਡੀਆਂ ਦੇ ਸਾਰੇ ਟਾਇਰ ਬਦਲ ਕੇ ਦੇਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ ਅਤੇ 140 ਨਵੇਂ ਟਿਊਬਲੈੱਸ ਟਾਇਰ ਖਰੀਦੇ ਜਾ ਰਹੇ ਹਨ। ਇਨ੍ਹਾਂ 'ਚ ਇਕ ਫਾਰਚੂਨਰ ਗੱਡੀ, 14 ਇਨੋਵਾ ਗੱਡੀਆਂ, 5 ਕਰੋਲਾ, ਛੇ ਹੌਂਡਾ ਸਿਟੀ, 33 ਹੌਂਡਾ ਸਿਟੀ ਪੁਰਾਣਾ ਮਾਡਲ, ਛੇ ਅੰਬੈਸਡਰ ਗੱਡੀਆਂ ਅਤੇ 16 ਮਾਰੂਤੀ ਕਾਰਾਂ ਆਦਿ ਸ਼ਾਮਲ ਹਨ। ਜ਼ਿਕਰਯੋਗ ਹੈ ਕਿ ਪਹਿਲਾਂ ਮੁੱਖ ਮੰਤਰੀ ਦਫਤਰ ਲਈ ਵੀ ਗੱਡੀਆਂ ਦੀ ਖਰੀਦ ਕੀਤੀ ਗਈ ਸੀ। ਟਰਾਂਸਪੋਰਟ ਮੰਤਰੀ ਨੂੰ ਪਹਿਲਾਂ 28 ਲੱਖ ਰੁਪਏ ਦੀ ਨਵੀਂ ਫਾਰਚੂਨਰ ਗੱਡੀ ਖਰੀਦ ਕੇ ਦਿੱਤੀ ਗਈ ਅਤੇ ਉਸ ਮਗਰੋਂ ਨਵੀਂ ਇਨੋਵਾ ਗੱਡੀ ਦਿੱਤੀ ਗਈ ਹੈ। ਜੋ ਨਵੀਆਂ ਗੱਡੀਆਂ ਆਈਆਂ ਸਨ, ਉਨ੍ਹਾਂ ਵਿਚੋਂ 7 ਗੱਡੀਆਂ 'ਆਪ' ਵਿਧਾਇਕਾਂ ਨੂੰ ਦੇਣ ਦਾ ਲਾਰਾ ਲਾਇਆ ਗਿਆ ਸੀ ਪਰ ਸਿਰਫ ਇਕ ਵਿਧਾਇਕ ਨੂੰ ਗੱਡੀ ਦੇ ਕੇ ਬੁੱਤਾ ਸਾਰ ਦਿੱਤਾ ਗਿਆ।

## ਸੁਰਜੀਤ ਤਲਾਣੀਆਂ 'ਆਪ' ਵਿਚ ਸ਼ਾਮਲ

**ਫਤਹਿਗੜ੍ਹ** ਸਾਹਿਬ: ਹਲਕਾ ਫਤਹਿਗੜ੍ਹ ਸਾਹਿਬ ਵਿਚ ਲੋਕ ਇਨਸਾਫ ਪਾਰਟੀ ਦੇ ਐਸ.ਸੀ. ਵਿੰਗ ਦੇ ਜ਼ਿਲ੍ਹਾ ਪ੍ਰਧਾਨ ਸੁਰਜੀਤ ਸਿੰਘ ਤਲਾਣੀਆਂ ਨੇ ਆਮ ਆਦਮੀ ਪਾਰਟੀ ਦਾ ਪੱਲਾ ਫੜ ਲਿਆ ਹੈ।



ਸ੍ਰੀ ਤਲਾਣੀਆਂ ਨੂੰ ਪਾਰਟੀ ਦੇ ਸੂਬਾ ਪ੍ਰਧਾਨ ਭਗਵੰਤ ਮਾਨ ਨੇ ਸਿਰੋਪਾਉ ਭੇਟ ਕਰ ਕੇ ਪਾਰਟੀ ਵਿਚ ਸ਼ਾਮਲ ਕੀਤਾ। ਸ੍ਰੀ ਤਲਾਣੀਆਂ ਨੇ ਕਿਹਾ ਕਿ ਉਹ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਗੁਰਵਿੰਦਰ ਸਿੰਘ ਢਿੱਲੋਂ ਦੀ ਪ੍ਰੇਰਨਾ ਤੇ 'ਆਪ' ਦੀਆਂ ਲੋਕ ਹਿਤ ਨੀਤੀਆਂ ਕਾਰਨ ਪਾਰਟੀ 'ਚ ਸ਼ਾਮਲ ਹੋਏ ਹਨ। ਸ੍ਰੀ ਢਿੱਲੋਂ ਨੇ ਕਿਹਾ ਕਿ ਲੋਕ ਵੱਡੀ ਗਿਣਤੀ ਵਿਚ ਲੋਕ 'ਆਪ' ਵਿਚ ਸ਼ਾਮਲ ਹੋ ਰਹੇ ਹਨ। ਆਪ ਪਾਰਟੀ ਦੇ ਲੋਕ ਹਿਤ ਫੈਸਲਿਆਂ ਤੋਂ ਖੁਸ਼ ਹੋ ਕੇ ਦਿੱਲੀ ਵਿਚ ਦੁਬਾਰਾ ਸਰਕਾਰ ਬਣਾਈ ਹੈ। ਇਸ ਮੌਕੇ ਪਾਰਟੀ ਦੇ ਸੂਬਾ ਪ੍ਰਧਾਨ ਭਗਵੰਤ ਮਾਨ ਨੇ ਸ੍ਰੀ ਤਲਾਣੀਆਂ ਦਾ ਪਾਰਟੀ ਵਿਚ ਸਵਾਗਤ ਕੀਤਾ।

**Punjab Times**
**Established in 2000**
**21st Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਸਰਕਾਰੀ ਦਫਤਰਾਂ 'ਚ ਮਾਂ ਬੋਲੀ ਦੀ ਅਣਦੇਖੀ ਕਰਨ ਵਾਲਿਆਂ ਦੀ ਆਵੇਗੀ ਸ਼ਾਮਤ

**ਚੰਡੀਗੜ੍ਹ:** ਸੂਬੇ ਦੇ ਉਚੇਰੀ ਸਿੱਖਿਆ ਅਤੇ ਭਾਸ਼ਾਵਾਂ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਇਕ ਵਾਰ ਫਿਰ ਸਾਰੇ ਸਬੰਧਤ ਅਦਾਰਿਆਂ ਅਤੇ ਵਿਭਾਗਾਂ ਨੂੰ ਸਖਤੀ ਨਾਲ ਕਿਹਾ ਕਿ ਪੰਜਾਬ ਸਰਕਾਰ ਵਲੋਂ ਨਾਮ-ਪੱਟੀਆਂ/ਮੀਲ ਪੱਥਰ/ਸਾਈਨ ਬੋਰਡ ਲਿਖਣ ਸਮੇਂ ਸਭ ਤੋਂ ਪਹਿਲਾਂ ਉਪਰਲੇ ਪਾਸੇ ਪੰਜਾਬੀ ਭਾਸ਼ਾ (ਗੁਰਮੁਖੀ ਲਿੱਪੀ) 'ਚ ਲਿਖੇ ਜਾਣ ਸਬੰਧੀ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ।

ਪੰਜਾਬ ਸਰਕਾਰ ਵਲੋਂ ਮਾਂ ਬਲੀ ਪੰਜਾਬੀ ਦੇ ਪ੍ਰਸਾਰ ਅਤੇ ਪ੍ਰਚਾਰ ਲਈ ਮੁੱਖ ਮੰਤਰੀ ਕੈਪਟਨ ਅਮਰਿਦਰ ਸਿੰਘ ਦੀ ਅਗਵਾਈ ਵਿਚ ਅਹਿਮ ਫੈਸਲਾ ਲਿਆ ਸੀ, ਜਿਸ ਦੇ ਅਨੁਸਾਰ ਰਾਜ ਸਰਕਾਰ ਦੇ ਸਮੂਹ ਸਰਕਾਰੀ ਦਫਤਰਾਂ/ਵਿਭਾਗਾਂ/ਅਦਾਰਿਆਂ/ਅਰਧ ਸਰਕਾਰੀ ਅਦਾਰਿਆਂ/ਬੋਰਡ/ਨਿਗਮ/ਵਿਦਿਅਕ ਸੰਸਥਾਵਾਂ ਆਦਿ ਦੇ ਨਾਮ ਅਤੇ ਸੜਕਾਂ ਦੇ ਨਾਮ, ਨਾਮ-ਪੱਟੀਆਂ /ਮੀਲ ਪੱਥਰ / ਸਾਈਨ ਬੋਰਡ ਲਿਖਣ ਸਮੇਂ ਸਭ ਤੋਂ ਪਹਿਲਾਂ ਉਪਰਲੇ ਪਾਸੇ ਪੰਜਾਬੀ ਭਾਸ਼ਾ (ਗੁਰਮੁਖੀ ਲਿੱਪੀ) ਵਿਚ ਲਿਖੇ ਜਾਣ ਯਕੀਨੀ ਬਣਾਉਣ ਲਈ ਹੁਕਮ ਜਾਰੀ ਕੀਤੇ ਗਏ ਸਨ। ਭਾਸ਼ਾਵਾਂ ਮੰਤਰੀ ਨੇ ਪੰਜਾਬੀ ਭਾਸ਼ਾ ਸਬੰਧੀ ਐਕਟ ਨੂੰ ਸਖਤੀ ਨਾਲ ਲਾਗੂ ਕਰਨ ਦੀਆਂ ਹਦਾਇਤਾਂ ਜਾਰੀ ਕਰਦਿਆਂ ਕਿਹਾ ਕਿ ਅਜਿਹਾ ਨਾ ਕਰਨ ਵਾਲਿਆਂ ਖਿਲਾਫ ਐਕਟ ਦੀਆਂ ਧਾਰਾਵਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

## ਜਥੇਦਾਰ ਵਲੋਂ ਘੱਟਗਿਣਤੀਆਂ ਨਾਲ ਧੱਕੇ ਤੇ ਅਸਹਿਣਸ਼ੀਲਤਾ ਵਾਲੇ ਮਾਹੌਲ 'ਤੇ ਫਿਕਰਮੰਦੀ

**ਕੀਰਤਪੁਰ ਸਾਹਿਬ:** ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਹੈ ਕਿ ਹਿੰਦੁਸਤਾਨ ਦੀ ਹਕੂਮਤ ਵੀ ਮੁਗਲ ਹਕੂਮਤ ਵਾਂਗ ਹੀ ਭਾਰਤ ਅੰਦਰ ਘੱਟਗਿਣਤੀਆਂ ਨੂੰ ਖਤਮ ਕਰਨ 'ਚ ਕੋਈ ਕਸਰ ਬਾਕੀ ਨਹੀਂ ਛੱਡ ਰਹੀ।

ਬੇਸ਼ੱਕ ਭਾਰਤ ਦੀ ਸਰਕਾਰ ਸਿੱਧੇ ਤੌਰ ਉਤੇ ਕੁਝ ਨਹੀਂ ਆਖ ਰਹੀ ਹੈ ਪਰ ਅੰਦਰਖਾਤੇ ਘੱਟ ਗਿਣਤੀਆਂ ਨੂੰ ਦਬਾਉਣ ਦੀਆਂ ਅਤੇ ਦੇਸ਼ ਅੰਦਰ ਗੈਰ ਹਿੰਦੂਆਂ ਨੂੰ ਨਾ ਰਹਿਣ ਦੇਣ ਦੀਆਂ ਨੀਤੀਆਂ ਦੀ ਸ਼ੁਰੂਆਤ ਮੁਸਲਮਾਨਾਂ ਤੋਂ ਹੋ ਚੁੱਕੀ ਹੈ, ਸਿੱਖਾਂ ਨਾਲ ਵਧੀਕੀਆਂ ਹੋਣੀਆਂ ਸ਼ੁਰੂ ਹੋ ਗਈਆਂ ਹਨ, ਜਦਕਿ ਦਲਿਤ ਵੀ ਇਸ ਕਹਿਰ ਤੋਂ ਨਹੀਂ ਬਚ ਸਕਣਗੇ। ਜਥੇਦਾਰ ਹਰਪ੍ਰੀਤ ਸਿੰਘ ਨੇ ਕਿਹਾ ਕਿ ਘੱਟ ਗਿਣਤੀਆਂ ਨੂੰ ਮਾਨਸਿਕ ਤੇ ਸਰੀਰਿਕ ਤੌਰ ਉਤੇ ਪਰੇਸ਼ਾਨ ਕੀਤਾ ਜਾ ਰਿਹਾ ਹੈ। ਇਸ ਦੀ ਸ਼ੁਰੂਆਤ ਮੁਸਲਮਾਨਾਂ ਤੋਂ ਹੋ ਚੁੱਕੀ ਹੈ ਪਰ ਦਲਿਤਾਂ ਤੇ ਸਿੱਖਾਂ ਨਾਲ ਇਹੋ ਕੁਝ ਹੋ ਰਿਹਾ ਹੈ। ਸਾਡੇ ਧਾਰਮਿਕ ਸਥਾਨ ਖਤਰੇ 'ਚ ਹਨ, 1-2 ਧਾਰਮਿਕ ਸਥਾਨ ਢਾਹ ਵੀ ਦਿੱਤੇ ਗਏ ਹਨ ਤੇ ਇਹ ਸਭ ਕੁਝ ਧਾਰਮਿਕ ਕੱਟੜਵਾਦ ਹੀ ਹੈ। ਸਾਡੀਆਂ ਧਾਰਮਿਕ ਸੰਸਥਾਵਾਂ ਦੀ ਭਰੋਸੇਯੋਗਤਾ ਨੂੰ ਸੰਸਥਾਵਾਂ ਦੇ ਅੰਦਰ ਬੈਠ ਕੇ ਅਤੇ ਬਾਹਰ ਬੈਠ ਕੇ ਖਤਮ ਕੀਤਾ ਜਾ ਰਿਹਾ ਹੈ। ਸਾਨੂੰ ਅੰਦਰ ਬੈਠੀਆਂ ਕਾਲੀਆਂ ਭੇਡਾਂ ਅਤੇ ਬਾਹਰ ਬੈਠ ਕੇ ਨੁਕਸਾਨ ਕਰ ਰਹੇ ਲੋਕਾਂ ਦੌਰਾਨ ਗੰਢਤੁੱਪ ਦਾ ਸ਼ੱਕ ਹੈ। ਇਸ ਲਈ ਲੋੜ ਹੈ ਕਿ ਧਾਰਮਿਕ ਸੰਸਥਾਵਾਂ ਦੀ ਭਰੋਸੇਯੋਗਤਾ ਨੂੰ ਬਚਾਉਣਾ ਚਾਹੀਦਾ ਹੈ।

ਜਥੇਦਾਰ ਨੇ ਅਸਿੱਧੇ ਢੰਗ ਦੇ ਨਾਲ ਦੇਸ਼ ਦੀ ਹਕੂਮਤ ਨੂੰ ਤਾਕੀਦ ਕੀਤੀ ਕਿ ਧਾਰਮਿਕ ਕੱਟੜਤਾ ਨੇ ਵੱਡੀਆਂ-ਵੱਡੀਆਂ ਹਕੂਮਤਾਂ ਨੂੰ ਨਿਗਲਿਆ ਹੈ। ਧਾਰਮਿਕ ਕੱਟੜਤਾ ਵਾਲਾ ਬੇਸ਼ੱਕ ਸੱਤਾ ਹਾਸਲ ਕਰਨ 'ਚ ਕਾਮਯਾਬ ਹੋ ਗਿਆ ਪਰ ਕੱਟੜਤਾ ਵਾਲਾ ਰਾਜ ਸਦੀਵੀ ਨਹੀਂ। ਸੋਸ਼ਲ ਮੀਡੀਆ ਨੂੰ ਘਾਤਕ ਬਿਮਾਰੀ ਕਰਾਰ ਦਿੰਦਿਆਂ ਜਥੇਦਾਰ ਨੇ ਕਿਹਾ ਕਿ ਅੱਜ ਹਰ ਕੋਈ ਡਾਕਟਰ, ਇੰਜੀਨੀਅਰ, ਜਥੇਦਾਰ, ਸ਼੍ਰੋਮਣੀ ਕਮੇਟੀ ਪ੍ਰਧਾਨ, ਲੇਖਕ ਬਣਿਆ ਹੋਇਆ ਹੈ। ਜਥੇਦਾਰ ਨੇ ਕੌਮ ਦੇ ਧੜੇਬੰਦੀਆਂ 'ਚ ਵੰਡੇ ਬੁੱਧੀਜੀਵੀਆਂ ਨੂੰ ਵਿਦਵਾਨਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਉਹ ਸੁਝਾਅ ਭੇਜਣ ਕਿ ਕਿਸ ਤਰ੍ਹਾਂ ਜਵਾਨੀ ਨੂੰ ਇਸ ਤੋਂ ਬਚਾਇਆ ਜਾ ਸਕਦਾ ਹੈ।

## ਫਰਾਂਸ ਦੇ ਗਲੇਸ਼ੀਅਰ 'ਚੋਂ ਮਿਲੇ 54 ਸਾਲ ਪੁਰਾਣੇ ਭਾਰਤੀ ਅਖਬਾਰ

**ਲੰਡਨ:** ਫਰਾਂਸ ਦੀ ਮਾਟ ਬਲੈਂਕ ਪਰਬਤ ਲੜੀ ਵਿਚ ਪਿਘਲਦੇ ਗਲੇਸ਼ੀਅਰ ਵਿਚੋਂ 54 ਸਾਲ ਪੁਰਾਣੇ ਕੁਝ ਭਾਰਤੀ ਅਖਬਾਰਾਂ ਦੀਆਂ ਕਾਪੀਆਂ ਮਿਲੀਆਂ ਹਨ, ਜਿਨ੍ਹਾਂ ਵਿਚੋਂ ਕਈਆਂ ਦੇ ਸਿਰਲੇਖ 'ਭਾਰਤ ਦੀ ਪਹਿਲੀ ਮਹਿਲਾ ਪ੍ਰਧਾਨ ਮੰਤਰੀ' ਹਨ, ਜੋ ਕਿ 1966 ਵਿਚ ਇੰਦਰਾ ਗਾਂਧੀ ਦੀ ਚੋਣਾਂ ਦੌਰਾਨ ਹੋਈ ਜਿੱਤ ਨੂੰ ਦਰਸਾਉਂਦੇ ਹਨ।

ਦੱਸਣਯੋਗ ਹੈ ਕਿ ਇਥੇ ਹੀ 1966 ਵਿਚ ਏਅਰ ਇੰਡੀਆ ਦਾ ਇਕ ਜਹਾਜ਼ ਹਾਦਸਾਗਸਤ ਹੋਇਆ ਸੀ। ਇਹ ਜਹਾਜ਼ 24 ਜਨਵਰੀ 1966 ਨੂੰ ਇਸ ਪਰਬਤ ਲੜੀ ਵਿਚ ਹੀ ਹਾਦਸਾ ਗ੍ਰਸਤ ਹੋਇਆ ਸੀ ਅਤੇ ਇਸ ਵਿਚ ਸਵਾਰ ਅਮਲੇ ਸਮੇਤ ਸਾਰੇ 177 ਯਾਤਰੀ ਮਾਰੇ ਗਏ ਸਨ। ਜਾਣਕਾਰੀ ਅਨੁਸਾਰ ਇਹ ਅਖਬਾਰ ਟਿਮੋਥੀ ਮੋਟਿਨ (33) ਨਾਂ ਦੇ ਵਿਅਕਤੀ ਨੂੰ ਮਿਲੇ ਹਨ ਜੋ ਹਾਦਸੇ ਵਾਲੀ ਜਗ੍ਹਾ ਤੋਂ ਥੋੜੀ ਦੂਰ ਇਕ ਕੈਫੇ ਚਲਾਉਂਦਾ ਹੈ। ਮੋਟਿਨ ਦਾ ਕਹਿਣਾ ਹੈ ਕਿ ਅਖਬਾਰ ਵਧੀਆ ਹਾਲਤ ਵਿਚ ਹਨ ਜਿਨ੍ਹਾਂ ਨੂੰ ਪੜ੍ਹਿਆ ਜਾ ਸਕਦਾ ਹੈ।

## ਅਮਰੀਕੀ ਸਿੱਖਾਂ ਵਲੋਂ ਪੰਜਾਬ ਦੇ ਵਿਕਾਸ ਲਈ ਕੰਮ ਕਰਨ ਦਾ ਅਹਿਦ

**ਵਾਸ਼ਿੰਗਟਨ:** ਅਮਰੀਕਾ ਵਿਚ ਰਹਿੰਦੇ ਸਿੱਖ ਭਾਈਚਾਰੇ ਵਲੋਂ ਪੰਜਾਬ ਦੇ ਵਿਕਾਸ, ਖਾਸ ਕਰ ਕੇ ਸਿੱਖਿਆ ਤੇ ਵਾਤਾਵਰਨ ਦੇ ਖੇਤਰਾਂ ਵਿਚ ਕੰਮ ਕਰਨ ਦਾ ਅਹਿਦ ਲਿਆ ਗਿਆ ਹੈ। ਉਨ੍ਹਾਂ ਆਪਣੀਆਂ ਸਮੱਸਿਆਵਾਂ ਦੇ ਹੱਲ ਲਈ ਇਥੇ ਭਾਰਤੀ ਸਫਾਰਤਖਾਨੇ ਦੇ ਉਪਰਾਲਿਆਂ ਦੀ ਸ਼ਲਾਘਾ ਕੀਤੀ। ਉਘੇ ਸਿੱਖ ਅਮਰੀਕੀ ਕਾਰੋਬਾਰੀ ਗੈਰੀ ਗਰੇਵਾਲ ਨੇ ਪਿਛਲੇ ਹਫਤੇ ਅਮਰੀਕਾ ਵਿਚ ਭਾਰਤ ਦੇ ਸਫੀਰ ਤਰਨਜੀਤ ਸਿੰਘ ਸੰਧੂ ਨਾਲ ਹੋਈ ਭਾਈਚਾਰੇ ਦੀ ਪਹਿਲੀ ਡਿਜੀਟਲ ਮੀਟਿੰਗ ਤੋਂ ਬਾਅਦ ਕਿਹਾ ਕਿ ਅਮਰੀਕਾ ਵਿਚ ਰਹਿੰਦੇ ਸਿੱਖ ਪੰਜਾਬ ਦੇ ਵਿਕਾਸ ਵਿਚ ਨਿਵੇਸ਼ ਕਰਨ ਦੇ ਇੱਛੁਕ ਹਨ। ਸ੍ਰੀ ਸੰਧੂ ਨਾਲ ਹੋਈ ਇਸ ਡਿਜੀਟਲ ਮੀਟਿੰਗ ਵਿਚ ਦੇਸ਼ ਭਰ ਤੋਂ 100 ਦੇ ਕਰੀਬ ਉਘੇ ਸਿੱਖ ਆਗੂਆਂ ਨੇ ਸ਼ਮੂਲੀਅਤ ਕੀਤੀ। ਇਹ ਮੀਟਿੰਗ ਭਾਈਚਾਰੇ ਨਾਲ ਸੰਪਰਕ ਕਰਨ ਦੇ ਉਪਰਾਲਿਆਂ ਤਹਿਤ ਕੀਤੀ ਗਈ ਸੀ।

ਸ੍ਰੀ ਗਰੇਵਾਲ ਨੇ ਕਿਹਾ ਕਿ ਕਰਤਾਰਪੁਰ ਲਾਂਘਾ ਮੁੜ ਖੋਲ੍ਹਣ ਸਬੰਧੀ ਵੀ ਭਾਈਚਾਰੇ ਦੇ ਕਈ ਮੈਂਬਰਾਂ ਨੇ ਪਾਕਿਸਤਾਨ ਨਾਲ ਗੱਲਬਾਤ ਕੀਤੀ ਹੈ। ਈਕੋਸਿੱਖ ਦੇ ਪ੍ਰਧਾਨ ਅਤੇ ਕੌਮੀ ਸਿੱਖ ਮੁਹਿੰਮ ਦੇ ਸਹਿ ਸੰਸਥਾਪਕ ਡਾ. ਰਾਜਵੰਤ ਸਿੰਘ ਨੇ ਕਿਹਾ ਕਿ ਪਰਵਾਸੀ ਪੰਜਾਬੀ ਤੇ ਸਿੱਖ ਭਾਈਚਾਰਾ ਪੰਜਾਬ ਨੂੰ ਮੁੜ ਪੈਰਾਂ ਸਿਰ ਕਰਨ ਤੇ ਰਾਜ ਦਾ ਸੁਨਹਿਰੀ ਭਵਿੱਖ ਬਣਾਉਣ ਲਈ ਯਤਨਸ਼ੀਲ ਹੈ।

## ਗੂਗਲ ਭਾਰਤ ਵਿਚ ਕਰੇਗਾ 75,000 ਕਰੋੜ ਦਾ ਨਿਵੇਸ਼

**ਨਵੀਂ ਦਿੱਲੀ:** ਗੂਗਲ ਦੇ ਸੀ.ਈ.ਓ. ਸੁੰਦਰ ਪਿਚਾਈ ਨੇ ਐਲਾਨ ਕੀਤਾ ਕਿ 'ਗੂਗਲ ਫਾਰ ਇੰਡੀਆ ਡਿਜੀਟਾਈਜ਼ੇਸ਼ਨ ਫੰਡ' ਤਹਿਤ ਭਾਰਤ ਵਿਚ ਅਗਲੇ 5 ਤੋਂ 7 ਸਾਲਾਂ ਵਿਚ 75000 ਕਰੋੜ ਰੁਪਏ ਦਾ ਨਿਵੇਸ਼ ਕੀਤਾ ਜਾਵੇਗਾ।

'ਗੂਗਲ ਫਾਰ ਇੰਡੀਆ' ਸਮਾਗਮ ਨੂੰ ਸੰਬੋਧਨ ਕਰਦਿਆਂ ਪਿਚਾਈ ਨੇ ਕਿਹਾ ਕਿ ਗੂਗਲ ਦੀ ਸੱਜਰੀ ਪੇਸ਼ਕਦਮੀ ਇਸ ਗੱਲ ਦਾ ਸਬੂਤ ਹੈ ਕਿ ਕੰਪਨੀ ਨੂੰ ਭਾਰਤ ਦੇ ਭਵਿੱਖ ਤੇ ਇਸ ਦੇ ਡਿਜੀਟਲ ਅਰਥਚਾਰੇ 'ਚ ਕਿੰਨਾ ਯਕੀਨ ਹੈ।

## ਚਮੜੀ ਦੇ ਰੋਗੀਆਂ ਲਈ ਬਣਿਆ ਟੀਕਾ ਲੱਗ ਸਕੇਗਾ ਕਰੋਨਾ ਮਰੀਜ਼ਾਂ ਨੂੰ

**ਨਵੀਂ ਦਿੱਲੀ:** ਭਾਰਤ ਦੇ ਡਰੱਗਜ਼ ਕੰਟਰੋਲਰ ਨੇ ਚਮੜੀ ਰੋਗ ਦੇ ਇਲਾਜ ਵਿਚ ਕੰਮ ਆਉਣ ਵਾਲੇ 'ਆਈਟੋਲਿਜ਼ਮੈਬ' ਟੀਕੇ ਦੀ ਕਰੋਨਾ ਮਰੀਜ਼ਾਂ ਲਈ ਸੀਮਤ ਵਰਤੋਂ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਹ ਟੀਕਾ ਸਿਰਫ ਉਨ੍ਹਾਂ ਦੇ ਲਗਾਇਆ ਜਾ ਸਕੇਗਾ, ਜਿਨ੍ਹਾਂ ਨੂੰ ਸਾਹ ਦੀ ਦਰਮਿਆਨੀ ਤੇ ਗੰਭੀਰ ਦਿੱਕਤ ਹੈ।

ਅਧਿਕਾਰੀਆਂ ਨੇ ਕਿਹਾ ਕਿ ਕੋਵਿਡ-19 ਦੇ ਇਲਾਜ ਦੀਆਂ ਡਾਕਟਰੀ ਜ਼ਰੂਰਤਾਂ ਨੂੰ ਵੇਖਦੇ ਹੋਏ ਭਾਰਤ ਦੇ ਡਰੱਗਜ਼ ਕੰਟਰੋਲਰ ਜਨਰਲ ਡਾ. ਵੀਜੀ ਸੋਮਾਨੀ ਨੇ ਕਰੋਨਾ ਵਾਇਰਸ ਕਾਰਨ ਸਰੀਰ ਦੇ ਅੰਗਾਂ ਵਿਚ ਆਕਸੀਜਨ ਦੀ ਘਾਟ ਦੀ ਗੰਭੀਰ ਸਥਿਤੀ ਦੌਰਾਨ ਇਸ ਟੀਕੇ ਦੀ ਵਰਤੋਂ ਨੂੰ ਪ੍ਰਵਾਨਗੀ ਦਿੱਤੀ ਗਈ ਹੈ।

## ਸ਼੍ਰੋਮਣੀ ਕਮੇਟੀ ਦੀ ਕਾਰਗੁਜ਼ਾਰੀ ਸਵਾਲਾਂ ਦੇ ਘੇਰੇ ਵਿਚ

*(ਸਫਾ ਇਕ ਦੀ ਬਾਕੀ)*

ਕਾਰਗੁਜ਼ਾਰੀ ਉਤੇ ਲਗਾਤਾਰ ਸਵਾਲ ਉਠਦੇ ਆਏ ਹਨ। ਅਜੇ ਪਿਛਲੇ ਦਿਨੀਂ ਹੀ ਤਖਤ ਕੇਸਗੜ੍ਹ ਸਾਹਿਬ ਵਿਖੇ ਲੰਗਰ ਖਰੀਦ ਘਪਲੇ ਵਿਚ ਪੰਜ ਮੁਲਾਜ਼ਮਾਂ ਉਤੇ ਕੋਈ ਕਾਨੂੰਨੀ ਕਾਰਵਾਈ ਕਰਵਾਉਣ ਦੀ ਥਾਂ ਉਨ੍ਹਾਂ ਨੂੰ ਮੁਅੱਤਲ ਕਰਨ ਅਤੇ ਬਦਲੀ ਕਰ ਕੇ ਮਾਮਲਾ ਰਫਾ-ਦਫਾ ਕਰ ਦਿੱਤਾ ਗਿਆ। ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਵਲੋਂ ਘਿਓ, ਦੁੱਧ ਪਾਊਡਰ ਅਤੇ ਹੋਰ ਵਸਤਾਂ ਮਿਲਕਫੈੱਡ (ਵੇਰਕਾ ਬਰਾਂਡ) ਤੋਂ ਖਰੀਦਣ ਦੀ ਬਜਾਏ ਮਹਾਰਾਸ਼ਟਰ ਦੀ ਕਿਸੇ ਪ੍ਰਾਈਵੇਟ ਕੰਪਨੀ ਤੋਂ ਖਰੀਦਣ ਦਾ ਮੁੱਦਾ ਭਖਿਆ ਹੋਇਆ ਹੈ। ਇਸ ਮੁੱਦੇ ਉਤੇ ਪੰਜਾਬ ਸਰਕਾਰ ਤੇ ਸ਼੍ਰੋਮਣੀ ਕਮੇਟੀ ਆਹਮੋ-ਸਾਹਮਣੇ ਹਨ।

ਸਿੱਖ ਬੁੱਧੀਜੀਵੀ ਸਵਾਲ ਕਰ ਰਹੇ ਹਨ ਕਿ ਸ਼੍ਰੋਮਣੀ ਕਮੇਟੀ ਦੀ ਜ਼ਿੰਮੇਵਾਰੀ ਅਰਬਾਂ ਦਾ ਸਾਲਾਨਾ ਬਜਟ ਪੇਸ਼ ਕਰ ਕੇ ਉਸ ਨੂੰ ਬਿਲੇ ਲਾਉਣਾ ਹੀ ਹੈ? ਦੇਸ਼ ਦੇ ਕਈ ਸੂਬਿਆਂ ਵਿਚ ਦਹਾਕਿਆਂ ਤੋਂ ਵੱਸੇ ਸਿੱਖਾਂ ਨੂੰ ਉਜਾੜਨ ਲਈ ਸਰਕਾਰੀ ਤੰਤਰ ਸਰਗਰਮ ਹੈ ਪਰ ਸਿੱਖਾਂ ਦੀ ਇਹ ਨੁਮਾਇੰਦਾ ਸੰਸਥਾ ਉਸ ਬਾਰੇ ਆਵਾਜ਼ ਚੁੱਕਣ ਲਈ ਤਿਆਰ ਨਹੀਂ। ਭਾਰਤੀ ਹਕੂਮਤ ਵਲੋਂ 2020 ਰੈਫਰੈਂਡਮ ਦੇ ਨਾਮ ਉਤੇ ਸਿੱਖ ਨੌਜਵਾਨਾਂ ਉਤੇ ਕੇਸ ਦਰਜ ਕਰ ਕੇ ਜੇਲ੍ਹੀਂ ਸੁੱਟਿਆ ਜਾ ਰਿਹਾ ਹੈ ਪਰ ਇਸ ਸੰਸਥਾ ਨੇ ਇਸ ਧੱਕੇਸ਼ਾਹੀ ਖਿਲਾਫ ਆਵਾਜ਼ ਚੁੱਕਣ ਦਾ ਹੀਆ ਨਹੀਂ ਕੀਤਾ। ਮੂਲ ਨਾਨਕਸ਼ਾਹੀ ਕੈਲੰਡਰ ਬਾਰੇ ਭੰਬਲਭੂਸੇ ਨੂੰ ਦਹਾਕੇ ਬੀਤ ਚੁੱਕੇ ਹਨ ਪਰ ਇਸ ਵਿਵਾਦ ਦੇ ਹੱਲ ਲਈ ਕੋਈ ਕੋਸ਼ਿਸ਼ ਨਹੀਂ ਕੀਤੀ ਗਈ।

ਸ਼੍ਰੋਮਣੀ ਕਮੇਟੀ ਉਤੇ ਇਹ ਦੋਸ਼ ਲੱਗਦੇ ਆਏ ਹਨ ਕਿ ਇਹ ਬਾਦਲ ਪਰਿਵਾਰ ਅੱਗੇ ਗੋਡੇ ਟੇਕੀ ਬੈਠੀ ਹੈ। ਇਸ ਦੀਆਂ ਕਈ ਉਦਾਹਰਨਾਂ ਵੀ ਸਾਹਮਣੇ ਆਈਆਂ ਹਨ। ਪਿਛਲੇ ਸਾਲ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਸਮਾਗਮ ਮੌਕੇ ਸ਼੍ਰੋਮਣੀ ਕਮੇਟੀ ਨੇ ਬਾਦਲ ਪਰਿਵਾਰ ਨੂੰ ਧਾਰਮਿਕ ਸਟੇਜ ਉਤੇ ਮੂਹਰਲੀ ਕਤਾਰ ਵਿਚ ਬਿਠਾਉਣ ਲਈ ਪੰਜਾਬ ਸਰਕਾਰ ਨਾਲ ਆਢਾ ਲਾਇਆ ਸੀ ਤੇ ਵੱਖਰੇ ਸਟੇਜ ਉਤੇ ਕਰੋੜਾਂ ਰੁਪਏ ਦਾ ਖਰਚ ਚਰਚਾ ਦਾ ਵਿਸ਼ਾ ਬਣਿਆ ਸੀ। ਇਹੀ ਨਹੀਂ, ਸਤੰਬਰ 2015 ਵਿਚ ਡੇਰਾ ਸਿਰਸਾ ਮੁਖੀ ਨੂੰ ਬਿਨਾਂ ਮੰਗੇ ਦਿੱਤੀ ਮੁਆਫੀ ਤੇ ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਵਲੋਂ ਇਸ਼ਤਿਹਾਰਾਂ ਉਤੇ ਖਰਚ ਕੀਤੇ ਗਏ ਲਗਭਗ 90 ਲੱਖ ਰੁਪਏ ਦਾ ਮਾਮਲਾ ਵੀ ਭਖਿਆ ਹੋਇਆ ਹੈ, ਪਰ ਸ਼੍ਰੋਮਣੀ ਕਮੇਟੀ ਵੱਲੋਂ ਹਰ ਵਾਰੀ ਆਪਣੇ ਉਤੇ ਉਠੇ ਹਰ ਸਵਾਲ ਨੂੰ ਕਾਂਗਰਸ ਤੇ ਪੰਥ ਵਿਰੋਧੀਆਂ ਦੀ ਚਾਲ ਦੱਸ ਕੇ ਪਾਕ-ਸਾਫ ਸਾਬਤ ਕੀਤਾ ਜਾਂਦਾ ਰਿਹਾ ਹੈ।

## ਸੀਚੇਵਾਲ ਨੂੰ ਮਿਲੇਗਾ 'ਰਿਵਰ ਰਿਵਾਈਵਲ' ਪੁਰਸਕਾਰ

**ਜਲੰਧਰ:** ਪੰਜਾਬ ਦੀ ਇਤਿਹਾਸਕ ਪਵਿੱਤਰ ਕਾਲੀ ਵੇਈਂ ਨੂੰ ਮੁੜ ਸੁਰਜੀਤ ਕਰਨ ਅਤੇ ਸਤਲੁਜ ਨੂੰ ਸਾਫ ਕਰਨ ਦੀ ਸਾਢੇ ਚਾਰ ਮਹੀਨੇ ਚੱਲੀ ਮੁਹਿੰਮ ਸਦਕਾ ਵਾਤਾਵਰਨ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੂੰ 'ਰਿਵਰ ਰਿਵਾਈਵਲ' ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾਵੇਗਾ। ਇਹ ਪੁਰਸਕਾਰ ਨੀਰ ਫਾਊਂਡੇਸ਼ਨ ਵੱਲੋਂ 26 ਜੁਲਾਈ ਨੂੰ ਦਿੱਤਾ ਜਾਵੇਗਾ। ਸ੍ਰੀ ਸੀਚੇਵਾਲ ਪਿਛਲੇ 11 ਮਹੀਨਿਆਂ ਤੋਂ ਸਤਲੁਜ ਦਰਿਆ ਦੇ ਬੰਨ੍ਹਾਂ ਨੂੰ ਮਜ਼ਬੂਤ ਕਰਨ ਵਿਚ ਲੱਗੇ ਹੋਏ ਹਨ।

## ਕਰੋਨਾ: ਭਾਰਤ 'ਚ 2021 ਤੱਕ ਰੋਜ਼ਾਨਾ 2.87 ਲੱਖ ਕੇਸ ਆਉਣ ਦੀ ਸੰਭਾਵਨਾ

**ਨਵੀਂ ਦਿੱਲੀ:** ਕੋਵਿਡ-19 ਦੀ ਕੋਈ ਵੈਕਸੀਨ ਜਾਂ ਦਵਾਈ ਦੀ ਖੋਜ ਨਾ ਹੋਣ ਦੀ ਸੂਰਤ 'ਚ ਭਾਰਤ ਵਿਚ 2021 ਵਿਚ ਸਰਦੀ ਦਾ ਮੌਸਮ ਖਤਮ ਹੋਣ ਤੱਕ ਕਰੋਨਾ ਲਾਗ ਦੇ ਰੋਜ਼ਾਨਾ 2.87 ਲੱਖ ਕੇਸ ਆਉਣ ਦੀ ਸੰਭਾਵਨਾ ਹੈ। ਇਹ ਗੱਲ ਮੈਸਾਚੁਸਟਸ ਇੰਸਟੀਚਿਊਟ ਆਫ ਟੈਕਨਾਲੋਜੀ (ਐਮ.ਆਈ.ਟੀ.) ਵਲੋਂ ਕੀਤੀ ਇਕ ਮਾਡਲਿੰਗ ਸਟੱਡੀ 'ਚ ਕਹੀ ਗਈ। ਖੋਜਕਰਤਾਵਾਂ ਨੇ 84 ਦੇਸ਼ਾਂ ਦੇ 4.75 ਅਰਬ ਲੋਕਾਂ ਦੇ ਟੈਸਟ ਅੰਕੜਿਆਂ ਦੀ ਵਰਤੋਂ ਨਾਲ ਇਕ ਗਤੀਸ਼ੀਲ ਮਹਾਮਾਰੀ ਵਿਗਿਆਨ ਮਾਡਲ ਤਿਆਰ ਕੀਤਾ ਹੈ।

## ਅਸਲ ਅਯੁੱਧਿਆ ਭਾਰਤ 'ਚ ਨਹੀਂ ਨੇਪਾਲ 'ਚ ਹੈ: ਓਲੀ

**ਕਾਠਮੰਡੂ:** ਭਾਰਤੀ ਇਲਾਕੇ ਲਿਪੂਲੇਖ ਤੇ ਕਾਲਾਪਾਣੀ ਉਤੇ ਦਾਅਵਾ ਜਤਾਉਣ ਤੋਂ ਬਾਅਦ ਨੇਪਾਲ ਦੇ ਪ੍ਰਧਾਨ ਮੰਤਰੀ ਕੇਪੀ ਸ਼ਰਮਾ ਓਲੀ ਨੇ ਇਕ ਵਿਵਾਦਿਤ ਬਿਆਨ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਅਸਲ ਅਯੁੱਧਿਆ ਨੇਪਾਲ ਵਿਚ ਹੈ।

ਉਨ੍ਹਾਂ ਭਾਰਤ ਉਤੇ ਨਕਲੀ ਅਯੁੱਧਿਆ ਦੁਨੀਆਂ ਸਾਹਮਣੇ ਰੱਖ ਕੇ ਸਭਿਆਚਾਰਕ ਨਾਜਾਇਜ਼ ਕਬਜ਼ਾ ਕਰਨ ਦਾ ਦੋਸ਼ ਲਾਇਆ। ਉਹ ਇਥੇ ਹੀ ਨਹੀਂ ਰੁਕੇ, ਉਨ੍ਹਾਂ ਕਿਹਾ ਕਿ ਭਗਵਾਨ ਰਾਮ ਨੇਪਾਲੀ ਹਨ ਨਾ ਕਿ ਭਾਰਤੀ। ਉਨ੍ਹਾਂ ਆਪਣੇ ਨਿਵਾਸ 'ਤੇ ਇਕ ਪ੍ਰੋਗਰਾਮ ਦੌਰਾਨ ਕਿਹਾ ਕਿ ਭਗਵਾਨ ਸ੍ਰੀ ਰਾਮ ਦਾ ਨਗਰ ਅਯੁੱਧਿਆ, ਭਾਰਤ ਦੇ ਉਤਰ ਪ੍ਰਦੇਸ਼ ਵਿਚ ਨਹੀਂ ਸਗੋਂ ਨੇਪਾਲ ਦੇ ਬਾਲਮੀਕੀ ਆਸ਼ਰਮ ਨੇੜੇ ਹੈ। ਉਨ੍ਹਾਂ ਕਿਹਾ ਕਿ ਨੇਪਾਲ ਦੀ ਵਿਗਿਆਨ ਨੂੰ ਦੇਣ ਨੂੰ ਘੱਟ ਸਮਝਿਆ ਗਿਆ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਵਿਕਾਸ ਦੂਬੇ ਨਾਲ ਵੀ ਹੈਦਰਾਬਾਦੀ ਨਿਆਂ? ਪੁਲਿਸ ਮੁਕਾਬਲਾ ਸਵਾਲਾਂ ਦੇ ਘੇਰੇ 'ਚ

**ਕਾਨਪੁਰ:** ਉਤਰ ਪ੍ਰਦੇਸ਼ ਦੇ ਨਾਮਵਰ ਗੈਂਗਸਟਰ ਵਿਕਾਸ ਦੂਬੇ ਨੂੰ ਪੁਲਿਸ ਮੁਕਾਬਲੇ ਵਿਚ ਮਾਰਨ ਉਤੇ ਵੱਡੇ ਸਵਾਲ ਖੜ੍ਹੇ ਹੋ ਗਏ ਹਨ। ਪੁਲਿਸ ਦਾ ਦਾਅਵਾ ਹੈ ਕਿ ਕਾਨਪੁਰ ਦੇ ਨਗਰ ਭੌਤੀ ਕੋਲ ਸਵੇਰੇ ਸਾਢੇ ਛੇ ਵਜੇ ਦੇ ਕਰੀਬ ਪੁਲਿਸ ਦੀ ਗੱਡੀ ਹਾਦਸੇ ਮਗਰੋਂ ਪਲਟ ਗਈ। ਇਸ ਦੌਰਾਨ ਵਿਕਾਸ ਦੂਬੇ ਨੇ ਜਖਮੀ ਪੁਲਿਸ ਮੁਲਾਜ਼ਮ ਦੀ ਪਿਸਤੌਲ ਖੋਹ ਕੇ ਭੱਜਣ ਦੀ ਕੋਸ਼ਿਸ਼ ਕੀਤੀ।

ਪੁਲਿਸ ਟੀਮ ਨੇ ਪਿੱਛਾ ਕਰਕੇ ਉਸ ਨੂੰ ਆਤਮ ਸਮਰਪਣ ਕਰਨ ਲਈ ਕਿਹਾ ਪਰ ਉਹ ਜਾਨੋਂ ਮਾਰਨ ਦੀ ਨੀਅਤ ਨਾਲ ਪੁਲਿਸ 'ਤੇ ਗੋਲੀ ਚਲਾਉਣ ਲੱਗ ਪਿਆ। ਜਵਾਬੀ ਕਾਰਵਾਈ ਵਿਚ ਪੁਲਿਸ ਹੱਥੋਂ ਮਾਰਿਆ ਗਿਆ। ਦਰਅਸਲ, ਪੁਲਿਸ ਦੀ ਇਹ 'ਘੜੀ ਘੜਾਈ ਕਹਾਣੀ' ਹੈਦਰਾਬਾਦ ਵਿਚ ਬਲਾਤਕਾਰ ਦੇ ਦੋਸ਼ ਵਿਚ ਫੜੇ ਗਏ ਤਿੰਨ ਮੁਲਜ਼ਮਾਂ ਵਾਲੀ ਹੈ। ਜਿਨ੍ਹਾਂ ਨੇ ਪੁਲਿਸ ਹਿਰਾਸਤ ਵਿਚੋਂ 'ਭੱਜਣ' ਦੀ ਕੋਸ਼ਿਸ਼ ਕੀਤੀ ਸੀ ਤੇ ਮਾਰੇ ਗਏ ਸਨ।

ਦੱਸ ਦਈਏ ਕਿ ਦੂਬੇ ਗ੍ਰਿਫਤਾਰੀ ਤੋਂ ਬਾਅਦ ਹੀ ਉਸ ਨੂੰ ਮੁਕਾਬਲਾ ਬਣਾ ਕੇ ਮਾਰਨ ਦੇ ਕਿਆਸ ਲੱਗ ਗਏ ਸਨ। ਮੁਕਾਬਲੇ 'ਚ ਮਾਰੇ ਜਾਣ ਤੋਂ ਕੁਝ ਘੰਟੇ ਪਹਿਲਾਂ ਹੀ ਸੁਪਰੀਮ ਕੋਰਟ 'ਚ ਇਕ ਪਟੀਸ਼ਨ ਦਾਇਰ ਕਰਕੇ ਯੂਪੀ ਸਰਕਾਰ ਤੇ ਪੁਲਿਸ ਨੂੰ ਦੂਬੇ ਦੀ ਜਾਨ ਦੀ ਰਾਖੀ ਕਰਨ ਦੇ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਸੀ, ਸੁਣਵਾਈ ਤੋਂ ਪਹਿਲਾਂ ਹੀ ਪੁਲਿਸ ਨੇ ਇਸ ਗੈਂਗਸਟਰ ਨੂੰ ਮਾਰ ਮੁਕਾਇਆ। ਵਿਰੋਧੀ ਧਿਰਾਂ ਦੇ ਨਾਲ-ਨਾਲ ਆਮ



ਲੋਕ ਵੀ ਸਵਾਲ ਕਰ ਰਹੇ ਹਨ ਕਿ ਦੂਬੇ ਨੂੰ ਸ਼ਹਿ ਦੇਣ ਵਾਲੇ ਸਿਆਸੀ ਆਗੂ ਤੇ ਅਫ਼ਸਰਸ਼ਾਹੀ ਨੇ ਆਪਣੇ ਆਮ ਨੂੰ ਬਚਾਉਣ ਲਈ ਇਸ ਬਦਮਾਸ਼ ਦੀ ਜੁਬਾਨ ਹਮੇਸ਼ਾ ਲਈ ਬੰਦ ਕਰ ਦਿੱਤੀ।

ਅਸਲ ਵਿਚ, ਦੂਬੇ ਵੱਲੋਂ 8 ਪੁਲਿਸ ਮੁਲਾਜ਼ਮਾਂ ਦੀ ਹੱਤਿਆ ਤੋਂ ਬਾਅਦ ਵਾਪਰੀ ਹਰ ਘਟਨਾ ਸ਼ੱਕ ਦੀ ਨਜ਼ਰ ਨਾਲ ਵੇਖੀ ਜਾ ਰਹੀ ਹੈ। 3 ਜੁਲਾਈ ਦੀ ਰਾਤ ਨੂੰ ਕਾਨਪੁਰ ਦੇ ਨੇੜੇ ਇਕ ਪਿੰਡ ਵਿਚ ਉਸ ਨੂੰ ਫੜਨ ਆਈ ਪੁਲਿਸ ਪਾਰਟੀ ਦੇ ਇਕ ਡੀ.ਐਸ.ਪੀ. ਸਮੇਤ 8 ਕਰਮੀਆਂ ਦਾ ਮਾਰਿਆ ਜਾਣਾ ਅਤੇ ਪਿੱਛੋਂ ਉਸ ਦੀ ਅਤੇ ਉਸ ਦੇ ਦਰਜਨਾਂ ਹੀ ਸਾਥੀਆਂ ਦੀ ਭਾਲ ਵਿਚ ਪੁਲਿਸ ਵੱਲੋਂ ਵੱਡੀ ਦੌੜ-ਭੱਜ, 9 ਜੁਲਾਈ ਨੂੰ ਮੱਧ ਪ੍ਰਦੇਸ਼ ਦੇ ਉਜੈਨ ਤੋਂ ਉਸ ਦਾ ਫੜਿਆ ਜਾਣਾ ਅਤੇ 10 ਜੁਲਾਈ ਨੂੰ ਉਸ ਦਾ ਪੁਲਿਸ ਹੱਥੋਂ ਮਾਰਿਆ ਜਾਣਾ, ਬੇਹੱਦ ਅਜੀਬੋ-ਗਰੀਬ ਵੀ ਹੈ। ਵਿਕਾਸ ਦੂਬੇ ਨੇ ਪਿਛਲੇ 30 ਸਾਲ ਤੋਂ ਆਪਣੇ ਇਲਾਕੇ 'ਚ ਪੂਰੀ ਦਹਿਸ਼ਤ ਮਚਾਈ ਹੋਈ ਸੀ। ਉਸ ਦੇ ਦਰਜਨਾਂ ਹੀ ਹਥਿਆਰਬੰਦ ਸਾਥੀ ਸਨ। ਦਰਜਨਾਂ ਹੀ ਪਿੰਡਾਂ ਦੀਆਂ ਸਥਾਨਕ ਚੋਣਾਂ ਉਸ ਦੇ ਸਹਿਮ ਦੇ ਸਾਏ ਥੱਲੇ ਹੁੰਦੀਆਂ ਸਨ। ਪੁਲਿਸ ਅਤੇ ਹੋਰ ਅਧਿਕਾਰੀ ਉਸ ਦਾ ਪਾਣੀ ਭਰਦੇ ਸਨ। ਪਿਛਲੇ ਸਮੇਂ ਵਿਚ ਉਸ ਨੇ ਦਰਜਨਾਂ ਹੀ ਕਤਲ ਕੀਤੇ, ਡਾਕੇ ਮਾਰੇ, ਬੰਦੇ ਅਗਵਾ ਕੀਤੇ ਅਤੇ ਧੱਕੇ ਨਾਲ ਜ਼ਮੀਨਾਂ ਉਤੇ ਕਬਜ਼ੇ ਕੀਤੇ। ਇਸ ਕਰਕੇ ਉਸ ਉਤੇ 60 ਤੋਂ ਵੀ ਵਧੇਰੇ ਫੌਜਦਾਰੀ ਕੇਸ ਬਣੇ ਹੋਏ ਸਨ ਪਰ ਇਸ ਦੇ ਬਾਵਜੂਦ ਉਹ ਹਰ ਥਾਂ 'ਤੇ ਦਨਦਨਾਉਂਦਾ ਰਿਹਾ। ਇਸ ਦਾ ਵੱਡਾ ਕਾਰਨ ਉਸ ਨੂੰ ਸਿਆਸੀ ਅਤੇ ਪੁਲਿਸ ਵੱਲੋਂ ਕਈ ਤਰ੍ਹਾਂ ਨਾਲ ਸੁਰੱਖਿਆ ਮਿਲਣਾ ਸੀ। 1990 ਵਿਚ ਉਸ 'ਤੇ ਕਤਲ ਦਾ ਪਹਿਲਾ ਕੇਸ ਦਰਜ ਹੋਇਆ। ਛੇਤੀ ਹੀ ਉਹ ਜ਼ਿਲ੍ਹਾ ਕਾਨਪੁਰ ਦੇ ਵੱਡੇ ਬਦਮਾਸ਼ਾਂ ਵਿਚ ਗਿਣਿਆ ਜਾਣ ਲੱਗਾ ਪਰ ਇਸ ਦੇ ਨਾਲ ਹੀ ਉਸ ਨੂੰ ਸਿਆਸੀ ਛਤਰੀ ਵੀ ਮਿਲਦੀ ਰਹੀ। ਇਲਾਕੇ ਦੇ ਵੱਡੇ ਬਸਪਾ ਤੇ ਭਾਜਪਾ ਦੇ ਸਿਆਸਤਦਾਨਾਂ ਨਾਲ ਉਸ ਦੇ ਖਾਸ ਸਬੰਧ ਸਨ।

ਸਾਲ 1995 ਵਿਚ ਉਹ ਬਸਪਾ ਵਿਚ ਸ਼ਾਮਲ ਹੋ ਗਿਆ। ਉਸ ਤੋਂ ਬਾਅਦ ਉਹ ਜ਼ਿਲ੍ਹੇ ਦੀਆਂ ਸਾਰੀਆਂ ਹੀ ਸਥਾਨਕ ਚੋਣਾਂ ਜਿੱਤਦਾ ਰਿਹਾ। ਸਾਲ 2001 ਵਿਚ ਭਾਜਪਾ ਆਗੂ ਸੰਤੋਸ਼ ਸ਼ੁਕਲਾ, ਜੋ ਕਿ ਰਾਜ ਮੰਤਰੀ ਦਾ ਦਰਜਾ ਰੱਖਦਾ ਸੀ, ਦਾ ਉਸ ਨੇ ਸ਼ਿਵਲੀ ਥਾਣੇ ਵਿਚ ਹੀ ਕਤਲ ਕਰ ਦਿੱਤਾ। ਇਸ ਵਾਰਦਾਤ ਵਿਚ ਦੋ ਪੁਲਿਸ ਮੁਲਾਜ਼ਮ ਵੀ ਮਾਰੇ ਗਏ ਸਨ। ਚਾਹੇ ਉਸ ਸਮੇਂ ਉਸ ਨੂੰ ਫੜ ਲਿਆ ਗਿਆ ਪਰ ਬਾਅਦ ਵਿਚ ਥਾਣੇ ਦੇ ਸਾਰੇ ਚਸ਼ਮਦੀਦ ਗਵਾਹ, ਜਿਸ ਵਿਚ ਕਈ ਪੁਲਿਸ ਕਰਮੀ ਵੀ ਸ਼ਾਮਲ ਸਨ, ਅਦਾਲਤ ਵਿਚ ਮੁੱਕਰ ਗਏ।

ਦਰਜਨਾਂ ਵਾਰ ਉਸ ਨੂੰ ਅਨੇਕਾਂ ਹੀ ਕਾਨੂੰਨਾਂ ਤਹਿਤ ਫੜਿਆ ਗਿਆ। ਉਸ 'ਤੇ ਦੋਸ਼ ਆਇਦ ਕੀਤੇ ਗਏ ਪਰ ਅਦਾਲਤਾਂ 'ਚੋਂ ਉਹ ਬਰੀ ਹੁੰਦਾ ਗਿਆ ਜਾਂ ਜ਼ਮਾਨਤ ਉਤੇ ਰਿਹਾਅ ਹੁੰਦਾ ਰਿਹਾ। 3 ਜੁਲਾਈ ਨੂੰ ਜਦੋਂ ਨੇੜਲੇ ਕੁਝ ਥਾਣਿਆਂ ਦੀ ਪੁਲਿਸ ਦੀ ਇਕ ਸਾਂਝੀ ਟੁਕੜੀ ਉਸ ਨੂੰ ਫੜਨ ਗਈ ਤਾਂ ਉਸ ਦੇ ਪਾਲੇ 50 ਤੋਂ ਵੀ ਵਧੇਰੇ ਗੁੰਡਿਆਂ ਨੇ ਇਸ ਪਾਰਟੀ ਨੂੰ ਗੋਲੀਆਂ ਨਾਲ ਵਿੰਨ੍ਹ-ਦਿੱਤਾ, ਜਿਸ 'ਚ 8 ਕਰਮੀ ਮਾਰੇ ਗਏ ਅਤੇ ਦਰਜਨ ਭਰ ਬੁਰੀ ਤਰ੍ਹਾਂ ਜਖਮੀ ਹੋ ਗਏ।

## ਸਿਆਸੀ ਆਗੂਆਂ ਨੇ ਮੁਕਾਬਲੇ ਉਤੇ ਸਵਾਲ ਚੁੱਕੇ

**ਕਾਨਪੁਰ:** ਵਿਕਾਸ ਦੂਬੇ ਦੇ ਕਥਿਤ ਪੁਲਿਸ ਮੁਕਾਬਲੇ 'ਚ ਮਾਰੇ ਜਾਣ ਤੋਂ ਬਾਅਦ ਕਾਂਗਰਸ ਦੀ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਾਡਰਾ ਨੇ ਸਵਾਲ ਕੀਤਾ ਕਿ ਅਪਰਾਧੀ ਦਾ ਅੰਤ ਹੋ ਗਿਆ ਪਰ ਅਪਰਾਧ ਤੇ ਉਸ ਨੂੰ ਸਰਪ੍ਰਸਤੀ ਦੇਣ ਵਾਲਿਆਂ ਦਾ ਕੀ ਹੋਵੇਗਾ। ਸਮਾਜਵਾਦੀ ਪਾਰਟੀ ਦੇ ਸੁਪਰੀਮੋ ਅਖਿਲੇਸ਼ ਯਾਦਵ ਨੇ ਕਿਹਾ ਕਿ ਇਹ ਕਾਰ ਪਲਟੀ ਨਹੀਂ ਹੈ ਬਲਕਿ ਰਾਜ਼ ਖੁੱਲ੍ਹਣ ਦੇ ਡਰੋਂ ਸਰਕਾਰ ਪਲਟਣ ਤੋਂ ਬਚਾਈ ਗਈ ਹੈ। ਬਹੁਜਨ ਸਮਾਜ ਪਾਰਟੀ ਦੀ ਮੁਖੀ ਮਾਇਆਵਤੀ ਨੇ ਕਿਹਾ ਕਿ ਇਸ ਸਾਰੇ ਮਾਮਲੇ ਦੀ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ। ਕਾਂਗਰਸ ਦੇ ਮੁੱਖ ਬੁਲਾਰੇ ਰਣਦੀਪ ਸਿੰਘ ਸੁਰਜੇਵਾਲਾ ਨੇ ਦਾਅਵਾ ਕੀਤਾ ਕਿ ਕਈ ਲੋਕਾਂ ਵੱਲੋਂ ਖਦਸ਼ੇ ਜ਼ਾਹਿਰ ਕੀਤੇ ਜਾ ਰਹੇ ਸੀ ਕਿ ਦੂਬੇ ਪੁਲਿਸ ਮੁਕਾਬਲੇ 'ਚ ਮਾਰਿਆ ਜਾਵੇਗਾ ਪਰ ਹੁਣ ਸਾਰੇ ਸਵਾਲ ਧਰੇ ਧਰਾਏ ਰਹਿ ਗਏ ਹਨ।

# ਫਿਰਕੂ ਨਫਰਤ ਭੜਕਾਉਣ ਦੇ ਕੇਸ 'ਚ ਸੁਧੀਰ ਸੂਰੀ ਗ੍ਰਿਫਤਾਰ

**ਚੰਡੀਗੜ੍ਹ:** ਪੰਜਾਬ ਪੁਲਿਸ ਨੇ ਔਰਤਾਂ ਖਿਲਾਫ ਇਤਰਾਜ਼ਯੋਗ ਸ਼ਬਦਾਵਲੀ ਵਾਲਾ ਵੀਡੀਓ ਵਾਇਰਲ ਕਰਨ ਅਤੇ ਫਿਰਕੂ ਨਫ਼ਰਤ ਭੜਕਾਉਣ ਦੇ ਮਾਮਲੇ 'ਚ ਸ਼ਿਵ ਸੈਨਾ (ਟਕਸਾਲੀ) ਦੇ ਆਗੂ ਸੁਧੀਰ ਸੂਰੀ ਨੂੰ ਮੱਧ ਪ੍ਰਦੇਸ਼ ਤੋਂ ਗ੍ਰਿਫਤਾਰ ਕੀਤਾ ਹੈ। ਮਹੱਤਵਪੂਰਨ ਤੱਥ ਇਹ ਵੀ ਹੈ ਕਿ ਇਸ ਵਿਅਕਤੀ ਨੂੰ ਪੰਜਾਬ ਪੁਲਿਸ ਦੀ ਸੁਰੱਖਿਆ ਛਤਰੀ ਵੀ ਦਿੱਤੀ ਗਈ ਸੀ।

ਸੂਬੇ ਦੇ ਡੀ.ਜੀ.ਪੀ. ਦਿਨਕਰ ਗੁਪਤਾ ਨੇ ਦੱਸਿਆ ਕਿ ਔਰਤਾਂ ਵਿਰੁੱਧ ਕਥਿਤ ਅਪਮਾਨਜਨਕ ਟਿੱਪਣੀਆਂ ਵਾਲਾ ਇਕ ਵੀਡੀਓ ਜਾਰੀ ਹੋਣ ਤੋਂ ਬਾਅਦ ਉਸ ਦੀ ਗ੍ਰਿਫਤਾਰੀ ਲਈ ਪੁਲਿਸ ਵੱਲੋਂ ਮੁਹਿੰਮ ਚਲਾਈ ਗਈ ਸੀ, ਜਿਸ ਤੋਂ ਬਾਅਦ ਇਕ ਫੇਸਬੁੱਕ ਵੀਡੀਓ ਰਾਹੀਂ ਸੂਰੀ ਨੇ ਬਾਅਦ ਵਿਚ ਦਾਅਵਾ ਕੀਤਾ ਸੀ ਕਿ ਇਹ ਇਤਰਾਜ਼ਯੋਗ ਵੀਡੀਓ ਕਲਿਪ ਉਸ ਦੇ ਨਾਂ ਦੀ



ਵਰਤੋਂ ਕਰ ਕੇ ਕਿਸੇ ਹੋਰ ਵਿਅਕਤੀ ਦੁਆਰਾ ਵਾਇਸਓਵਰ ਕੀਤਾ ਗਿਆ ਹੈ।

ਡੀ.ਜੀ.ਪੀ. ਨੇ ਦੱਸਿਆ ਕਿ 8 ਜੁਲਾਈ ਨੂੰ ਪਹਿਲੇ ਵੀਡੀਓ ਦੇ ਵਾਇਰਲ ਹੋਣ ਤੋਂ ਬਾਅਦ, ਭਾਰਤ ਅਤੇ ਵਿਦੇਸ਼ਾਂ ਵਿਚ ਇਸ ਦੀ ਭਾਰੀ ਆਲੋਚਨਾ ਹੋਣ ਮਗਰੋਂ ਜੰਡਿਆਲਾ ਪੁਲਿਸ ਥਾਣੇ (ਅੰਮ੍ਰਿਤਸਰ, ਦਿਹਾਤੀ) ਵਿਚ ਸੂਰੀ ਵਿਰੁੱਧ ਆਈ.ਪੀ.ਸੀ. ਦੀ ਧਾਰਾ 153-ਏ, 354 ਏ, 509 ਅਤੇ 67 ਆਈਟੀ ਐਕਟ ਤਹਿਤ ਕੇਸ ਦਰਜ ਕੀਤਾ ਗਿਆ ਸੀ। ਡੀ.ਜੀ.ਪੀ. ਨੇ ਕਿਹਾ ਕਿ ਸੂਰੀ ਵੱਲੋਂ ਇਤਰਾਜ਼ਯੋਗ ਵੀਡੀਓ ਕਲਿਪ ਵਿਚ ਸ਼ਾਮਲ ਹੋਣ ਤੋਂ ਇਨਕਾਰ ਕਰਨ ਦੇ ਬਾਵਜੂਦ ਉਨ੍ਹਾਂ ਨੇ ਅੰਮ੍ਰਿਤਸਰ (ਦਿਹਾਤੀ) ਪੁਲਿਸ ਰਾਹੀਂ ਸ਼ੱਕੀ ਵਿਅਕਤੀ ਖਿਲਾਫ ਵੱਡੇ ਪੱਧਰ 'ਤੇ ਕਾਰਵਾਈ ਦੇ ਆਦੇਸ਼ ਦਿੱਤੇ ਸਨ। ਮਗਰੋਂ ਕੀਤੀ ਜਾਂਚ ਤੋਂ ਸਾਹਮਣੇ ਆਇਆ ਕਿ ਗ੍ਰਿਫਤਾਰੀ ਦੇ ਡਰੋਂ ਸੂਰੀ ਇੰਦੌਰ ਭੱਜ ਗਿਆ ਸੀ।

# ਮੁਲਤਾਨੀ ਕੇਸ: ਸੁਮੇਧ ਸੈਣੀ ਨੂੰ ਝਟਕਾ, ਜ਼ਮਾਨਤ ਰੱਦ

**ਮੁਹਾਲੀ:** ਪੰਜਾਬ ਦੇ ਸਾਬਕਾ ਆਈ. ਏ. ਐਸ. ਅਫਸਰ ਦੇ ਪੁੱਤਰ ਤੇ ਸਿਟਕੋ ਦੇ ਜੂਨੀਅਰ ਇੰਜੀਨੀਅਰ (ਜੇਈ) ਬਲਵੰਤ ਸਿੰਘ ਮੁਲਤਾਨੀ ਨੂੰ 29 ਸਾਲ ਪਹਿਲਾਂ ਅਗਵਾ ਕਰਨ ਮਗਰੋਂ ਭੇਤ-ਭਰੀ ਹਾਲਤ ਵਿਚ ਲਾਪਤਾ ਕਰਨ ਦੇ ਗੰਭੀਰ ਦੋਸ਼ਾਂ ਦਾ ਸਾਹਮਣਾ ਕਰ ਰਹੇ ਪੰਜਾਬ ਦੇ ਸਾਬਕਾ ਡੀ. ਜੀ. ਪੀ. ਸੁਮੇਧ ਸੈਣੀ ਨੂੰ ਮੁਹਾਲੀ ਅਦਾਲਤ ਨੇ ਝਟਕਾ ਦਿੰਦਿਆਂ ਆਈ.ਪੀ.ਸੀ. ਦੀ ਧਾਰਾ 302 'ਚ ਪਹਿਲਾਂ ਮਿਲੀ ਜ਼ਮਾਨਤ ਰੱਦ ਕਰ ਦਿੱਤੀ ਹੈ।

ਦੱਸਣਯੋਗ ਹੈ ਕਿ ਸੈਣੀ ਖਿਲਾਫ ਹਾਲੇ ਤੱਕ ਧਾਰਾ 302 ਦੇ ਜੁਰਮ ਦਾ ਵਾਧਾ ਵੀ ਨਹੀਂ ਕੀਤਾ ਗਿਆ ਸੀ ਪਰ ਪਹਿਲੀ ਅਦਾਲਤ ਨੇ ਉਨ੍ਹਾਂ ਨੂੰ ਜ਼ਮਾਨਤ ਦੇ ਦਿੱਤੀ ਸੀ। ਇਸ ਤੋਂ ਬਾਅਦ ਪੰਜਾਬ ਸਰਕਾਰ ਅਤੇ ਪੀੜਤ ਪਰਿਵਾਰ ਨੇ ਜ਼ਿਲ੍ਹਾ ਤੇ ਸੈਸ਼ਨ ਜੱਜ ਆਰ.ਐਸ. ਰਾਏ ਦੀ ਅਦਾਲਤ ਵਿਚ ਪਟੀਸ਼ਨ ਦਾਇਰ ਕਰਕੇ ਸੈਣੀ ਖ਼ਿਲਾਫ਼ ਕੇਸ ਦੀ ਸੁਣਵਾਈ ਹੋਰ ਅਦਾਲਤ ਵਿਚ ਤਬਦੀਲ ਕਰਨ ਦੀ ਮੰਗ ਕੀਤੀ ਸੀ। ਸੈਸ਼ਨ ਜੱਜ ਨੇ ਪੀੜਤ ਪਰਿਵਾਰ ਅਤੇ ਸਰਕਾਰ ਦੀਆਂ ਦਲੀਲਾਂ ਨਾਲ ਸਹਿਮਤ ਹੁੰਦਿਆਂ ਇਹ ਕੇਸ ਮੁਹਾਲੀ ਦੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਰਜਨੀਸ਼ ਗਰਗ ਦੀ ਅਦਾਲਤ ਵਿਚ ਤਬਦੀਲ ਕਰ ਦਿੱਤਾ ਸੀ। ਸੈਣੀ ਖਿਲਾਫ ਨਵੀਂ ਅਦਾਲਤ ਵਿਚ ਸੁਣਵਾਈ ਹੋਈ। ਸਰਕਾਰੀ ਵਕੀਲਾਂ ਨੇ ਸਮੁੱਚੇ ਘਟਨਾਕ੍ਰਮ ਤੋਂ ਜਾਣੂ ਕਰਵਾਉਂਦਿਆਂ ਹੈਰਾਨੀ ਪ੍ਰਗਟਾਈ ਕਿ ਪੁਲੀਸ ਵੱਲੋਂ ਅਜੇ ਤਾਈਂ ਸੈਣੀ ਖਿਲਾਫ ਧਾਰਾ 302 ਦਾ ਵਾਧਾ ਵੀ ਨਹੀਂ ਕੀਤਾ ਗਿਆ ਪਰ ਅਦਾਲਤ ਨੇ ਉਨ੍ਹਾਂ ਨੂੰ ਜ਼ਮਾਨਤ ਦੇ ਦਿੱਤੀ।

# ਡੇਰਾ ਮੁਖੀ ਨੂੰ ਮੁਆਫੀ ਦੇਣ ਦਾ ਮਾਮਲਾ ਮੁੜ ਭਖਿਆ

**ਅੰਮ੍ਰਿਤਸਰ:** ਬੇਅਦਬੀ ਮਾਮਲੇ ਵਿਚ ਵਿਸ਼ੇਸ਼ ਜਾਂਚ ਟੀਮ ਵਲੋਂ ਡੇਰਾ ਸਿਰਸਾ ਮੁਖੀ ਨੂੰ ਨਾਮਜ਼ਦ ਕੀਤੇ ਜਾਣ ਮਗਰੋਂ ਹੁਣ ਸਤੰਬਰ 2015 ਵਿਚ ਡੇਰਾ ਸਿਰਸਾ ਮੁਖੀ ਨੂੰ ਬਿਨਾਂ ਮੰਗੇ ਦਿੱਤੀ ਮੁਆਫੀ ਦਾ ਮਾਮਲਾ ਭਖਣ ਲੱਗਿਆ ਹੈ। ਇਸ ਮਾਮਲੇ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਇਸ਼ਤਿਹਾਰਾਂ ਉਤੇ ਖਰਚ ਕੀਤੇ ਗਏ ਲਗਭਗ 90 ਲੱਖ ਰੁਪਏ ਕਾਰਨ ਸਿੱਖ ਸੰਸਥਾ ਸਵਾਲਾਂ ਦੇ ਘੇਰੇ ਵਿਚ ਆ ਗਈ ਹੈ।

ਸ਼੍ਰੋਮਣੀ ਕਮੇਟੀ ਦੇ ਸਾਬਕਾ ਮੈਂਬਰ ਅਤੇ ਅਕਾਲ ਪੁਰਖ ਕੀ ਫੌਜ ਜਥੇਬੰਦੀ ਦੇ ਆਗੂ ਜਸਵਿੰਦਰ ਸਿੰਘ ਐਡਵੋਕੇਟ ਨੇ ਇਥੇ ਬੇਅਦਬੀ ਮਾਮਲੇ ਬਾਰੇ ਸਵਾਲ ਖੜ੍ਹੇ ਕੀਤੇ। ਉਨ੍ਹਾਂ ਆਖਿਆ ਕਿ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਤੇ ਹੋਰਨਾਂ ਵਲੋਂ ਡੇਰਾ ਸਿਰਸਾ ਮੁਖੀ ਨੂੰ ਮੁਆਫੀ ਦਿੱਤੀ ਗਈ ਸੀ, ਜੋ ਕਿ ਸਮੁੱਚੇ ਘਟਨਾਕ੍ਰਮ ਦਾ ਇਕ ਹਿੱਸਾ ਹੈ। ਉਨ੍ਹਾਂ ਸਵਾਲ ਕੀਤਾ ਕਿ ਕੀ ਉਸ ਨੂੰ ਪੰਥਕ ਰਵਾਇਤਾਂ ਅਨੁਸਾਰ ਸਜ਼ਾ ਲੱਗੇਗੀ ਅਤੇ ਕਾਨੂੰਨੀ ਕਾਰਵਾਈ ਦੀ ਚਾਰਾਜੋਈ ਹੋਵੇਗੀ। ਉਨ੍ਹਾਂ ਆਖਿਆ ਕਿ ਇਸ ਸਾਰੇ ਘਟਨਾਕ੍ਰਮ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਭੂਮਿਕਾ ਸ਼ੱਕੀ ਰਹੀ ਹੈ ਕਿਉਂਕਿ ਸੂਬੇ ਦੀ ਸੱਤਾ ਵਿਚ ਹੋਣ ਦੇ ਨਾਲ-ਨਾਲ ਸ਼੍ਰੋਮਣੀ ਕਮੇਟੀ ਉਤੇ ਕਾਬਜ਼ ਹੁੰਦਿਆਂ ਅਕਾਲੀ ਦਲ ਨੇ ਡੇਰਾ ਸਿਰਸਾ ਮੁਖੀ ਨੂੰ ਮੁਆਫੀ ਦਿਵਾਉਣ ਵਿਚ ਭੂਮਿਕਾ ਨਿਭਾਈ ਸੀ, ਜਿਸ ਦਾ ਖੁਲਾਸਾ ਉਸ ਵੇਲੇ ਇਕ ਜਥੇਦਾਰ ਵਲੋਂ ਕੀਤਾ ਜਾ ਚੁੱਕਿਆ ਹੈ। ਉਨ੍ਹਾਂ ਇਸ ਮਾਮਲੇ ਵਿਚ ਅਕਾਲੀ ਆਗੂਆਂ ਕੋਲੋਂ ਪੁੱਛ-ਪੜਤਾਲ ਕੀਤੇ ਜਾਣ ਅਤੇ ਉਨ੍ਹਾਂ ਖਿਲਾਫ ਕਾਰਵਾਈ ਕੀਤੇ ਜਾਣ ਸਬੰਧੀ ਸਵਾਲ ਕੀਤੇ। ਇਸੇ ਤਰ੍ਹਾਂ ਸ਼੍ਰੋਮਣੀ ਕਮੇਟੀ ਨੇ ਡੇਰਾ ਸਿਰਸਾ ਮੁਖੀ ਨੂੰ ਦਿੱਤੀ ਮੁਆਫੀ ਦੇ ਸਮਰਥਨ ਵਿਚ 90 ਲੱਖ ਰੁਪਏ ਦੇ ਇਸ਼ਤਿਹਾਰ ਦਿੱਤੇ ਸਨ, ਜੋ ਕਿ ਅਜਾਈਂ ਗਏ ਹਨ। ਕੀ ਉਹ ਰਕਮ ਵਸੂਲੀ ਜਾਵੇਗੀ?



ਉਨ੍ਹਾਂ ਆਖਿਆ ਕਿ ਮੌੜ ਬੰਬ ਕਾਂਡ, ਬਹਿਬਲ ਕਲਾਂ ਗੋਲੀ ਕਾਂਡ ਤੇ ਹੋਰ ਮਾਮਲਿਆਂ ਵਿਚ ਵੀ ਪਹਿਲਾਂ ਜੋ ਤੱਥ ਦਿੱਤੇ ਗਏ ਸਨ, ਉਹ ਹੁਣ ਗਲਤ ਸਾਬਤ ਹੋਏ ਹਨ, ਜਿਸ ਬਾਰੇ ਪੜਤਾਲ ਹੋਣੀ ਚਾਹੀਦੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਹੁਣ ਸੀ.ਬੀ.ਆਈ. ਜਾਂਚ ਵਿਚ ਅੜਿੱਕਾ ਪਾ ਰਹੀ ਹੈ। ਉਨ੍ਹਾਂ ਸਵਾਲ ਕੀਤਾ ਕਿ ਕੀ ਅਕਾਲ ਤਖਤ ਦੇ ਜਥੇਦਾਰ ਅਤੇ ਸ਼੍ਰੋਮਣੀ ਕਮੇਟੀ ਇਸ ਅੜਿੱਕੇ ਦਾ ਵਿਰੋਧ ਕਰਨਗੇ। ਇਸ ਤੋਂ ਪਹਿਲਾਂ ਏ.ਆਈ.ਸੀ.ਸੀ. ਦੇ ਕਿਸਾਨ ਵਿੰਗ ਦੇ ਆਗੂ ਬਲੀਏਵਾਲ ਵਲੋਂ ਵੀ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਮੰਗ ਪੱਤਰ ਦੇ ਕੇ ਡੇਰਾ ਸਿਰਸਾ ਮੁਖੀ ਨੂੰ ਮੁਆਫੀ ਦੇਣ ਦਾ ਮਾਮਲਾ ਉਭਾਰਿਆ ਗਿਆ ਹੈ। ਉਨ੍ਹਾਂ ਇਸ ਮਾਮਲੇ ਵਿਚ ਸਾਬਕਾ ਜਥੇਦਾਰ ਨੂੰ ਤਲਬ ਕਰਕੇ ਸਪੱਸ਼ਟੀਕਰਨ ਲੈਣ ਅਤੇ ਸ਼੍ਰੋਮਣੀ ਕਮੇਟੀ ਕੋਲੋਂ ਪੁੱਛ-ਪੜਤਾਲ ਕਰਨ ਦੀ ਅਪੀਲ ਕੀਤੀ ਹੈ ਕਿ ਉਸ ਨੇ ਕਿਸ ਮਜਬੂਰੀ ਤਹਿਤ ਉਸ ਵੇਲੇ 90 ਲੱਖ ਰੁਪਏ ਦੀ ਰਕਮ ਖਰਚ ਕੀਤੀ ਸੀ।

## ਸਾਬਕਾ ਜਥੇਦਾਰ ਨੂੰ ਅਕਾਲ ਤਖਤ 'ਤੇ ਤਲਬ ਕਰਨ ਦੀ ਮੰਗ

**ਅੰਮ੍ਰਿਤਸਰ:** ਆਲ ਇੰਡੀਆ ਕਾਂਗਰਸ ਕਮੇਟੀ (ਏ.ਆਈ.ਸੀ.ਸੀ.) ਦੇ ਕਿਸਾਨ ਕਾਂਗਰਸ ਦੇ ਕੋਆਰਡੀਨੇਟਰ ਪ੍ਰਿਤਪਾਲ ਸਿੰਘ ਬਲੀਏਵਾਲ ਨੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਪੱਤਰ ਭੇਜ ਕੇ ਮੰਗ ਕੀਤੀ ਹੈ ਕਿ ਡੇਰਾ ਮੁਖੀ ਨੂੰ ਮੁਆਫੀ ਦੇਣ ਦੇ ਮਾਮਲੇ ਵਿਚ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਕੋਲੋਂ ਸਪੱਸ਼ਟੀਕਰਨ ਲਿਆ ਜਾਵੇ ਤੇ ਸ਼੍ਰੋਮਣੀ ਕਮੇਟੀ ਕੋਲੋਂ ਮੁਆਫੀਨਾਮੇ ਦਾ ਸਮਰਥਨ ਕਰਨ ਲਈ ਖਰਚ ਕੀਤੇ 95 ਲੱਖ ਰੁਪਏ ਬਾਰੇ ਪੁੱਛ-ਪੜਤਾਲ ਕੀਤੀ ਜਾਵੇ। ਉਨ੍ਹਾਂ ਨੇ ਮੌਜੂਦਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਅਪੀਲ ਕੀਤੀ ਹੈ ਕਿ ਇਸ ਮਾਮਲੇ ਵਿਚ ਸਪੱਸ਼ਟੀਕਰਨ ਲੈਣ ਵਾਸਤੇ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਤਲਬ ਕੀਤਾ ਜਾਵੇ।

# ਸ਼ਰਾਬ ਕਾਰੋਬਾਰੀ ਸ਼ਿਵ ਲਾਲ ਡੋਡਾ ਸਣੇ 10 ਖਿਲਾਫ ਇਕ ਹੋਰ ਮੁਕੱਦਮਾ

**ਅਬੋਹਰ:** ਭੀਮ ਟਾਂਕ ਕਤਲ ਕਾਂਡ ਵਿਚ ਸਜ਼ਾ ਭੋਗ ਰਹੇ ਸ਼ਰਾਬ ਕਾਰੋਬਾਰੀ ਸ਼ਿਵ ਲਾਲ ਡੋਡਾ ਖਿਲਾਫ ਤਿੰਨ ਮੁਕੱਦਮੇ ਦਰਜ ਹੋ ਚੁੱਕੇ ਹਨ। ਜਾਣਕਾਰੀ ਅਨੁਸਾਰ ਨੇਚਰ ਹਾਈਟਸ ਦੇ ਮਾਲਕ ਨੀਰਜ ਅਰੋੜਾ ਦੇ ਮਾਮਲੇ ਵਿਚ ਕੀਤੀ ਗਈ ਪੜਤਾਲ ਤੋਂ ਬਾਅਦ ਹੁਣ ਫਿਰ ਸ਼ਿਵ ਲਾਲ ਡੋਡਾ ਸਮੇਤ 11 ਜਣਿਆ ਖਿਲਾਫ ਵੱਖ-ਵੱਖ ਧਰਾਵਾਂ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ।

ਨੇਚਰ ਹਾਈਟਸ ਦੇ ਕਾਨੂੰਨੀ ਸਲਾਹਕਾਰ ਸੁਨੀਲ ਡੋਡਾ ਨੇ ਦੱਸਿਆ ਕਿ ਸਾਬਕਾ ਆਈ.ਬੀ ਅਧਿਕਾਰੀ ਸਤਪਾਲ ਠਠਈ ਦੀ ਪਤਨੀ ਤੇ ਨੀਰਜ ਅਰੋੜਾ ਦੀ ਮਾਤਾ ਆਸ਼ਾ ਰਾਣੀ ਨੇ ਡੀ.ਆਈ.ਜੀ ਨੂੰ ਇਕ ਸ਼ਿਕਾਇਤ ਦਿੱਤੀ ਸੀ, ਜਿਸ ਵਿਚ ਉਨ੍ਹਾਂ ਦੱਸਿਆ ਸੀ ਕਿ ਗੜ੍ਹਸ਼ੰਕਰ ਨਿਵਾਸੀ ਜਗਤਾਰ ਸਿੰਘ ਤੇ ਉਸ ਦੇ ਭਰਾ ਜੋਗਿੰਦਰ ਸਿੰਘ ਨੇ ਤਕਰੀਬਨ 10 ਏਕੜ ਜ਼ਮੀਨ ਦਾ ਸੌਦਾ ਇਕ ਕਰੋੜ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਕੀਤਾ ਸੀ, ਜਿਸ ਸਬੰਧੀ ਸਵਾ ਕਰੋੜ ਰੁਪਏ ਦੀ ਬਿਆਨਾ ਰਾਸ਼ੀ ਵੀ ਅਕਤੂਬਰ 2012 ਵਿਚ ਨੀਰਜ ਅਰੋੜਾ ਨੇ ਉਕਤ ਦੋਨਾਂ ਭਰਾਵਾਂ ਨੂੰ ਦੇ ਦਿੱਤੀ ਸੀ। ਇਸ ਸਬੰਧੀ ਬਿਨਾਂ ਬਿਆਨਾ ਰਕਮ ਮੋੜਿਆਂ ਉਕਤ ਦੋਨਾਂ ਭਰਾਵਾਂ ਨੇ 21 ਅਗਸਤ 2015 ਨੂੰ ਸ਼ਿਵ ਲਾਲ ਡੋਡਾ ਦੀ ਕੰਪਨੀ ਰਾਇਲ ਇੰਡੀਆ ਲਿਮਟਿਡ ਨੂੰ ਤਿੰਨ ਕਰੋੜ 88 ਲੱਖ ਰੁਪਏ ਦੇ ਬਦਲੇ ਚਾਰ ਏਕੜ ਚਾਰ ਕਨਾਲ ਜ਼ਮੀਨ ਦੀ ਰਜਿਸਟਰੀ ਕਰਵਾ ਦਿੱਤੀ ਸੀ। ਇਹ ਰਜਿਸਟਰੀ ਕਰਵਾਉਣ ਲਈ ਸ਼ਿਵ ਲਾਲ ਡੋਡਾ ਤੇ ਉਸ ਦੇ ਸਾਥੀਆਂ ਵੱਲੋਂ ਨੀਰਜ ਅਰੋੜਾ ਨੂੰ ਕਥਿਤ ਤੌਰ 'ਤੇ ਅਗਵਾ ਕਰਕੇ ਲਿਜਾਇਆ ਗਿਆ ਸੀ। ਐਡਵੋਕੇਟ ਸੁਨੀਲ ਡੋਡਾ ਅਨੁਸਾਰ ਇਸ ਮਾਮਲੇ ਦੀ ਜਾਂਚ ਕੀਤੀ ਗਈ।

# ਵੈਨਕੂਵਰ ਨੇੜੇ ਪੰਜਾਬੀ ਦਾ ਕਤਲ

**ਵੈਨਕੂਵਰ:** ਨੇੜਲੇ ਐਬਟਸਫੋਰਡ ਸ਼ਹਿਰ ਦੇ ਬਾਹਰਵਾਰ ਅਣਪਛਾਤਿਆਂ ਨੇ ਇਕ ਘਰ ਅੰਦਰ ਦਾਖਲ ਹੋ ਕੇ ਗੋਲੀਆਂ ਚਲਾਈਆਂ ਤੇ ਇਕ 40 ਸਾਲਾ ਪੰਜਾਬੀ ਵਿਅਕਤੀ ਦਾ ਕਤਲ ਕਰਕੇ ਫਰਾਰ ਹੋ ਗਏ। ਮ੍ਰਿਤਕ ਦੀ ਪਛਾਣ ਕਰਮਜੀਤ ਸਿੰਘ ਸਰਾ ਵਜੋਂ ਹੋਈ ਹੈ। ਕਤਲ ਦੇ ਕਾਰਨਾਂ ਦਾ ਅਜੇ ਪਤਾ ਨਹੀਂ ਲੱਗਾ, ਪਰ ਪੁਲਿਸ ਦਾ ਕਹਿਣਾ ਹੈ ਕਿ ਮੁਢਲੀ ਜਾਂਚ ਅਨੁਸਾਰ ਕਤਲ ਮਿਥ ਕੇ ਕੀਤਾ ਗਿਆ ਲੱਗਦਾ ਹੈ। ਐਬਟਸਫੋਰਡ ਪੁਲਿਸ ਦੇ ਬੁਲਾਰੇ ਰੌਬ ਡਿਕ ਅਨੁਸਾਰ ਪੁਲਿਸ ਨੂੰ ਸੂਚਨਾ ਮਿਲੀ ਕਿ ਲੁਸਰਨ ਕਰੈਸੈਂਟ ਦੇ 2700 ਨੰਬਰ ਬਲਾਕ ਕੋਲ ਇਕੱਲੇ ਜਿਹੇ ਘਰ 'ਚ ਗੋਲੀਬਾਰੀ ਅਤੇ ਚੀਕਾਂ ਦੀ ਆਵਾਜ਼ ਸੁਣੀ ਗਈ ਹੈ। ਮੌਕੇ ਉਤੇ ਪਹੁੰਚ ਕੇ ਵੇਖਿਆ ਕਿ 40 ਵਰ੍ਹਿਆਂ ਦਾ ਵਿਅਕਤੀ ਗੋਲੀਆਂ ਵੱਜਣ ਕਾਰਨ ਜਖਮੀ ਹਾਲਤ 'ਚ ਤੜਪ ਰਿਹਾ ਸੀ। ਮੌਕੇ ਉਤੇ ਡਾਕਟਰੀ ਮਦਦ ਦੇ ਕੇ ਹਸਪਤਾਲ ਲਿਜਾਂਦੇ ਸਮੇਂ ਜਖ਼ਮਾਂ ਦੀ ਤਾਬ ਨਾ ਝੱਲਦਿਆਂ ਉਹ ਦਮ ਤੋੜ ਗਿਆ। ਪੁਲਿਸ ਬੁਲਾਰੇ ਅਨੁਸਾਰ ਕਈ ਮਹੀਨਿਆਂ ਦੀ ਸ਼ਾਂਤੀ ਮਗਰੋਂ ਹੋਏ ਇਸ ਕਤਲ ਨੇ ਪੁਲਿਸ ਨੂੰ ਚੌਕਸੀ ਵਧਾਉਣ ਦਾ ਸੰਕੇਤ ਦਿੱਤਾ ਹੈ।

## ਅਕਾਲੀਆਂ ਵਲੋਂ ਰੰਧਾਵਾ ਨੂੰ ਚੁਫੇਰਿਉਂ ਘੇਰਾ



**ਚੰਡੀਗੜ੍ਹ:** ਅਕਾਲੀ ਦਲ ਨੇ ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਖਿਲਾਫ ਨਵਾਂ ਮੋਰਚਾ ਖੋਲ੍ਹ ਦਿੱਤਾ ਹੈ। ਸੀਨੀਅਰ ਆਗੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਪ੍ਰੋਫੈਸ਼ਨਲ ਸਲਾਹਕਾਰ ਦੀ ਨਿਯੁਕਤੀ ਨੂੰ ਗੈਰਕਾਨੂੰਨੀ ਦੱਸਦਿਆਂ ਮੰਤਰੀ ਖਿਲਾਫ ਫੌਜਦਾਰੀ ਕੇਸ ਦਰਜ ਕਰਨ ਤੇ ਮਾਮਲੇ ਦੀ ਪੜਤਾਲ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਸਿਧਾਰਥ ਸ਼ੰਕਰ ਸ਼ਰਮਾ ਦੀ ਨਿਯੁਕਤੀ ਸਹਿਕਾਰਤਾ ਮੰਤਰੀ ਨੇ ਗੈਰਕਾਨੂੰਨੀ ਤੌਰ ਉਤੇ ਕੀਤੀ ਅਤੇ ਇਸ ਵਾਸਤੇ ਮੰਤਰੀ ਮੰਡਲ ਤੋਂ ਲੋੜੀਂਦੀ ਪ੍ਰਵਾਨਗੀ ਨਹੀਂ ਗਈ ਤੇ 2.60 ਲੱਖ ਰੁਪਏ ਮਹੀਨਾ ਤਨਖਾਹ ਦਿੱਤੀ ਗਈ, ਜੋ ਸੂਬੇ ਦੇ ਇਤਿਹਾਸ ਵਿਚ ਕਦੇ ਸੁਣੀ ਨਹੀਂ ਗਈ।

ਉਨ੍ਹਾਂ ਕਿਹਾ ਕਿ ਇਹ ਤਨਖਾਹ ਮੁੱਖ ਮੰਤਰੀ ਤੇ ਮੁੱਖ ਸਕੱਤਰ ਦੀ ਤਨਖਾਹ ਤੋਂ ਵੀ ਵੱਧ ਹੈ। ਅਜਿਹਾ ਪਹਿਲੀ ਵਾਰ ਹੋਇਆ ਹੈ ਜਦੋਂ ਕਿਸੇ ਘੱਟ ਪੜ੍ਹੇ-ਲਿਖੇ ਬੰਦੇ ਨੂੰ ਮੁੱਖ ਸਕੱਤਰ, ਜਿਸ ਨੂੰ 25 ਸਾਲ ਦਾ ਤਜਰਬਾ ਹੈ, ਤੋਂ ਵੀ ਵੱਧ ਤਨਖਾਹ ਦਿੱਤੀ ਜਾ ਰਹੀ ਹੈ। ਸਹਿਕਾਰਤਾ ਮੰਤਰੀ ਨੇ ਵੱਖ-ਵੱਖ ਸਹਿਕਾਰੀ ਵਿਭਾਗਾਂ ਨੂੰ ਇਸ ਸਬੰਧੀ ਬੋਰਡ ਆਫ ਡਾਇਰੈਕਟਰਜ਼ ਰਾਹੀਂ ਮਤੇ ਪਾਸ ਕਰ ਕੇ ਤਨਖਾਹ ਵਿਚ ਬਰਾਬਰ ਦੀ ਹਿੱਸੇਦਾਰੀ ਪਾਉਣ ਦੀ ਹਦਾਇਤ ਕੀਤੀ ਗਈ ਹੈ। ਉਨ੍ਹਾਂ ਦੋਸ਼ ਲਾਇਆ ਕਿ 8 ਵਿਭਾਗ ਇਕ ਵਿਅਕਤੀ ਨੂੰ ਤਨਖਾਹ ਨਹੀਂ ਦੇ ਸਕਦੇ। ਅਕਾਲੀ ਆਗੂ ਨੇ ਕਿਹਾ ਕਿ ਸਿਧਾਰਥ ਸ਼ੰਕਰ ਨੇ ਸਹਿਕਾਰਤਾ ਵਿਭਾਗ ਵਿਚ ਸਲਾਹਕਾਰ ਵਜੋਂ ਨਿਯੁਕਤੀ ਤੋਂ ਪਹਿਲਾਂ ਵੱਖ-ਵੱਖ ਬੀਮਾ ਕੰਪਨੀਆਂ ਵਿਚ ਕੰਮ ਕੀਤਾ ਹੈ ਤੇ ਉਸ ਕੋਲ ਸਹਿਕਾਰਤਾ ਵਿਭਾਗ ਵਿਚ ਕੰਮ ਕਰਨ ਦਾ ਕੋਈ ਤਜਰਬਾ ਨਹੀਂ ਹੈ।

# ਗਾਖਲ ਭਰਾਵਾਂ ਵਲੋਂ ਰੋਜ਼ਵੈਲ ਪੁਲਿਸ ਨੂੰ ਦਸ ਹਜ਼ਾਰ ਡਾਲਰ ਦਾ ਚੈਕ ਭੇਟ





**ਰੋਜ਼ਵੈਲ, ਨਿਊ ਮੈਕਸੀਕੋ (ਬਿਊਰੋ):** ਉਘੇ ਕਾਰੋਬਾਰੀ ਗਾਖਲ ਭਰਾਵਾਂ-ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਤੇ ਇਕਬਾਲ ਸਿੰਘ ਗਾਖਲ ਅਤੇ ਗੁਰਵਿੰਦਰ ਸਿੰਘ ਗਾਖਲ ਨੇ ਰੋਜ਼ਵੈਲ ਪੁਲਿਸ ਡਿਪਾਰਟਮੈਂਟ ਨੂੰ ਦਸ ਹਜ਼ਾਰ ਡਾਲਰ ਦਾ ਚੈਕ ਭੇਟ ਕੀਤਾ ਹੈ।

ਕਰੋਨਾ ਮਹਾਮਾਰੀ ਦੌਰਾਨ ਆਪਣੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਪੁਲਿਸ ਡਿਪਾਰਟਮੈਂਟ ਵਲੋਂ ਨਿਭਾਈ ਜਾ ਰਹੀ ਸੇਵਾ ਨੂੰ ਧਿਆਨ ਵਿਚ ਰੱਖਦਿਆਂ ਗਾਖਲ ਭਰਾਵਾਂ ਨੇ ਇਹ ਮਾਲੀ ਮਦਦ ਪੁਲਿਸ ਮੁਲਾਜ਼ਮਾਂ ਦੀ ਹੌਸਲਾ ਅਫਜ਼ਾਈ ਕਰਦਿਆਂ ਦਿੱਤੀ।

ਚੈਕ ਦੇ ਨਾਲ ਪੁਲਿਸ ਡਿਪਾਰਟਮੈਂਟ ਨੂੰ ਲਿਖੇ ਇਕ ਪੱਤਰ ਵਿਚ ਰੋਜ਼ਵੈਲ ਹੋਟਲ ਐਲ. ਐਲ. ਸੀ. ਦੇ ਚੇਅਰਮੈਨ ਅਮੋਲਕ ਸਿੰਘ ਗਾਖਲ ਨੇ ਪੁਲਿਸ ਡਿਪਾਰਟਮੈਂਟ ਦੀ ਤਾਰੀਫ ਕਰਦਿਆਂ ਮਾਣ ਵਜੋਂ ਇਹ ਨਿਮਾਣੀ ਰਕਮ ਭੇਟ ਕਰਨ ਦੀ ਖੁਸ਼ੀ ਜਾਹਰ ਕੀਤੀ ਹੈ ਅਤੇ ਕੋਵਿਡ-19 ਦੌਰਾਨ ਡਿਊਟੀ ਨਿਭਾਏ ਜਾਣ ਸਮੇਂ ਉਨ੍ਹਾਂ ਦੀ ਤੰਦਰੁਸਤੀ ਦੀ ਕਾਮਨਾ ਵੀ ਕੀਤੀ ਹੈ। ਜ਼ਿਕਰਯੋਗ ਹੈ ਕਿ ਰੋਜ਼ਵੈਲ ਸਿਟੀ ਵਿਚ ਗਾਖਲ ਭਰਾਵਾਂ ਦੇ ਤਿੰਨ ਹੋਟਲ-ਹਾਲੀਡੇ ਇਨ, ਐਚ ਹਿਲਟਨ ਤੇ ਹੋਟਲ ਬੇਅਮੌਂਟ ਹਨ।

# ਬਾਦਲ ਦਲ ਵੀ ਮੋਦੀ ਸਰਕਾਰ ਦੇ ਬਿਜਲੀ ਸੋਧ ਬਿੱਲ ਖਿਲਾਫ ਡਟਿਆ

**ਚੰਡੀਗੜ੍ਹ:** ਕੇਂਦਰੀ ਸਰਕਾਰ ਦੀਆਂ ਨੀਤੀਆਂ ਨੇ ਪੰਜਾਬ ਵਿਚ ਅਕਾਲੀ ਦਲ ਬਾਦਲ ਲਈ ਵੱਡੀ ਚੁਣੌਤੀ ਖੜ੍ਹੀ ਕਰ ਦਿੱਤੀ ਹੈ। ਬਾਦਲ ਪਰਿਵਾਰ ਨੂੰ ਵੀ ਇਸ ਵੇਲੇ ਸਮਝ ਨਹੀਂ ਆ ਰਿਹਾ ਕਿ ਉਹ ਕਿਹੜੇ ਪਾਸੇ ਖੜ੍ਹਨ। ਸੂਬੇ ਵਿਚ ਵੱਡੀ ਨੁਕਤਾਚੀਨੀ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਕਿ ਉਹ ਬਿਜਲੀ ਮੰਤਰੀ ਨੂੰ ਹਦਾਇਤ ਕਰਨ ਕਿ ਤਜਵੀਜ਼ਸ਼ੁਦਾ ਬਿਜਲੀ (ਸੋਧ) ਬਿੱਲ, 2020 ਉਤੇ ਅੱਗੇ ਕੰਮ ਨਾ ਕਰਨ ਤੇ ਇਹ ਬਿੱਲ ਵਾਪਸ ਲਿਆ ਜਾਵੇ ਤਾਂ ਕਿ ਰਾਜਾਂ ਦੇ ਸੰਘੀ ਅਧਿਕਾਰਾਂ ਨਾਲ ਕੋਈ ਵੀ ਸਮਝੌਤਾ ਨਾ ਹੋਣਾ ਯਕੀਨੀ ਬਣਾਇਆ ਜਾ ਸਕੇ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਪ੍ਰਧਾਨ ਮੰਤਰੀ ਨੂੰ ਪੱਤਰ ਲਿਖ ਕੇ ਨੇ ਕਿਹਾ ਕਿ ਤਜਵੀਜ਼ਸ਼ੁਦਾ ਬਿਜਲੀ (ਸੋਧ) ਬਿੱਲ, 2020 ਲੋਕਾਂ ਦੀ ਚਿੰਤਾ ਦਾ ਵਿਸ਼ਾ ਬਣ ਗਿਆ ਹੈ ਕਿਉਂਕਿ ਇਹ ਰਾਜਾਂ ਦੇ ਅਧਿਕਾਰਾਂ ਨਾਲ ਧੱਕਾ ਕਰਦਾ ਹੈ ਤੇ ਸੰਵਿਧਾਨ ਵਿਚ ਦਰਜ ਸੰਘਵਾਦ ਦੇ ਮੂਲ ਸਿਧਾਂਤ ਦੇ ਬਿਲਕੁਲ ਉਲਟ ਹੈ।

ਸ੍ਰੀ ਬਾਦਲ ਨੇ ਕਿਹਾ ਕਿ ਤਜਵੀਜ਼ਸ਼ੁਦਾ ਬਿੱਲ ਰਾਜਾਂ ਨੂੰ ਸਬਸਿਡੀਆਂ ਜਾਂ ਕਰਾਸ ਸਬਸਿਡੀਆਂ ਦੇਣ ਦੀ ਮਨਾਹੀ ਕਰਦਾ ਹੈ ਜੋ ਕਿ ਸਮਾਜ ਦੇ ਕਮਜ਼ੋਰ ਵਰਗਾਂ ਦੀ ਮਦਦ ਕਰਨ ਦੇ ਰਾਜ ਸਰਕਾਰਾਂ ਦੇ ਸੰਵਿਧਾਨਕ ਅਧਿਕਾਰ ਉਤੇ ਸਿੱਧਾ ਹਮਲਾ ਹੈ।

ਬਿੱਲ ਪਾਸ ਹੋਣ ਨਾਲ ਚੱਲ ਰਹੀਆਂ ਕਈ ਭਲਾਈ ਸਕੀਮਾਂ, ਜੋ ਸਮਾਜ ਦੇ ਵੱਖ-ਵੱਖ ਵਰਗਾਂ ਨੂੰ ਸਬਸਿਡੀ ਉਤੇ ਬਿਜਲੀ ਜਾਂ ਮੁਫਤ ਬਿਜਲੀ ਪ੍ਰਦਾਨ ਕਰਦੀਆਂ ਹਨ, ਉਤੇ ਉਲਟ ਅਸਰ ਪਵੇਗਾ। ਇਸ ਤੋਂ ਇਲਾਵਾ ਕਈ ਪ੍ਰਸ਼ਾਸਕੀ ਮਸਲੇ ਖੜ੍ਹੇ ਹੋ ਜਾਣਗੇ ਕਿਉਂਕਿ ਬਿੱਲ 'ਚ ਸਮਾਜਿਕ ਬੇਚੈਨੀ ਪੈਦਾ ਕਰਨ ਦੀ ਪ੍ਰਵਿਰਤੀ ਹੈ।

ਸ੍ਰੀ ਬਾਦਲ ਮੁਤਾਬਕ ਮੌਜੂਦਾ ਬਿੱਲ 'ਚ ਇਹ ਮੱਦਾਂ ਸ਼ਾਮਲ ਹਨ ਕਿ ਰਾਜਾਂ ਨੂੰ ਬਿਜਲੀ ਦੀ ਖਰੀਦ ਲਈ ਅਦਾਇਗੀ ਪੇਸ਼ਗੀ ਦੇਣੀ ਪਵੇਗੀ, ਜਿਸ ਨਾਲ ਵਿੱਤੀ ਘਾਟੇ ਵਾਲੇ ਰਾਜਾਂ ਲਈ ਮੁਸ਼ਕਲਾਂ ਖੜ੍ਹੀਆਂ ਹੋ ਜਾਣਗੀਆਂ ਅਤੇ ਇਸ ਦਾ ਭਾਰ ਸਿੱਧਾ ਖਪਤਕਾਰਾਂ ਉਤੇ ਪਵੇਗਾ। ਇਹ ਬਿੱਲ ਰਾਜ ਸਰਕਾਰਾਂ ਤੋਂ ਸੂਬੇ ਦੇ ਬਿਜਲੀ ਰੈਗੂਲੇਟਰੀ ਕਮਿਸ਼ਨਰਾਂ ਦੇ ਚੇਅਰਮੈਨ ਤੇ ਮੈਂਬਰਾਂ ਦੀ ਨਿਯੁਕਤੀ ਦੇ ਅਧਿਕਾਰ ਵੀ ਖੋਹ ਲਵੇਗਾ। ਬਿਜਲੀ ਉਤਪਾਦਕ ਕੰਪਨੀਆਂ ਨੂੰ ਆਪਣੀਆਂ ਹੀ ਡਿਸਟ੍ਰੀਬਿਊਸ਼ਨ ਤੇ ਟਰਾਂਸਮਿਸ਼ਨ ਫਰੈਂਚਾਈਜ਼ ਨਿਯੁਕਤ ਕਰਨ ਦੀ ਖੁੱਲ੍ਹ ਦਿੱਤੀ ਗਈ ਹੈ, ਜਿਸ ਲਈ ਉਨ੍ਹਾਂ ਨੂੰ ਸੂਬੇ ਦੀ ਰੈਗੂਲੇਟਰੀ ਅਥਾਰਟੀ ਤੋਂ ਪ੍ਰਵਾਨਗੀ ਲੈਣ ਦੀ ਲੋੜ ਨਹੀਂ ਰਹੇਗੀ।

## ਬਾਦਲਾਂ 'ਤੇ ਦੋਗਲੀ ਨੀਤੀ ਅਪਨਾਉਣ ਦੇ ਦੋਸ਼

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਵਿਧਾਇਕ ਅਮਨ ਅਰੋੜਾ ਨੇ ਕੇਂਦਰ ਸਰਕਾਰ ਵਲੋਂ ਤਜਵੀਜ਼ਸ਼ੁਦਾ ਬਿਜਲੀ (ਸੋਧ) ਬਿੱਲ-2020 ਸਬੰਧੀ ਬਾਦਲ ਪਰਿਵਾਰ ਨੂੰ ਘੇਰਦਿਆਂ ਆਖਿਆ ਕਿ ਬਾਦਲ ਦੋਗਲੀ ਨੀਤੀ ਅਪਣਾ ਕੇ ਲੋਕਾਂ ਨੂੰ ਗੁਮਰਾਹ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਬਿਜਲੀ ਬਿੱਲ-2020 ਸਾਰੇ ਖਪਤਕਾਰਾਂ ਖਾਸ ਕਰਕੇ ਕਿਸਾਨਾਂ ਅਤੇ ਗਰੀਬ ਦਲਿਤਾਂ ਲਈ ਬੇਹੱਦ ਮਾਰੂ ਅਤੇ ਸੰਘੀ ਢਾਂਚੇ ਤਹਿਤ ਮਿਲੇ ਸੂਬੇ ਦੇ ਅਧਿਕਾਰਾਂ 'ਤੇ ਡਾਕਾ ਸਾਬਤ ਹੋਵੇਗਾ। ਜੇਕਰ ਬਾਦਲ ਪਰਿਵਾਰ ਸੱਚਮੁੱਚ ਪੰਜਾਬ ਦੇ ਲੋਕਾਂ ਦਾ ਮੁੱਦਈ ਹੁੰਦਾ ਤਾਂ ਹਰਸਿਮਰਤ ਕੌਰ ਬਾਦਲ ਕੇਂਦਰੀ ਕੈਬਨਿਟ ਵਿਚ ਇਸ ਪ੍ਰਸਤਾਵ ਨੂੰ ਪਾਸ ਨਾ ਹੋਣ ਦਿੰਦੇ ਅਤੇ ਨਾ ਹੀ ਸੁਖਬੀਰ ਸਿੰਘ ਬਾਦਲ ਨੂੰ ਮੋਦੀ ਨੂੰ ਚਿੱਠੀਆਂ ਲਿਖਣ ਦੇ ਡਰਾਮੇ ਕਰਨ ਦੀ ਲੋੜ ਪੈਂਦੀ।


Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

*One of the Fastest Growing City in America and Best School System...*



- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ




ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

**Manjit Singh Nagra**
*Realtor/Broker*
**Cell: 317-750-1900**
6979 Hillsdale Court
Indianapolis, Indiana 46250

**Gurdeep (Garry) Chhokar**
Realtor/Broker
**Cell: 317-500-1247**

Star Alliance BROKERAGE



*We do all type of Home and Commercial Loan. Same day loan approval...*

# ਅਕਾਲੀ ਦਲਾਂ ਦੇ ਰੌਲੇ 'ਚ ਪਾਸਕੂ ਭਾਜਪਾ ਦੇ ਹੱਥ ਆ ਸਕਦੈ

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਪੰਜਾਬ ਦੀ ਰਾਜਨੀਤੀ ਇਸ ਹਫਤੇ ਉਦੋਂ ਇੱਕ ਨਵੇਂ ਦੌਰ ਵਿਚ ਦਾਖਲ ਹੋ ਗਈ, ਜਦੋਂ ਸ਼੍ਰੋਮਣੀ ਅਕਾਲੀ ਦਲ ਦੇ ਮੁਕਾਬਲੇ ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਵਿਚ ਇੱਕ ਹੋਰ ਸ਼੍ਰੋਮਣੀ ਅਕਾਲੀ ਦਲ ਦੀ ਨੀਂਹ ਰੱਖੀ ਗਈ ਅਤੇ ਦੋਹਾਂ ਦਾ ਇੱਕੋ ਨਾਂ ਹੋਣ ਕਰ ਕੇ ਅਕਾਲੀ ਵਰਕਰਾਂ ਵਿਚ ਏਧਰ ਜਾਂ ਓਧਰ ਵਾਲਾ ਰਾਹ ਖੁੱਲ੍ਹ ਗਿਆ। ਅਕਾਲੀ ਦਲ ਪਹਿਲਾਂ ਵੀ ਇੱਕ ਤੋਂ ਦੋ ਅਤੇ ਕਦੀ-ਕਦੀ ਤਿੰਨ ਜਾਂ ਚਾਰ ਵੀ ਬਣਦੇ ਰਹੇ ਸਨ, ਪਰ ਹਰ ਵਾਰ ਇਨ੍ਹਾਂ ਦੇ ਨਾਂਵਾਂ ਨਾਲ ਅਕਾਲੀ ਦਲਾਂ ਦੇ ਮੁਖੀਆਂ ਦਾ ਨਾਂ ਜੋੜ ਲਿਆ ਜਾਂਦਾ ਸੀ। ਇਸ ਵਾਰੀ ਅਜੇ ਤੱਕ ਨਹੀਂ ਜੋੜਿਆ ਗਿਆ, ਸਗੋਂ ਸੁਖਦੇਵ ਸਿੰਘ ਢੀਂਡਸਾ ਨੇ ਇਹ ਕਹਿ ਛੱਡਿਆ ਹੈ ਕਿ ਪਾਰਟੀ ਦੀ ਰਜਿਸਟਰੇਸ਼ਨ ਕਰਾਉਣ ਵੇਲੇ ਲੋੜ ਪਵੇਗੀ ਤਾਂ ਇਸ ਦੇ ਨਾਂ ਨਾਲ ਡੈਮੋਕਰੈਟਿਕ ਦਾ 'ਡੀ' ਜੋੜਿਆ ਜਾ ਸਕਦਾ ਹੈ। ਉਂਜ ਇਹ ਸ਼੍ਰੋਮਣੀ ਅਕਾਲੀ ਦਲ (ਡੀ) ਦਾ ਅਰਥ ਢੀਂਡਸਾ ਵੀ ਬਣ ਸਕਦਾ ਹੈ। ਇਸ ਤੋਂ ਸਾਫ ਹੈ ਕਿ ਦੋਹਾਂ ਅਕਾਲੀ ਦਲਾਂ ਵਿਚ 'ਅਸਲੀ' ਅਕਾਲੀ ਵਜੋਂ ਪ੍ਰਵਾਨਤ ਹੋਣ ਦੀ ਖਿੱਚੋਤਾਣ ਚੋਖੀ ਚੱਲੇਗੀ।

ਅਕਾਲੀ ਦਲ ਦੇ ਇਤਿਹਾਸ ਵਿਚ ਪਹਿਲੀ ਵੱਡੀ ਦੁਫੇੜ ਉਦੋਂ ਪਈ ਸੀ, ਜਦੋਂ ਦੋ ਆਗੂਆਂ-ਮਾਸਟਰ ਤਾਰਾ ਸਿੰਘ ਅਤੇ ਸੰਤ ਫਤਿਹ ਸਿੰਘ ਦੀ ਅਣਬਣ ਹੋਈ ਸੀ। ਦੋਵੇਂ ਹੀ ਪੈਂਤੜੇ ਵੱਲੋਂ ਮੌਕਾਪ੍ਰਸਤੀ ਕਰਨੀ ਜਾਣਦੇ ਸਨ। ਮਾਸਟਰ ਤਾਰਾ ਸਿੰਘ ਨੇ ਮਰਨ ਵਰਤ ਰੱਖ ਕੇ ਛਿਆਲੀ ਦਿਨ ਪਿੱਛੋਂ ਤੋੜ ਦਿੱਤਾ ਤੇ ਫਿਰ ਅਕਾਲ ਤਖਤ ਤੋਂ ਲੱਗੀ ਸੇਵਾ ਨਿਭਾ ਕੇ ਵਿਹਲਾ ਹੋ ਗਿਆ ਸੀ। ਸੰਤ ਫਤਿਹ ਸਿੰਘ ਨੇ ਇੱਕ ਵਾਰ 22ਵੇਂ ਦਿਨ ਤੇ ਦੂਜੀ ਵਾਰੀ 20 ਕੁ ਦਿਨਾਂ ਪਿੱਛੋਂ ਮਰਨ ਵਰਤ ਛੱਡ ਦਿੱਤਾ ਸੀ। ਉਸ ਵੇਲੇ ਜਦੋਂ ਦੋਹਾਂ ਦੀ ਅਣਬਣ ਦੇ ਕਾਰਨ ਅਕਾਲੀ ਦਲ ਦੋ ਥਾਂਈਂ ਪਾਟਿਆ ਤਾਂ ਇੱਕ ਨੂੰ ਸ਼੍ਰੋਮਣੀ ਅਕਾਲੀ ਦਲ (ਸੰਤ) ਅਤੇ ਦੂਜੇ ਨੂੰ ਸ਼੍ਰੋਮਣੀ ਅਕਾਲੀ ਦਲ (ਮਾਸਟਰ) ਕਿਹਾ ਜਾਂਦਾ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉੱਤੇ ਕਿਉਂਕਿ ਸੰਤ ਗਰੁੱਪ ਦਾ ਕਬਜ਼ਾ ਸੀ, ਇਸ ਲਈ ਗੋਲਕਾਂ ਦੀ ਮਾਇਆ ਆਸਰੇ ਉਹ ਧਿਰ ਮਜ਼ਬੂਤ ਹੁੰਦੀ ਗਈ ਤੇ ਮਾਸਟਰ ਧੜਾ ਹੌਲੀ-ਹੌਲੀ ਖੂੰਜੇ ਲੱਗਦਾ ਗਿਆ ਸੀ। ਉਦੋਂ ਇਸ ਚੱਕਰ ਵਿਚ ਅਕਾਲੀ ਪਾਰਟੀ ਦਾ ਪਹਿਲਾ ਚੋਣ ਨਿਸ਼ਾਨ 'ਪੰਜਾ' ਜਾਮ ਹੋ ਗਿਆ ਅਤੇ ਸੰਤ ਧੜੇ ਨੂੰ ਅਲਾਟ ਹੋਈ 'ਤੱਕੜੀ' ਇਸ ਪਾਰਟੀ ਦਾ ਚੋਣ ਨਿਸ਼ਾਨ ਮੰਨੀ ਜਾਣ ਲੱਗ ਪਈ, ਜੋ ਅੱਜਕੱਲ੍ਹ ਹਵਾ ਵਿਚ ਝੂਲ ਰਹੀ ਜਾਪਦੀ ਹੈ। ਚੋਣ ਨਿਸ਼ਾਨ ਲਈ ਅਕਾਲੀ ਆਗੂਆਂ ਦੀ ਅੱਗੇ ਵੀ ਕਾਨੂੰਨੀ ਲੜਾਈ ਹੁੰਦੀ ਰਹੀ ਹੈ, ਢੀਂਡਸਾ ਧੜੇ ਵੱਲੋਂ ਸ਼੍ਰੋਮਣੀ ਅਕਾਲੀ ਦਲ ਨਾਂ ਰੱਖੇ ਜਾਣ ਨਾਲ ਫਿਰ ਕਾਨੂੰਨੀ ਚੱਕਰ ਪੈ ਸਕਦਾ ਹੈ, ਪਰ ਅਸਲ ਗੱਲ ਚੋਣ ਨਿਸ਼ਾਨ ਦੀ ਨਹੀਂ, ਅਕਾਲੀ ਸਫਾਂ ਵਿਚ ਦੋਹਾਂ ਵਿਚੋਂ ਇੱਕ ਨੂੰ ਪ੍ਰਵਾਨਗੀ ਦੇ ਮੁਕਾਬਲੇ ਦੀ ਹੈ।

ਜਦੋਂ ਪਹਿਲੀ ਵਾਰੀ ਮਾਸਟਰ ਅਤੇ ਸੰਤ ਧੜਿਆਂ ਵਿਚ ਅਸਲੀ ਸਾਬਤ ਹੋਣ ਦੀ ਲੜਾਈ ਚੱਲੀ ਤਾਂ ਇੱਕ ਦੂਜੇ ਬਾਰੇ ਦੋਹਾਂ ਧੜਿਆਂ ਨੇ ਰੱਜ ਕੇ ਖੇਹ ਉਡਾਈ ਤੇ ਇੱਕ ਦੂਜੇ ਦੇ ਮਾਂ-ਬਾਪ ਤੱਕ ਨੌਲਣ ਤੋਂ ਗੁਰੇਜ਼ ਨਹੀਂ ਸੀ ਕੀਤਾ। ਇਹ ਕੰਮ ਇਸ ਵਾਰੀ ਵੀ ਹੋ ਸਕਦਾ ਹੈ। ਸਥਿਤੀ ਦਾ ਵੱਡਾ ਫਰਕ ਇਹ ਹੈ ਕਿ ਉਦੋਂ ਵਾਲੇ ਅਕਾਲੀ ਆਗੂ ਤੇ ਵਰਕਰ ਗੋਲਕਾਂ ਨੂੰ ਚੱਟਣ ਤੋਂ ਕੁਝ ਹੱਦ ਤੱਕ ਭੈਅ ਰੱਖਣ ਵਾਲੇ ਸਨ, ਉਂਜ ਇਹ ਕੰਮ ਉਦੋਂ ਵੀ ਹੁੰਦਾ ਸੀ, ਪਰ ਅਜੋਕੇ ਅਕਾਲੀ ਵਰਕਰਾਂ ਨੂੰ ਰਾਜ-ਸੁਖ ਮਾਣਨ ਵੇਲੇ ਕਿਸੇ ਵੀ ਧਿਰ ਵੱਲੋਂ ਮਿਲ ਰਿਹਾ ਮੁਫਤ ਦਾ ਮਾਲ ਛਕਣ ਦਾ ਏਨਾ ਵੱਡਾ ਚਸਕਾ ਲੱਗ ਚੁਕਾ ਹੈ ਕਿ ਏਧਰ ਜਾਂ ਓਧਰ ਜਾਣ ਦਾ ਫੈਸਲਾ ਉਹ ਇਸੇ ਸੋਚ ਹੇਠ ਲੈ ਸਕਦੇ ਹਨ। ਅਕਾਲੀ-ਭਾਜਪਾ ਦੇ ਦਸ ਸਾਲਾ ਰਾਜ ਵਿਚ ਬਹੁਤ ਸਾਰੇ ਅਕਾਲੀਆਂ ਨੂੰ ਚੇਅਰਮੈਨੀਆਂ ਦੇ ਸਹਾਰੇ ਮਾਲ ਖਾਣ ਦਾ ਮੌਕਾ ਮਿਲਦਾ ਸੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜੋ ਮੈਂਬਰ ਤੇ ਅਹੁਦੇਦਾਰ ਬਣਾਏ ਗਏ ਸਨ, ਉਨ੍ਹਾਂ ਲਈ ਵੀ ਮੋਛੇ ਪਾਉਣ ਦਾ ਜੁਗਾੜ ਕਰਨ ਦੇ ਏਨੇ ਮੌਕੇ ਹੁੰਦੇ ਸਨ ਕਿ ਕੱਚਿਆਂ ਘਰਾਂ ਤੋਂ ਕੋਠੀਆਂ ਵਾਲੇ ਬਣੇ ਪਏ ਹਨ। ਸਰਾਵਾਂ ਵਿਚ ਵਿਛੀਆਂ ਦਰੀਆਂ ਉੱਤੇ ਸੌਣ ਵਾਲੇ ਜਿਨ੍ਹਾਂ ਅਕਾਲੀਆਂ ਨੂੰ ਪੰਜ-ਤਾਰਾ ਹੋਟਲਾਂ ਵਿਚ ਰਹਿਣ ਅਤੇ ਉਨ੍ਹਾਂ ਦੇ ਬਿੱਲ ਸਰਕਾਰੀ ਖਜਾਨੇ ਜਾਂ ਧਰਮ ਪ੍ਰਚਾਰ ਕਮੇਟੀ ਜਿਹੇ ਖਾਤੇ ਵਿਚ ਪਾਉਣ ਦੀ ਆਦਤ ਪੈ ਚੁਕੀ ਹੈ, ਉਹ ਰਿਸਕ ਨਹੀਂ ਲੈ ਸਕਦੇ। ਅਕਾਲੀ ਰਾਜ ਦੇ ਦਸ ਸਾਲਾਂ ਦੌਰਾਨ ਉਂਜ ਵੀ ਅਕਾਲੀ ਦਲ ਵਿਚ ਅਜਿਹੇ ਬੜੇ ਲੋਕ ਆ ਚੁਕੇ ਹਨ, ਜੋ ਨਾ ਸ਼ਕਲੋਂ ਅਕਾਲੀ ਲੱਗਦੇ ਹਨ ਤੇ ਨਾ ਅਕਲੋਂ ਅਕਾਲੀ ਦਲ ਦੀਆਂ ਪੁਰਾਣੀਆਂ ਰਵਾਇਤਾਂ ਨਾਲ ਸਾਂਝ ਦਾ ਚੇਤਾ ਰੱਖਦੇ ਹਨ। ਅਕਾਲੀ ਦਲ ਦੇ ਇਸ਼ਤਿਹਾਰਾਂ ਤੇ ਬੋਰਡਾਂ ਉੱਤੇ ਕਈ ਚਿਹਰੇ ਏਦਾਂ ਦੇ ਵੀ ਟੰਗੇ ਦਿੱਸਦੇ ਹਨ ਕਿ ਇਸ਼ਤਿਹਾਰੀ ਮੁਜਰਮ ਦਾ ਭੁਲੇਖਾ ਪੈ ਸਕਦਾ ਹੈ।

ਢੀਂਡਸਾ ਧੜੇ ਨੇ ਦਾਅਵਾ ਕੀਤਾ ਹੈ ਕਿ ਉਹ ਸ਼੍ਰੋਮਣੀ ਕਮੇਟੀ ਨੂੰ ਭ੍ਰਿਸ਼ਟਾਚਾਰੀਆਂ ਕੋਲੋਂ ਛੁਡਾਉਣ ਵਾਸਤੇ ਲੜਾਈ ਲੜਨਗੇ, ਪਰ ਇਹ ਕੰਮ ਏਨਾ ਸੌਖਾ ਨਹੀਂ। ਇਸ ਵਕਤ ਉਥੇ ਜੋ ਲੋਕ ਅਹੁਦੇਦਾਰੀਆਂ ਮਾਣਦੇ ਪਏ ਹਨ ਜਾਂ ਜੋ ਧਾਰਮਿਕ ਪਦਵੀਆਂ ਦੇ ਸਵਾਮੀ ਹਨ, ਉਨ੍ਹਾਂ ਵਿਚੋਂ ਬਹੁਤਿਆਂ ਦਾ ਕਿਰਦਾਰ ਏਨਾ ਕੁ ਗਿਰ ਚੁਕਾ ਹੈ ਕਿ ਗੁਰੂ ਮਹਾਰਾਜ ਦੀ ਵਫਾਦਾਰੀ ਦੀਆਂ ਗੱਲਾਂ ਕਰਦੇ ਹਨ, ਪਰ ਜਦੋਂ ਇਹ ਗੱਲ ਪੁੱਛੀ ਜਾਵੇ ਕਿ ਇਤਿਹਾਸਕ ਧਾਰਮਿਕ ਗ੍ਰੰਥ ਵੀ ਇਥੋਂ ਕੱਢ ਕੇ ਵਿਦੇਸ਼ਾਂ ਵਿਚ ਨੀਲਾਮ ਕੀਤੇ ਜਾਣ ਦੀ ਗੱਲ ਸੁਣੀ ਹੈ ਤਾਂ ਉਹ ਚੁੱਪ ਵੱਟ ਜਾਂਦੇ ਹਨ। ਇਤਿਹਾਸਕ ਮਹੱਤਵ ਵਾਲੇ ਇਹ ਗ੍ਰੰਥ ਏਦਾਂ ਦੀ ਨੀਲਾਮੀ ਵਿਚ ਲੱਖਾਂ ਅਤੇ ਕਈ ਵਾਰੀ ਕਰੋੜਾਂ ਵਿਚ ਵਿਕਣ ਦੀ ਗੱਲ ਵੀ ਸੁਣੀ ਜਾਂਦੀ ਹੈ, ਪਰ ਜਿਨ੍ਹਾਂ ਦੀ ਜ਼ਿੰਮੇਵਾਰੀ ਇਸ ਦਾ ਸਾਰਾ ਸੱਚ ਲੋਕਾਂ ਅੱਗੇ ਰੱਖਣ ਦੀ ਹੈ, ਉਹ ਅਹੁਦੇ ਵੰਡਣ ਵਾਲੇ ਸਿਆਸੀ ਮਾਲਕਾਂ ਦੇ ਡਰ ਹੇਠ ਹੋਰ ਪਾਸੇ ਅੱਖਾਂ ਫੇਰ ਜਾਂਦੇ ਹਨ। ਭਲਕ ਨੂੰ ਜਦੋਂ ਅਸਲੀ ਅਕਾਲੀ ਦਲ ਦਾ ਨਿਬੇੜਾ ਕਰਨ ਵਾਲੀ ਕਤਾਰਬੰਦੀ ਹੋਈ ਤਾਂ ਇਨ੍ਹਾਂ ਧਾਰਮਿਕ ਪਦਵੀਆਂ ਦੇ ਸਵਾਮੀਆਂ ਨੇ ਚੁੱਪ ਨਹੀਂ ਰਹਿਣਾ, ਕਾਰੂ ਦੇ ਖਜਾਨੇ ਵਾਲੀ ਧਿਰ ਦੇ ਪੱਖ ਵਿਚ ਭੁਗਤਣ ਦਾ ਸਿੱਧਾ ਜਾਂ ਅਸਿੱਧਾ ਰਾਹ ਲੱਭਣ ਲੱਗ ਪੈਣਾ ਹੈ। ਇਸ ਦਾ ਕਾਰਨ ਇਹ ਹੈ ਕਿ ਇਹ ਲੋਕ ਕਹਿਣ ਨੂੰ ਧਾਰਮਿਕ ਪੁਰਸ਼ ਹਨ, ਅਸਲ ਵਿਚ ਧਾਰਮਿਕਤਾ ਦੇ ਓਹਲੇ ਹੇਠ ਬਹੁਤੇ ਸੱਜਣ ਆਪੋ-ਆਪਣੇ ਹਰ ਕਿਸਮ ਦੇ ਹਿੱਤਾਂ ਦੀ ਪੂਰਤੀ ਲਈ ਏਨੇ ਕੁ ਫਾਵੇ ਹੋ ਜਾਂਦੇ ਹਨ ਕਿ ਕਿਸੇ ਹੋਰ ਗੱਲ ਬਾਰੇ ਸੋਚਦੇ ਹੀ ਨਹੀਂ। ਉਹ ਸ੍ਰੀ ਅਕਾਲ ਤਖਤ ਨੂੰ ਅਕਾਲ ਪੁਰਖ ਦਾ ਤਖਤ ਕਹਿੰਦੇ ਹਨ ਤੇ ਜਥੇਦਾਰ ਅਕਾਲ ਤਖਤ ਦੀ ਪਦਵੀ ਨੂੰ ਸਰਬ ਉੱਚ ਆਖਦੇ ਹਨ। ਜਿਸ ਵਿਅਕਤੀ ਨੂੰ ਅਕਾਲ ਤਖਤ ਦੇ ਜਥੇਦਾਰ ਦੀ ਪਦਵੀ ਮਿਲ ਜਾਵੇ, ਫਿਰ ਉਹਦੇ ਲਈ ਹੋਰ ਕੋਈ ਇੱਛਾ ਬਾਕੀ ਨਹੀਂ ਰਹਿਣੀ ਚਾਹੀਦੀ, ਪਰ ਇਤਿਹਾਸ ਗਵਾਹ ਹੈ ਕਿ ਅਕਾਲ ਤਖਤ ਦੇ ਸਾਬਕਾ ਜਥੇਦਾਰਾਂ ਨੇ ਵਿਧਾਨ ਸਭਾ ਤੇ ਪਾਰਲੀਮੈਂਟ ਦੀਆਂ ਚੋਣਾਂ ਵੀ ਲੜੀਆਂ ਅਤੇ ਜਿੱਤਣ-ਹਾਰਨ ਦੀ ਖੇਡ ਕਈ ਵਾਰ ਖੇਡੀ ਹੈ। ਇੱਕ ਜਥੇਦਾਰ ਤਾਂ ਪਿੱਛੋਂ ਕਾਂਗਰਸ ਵੱਲੋਂ ਜਿੱਤ ਕੇ ਮੁੱਖ ਮੰਤਰੀ ਵੀ ਬਣ ਗਿਆ ਸੀ। ਜਦੋਂ ਇਸ ਅਹੁਦੇ ਤੱਕ ਜਾ ਕੇ ਵੀ ਏਦਾਂ ਦੀ ਇੱਛਾ ਨਹੀਂ ਮਰਦੀ ਤਾਂ ਭਲੇ ਦੀ ਆਸ ਕਿੱਥੋਂ ਹੋਵੇਗੀ! ਸਾਰੀ ਅਕਾਲੀ ਰਾਜਨੀਤੀ ਇਸ ਗੱਦੀਆਂ ਦੀ ਹਵਸ ਅਤੇ ਗੋਲਕਾਂ ਦੀ ਮਾਇਆ ਦੁਆਲੇ ਘੁੰਮਦੀ ਨਜ਼ਰ ਆਉਂਦੀ ਹੈ।

ਅਜਿਹੇ ਮਾਹੌਲ ਵਿਚ ਸੁਖਦੇਵ ਸਿੰਘ ਢੀਂਡਸਾ ਨੇ ਅਕਾਲੀ ਦਲ ਬਣਾਇਆ ਹੈ ਤਾਂ ਪਹਿਲੇ ਚੱਲਦੇ ਦਲ ਦੇ ਮੁਖੀ ਸੁਖਬੀਰ ਸਿੰਘ ਬਾਦਲ ਦੇ ਬੁਲਾਰੇ ਨੇ ਇਸ ਨੂੰ ਕਾਂਗਰਸ ਦੀ ਸ਼ਹਿ ਉੱਤੇ ਕੀਤਾ ਗਿਆ ਡਰਾਮਾ ਕਿਹਾ ਹੈ। ਸੁਖਦੇਵ ਸਿੰਘ ਢੀਂਡਸੇ ਨੂੰ ਪੁੱਛਿਆ ਤਾਂ ਉਸ ਨੇ ਇਹ ਗੱਲ ਕਹਿ ਦਿੱਤੀ ਕਿ ਕਾਂਗਰਸ ਨਾਲ ਗੱਠਜੋੜ ਸਾਡਾ ਨਹੀਂ, ਬਾਦਲ ਪਰਿਵਾਰ ਦਾ ਹੈ, ਇਹੋ ਕਾਰਨ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਹੇਠ ਵੀ ਬਾਦਲਾਂ ਦੇ ਸਾਰੇ ਧੰਦੇ ਪਹਿਲਾਂ ਵਾਂਗ ਚੱਲੀ ਜਾ ਰਹੇ ਹਨ। ਦੋਹਾਂ ਧਿਰਾਂ ਨੇ ਇੱਕ ਦੂਜੇ ਉੱਤੇ ਕਾਂਗਰਸ ਨਾਲ ਮਿਲ ਕੇ ਚੱਲਣ ਦਾ ਦੋਸ਼ ਲਾਉਣ ਦੀ ਰਸਮ ਨਿਭਾ ਦਿੱਤੀ ਹੈ, ਪਰ ਅਸਲ ਵਿਚ ਦੋਵੇਂ ਧਿਰਾਂ ਇੱਕ ਹੋਰ ਧਿਰ, ਭਾਜਪਾ ਨਾਲ ਤਾਲਮੇਲ ਕਰ ਕੇ ਅਗਲੀ ਚੋਣ ਵੇਲੇ ਉਸ ਨਾਲ ਗੱਠਜੋੜ ਦਾ ਰਾਹ ਭਾਲਣਗੀਆਂ। ਭਾਜਪਾ ਇਸ ਤੋਂ ਖੁਸ਼ ਹੈ। ਇਸੇ ਬਹਾਨੇ ਅਕਾਲੀਆਂ ਦੀਆਂ ਦੋਹਾਂ ਧਿਰਾਂ ਵਿਚੋਂ ਜੋ ਇੱਕ ਉਸ ਨੇ ਵਰਤਣੀ ਹੋਈ, ਉਸ ਨੂੰ ਪਹਿਲੀ ਸ਼ਰਤ ਇਹ ਮਨਾਵੇਗੀ ਕਿ ਪਹਿਲਾਂ ਵਾਂਗ ਵਿਧਾਨ ਸਭਾ ਦੀਆਂ ਤੇਈ ਸੀਟਾਂ ਅਸੀਂ ਨਹੀਂ ਲੈਣੀਆਂ ਤੇ ਤੁਹਾਡੀ ਮਰਜ਼ੀ ਦੀਆਂ ਵੀ ਨਹੀਂ ਲੈਣੀਆਂ, ਇਸ ਵਾਰ ਤੁਹਾਡੇ ਵਾਸਤੇ ਕੋਟਾ ਵੀ ਅਸੀਂ ਤੈਅ ਕਰਾਂਗੇ ਤੇ ਸੀਟਾਂ ਵੀ ਤੁਹਾਨੂੰ ਛੱਡਣ ਲਈ ਅਸੀਂ ਚੁਣਾਂਗੇ।

ਪੰਜਾਬ ਦੀ ਰਾਜਨੀਤੀ ਦਾ ਨਵਾਂ ਅਸਲੀ ਦੌਰ ਦੋ ਅਕਾਲੀ ਦਲਾਂ ਵਿਚ ਅਸਲੀ ਦੀ ਲੜਾਈ ਦੇ ਬਹਾਨੇ ਅਸਲ ਵਿਚ ਇਹ ਆ ਗਿਆ ਹੈ ਕਿ ਪਹਿਲਾਂ ਭਾਜਪਾ ਲਈ ਅਕਾਲੀ ਵੱਡੇ ਭਾਈ ਹੁੰਦੇ ਸਨ, ਅਗਲੀਆਂ ਚੋਣਾਂ ਵਿਚ ਭਾਜਪਾ ਵੱਡੇ ਭਾਈ ਦੀ ਭੂਮਿਕਾ ਨਿਭਾ ਸਕਦੀ ਹੈ ਤੇ ਅਕਾਲੀ ਦਲ ਦੇ ਆਗੂ ਉਸ ਦੇ ਪਿੱਛਲੱਗ ਜਿਹੇ ਬਣ ਕੇ 'ਹਰ-ਹਰ ਮੋਦੀ, ਘਰ-ਘਰ ਮੋਦੀ' ਕਰਦੇ ਨਜ਼ਰ ਆ ਸਕਦੇ ਹਨ। ਹਾਲੇ ਨਵੀਂ ਖੇਡ ਸ਼ੁਰੂ ਹੋਈ ਹੈ, ਇਸ ਦੇ ਅਗਲੇ ਰੰਗ ਹੋਰ ਵੀ ਹੈਰਾਨੀ ਵਾਲੇ ਹੋਣਗੇ, ਜਿਨ੍ਹਾਂ ਬਾਰੇ ਇਸ ਵੇਲੇ ਬਹੁਤਾ ਕੁਝ ਕਹਿ ਸਕਣਾ ਔਖਾ ਹੈ।




ਸੁਖਬੀਰ ਸਿੰਘ ਬਾਦਲ ਤੇ ਸੁਖਦੇਵ ਸਿੰਘ ਢੀਂਡਸਾ ਦੀ ਇਕ ਪੁਰਾਣੀ ਤਸਵੀਰ ਅਤੇ (ਸੱਜੇ) ਅਕਾਲੀ ਦਲ ਤੇ ਭਾਜਪਾ ਦੇ ਚੋਣ ਨਿਸ਼ਾਨ

# ਮੋਦੀ ਸਰਕਾਰ ਦੀ ਪ੍ਰਤਾਪ ਬਾਜਵਾ ਲਈ ਦਰਿਆਦਿਲੀ ਨੇ ਛੇੜੀ ਨਵੀਂ ਚਰਚਾ

**ਚੰਡੀਗੜ੍ਹ:** ਮੋਦੀ ਸਰਕਾਰ ਵਲੋਂ ਪੰਜਾਬ ਦੇ ਸੀਨੀਅਰ ਕਾਂਗਰਸੀ ਆਗੂ ਤੇ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਲਈ ਵਿਖਾਈ ਦਰਿਆਦਿਲੀ ਨੇ ਨਵੀਂ ਚਰਚਾ ਛੇੜ ਦਿੱਤੀ ਹੈ। ਪੰਜਾਬ ਵਿਚ ਕੈਪਟਨ ਸਰਕਾਰ ਦੀਆਂ ਨਾਕਾਮੀਆਂ ਦਾ ਮੁੱਦਾ ਜ਼ੋਰ-ਸ਼ੋਰ ਨਾਲ ਉਠਾਉਣ ਵਾਲੇ ਕਾਂਗਰਸੀ ਆਗੂ ਦੀ ਸੁਰੱਖਿਆ ਕੇਂਦਰੀ ਉਦਯੋਗਿਕ ਸੁਰੱਖਿਆ ਫੋਰਸ (ਸੀ. ਆਈ. ਐਸ.ਐਫ.) ਹਵਾਲੇ ਕਰ ਦਿੱਤੀ ਗਈ ਹੈ।



ਕੇਂਦਰ ਵਿਚ ਨਰਿੰਦਰ ਮੋਦੀ ਦੀ ਅਗਵਾਈ ਹੇਠ ਦੂਜੀ ਵਾਰੀ ਐਨ.ਡੀ.ਏ. ਸਰਕਾਰ ਬਣਨ ਤੋਂ ਬਾਅਦ ਬਾਜਵਾ ਸਮੇਤ ਕਾਂਗਰਸ ਅਤੇ ਹੋਰਨਾਂ ਵਿਰੋਧੀ ਪਾਰਟੀਆਂ ਦੇ ਕਈ ਨੇਤਾਵਾਂ ਦੀ ਸੁਰੱਖਿਆ ਵਿਚ ਜਾਂ ਤਾਂ ਕਟੌਤੀ ਕਰ ਦਿੱਤੀ ਗਈ ਸੀ ਤੇ ਜਾਂ ਫਿਰ ਸੁਰੱਖਿਆ ਵਾਪਸ ਲੈ ਲਈ ਗਈ ਸੀ। ਬਾਜਵਾ ਨੂੰ ਕਾਂਗਰਸ ਸਰਕਾਰ ਦੇ ਸਮੇਂ ਮਿਲੀ ਸੁਰੱਖਿਆ ਵੀ ਜੁਲਾਈ 2019 ਵਿਚ ਵਾਪਸ ਲੈ ਲਈ ਸੀ। ਕੇਂਦਰੀ ਗ੍ਰਹਿ ਮੰਤਰਾਲੇ ਨੇ ਇਕ ਸਾਲ ਦੇ ਵਕਫੇ ਬਾਅਦ ਪੰਜਾਬ ਦੇ ਕਾਂਗਰਸੀ ਨੇਤਾ ਦੀ ਸੁਰੱਖਿਆ ਬਹਾਲ ਕਰ ਦਿੱਤੀ ਹੈ।

ਜ਼ਿਕਰਯੋਗ ਹੈ ਕਿ ਪੰਜਾਬ ਦੀਆਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਵਲੋਂ ਪੰਜਾਬ ਵਿਚ ਸਿਆਸੀ ਸਰਗਰਮੀਆਂ ਵਧਾਈਆਂ ਜਾ ਰਹੀਆਂ ਹਨ। ਕਾਂਗਰਸ ਦੇ ਸੀਨੀਅਰ ਨੇਤਾ ਨੂੰ ਦਿੱਤੀ ਸੁਰੱਖਿਆ ਦਾ ਮਾਮਲਾ ਸਿਆਸੀ ਪੱਖ ਤੋਂ ਵੀ ਦੇਖਿਆ ਜਾ ਰਿਹਾ ਹੈ। ਸੂਬੇ ਵਿਚ ਪਿਛਲੇ ਕਈ ਸਾਲਾਂ ਤੋਂ ਆਰ.ਐਸ.ਐਸ. ਨੇਤਾਵਾਂ ਦੀਆਂ ਗਤੀਵਿਧੀਆਂ ਵੀ ਵਧੀਆਂ ਹੋਈਆਂ ਹਨ। ਪੰਜਾਬ ਪੁਲਿਸ ਦੇ ਅਧਿਕਾਰੀਆਂ ਦਾ ਦੱਸਣਾ ਹੈ ਕਿ ਆਰ. ਐਸ. ਐਸ. ਦੇ ਨੇਤਾ ਕਿਉਂਕਿ ਅਤਿਵਾਦੀਆਂ ਦੀ ਹਿੱਟ-ਲਿਸਟ ਉਤੇ ਰਹਿੰਦੇ ਹਨ, ਜਿਸ ਲਈ ਜਨਸੰਘੀਆਂ ਨੂੰ ਸੁਰੱਖਿਆ ਦਿੱਤੀ ਜਾਂਦੀ ਹੈ ਤੇ ਸੂਬਾਈ ਪੁਲਿਸ ਵਲੋਂ ਵੀ ਆਰ.ਐਸ.ਐਸ. ਦੇ ਕਈ ਨੇਤਾਵਾਂ ਨੂੰ ਸੁਰੱਖਿਆ ਦਿੱਤੀ ਹੋਈ ਹੈ।

ਸੂਤਰਾਂ ਦਾ ਦੱਸਣਾ ਹੈ ਕਿ ਕੇਂਦਰੀ ਗ੍ਰਹਿ ਮੰਤਰਾਲੇ ਨੇ ਕਾਂਗਰਸ ਦੇ ਇਸ ਨੇਤਾ ਦੀ ਸੁਰੱਖਿਆ ਲਈ ਤਕਰੀਬਨ 25 ਸੁਰੱਖਿਆ ਕਰਮੀ ਤਾਇਨਾਤ ਕੀਤੇ ਹਨ ਤੇ ਇਹ ਫੈਸਲਾ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਪੱਧਰ 'ਤੇ ਹੋਇਆ ਦੱਸਿਆ ਗਿਆ ਹੈ। ਪੰਜਾਬ ਪੁਲਿਸ ਦੇ ਇਕ ਸੀਨੀਅਰ ਅਧਿਕਾਰੀ ਨੇ ਇਸ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐਸ.ਐਸ.) ਦੇ ਪੰਜ ਆਗੂਆਂ ਦੀ ਸੁਰੱਖਿਆ 'ਚ ਵੀ ਕੇਂਦਰੀ ਗ੍ਰਹਿ ਮੰਤਰਾਲੇ ਨੇ ਵਾਧਾ ਕਰ ਦਿੱਤਾ ਹੈ। ਪ੍ਰਤਾਪ ਸਿੰਘ ਬਾਜਵਾ ਸਮੇਤ ਆਰ.ਐਸ.ਐਸ. ਦੇ ਨੇਤਾਵਾਂ ਨੂੰ 'ਜ਼ੈਡ ਵਰਗ' ਦੀ ਸੁਰੱਖਿਆ ਦਿੱਤੀ ਗਈ ਹੈ।

ਪੰਜਾਬ ਵਿਚ ਸਿਆਸੀ ਨੇਤਾ, ਆਈ.ਏ.ਐਸ/ਆਈ.ਪੀ.ਐਸ. ਅਧਿਕਾਰੀਆਂ ਅਤੇ ਧਾਰਮਿਕ ਆਗੂਆਂ ਦੀ ਸੁਰੱਖਿਆ ਉਤੇ ਤਕਰੀਬਨ 10 ਹਜ਼ਾਰ ਪੁਲਿਸ ਮੁਲਾਜ਼ਮਾਂ ਦੀ ਤਾਇਨਾਤੀ ਹੈ। ਸੂਬੇ ਵਿਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਸਾਰੇ ਪਰਿਵਾਰਕ ਮੈਂਬਰਾਂ ਤੇ ਨਜ਼ਦੀਕੀ ਰਿਸ਼ਤੇਦਾਰਾਂ ਸਮੇਤ ਬਾਦਲ ਪਰਿਵਾਰ ਦੇ ਸਾਰੇ ਮੈਂਬਰਾਂ ਤੇ ਬਿਕਰਮ ਸਿੰਘ ਮਜੀਠੀਆ ਨੂੰ ਜ਼ੈਡ ਪਲੱਸ ਤੇ ਜ਼ੈੱਡ ਵਰਗ ਦੀ ਸੁਰੱਖਿਆ ਦਿੱਤੀ ਹੋਈ ਹੈ। ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਈ ਪਰਿਵਾਰਕ ਮੈਂਬਰਾਂ, ਕਾਂਗਰਸ ਨੇਤਾ ਹਰਮਿੰਦਰ ਸਿੰਘ ਜੱਸੀ, ਪਰਮਿੰਦਰ ਪਿੰਕੀ, ਰਵੀਕਰਨ ਸਿੰਘ ਕਾਹਲੋਂ, ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ, ਤਿੰਨ ਸਾਬਕਾ ਡੀ.ਜੀ.ਪੀ. ਅਜਿਹੇ ਵਿਅਕਤੀ ਵਿਸ਼ੇਸ਼ ਹਨ, ਜਿਨ੍ਹਾਂ ਨੂੰ ਵਧੇਰੇ ਸੁਰੱਖਿਆ ਦਿੱਤੀ ਹੋਈ ਹੈ। ਦੋ ਤੋਂ ਪੰਜ ਗੰਨਮੈਨਾਂ ਵਾਲਿਆਂ ਦੀ ਗਿਣਤੀ ਤਾਂ ਸੈਂਕੜਿਆਂ ਵਿਚ ਹੈ।

# ਫਰੀਦਕੋਟ ਰਿਆਸਤ ਦੇ ਰਾਜ ਮਹਿਲ ਤੇ ਕਿਲ੍ਹਾ ਮੁਬਾਰਕ 'ਤੇ ਕਬਜ਼ੇ ਦੀ ਕੋਸ਼ਿਸ਼

**ਫਰੀਦਕੋਟ:** ਫਰੀਦਕੋਟ ਰਿਆਸਤ ਦੀ ਵਿਰਾਸਤ ਦਾ ਝਗੜਾ ਹੁਣ ਗੰਭੀਰ ਰੂਪ ਧਾਰਨ ਕਰਦਾ ਜਾ ਰਿਹਾ ਹੈ। ਫਰੀਦਕੋਟ ਰਿਆਸਤ ਦੇ ਆਖਰੀ ਮਹਾਰਾਜਾ ਹਰਿੰਦਰ ਸਿੰਘ ਬਰਾੜ ਦੀ ਵਸੀਅਤ ਟੁੱਟਣ ਤੋਂ ਬਾਅਦ ਕੁਝ ਵਿਅਕਤੀਆਂ ਨੇ ਗੈਰਕਾਨੂੰਨੀ ਤਰੀਕੇ ਨਾਲ ਰਿਆਸਤ ਦੇ ਰਾਜ ਮਹਿਲ ਅਤੇ ਕਿਲ੍ਹਾ ਮੁਬਾਰਕ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ। ਸ਼ਿਕਾਇਤ ਮਿਲਣ ਤੋਂ ਬਾਅਦ ਪੁਲਿਸ ਨੇ ਰਾਜ ਮਹਿਲ ਅਤੇ ਕਿਲ੍ਹਾ ਮੁਬਾਰਕ 'ਚੋਂ ਛੇ ਵਿਅਕਤੀਆਂ ਨੂੰ ਹਿਰਾਸਤ ਵਿਚ ਲਿਆ ਹੈ, ਜਿਨ੍ਹਾਂ ਨੇ ਨਾਜਾਇਜ਼ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ।

ਪਹਿਲੀ ਜੂਨ 2020 ਨੂੰ ਫਰੀਦਕੋਟ ਦੇ ਰਾਜਾ ਹਰਿੰਦਰ ਸਿੰਘ ਬਰਾੜ ਦੀ ਵਸੀਅਤ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਗੈਰਕਾਨੂੰਨੀ ਘੋਸ਼ਿਤ ਕਰ ਦਿੱਤੀ ਸੀ ਅਤੇ ਰਿਆਸਤ ਦੀ ਹਜ਼ਾਰਾਂ ਕਰੋੜ ਦੀ ਜਾਇਦਾਦ ਦਾ ਮਾਲਕ ਰਾਜਾ ਹਰਿੰਦਰ ਸਿੰਘ ਬਰਾੜ ਦੇ ਪਰਿਵਾਰਕ ਮੈਂਬਰਾਂ ਨੂੰ ਬਣਾ ਦਿੱਤਾ ਸੀ। ਇਸ ਤੋਂ ਪਹਿਲਾਂ ਰਿਆਸਤ ਦੀ ਕੁੱਲ ਜਾਇਦਾਦ ਦੀ ਸਾਂਭ-ਸੰਭਾਲ ਵਸੀਅਤ ਮੁਤਾਬਕ ਮਹਾਰਾਵਲ ਖੇਵਾ ਜੀ ਟਰੱਸਟ ਕਰ ਰਿਹਾ ਸੀ। ਟਰੱਸਟ ਦੇ ਮੁੱਖ ਕਾਰਜਕਾਰੀ ਅਧਿਕਾਰੀ ਜਗੀਰ ਸਿੰਘ ਸਰਾ ਨੇ ਕਿਹਾ ਕਿ ਰਾਜ ਕੁਮਾਰੀ ਅੰਮ੍ਰਿਤ ਕੌਰ ਨੇ ਰਾਜੇ ਦੀ ਵਸੀਅਤ ਨੂੰ ਚੁਣੌਤੀ ਦਿੱਤੀ ਸੀ ਅਤੇ ਇਹ ਕਾਨੂੰਨੀ ਕਾਰਵਾਈ ਲੜਨ ਦੇ ਅਧਿਕਾਰ ਉਸ ਨੇ ਤੀਜੀ ਧਿਰ ਨੂੰ ਸੌਂਪ ਦਿੱਤੇ, ਉਸੇ ਤੀਜੀ ਧਿਰ ਨੇ ਰਾਜ ਮਹਿਲ ਅਤੇ ਕਿਲ੍ਹੇ ਉਪਰ ਨਾਜਾਇਜ਼ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਹੈ।

ਪੰਜਾਬ ਟਾਈਮਜ਼

ਸਨਿਚਰਵਾਰ, 18 ਜੁਲਾਈ 2020

# ਕਰੋਨਾ ਸਿਆਸਤ ਅਤੇ ਸਰਕਾਰਾਂ

ਇਕ ਪਾਸੇ ਕਰੋਨਾ ਵਾਇਰਸ ਨੇ ਸੰਸਾਰ ਭਰ ਵਿਚ ਲੋਕਾਂ ਦਾ ਦਮ ਕੱਢਿਆ ਹੋਇਆ ਹੈ, ਦੂਜੇ ਪਾਸੇ ਵੱਖ-ਵੱਖ ਸਰਕਾਰਾਂ ਇਸ ਸੰਕਟ ਦਾ ਬਹਾਨਾ ਬਣਾ ਕੇ ਲੋਕਾਂ ਉਤੇ ਸ਼ਿਕੰਜਾ ਕੱਸ ਰਹੀਆਂ ਹਨ। ਇਸ ਬਿਮਾਰੀ ਦੇ ਇਲਾਜ ਲਈ ਅਜੇ ਤੱਕ ਕੋਈ ਦਵਾਈ ਨਹੀਂ ਆਈ ਹੈ। ਇਸ ਸੂਰਤ ਵਿਚ ਸਰਕਾਰਾਂ ਦਾ ਪਹਿਲਾ ਫਰਜ਼ ਬਣਦਾ ਸੀ ਕਿ ਲੋਕਾਂ ਨੂੰ ਇਸ ਬਾਰੇ ਵੱਧ ਤੋਂ ਵੱਧ ਸੁਚੇਤ ਕੀਤਾ ਜਾਵੇ ਅਤੇ ਪਰਹੇਜ਼ ਲਈ ਪ੍ਰੇਰਿਆ ਜਾਵੇ। ਸਰਕਾਰਾਂ ਨੇ ਇਸ ਪਾਸੇ ਤਾਂ ਕੋਈ ਕਦਮ ਨਹੀਂ ਉਠਾਇਆ, ਉਲਟਾ ਲੋਕਾਂ ਅੰਦਰ ਸਹਿਮ ਵਾਲਾ ਮਾਹੌਲ ਬਣਾ ਦਿੱਤਾ। ਵਿਕਾਸਸ਼ੀਲ ਮੁਲਕਾਂ ਵਿਚ ਤਾਂ ਹੋਰ ਵੀ ਮਾੜਾ ਹਾਲ ਹੈ, ਜਿਥੇ ਸਿਹਤ ਸਿਸਟਮ ਪਹਿਲਾਂ ਹੀ ਡਾਵਾਂਡੋਲ ਹੈ। ਬਹੁਤ ਸਾਰੇ ਮੁਲਕਾਂ ਵਿਚੋਂ ਇਹ ਰਿਪੋਰਟਾਂ ਆ ਰਹੀਆਂ ਹਨ ਕਿ ਕਰੋਨਾ ਤੋਂ ਇਲਾਵਾ ਦੂਜੇ ਮਰੀਜ਼ਾਂ ਵਲ ਬਹੁਤਾ ਧਿਆਨ ਹੀ ਨਹੀਂ ਦਿੱਤਾ ਜਾ ਰਿਹਾ। ਇਸੇ ਕਰ ਕੇ ਇਹ ਮਰੀਜ਼ ਖੱਜਲ ਹੋ ਰਹੇ ਹਨ ਅਤੇ ਇਨ੍ਹਾਂ ਵਿਚੋਂ ਬਹੁਤੇ ਇਲਾਜ ਖੁਣੋਂ ਮੌਤ ਦੇ ਮੂੰਹ ਜਾ ਰਹੇ ਹਨ। ਉਂਜ ਵੀ ਕਰੋਨਾ ਕਾਰਨ ਜਿਸ ਤਰ੍ਹਾਂ ਵੱਖ-ਵੱਖ ਤਰ੍ਹਾਂ ਦੇ ਕਾਰੋਬਾਰਾਂ ਉਤੇ ਅਸਰ ਪਿਆ ਹੈ, ਉਸ ਨਾਲ ਹੋਰ ਸੰਕਟ ਵਧਣ ਦੇ ਖਦਸ਼ੇ ਵਧ ਗਏ ਹਨ। ਪ੍ਰਸਿੱਧ ਕੌਮਾਂਤਰੀ ਸੰਸਥਾ 'ਔਕਸਫੈਮ' ਨੇ ਹਾਲ ਹੀ ਵਿਚ ਜਾਰੀ ਕੀਤੀ ਆਪਣੀ ਰਿਪੋਰਟ ਵਿਚ ਕਿਹਾ ਹੈ ਕਿ ਕਰੋਨਾ ਕਾਰਨ ਜਿਹੜੀ ਆਰਥਕ ਮੰਦੀ ਆ ਰਹੀ ਹੈ, ਉਸ ਨਾਲ ਭੁੱਖਮਰੀ ਫੈਲ ਸਕਦੀ ਹੈ ਅਤੇ ਭੁੱਖਮਰੀ ਨਾਲ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਕਰੋਨਾ ਵਾਇਰਸ ਨਾਲ ਹੋਣ ਵਾਲੀਆਂ ਮੌਤਾਂ ਨਾਲੋਂ ਕਿਤੇ ਜ਼ਿਆਦਾ ਹੋਵੇਗੀ। ਕਿਹਾ ਜਾ ਰਿਹਾ ਹੈ ਕਿ ਇਸ ਦਾ ਅਸਰ ਯਮਨ, ਸੀਰੀਆ, ਹੈਤੀ, ਇਥੋਪੀਆ, ਅਫਗਾਨਿਸਤਾਨ, ਕਾਂਗੋ, ਸੂਡਾਨ, ਦੱਖਣੀ ਸੂਡਾਨ ਵਰਗੇ ਮੁਲਕਾਂ 'ਤੇ ਵੱਧ ਪਵੇਗਾ। ਇਕ ਅੰਦਾਜ਼ਾ ਹੈ ਕਿ ਇਸ ਸਾਲ ਦੇ ਅੰਤ ਤਕ ਰੋਜ਼ਾਨਾ 12 ਹਜ਼ਾਰ ਲੋਕ ਪੂਰੇ ਸੰਸਾਰ ਵਿਚ ਭੁੱਖਮਰੀ ਕਾਰਨ ਮਰ ਸਕਦੇ ਹਨ ਅਤੇ ਸੰਸਾਰ ਭਰ ਵਿਚ 12 ਕਰੋੜ ਲੋਕ ਭੁੱਖਮਰੀ ਦਾ ਸ਼ਿਕਾਰ ਹੋ ਸਕਦੇ ਹਨ।

ਸਿਤਮਜ਼ਰੀਫੀ ਇਹ ਹੈ ਕਿ ਸਰਕਾਰਾਂ ਆਉਣ ਵਾਲੇ ਇਨ੍ਹਾਂ ਸੰਕਟਾਂ ਨਾਲ ਨਜਿੱਠਣ ਲਈ ਕੋਈ ਪੇਸ਼ਕਦਮੀ ਕਰਨ ਦੀ ਥਾਂ ਅਜੇ ਵੀ ਲੋਕਾਂ ਉਤੇ ਸ਼ਿਕੰਜਾ ਕੱਸ ਰਹੀਆਂ ਹਨ। ਭਾਰਤ ਸਰਕਾਰ ਵਲੋਂ ਵਾਰ-ਵਾਰ ਇਹ ਸੁਨੇਹਾ ਦਿੱਤਾ ਜਾ ਰਿਹਾ ਹੈ ਕਿ ਕਰੋਨਾ ਦੇ ਕੇਸ ਲਗਾਤਾਰ ਵਧ ਰਹੇ ਹਨ, ਇਸ ਲਈ ਲੋਕਾਂ ਨੂੰ ਹੋਰ ਖਬਰਦਾਰ ਹੋਣਾ ਪਵੇਗਾ। ਦੂਜੇ ਬੰਨੇ ਇਹੀ ਸਰਕਾਰ ਲੋਕਾਂ ਦੇ ਅਧਿਕਾਰਾਂ ਉਤੇ ਡਾਕਾ ਮਾਰ ਰਹੀ ਹੈ। ਖੇਤੀ ਸੁਧਾਰਾਂ ਅਤੇ ਨਵੇਂ ਬਿਜਲੀ ਦੇ ਬਹਾਨੇ ਮੁਲਕ ਦੇ ਫੈਡਰਲ ਢਾਂਚੇ ਉਤੇ ਹਮਲਾ ਪਹਿਲਾਂ ਹੀ ਬੋਲ ਦਿੱਤਾ ਗਿਆ ਹੈ, ਹੁਣ ਸਰਕਾਰ ਨੇ ਵਿਦਿਆਰਥੀਆਂ ਦਾ ਬੋਝ ਘਟਾਉਣ ਦਾ ਬਹਾਨਾ ਬਣਾ ਕੇ ਪਾਠਕ੍ਰਮਾਂ ਵਿਚੋਂ ਬਹੁਤ ਸਾਰੇ ਪਾਠ ਕੱਢ ਦਿੱਤੇ ਹਨ। ਇਹ ਉਹ ਪਾਠ ਸਨ, ਜਿਨ੍ਹਾਂ ਬਾਰੇ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਦੇ ਆਗੂ ਅਕਸਰ ਇਤਰਾਜ਼ ਕਰਦੇ ਰਹੇ ਹਨ, ਪਰ ਹੁਣ ਉਨ੍ਹਾਂ ਨੂੰ ਪਾਠਾਂ ਵਿਚ ਕਟੌਤੀ ਕਰਨ ਦਾ ਮੌਕਾ ਮਿਲ ਗਿਆ ਹੈ। ਮੋਦੀ ਸਰਕਾਰ ਸਿੱਖਿਆ ਢਾਂਚੇ ਵਿਚ ਮੁੱਢੋਂ-ਸੁੱਢੋਂ ਤਬਦੀਲੀ ਕਰਨ ਲਈ ਨਵੀਂ ਸਿੱਖਿਆ ਨੀਤੀ ਪਹਿਲਾਂ ਹੀ ਲਿਆ ਹੈ। ਇਸ ਸਿੱਖਿਆ ਨੀਤੀ ਵਿਚ ਵੀ ਫੈਡਰਲ ਢਾਂਚੇ ਉਤੇ ਸਿੱਧੇ ਅਤੇ ਅਸਿੱਧੇ ਢੰਗ ਨਾਲ ਵਾਰ ਕੀਤੇ ਗਏ ਹਨ। ਅਸਲ ਵਿਚ ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਸਰਪ੍ਰਸਤ, ਕੱਟੜ ਜਥੇਬੰਦੀ, ਰਾਸ਼ਟਰੀ ਸਵੈਮਸੇਵਕ ਸੰਘ (ਆਰ. ਐਸ. ਐਸ.) ਸਦਾ ਹੀ ਮਜ਼ਬੂਤ ਕੇਂਦਰੀ ਸੱਤਾ ਦਾ ਪ੍ਰਚਾਰ ਕਰਦੇ ਰਹੇ ਹਨ। ਪਿਛਲੇ ਛੇ ਸਾਲਾਂ ਦੌਰਾਨ, ਜਦੋਂ ਤੋਂ ਕੇਂਦਰ ਵਿਚ ਨਰਿੰਦਰ ਮੋਦੀ ਦੀ ਅਗਵਾਈ ਹੇਠ ਸਰਕਾਰ ਬਣੀ ਹੈ, ਸਰਕਾਰ ਦਾ ਹਰ ਕਦਮ ਹੀ ਕੇਂਦਰ ਨੂੰ ਮਜ਼ਬੂਤ ਕਰਨ ਦੇ ਹਿਸਾਬ ਨਾਲ ਪੁੱਟਿਆ ਜਾ ਰਿਹਾ ਹੈ। ਹੋਰ ਤਾਂ ਹੋਰ, ਜੋ ਵੀ ਸਰਕਾਰ ਦੇ ਅਜਿਹੇ ਫੈਸਲਿਆਂ ਦਾ ਵਿਰੋਧ ਕਰਦਾ ਹੈ, ਉਸ ਨੂੰ ਦੇਸ਼ ਧ੍ਰੋਹੀ ਕਰਾਰ ਦੇ ਦਿੱਤਾ ਜਾਂਦਾ ਹੈ। ਇਸ ਮਾਮਲੇ ਵਿਚ ਭਾਰਤੀ ਜਨਤਾ ਪਾਰਟੀ ਦਾ ਸੋਸ਼ਲ ਮੀਡੀਆ ਵਿੰਗ ਬਹੁਤ ਸਰਗਰਮ ਹੈ ਅਤੇ ਸੋਸ਼ਲ ਮੀਡੀਆ ਉਤੇ ਆਪਣਾ ਨਜ਼ਰੀਆ ਥੋਪਣ ਲਈ ਹਰ ਹੀਲਾ-ਵਸੀਲਾ ਕਰਦਾ ਹੈ।

ਇਸ ਮਾਮਲੇ ਵਿਚ ਪੰਜਾਬ ਸਰਕਾਰ ਵੀ ਘੱਟ ਨਹੀਂ ਗੁਜ਼ਾਰ ਰਹੀ। ਪੰਜਾਬ ਵਿਚ ਇਸ ਵਕਤ ਭਾਰਤੀ ਜਨਤਾ ਪਾਰਟੀ ਦੀ ਮੁੱਖ ਵਿਰੋਧੀ ਪਾਰਟੀ ਕਾਂਗਰਸ ਦੀ ਸਰਕਾਰ ਹੈ, ਪਰ ਇਹ ਸਰਕਾਰ ਵੀ ਕਰੋਨਾ ਦਾ ਬਹਾਨਾ ਬਣਾ ਕੇ ਜਿਸ ਤਰ੍ਹਾਂ ਦੇ ਫੈਸਲੇ ਕਰ ਰਹੀ ਹੈ, ਉਹ ਐਨ ਮੋਦੀ ਸਰਕਾਰ ਦੀ ਤਰਜ਼ ਵਾਲੇ ਹੀ ਜਾਪਦੇ ਹਨ। ਇੰਤਕਾਲ ਫੀਸ ਵਧਾ ਕੇ ਤਿੱਗਣੀ ਕਰਨੀ, ਸਨਅਤ ਲਾਉਣ ਲਈ ਮੱਤੇਵਾੜਾ ਜੰਗਲ ਦੀ ਨਿਸ਼ਾਨਦੇਹੀ ਕਰਨੀ ਅਤੇ ਕੁਝ ਹੋਰ ਥਾਂਈਂ ਪਿੰਡਾਂ ਦੀਆਂ ਪੰਚਾਇਤਾਂ ਨੂੰ ਭੰਬਲਭੂਸੇ ਵਿਚ ਪਾ ਕੇ ਉਨ੍ਹਾਂ ਦੀਆਂ ਜ਼ਮੀਨਾਂ ਹਾਸਲ ਕਰਨ ਦੀ ਕਾਰਵਾਈ ਸ਼ੁਰੂ ਕਰਨੀ ਸਰਕਾਰ ਦੀ ਅਸਲ ਮਨਸ਼ਾ ਜਾਹਰ ਕੀਤੀ ਜਾ ਰਹੀ ਹੈ। ਅਸਲ ਵਿਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਜਾਪ ਰਿਹਾ ਹੈ ਕਿ ਹੁਣ ਨਾ ਤਾਂ ਵਿਧਾਨ ਸਭਾ ਦੇ ਅੰਦਰ ਅਤੇ ਨਾ ਹੀ ਵਿਧਾਨ ਸਭਾ ਤੋਂ ਬਾਹਰ ਕਿਸੇ ਕਿਸਮ ਦੀ ਕੋਈ ਸਿਆਸੀ ਚੁਣੌਤੀ ਤਾਂ ਹੈ ਨਹੀਂ, ਇਸ ਕਰ ਕੇ ਉਹ ਚੁੱਪ-ਚੁਪੀਤੇ ਅਜਿਹੇ ਫੈਸਲੇ ਕਰ ਰਹੇ ਹਨ। ਹੁਣ ਤਾਜ਼ਾ ਫੈਸਲਿਆਂ ਵਿਚ ਲੋਕਾਂ ਦੇ ਇਕੱਠ ਉਤੇ ਹੀ ਰੋਕ ਲਾ ਦਿੱਤੀ ਗਈ ਹੈ। ਯਾਦ ਰਹੇ, ਕੇਂਦਰ ਸਰਕਾਰ ਦੇ ਖੇਤੀ ਸਬੰਧੀ ਆਰਡੀਨੈਂਸਾਂ ਖਿਲਾਫ ਕਿਸਾਨ ਜਥੇਬੰਦੀਆਂ ਸੰਘਰਸ਼ ਲਈ ਤਿਆਰੀ ਵਿਚ ਜੁਟੀਆਂ ਹੋਈਆਂ ਹਨ, ਪਰ ਸਰਕਾਰ ਨੇ ਇਸ ਵਿਰੋਧ ਨੂੰ ਡੱਕਣ ਲਈ ਪਹਿਲਾਂ ਹੀ ਇੰਤਜ਼ਾਮ ਕਰਨੇ ਸ਼ੁਰੂ ਕਰ ਦਿੱਤੇ ਹਨ। ਇਕ ਪਾਸੇ ਇਹ ਸਰਕਾਰ ਇਨ੍ਹਾਂ ਆਰਡੀਨੈਂਸਾਂ ਨੂੰ ਫੈਡਰਲ ਢਾਂਚੇ ਉਤੇ ਹਮਲਾ ਕਰਾਰ ਦੇ ਰਹੀ ਹੈ, ਦੂਜੇ ਪਾਸੇ ਖੁਦ ਹੀ ਸ਼ਿਕੰਜਾ ਕੱਸ ਰਹੀ ਹੈ। ਅਸਲ ਵਿਚ ਕੈਪਟਨ ਅਮਰਿੰਦਰ ਸਿੰਘ ਕੇਂਦਰ ਸਰਕਾਰ ਦਾ ਵਿਰੋਧ ਅਕਾਲੀ ਦਲ ਨੂੰ ਖੂੰਜੇ ਲਾਈ ਰੱਖਣ ਲਈ ਕਰ ਰਹੇ ਹਨ। ਸਰਕਾਰਾਂ ਦੀਆਂ ਅਜਿਹੀਆਂ ਚਾਲਬਾਜ਼ੀਆਂ ਦਾ ਮੁਕਾਬਲਾ ਸੁਘੜ ਤਰੀਕੇ ਨਾਲ ਕੀਤੀ ਲਾਮਬੰਦੀ ਨਾਲ ਹੀ ਕੀਤਾ ਜਾ ਸਕਦਾ ਹੈ। ਇਸ ਮਾਮਲੇ ਵਿਚ ਵਿਰੋਧੀ ਪਾਰਟੀਆਂ ਨੂੰ ਆਪੋ-ਆਪਣੇ ਵਿਰੋਧ ਤਿਆਗ ਕੇ ਅੱਗੇ ਆਉਣਾ ਪਵੇਗਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### 'ਵਾਜ ਦਿੱਤਿਆਂ ਟੁੱਟੇਗੀ ਹਾਰ ਕੇਰਾਂ

ਲੋਕ ਪਹਿਲਾਂ ਹੀ ਘੇਰੇ ਵਿਚ ਸਨ ਲੋਕੋ, ਉਪਰੋਂ ਹੁਕਮ ਅਵੱਲੜੇ ਆਈ ਜਾਂਦੇ।
ਬਹਾਨਾ ਵਾਇਰਸ ਦਾ ਚੰਗਾ ਰੱਖਿਆ ਈ, ਰਗੜੇ ਆਮ ਹੀ ਹੁਣ ਤਾਂ ਲਾਈ ਜਾਂਦੇ।
ਕੋਈ ਸੁੱਖ ਨਾ ਸਹੂਲਤ ਪਹੁੰਚਾਈ ਕਿਧਰੇ, ਬੋਝ ਐਵੇਂ ਖਜਾਨੇ 'ਤੇ ਪਾਈ ਜਾਂਦੇ।
ਲੋਕ ਚਾਹੁਣ ਸਰਕਾਰ ਕੋਈ ਕਰੇ ਹੀਲਾ, ਸਰਕਾਰ ਆਖੇ ਕਿ ਰੌਲਾ ਨੇ ਪਾਈ ਜਾਂਦੇ।
ਛੱਡ ਸੁਸਤੀਆਂ ਨਿੱਤਰ ਮੈਦਾਨ ਅੰਦਰ, ਉਠ ਸੁੱਤਿਆ ਹਾਕ ਤਾਂ ਮਾਰ ਕੇਰਾਂ।
ਅੰਦਰ ਵੜਿਆਂ ਕੁਝ ਵੀ ਸੌਰਨਾ ਨਹੀਂ, 'ਵਾਜ ਦਿੱਤਿਆਂ ਟੁੱਟੇਗੀ ਹਾਰ ਕੇਰਾਂ।

# ਭਾਰਤੀ ਫੈਡਰਲ ਢਾਂਚੇ ਨੂੰ ਢਾਹ

***ਭਾਜਪਾ ਹਮੇਸ਼ਾ ਮਜ਼ਬੂਤ ਕੇਂਦਰ ਦੀ ਹਾਮੀ ਰਹੀ ਹੈ। ਸਾਲ 2014 ਵਿਚ ਭਾਜਪਾ ਦੀ ਅਗਵਾਈ ਹੇਠ ਐਨ.ਡੀ.ਏ. ਹਕੂਮਤ ਬਣਨ ਤੋਂ ਬਾਅਦ ਮਿਥ ਕੇ ਦੇਸ਼ ਦਾ ਫੈਡਰਲ ਢਾਂਚਾ ਢਾਹੁਣ ਤੇ ਸੂਬਿਆਂ ਨੂੰ ਪੂਰੀ ਤਰ੍ਹਾਂ ਕੇਂਦਰ ਦੇ ਮੁਹਤਾਜ ਬਣਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਸੰਸਦ ਉਤੇ ਭਾਜਪਾ ਦੇ ਮੁਕੰਮਲ ਦਬਦਬੇ, ਪਾਰਟੀ ਦੇ ਢਾਂਚੇ, ਸੂਬਿਆਂ ਵਿਚ ਇਸ ਦੇ ਮੁੱਖ ਮੰਤਰੀਆਂ ਨੇ ਭਾਰਤੀ ਫੈਡਰਲ ਢਾਂਚੇ ਦੀ ਹੋਂਦ ਲਈ ਭਿਆਨਕ ਸੰਕਟ ਖੜ੍ਹਾ ਕਰ ਦਿੱਤਾ ਹੈ।***



**ਡਾ. ਮੁਹੰਮਦ ਖਾਲਿਦ**
**ਫੋਨ: +91-94637-42856**

ਭਾਰਤੀ ਸੰਵਿਧਾਨ ਦੇ ਘਾੜਿਆਂ ਨੇ ਦੇਸ਼ ਦੀ ਵੰਨ-ਸੁਵੰਨਤਾ ਅਤੇ ਵਿਸ਼ਾਲਤਾ ਦੇ ਮੱਦੇਨਜ਼ਰ ਹਿੰਦੋਸਤਾਨ ਨੂੰ ਫੈਡਰੇਸ਼ਨ (ਸੰਘ) ਬਣਾਉਣ ਦਾ ਫੈਸਲਾ ਕੀਤਾ। ਸੰਵਿਧਾਨ ਨੇ ਦੋ ਪੱਧਰੀ ਸਰਕਾਰਾਂ ਦਾ ਬੰਦੋਬਸਤ ਕਰਦਿਆਂ ਕੇਂਦਰ ਅਤੇ ਸੂਬਿਆਂ ਦਰਮਿਆਨ ਤਾਕਤਾਂ ਦੀ ਵੰਡ ਕੀਤੀ, ਸੰਵਿਧਾਨ ਦੀ ਸਰਬਉਚਤਾ ਰੱਖਦਿਆਂ ਆਜ਼ਾਦ ਨਿਆਂਪਾਲਿਕਾ ਕਾਇਮ ਕੀਤੀ। ਅਮਲੀ ਤੌਰ 'ਤੇ ਭਾਰਤੀ ਫੈਡਰਲ ਢਾਂਚਾ ਤਾਕਤਵਰ ਕੇਂਦਰ ਵਲ ਬਹੁਤ ਜ਼ਿਆਦਾ ਝੁਕਿਆ ਹੋਇਆ ਸੀ। ਸੰਵਿਧਾਨ ਨੇ ਕੇਂਦਰ ਨੂੰ ਸੂਬਿਆਂ ਦੇ ਮੁਕਾਬਲੇ ਬਹੁਤ ਜ਼ਿਆਦਾ ਅਖਤਿਆਰ ਦਿੱਤੇ ਹਨ। ਰਾਜਾਂ ਦੀਆਂ ਤਾਕਤਾਂ ਨੂੰ ਕੇਂਦਰ ਇਥੋਂ ਤੱਕ ਦਰੜ ਸਕਦਾ ਹੈ ਕਿ ਸੰਸਦ ਆਪਣੀ ਮਰਜ਼ੀ ਨਾਲ ਕਿਸੇ ਸੂਬੇ ਦਾ ਇਲਾਕਾ ਤੇ ਹੱਦਾਂ ਬਦਲ ਸਕਦਾ, ਇਸ ਦਾ ਨਾਂ ਤਬਦੀਲ ਕਰ ਸਕਦਾ ਹੈ। ਸੰਵਿਧਾਨ ਵਿਚ ਬਹੁਤੀਆਂ ਤਰਮੀਮਾਂ ਵੀ ਸੰਸਦ ਆਪਣੇ ਤੌਰ 'ਤੇ ਕਰ ਸਕਦੀ ਹੈ ਅਤੇ ਇਸ ਦੇ ਧਾਰਾ 352 ਤੇ 356 ਤਹਿਤ ਐਮਰਜੈਂਸੀ ਪ੍ਰਬੰਧ ਤਾਂ ਰਾਜਾਂ ਨੂੰ ਪੂਰੀ ਤਰ੍ਹਾਂ ਕੇਂਦਰ ਦੇ ਰਹਿਮੋ-ਕਰਮ 'ਤੇ ਹਨ। ਰਾਜ ਦੇ ਸੰਵਿਧਾਨਕ ਮੁਖੀ ਰਾਜਪਾਲ ਦੀ ਨਿਯੁਕਤੀ ਕੇਂਦਰ ਕਰਦਾ ਹੈ ਜੋ ਸੂਬੇ ਵਿਚ ਕੇਂਦਰ ਦੇ ਏਜੰਟ ਵਜੋਂ ਕੰਮ ਕਰਦਾ ਹੈ, ਜਿਸ ਨੂੰ ਕੇਂਦਰ ਵਲੋਂ ਸੂਬਾ ਸਰਕਾਰ ਨੂੰ ਨੱਥ ਪਾਉਣ ਲਈ ਕਦੇ ਵੀ ਵਰਤਿਆ ਜਾ ਸਕਦਾ ਹੈ। ਬਹੁਤੇ ਸੰਵਿਧਾਨਿਕ ਅਦਾਰੇ ਜਿਵੇਂ ਕੈਗ (ਕੰਪਟਰੋਲਰ ਐਂਡ ਆਡੀਟਰ ਜਨਰਲ), ਭਾਰਤੀ ਚੋਣ ਕਮਿਸ਼ਨ ਅਤੇ ਉਚੇਰੀ ਨਿਆਂਪਾਲਿਕਾ ਤੇ ਆਲ ਇੰਡੀਆ ਸੇਵਾਵਾਂ ਦੀਆਂ ਨਿਯੁਕਤੀਆਂ ਸਭ ਕੇਂਦਰ ਦੇ ਹੱਥ ਹਨ।

ਬੀਤੇ ਦਹਾਕਿਆਂ ਦੌਰਾਨ ਭਾਵੇਂ ਫੈਡਰਲ ਢਾਂਚੇ ਨੂੰ ਢਾਹ ਲੱਗ ਰਹੀ ਹੈ, ਪਰ ਸੂਬੇ ਇਸ ਦਾ ਵਿਰੋਧ ਕਰਦੇ ਰਹੇ ਹਨ। ਸੰਵਿਧਾਨਿਕ ਅਦਾਰਿਆਂ ਨੇ ਵੀ ਇਸ ਨੂੰ ਬਚਾਈ ਰੱਖਿਆ ਹੈ। ਖੇਤਰੀ ਪਾਰਟੀਆਂ ਵੀ ਸੂਬਿਆਂ ਨੂੰ ਵਧੇਰੇ ਖੁਦਮੁਖਤਾਰੀ ਤੇ ਤਾਕਤਾਂ ਦੇਣ ਦੀ ਮੰਗ ਕਰਦੀਆਂ ਹਨ। ਦੂਜੇ ਪਾਸੇ ਕੇਂਦਰ ਸਰਕਾਰਾਂ ਧਾਰਾ 356 ਦੀ ਵਰਤੋਂ ਜਾਂ ਵਰਤੋਂ ਦੇ ਡਰਾਵੇ ਦੇ ਕੇ, ਸੂਬਿਆਂ ਦੇ ਅਖਤਿਆਰਾਂ ਨਾਲ ਜੁੜੇ ਮਾਮਲਿਆਂ 'ਤੇ ਪ੍ਰਸ਼ਾਸਕੀ ਹੁਕਮ ਜਾਰੀ ਕਰ ਕੇ ਜਾਂ ਕੇਂਦਰ ਤੇ ਰਾਜਾਂ ਦਰਮਿਆਨ ਵਿਸ਼ਿਆਂ ਦੀ ਵੰਡ ਅਤੇ ਸਾਂਝੀ ਸੂਚੀ (ਸੰਵਿਧਾਨ ਦੇ ਸੱਤਵੇਂ ਸ਼ਡਿਊਲ) ਨਾਲ ਛੇੜਖਾਨੀ ਕਰ ਕੇ ਰਾਜਾਂ ਦੀ ਸੰਘੀ ਘੁੱਟਦੀਆਂ ਰਹਿੰਦੀਆਂ ਹਨ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੇ ਮੌਜੂਦਾ ਪ੍ਰਬੰਧ ਦੌਰਾਨ ਕੇਂਦਰ ਜਾਂ ਕਹੀਏ ਪ੍ਰਧਾਨ ਮੰਤਰੀ ਦੇ ਹੱਥਾਂ ਵਿਚ ਤਾਕਤਾਂ ਦਾ ਕੇਂਦਰੀਕਰਨ ਹੋਰ ਵੀ ਤੇਜ਼ ਹੋਇਆ ਹੈ ਤੇ ਇਸ ਨੇ ਭਾਰਤੀ ਫੈਡਰਲ ਢਾਂਚੇ ਦੇ ਕੰਮ-ਕਾਜ ਪੱਖੋਂ ਮਾੜੇ ਨਤੀਜੇ ਦਿਖਾਏ ਹਨ। ਭਾਜਪਾ ਨੇ 2014 'ਚ ਆਪਣੀ ਚੋਣ ਮੁਹਿੰਮ ਦੌਰਾਨ ਫੈਡਰਲ ਢਾਂਚੇ ਨੂੰ ਮਜ਼ਬੂਤ ਕਰਨ ਦੀ ਗੱਲ ਆਖੀ ਸੀ ਪਰ ਸੱਤਾ ਵਿਚ ਆਉਣ ਤੋਂ ਬਾਅਦ ਇਸ ਨੇ ਫੈਡਰਲ ਢਾਂਚੇ ਦੇ ਸਹੀ ਢੰਗ ਨਾਲ ਚੱਲਣ ਦੀ ਸ਼ਾਇਦ ਹੀ ਕੋਈ ਗੁੰਜਾਇਸ਼ ਛੱਡੀ ਹੋਵੇ। ਕੇਂਦਰ ਵਲੋਂ 2014 ਤੋਂ ਬਾਅਦ ਚਲਾਈ ਗਈ ਸਮੁੱਚੀ ਡਿਜੀਟਲ ਇੰਡੀਆ ਮੁਹਿੰਮ, ਤਾਕਤਾਂ ਦੇ ਕੇਂਦਰ ਕੋਲ ਕੇਂਦਰੀਕਰਨ ਪੱਖੋਂ ਬਹੁਤ ਅਹਿਮ ਬਣ ਗਈ ਹੈ, ਕਿਉਂਕਿ ਇਨ੍ਹਾਂ ਐਪਸ ਰਾਹੀਂ ਇਕੱਤਰ ਕੀਤੀ ਜਾਣ ਵਾਲੀ ਸਾਰੀ ਜਾਣਕਾਰੀ ਕੇਂਦਰੀ ਮਕਾਨ ਤੇ ਸ਼ਹਿਰੀ ਮਾਮਲਿਆਂ ਦੇ ਮੰਤਰਾਲੇ ਕੋਲ ਪੁੱਜਦੀ ਹੈ। ਇਸ ਨਾਲ ਸੂਬਾ ਸਰਕਾਰਾਂ ਦੀਆਂ ਤਾਕਤਾਂ ਲਈ ਖਤਰਾ ਬਣਦਾ ਹੈ।

ਦੇਸ਼ ਵਾਸੀਆਂ ਦੀ ਰੋਜ਼ਾਨਾ ਜ਼ਿੰਦਗੀ ਵਿਚ ਮਦਦ ਲਈ ਕੇਂਦਰ ਨੇ ਪੰਜ ਐਪਸ ਲਾਜ਼ਮੀ ਕੀਤੀਆਂ ਹਨ। ਤਸਦੀਕਸ਼ੁਦਾ ਦਸਤਾਵੇਜ਼ਾਂ ਲਈ ਐਪ ਡਿਜੀਲੌਕਰ ਨੂੰ ਕੇਂਦਰੀ ਇਲੈਕਟ੍ਰਾਨਿਕਸ ਤੇ ਆਈ.ਟੀ. ਮੰਤਰਾਲਾ ਚਲਾਉਂਦਾ ਹੈ, ਜੋ 2015 ਵਿਚ ਸ਼ੁਰੂ ਕੀਤੀ ਗਈ। ਉਮੰਗ (ਯੂਨੀਫਾਈਡ ਮੋਬਾਈਲ ਐਪਲੀਕੇਸ਼ਨ ਫਾਰ ਨਿਊ-ਏਜ ਗਵਰਨੈਂਸ) ਵੀ ਇਸੇ ਮੰਤਰਾਲੇ ਤੇ ਨੈਸ਼ਨਲ ਈ-ਗਵਰਨੈਂਸ ਡਿਵੀਜ਼ਨ ਨੇ ਤਿਆਰ ਕੀਤੀ ਹੈ, ਤਾਂ ਕਿ ਭਾਰਤ ਵਿਚ ਮੋਬਾਈਲ ਰਾਹੀਂ ਪ੍ਰਸ਼ਾਸਨ ਚਲਾਇਆ ਜਾ ਸਕੇ। ਇਸ ਐਪ ਰਾਹੀਂ ਈ-ਆਧਾਰ ਤੋਂ ਲੈ ਕੇ ਪੈਨ ਕਾਰਡ ਤੇ ਗੈਸ ਸਿਲੰਡਰ ਭਰਨ ਤੱਕ ਲਈ ਅਪਲਾਈ ਕੀਤਾ ਜਾ ਸਕਦਾ ਹੈ, ਸੀ.ਬੀ.ਐਸ.ਈ. ਨਤੀਜੇ ਦੇਖੇ ਜਾ ਸਕਦੇ ਹਨ। ਨੈਸ਼ਨਲ ਪੇਮੈਂਟ ਕਾਰਪੋਰੇਸ਼ਨ ਆਫ ਇੰਡੀਆ ਵਲੋਂ ਤਿਆਰ ਭੀਮ ਐਪ ਹਿੰਦੋਸਤਾਨ ਨੂੰ 'ਨਕਦੀ-ਰਹਿਤ' ਅਰਥਚਾਰਾ ਬਣਾਉਣ ਲਈ ਹੈ। ਇਸ ਰਾਹੀਂ ਬੈਂਕ ਖਾਤਿਆਂ ਤੋਂ ਸਿੱਧੀ ਅਦਾਇਗੀ ਕੀਤੀ ਜਾ ਸਕਦੀ ਹੈ। ਅਰੋਗਿਆ ਸੇਤੂ ਐਪ ਭਾਰਤ ਸਰਕਾਰ ਨੇ ਕੋਵਿਡ-19 ਖਿਲਾਫ ਲੜਾਈ ਵਿਚ ਜ਼ਰੂਰੀ ਸਿਹਤ ਸੇਵਾਵਾਂ ਨੂੰ ਦੇਸ਼ ਵਾਸੀਆਂ ਨਾਲ ਜੋੜਨ ਵਾਸਤੇ ਬਣਾਈ ਜੋ ਵਰਤੋਂਕਾਰਾਂ ਨੂੰ ਕਰੋਨਾ ਬਾਰੇ ਚੌਕਸ ਤੇ ਜਾਗਰੂਕ ਕਰਦੀ ਹੈ। ਇਨ੍ਹਾਂ ਐਪਸ ਰਾਹੀਂ ਦੇਸ਼ ਵਾਸੀਆਂ ਦਾ ਸਾਰਾ ਨਿਜੀ ਡੇਟਾ ਸਿੱਧਾ ਕੇਂਦਰ ਕੋਲ ਜਾ ਰਿਹਾ ਹੈ, ਜਿਸ ਨੂੰ ਸਾਂਭਣ ਜਾਂ ਵਰਤਣ ਸਬੰਧੀ ਰਾਜ ਸਰਕਾਰਾਂ ਦਾ ਕੋਈ ਅਖਤਿਆਰ ਨਹੀਂ ਹੈ।

ਮੌਜੂਦਾ ਕੇਂਦਰੀ ਸਰਕਾਰ ਲਗਾਤਾਰ ਕੋਆਪਰੇਟਿਵ ਫੈਡਰਲਿਜ਼ਮ (ਸਹਿਕਾਰੀ ਸੰਘਵਾਦ) ਦੀ ਮਜ਼ਬੂਤੀ ਦੀ ਗੱਲ ਕਰਦੀ ਹੈ ਪਰ ਮੰਗਲਵਾਰ 8 ਨਵੰਬਰ, 2016 ਨੂੰ ਪ੍ਰਧਾਨ ਮੰਤਰੀ ਨੇ ਅਚਨਚੇਤੀ ਤੇ ਬੜਾ ਘੱਟ ਸਮਾਂ ਦਿੰਦਿਆਂ 500 ਤੇ 1000 ਰੁਪਏ ਦੇ ਕਰੰਸੀ ਨੋਟਾਂ ਨੂੰ ਬੰਦ ਕਰ ਕੇ ਬਾਜ਼ਾਰ ਤੇ ਆਮ ਆਦਮੀ ਨੂੰ ਭਾਰੀ ਝਟਕਾ ਦਿੱਤਾ। ਇਸ ਨੇ ਦੇਸ਼ 'ਚ ਸਭ ਕੁਝ ਹਿਲਾ ਕੇ ਰੱਖ ਦਿੱਤਾ। ਕੀ ਫੈਡਰਲ ਢਾਂਚੇ ਵਿਚ ਅਜਿਹੇ ਅਹਿਮ ਫੈਸਲੇ ਕਿਸੇ ਇਕ ਬੰਦੇ ਵਲੋਂ, ਬਿਨਾਂ ਸੂਬਾਈ ਮੁੱਖ ਮੰਤਰੀਆਂ ਦੀ ਜਾਣਕਾਰੀ, ਮਨਜ਼ੂਰੀ ਤੇ ਸਲਾਹ ਤੋਂ ਲਏ ਜਾਣੇ ਚਾਹੀਦੇ ਹਨ? ਨੋਟਬੰਦੀ ਨੇ ਸੂਬਾਈ ਸਰਕਾਰਾਂ ਦੇ ਰੋਜ਼ਾਨਾ ਕੰਮ-ਕਾਜ ਵਿਚ ਭਾਰੀ ਵਿਘਨ ਪਾਇਆ ਜੋ ਫੈਡਰਲ ਢਾਂਚੇ ਦੇ ਹੱਕ ਵਿਚ ਨਹੀਂ ਸੀ।

ਵਸਤਾਂ ਤੇ ਸੇਵਾਵਾਂ ਟੈਕਸ (ਜੀ.ਐਸ.ਟੀ.) ਦੀ ਬਣਤਰ ਤੇ ਇਸ ਨੂੰ ਲਾਗੂ ਕਰਨ ਦਾ ਤਰੀਕਾ ਵੀ ਦੇਸ਼ ਦੇ ਵਿੱਤੀ ਸੰਘਵਾਦ ਦੀ ਹੇਠੀ ਕਰਦਾ ਹੈ, ਜਿਸ ਨੇ ਵਿੱਤੀ ਪੱਖੋਂ ਕੇਂਦਰ ਤੇ ਸੂਬਿਆਂ ਦਰਮਿਆਨ ਅਸੰਤੁਲਨ ਪੈਦਾ ਕਰ ਦਿੱਤਾ ਹੈ। ਜੀ.ਐਸ.ਟੀ. ਤਹਿਤ ਵਸੀਲੇ ਜੁਟਾਉਣ ਦਾ ਮਾਮਲਾ ਕੇਂਦਰ ਦੇ ਹੱਥ ਕੇਂਦਰਿਤ ਹੋ ਗਿਆ, ਜਦੋਂਕਿ ਸਮਾਜੀ-ਮਾਲੀ ਜ਼ਿੰਮੇਵਾਰੀਆਂ ਰਾਜਾਂ ਸਿਰ ਹਨ। ਸੂਬਿਆਂ ਦੀ ਵਸੀਲੇ ਜੁਟਾਉਣ ਦੀ ਸਮਰੱਥਾ ਨੂੰ ਇਸ ਕਾਰਨ ਵੀ ਨੁਕਸਾਨ ਪਹੁੰਚਿਆ ਕਿ ਜੀ.ਐਸ.ਟੀ. ਵਿਚ ਸੂਬਿਆਂ ਵਲੋਂ ਇਕੱਤਰ ਕੀਤੇ ਜਾਣ ਵਾਲੇ ਟੈਕਸ 60 ਫੀਸਦੀ ਤੇ ਕੇਂਦਰ ਵਾਲੇ 40 ਫੀਸਦੀ ਸ਼ਾਮਲ ਕੀਤੇ ਗਏ ਹਨ। ਕੇਂਦਰ ਵਲੋਂ ਖੀਸਾ ਘੁੱਟ ਕੇ ਫੜੀ ਰੱਖਣ ਦਾ ਇਰਾਦਾ ਉਦੋਂ ਹੋਰ ਜ਼ਾਹਰ ਹੋ ਗਿਆ, ਜਦੋਂ ਮੋਦੀ ਨੇ ਅਕਤੂਬਰ 2017 'ਚ ਐਲਾਨ ਕੀਤਾ ਕਿ ਕੇਂਦਰ ਸਰਕਾਰ ਉਨ੍ਹਾਂ ਸੂਬਿਆਂ ਨੂੰ ਫੰਡ ਜਾਰੀ ਨਹੀਂ ਕਰੇਗੀ, ਜਿਹੜੇ 'ਵਿਕਾਸ ਦੇ ਖਿਲਾਫ' ਹਨ। ਸਭ ਜਾਣਦੇ ਹਨ ਕਿ ਕੇਂਦਰ ਵਲੋਂ ਰਾਜਾਂ ਨੂੰ ਜੀ.ਐਸ.ਟੀ. ਫੰਡਾਂ ਦੀ ਵੰਡ ਆਪਣੀ ਮਰਜ਼ੀ ਮੁਤਾਬਕ ਕੀਤੀ ਜਾਂਦੀ ਹੈ, ਜਦੋਂ ਰਾਜ ਭੁੱਖੇ ਮਰਦੇ ਮਿੰਨਤਾਂ-ਤਰਲੇ ਕਰਦੇ ਹਨ। ਇੰਝ ਜੀ.ਐਸ.ਟੀ. ਨੇ ਟੈਕਸ ਇਕੱਠੇ ਕਰਨ ਦੀ ਰਾਜਾਂ ਦੀ ਤਾਕਤ ਖੋਹ ਲਈ ਤੇ ਸੂਬੇ ਪੂਰੀ ਤਰ੍ਹਾਂ ਕੇਂਦਰ ਦੇ ਮੁਹਤਾਜ ਹੋ ਗਏ ਹਨ।

ਮੌਜੂਦਾ ਕੋਵਿਡ-19 ਸੰਕਟ ਦੌਰਾਨ ਕੇਂਦਰ ਨੇ ਰਾਜਾਂ ਦੀਆਂ ਤਾਕਤਾਂ 'ਤੇ ਹੋਰ ਝਪਟਾ ਮਾਰਦਿਆਂ ਆਪਣੀ ਮਰਜ਼ੀ ਮੁਤਾਬਕ ਫੈਸਲੇ ਲੈ ਕੇ ਫੈਡਰਲ ਢਾਂਚੇ ਨੂੰ ਨੁਕਸਾਨ ਪਹੁੰਚਾਇਆ ਅਤੇ ਇਕ ਤਰ੍ਹਾਂ ਇਕਾਤਮਕ ਹਕੂਮਤ ਵਾਂਗ ਵਰਤਾਉ ਕੀਤਾ। ਆਖਿਆ ਜਾਂਦਾ ਹੈ ਕਿ ਰਾਜ ਸਰਕਾਰਾਂ ਤਾਂ ਮਹਿਜ਼ ਮਿਉਂਸਿਪਲ ਕਮੇਟੀਆਂ ਬਣਾ ਕੇ ਰੱਖ ਦਿੱਤੀਆਂ ਹਨ। ਕੇਂਦਰ ਨੇ ਕੋਵਿਡ-19 ਨੂੰ ਤਾਕਤਾਂ ਆਪਣੇ ਹੱਥ 'ਚ ਲੈਣ ਦੇ ਮੌਕੇ ਵਜੋਂ ਵਰਤਿਆ। ਪ੍ਰਧਾਨ ਮੰਤਰੀ ਨੇ ਪਹਿਲਾ ਲੌਕਡਾਊਨ 24 ਮਾਰਚ, 2020 ਨੂੰ ਕੁਝ ਕੁ ਘੰਟੇ ਦੇ ਨੋਟਿਸ ਨਾਲ, ਰਾਜਾਂ ਦੀ ਕਿਸੇ ਜਾਣਕਾਰੀ, ਸਹਿਮਤੀ ਜਾਂ ਸਲਾਹ ਤੋਂ ਬਿਨਾਂ ਐਲਾਨਿਆ। ਇਸ ਨਾਲ ਰਾਜਾਂ ਦਾ ਪ੍ਰਸ਼ਾਸਕੀ ਤੇ ਵਿੱਤੀ ਢਾਂਚਾ ਹੀ ਠੱਪ ਨਹੀਂ ਹੋਇਆ ਸਗੋਂ ਸਹਿਕਾਰੀ ਸੰਘਵਾਦ ਦੇ ਸਿਧਾਂਤ ਦੀ ਵੀ ਹੇਠੀ ਹੋਈ। ਕੇਂਦਰ ਵਲੋਂ ਪਹਿਲੇ ਲੌਕਡਾਊਨ ਲਈ 24 ਮਾਰਚ ਤੇ ਇਸ 'ਚ ਵਾਧੇ ਲਈ 15 ਅਪਰੈਲ ਨੂੰ ਜਾਰੀ ਨੋਟਿਸ ਕੁੱਲ ਮਿਲਾ ਕੇ ਕਾਰਜਕਾਰੀ ਹੁਕਮਾਂ ਵਰਗੇ ਅਤੇ ਰਾਜਾਂ ਦੇ ਦਾਇਰਾ ਅਖਤਿਆਰ (ਸੰਵਿਧਾਨ ਦਾ ਸੱਤਵਾਂ ਸ਼ਡਿਊਲ) ਦੀ ਉਲੰਘਣਾ ਕਰਦੇ ਸਨ।

ਪ੍ਰਧਾਨ ਮੰਤਰੀ ਵਲੋਂ 28 ਮਾਰਚ ਨੂੰ ਪੀ.ਐਮ. ਕੇਅਰਜ਼ ਫੰਡ ਬਣਾਉਣ ਦਾ ਕੀਤਾ ਐਲਾਨ ਵੀ ਮਹਿਜ਼ ਇਕ ਵਿਅਕਤੀ ਵਾਲਾ ਮਾਮਲਾ ਹੈ, ਕਿਉਂਕਿ ਪ੍ਰਧਾਨ ਮੰਤਰੀ ਅਹੁਦੇ ਨਾਤੇ ਇਸ ਦਾ ਚੇਅਰਮੈਨ ਅਤੇ ਰੱਖਿਆ, ਗ੍ਰਹਿ ਤੇ ਵਿੱਤ ਮੰਤਰੀ ਟਰਸਟੀ ਹਨ। ਟਰਸਟ ਦੇ ਤਿੰਨ ਹੋਰ ਮੈਂਬਰ ਨਿਯੁਕਤ ਕਰਨ ਦਾ ਅਖਤਿਆਰ ਵੀ ਪ੍ਰਧਾਨ ਮੰਤਰੀ ਕੋਲ ਹੈ। ਫੰਡ ਦਾ ਆਡਿਟ ਕੈਗ ਨਹੀਂ ਕਰੇਗਾ, ਸਗੋਂ ਟਰਸਟੀਆਂ ਵਲੋਂ ਇਹ ਕੰਮ 'ਆਜ਼ਾਦ ਆਡੀਟਰਾਂ' ਤੋਂ ਕਰਵਾਇਆ ਜਾਵੇਗਾ। ਕੰਪਨੀਆਂ ਸੀ.ਐਸ.ਆਰ. ਤਹਿਤ ਪੀ.ਐਮ. ਕੇਅਰਜ਼ ਨੂੰ ਫੰਡ ਦੇ ਸਕਦੀਆਂ ਹਨ, ਪਰ 'ਮੁੱਖ ਮੰਤਰੀ ਰਾਹਤ ਫੰਡ' ਜਾਂ ਕਈ ਸੂਬਿਆਂ ਵਲੋਂ ਬਣਾਏ 'ਸੂਬਾਈ ਕੋਵਿਡ-19 ਰਾਹਤ ਫੰਡ' ਲਈ ਸੀ.ਐਸ.ਆਰ. ਤਹਿਤ ਫੰਡ ਨਹੀਂ ਦੇ ਸਕਦੀਆਂ। ਇਹ ਕਦਮ ਸਿੱਧੇ ਤੌਰ 'ਤੇ ਅਤੇ ਮਿੱਥ ਕੇ ਸਹਿਕਾਰੀ ਸੰਘਵਾਦ ਨੂੰ ਸੱਟ ਮਾਰਦੇ ਹਨ।

ਕਰੋਨਾ ਦੇ ਫੈਲਾਅ ਮੁਤਾਬਕ ਇਲਾਕਿਆਂ ਨੂੰ 'ਲਾਲ', 'ਸੰਤਰੀ' ਤੇ 'ਹਰੇ' ਜ਼ੋਨ ਕਰਾਰ ਦੇਣ ਦਾ ਰਾਜਾਂ ਦਾ ਅਖਤਿਆਰ ਵੀ ਕੇਂਦਰ ਨੇ ਖੋਹ ਲਿਆ। ਲੌਕਡਾਊਨ ਤਹਿਤ ਸ਼ਰਾਬ ਦੀ ਵਿਕਰੀ ਦਾ ਮਾਮਲਾ ਵੀ ਕੇਂਦਰ ਨੇ ਆਪਣੇ ਹੱਥ ਲੈ ਲਿਆ, ਜਦੋਂਕਿ ਰਾਜ ਸਰਕਾਰਾਂ ਨੂੰ ਮਿਲਣ ਵਾਲੇ ਕੁਝ ਕੁ ਟੈਕਸਾਂ ਵਿਚ ਸ਼ਰਾਬ ਵੀ ਸ਼ਾਮਲ ਹੈ, ਜਿਸ ਨਾਲ ਸੂਬਾ ਸਰਕਾਰਾਂ ਕੁਝ ਪੈਸੇ ਜੁਟਾ ਸਕਦੀਆਂ ਹਨ। ਲੌਕਡਾਊਨ ਦੌਰਾਨ ਸੂਬਿਆਂ ਤੇ ਉਨ੍ਹਾਂ ਦੀਆਂ ਨੀਤੀਆਂ ਉਤੇ ਕੰਟਰੋਲ ਲਈ ਕੇਂਦਰ ਨੇ ਸੂਬਿਆਂ ਵਿਚ 'ਜਾਂਚ ਟੀਮਾਂ' ਭੇਜੀਆਂ ਤੇ ਕੁਝ ਥਾਈਂ ਇਨ੍ਹਾਂ ਦਾ ਮਕਸਦ ਰਾਜਾਂ ਨੂੰ ਸਿਆਸੀ ਮੰਤਵ ਨਾਲ ਪ੍ਰੇਸ਼ਾਨ ਕਰਨਾ ਵੀ ਸੀ।

ਭਾਜਪਾ ਹਮੇਸ਼ਾ ਮਜ਼ਬੂਤ ਕੇਂਦਰ ਦੀ ਹਾਮੀ ਰਹੀ ਹੈ। ਸਾਲ 2014 ਵਿਚ ਭਾਜਪਾ ਦੀ ਅਗਵਾਈ ਹੇਠ ਐਨ.ਡੀ.ਏ. ਹਕੂਮਤ ਬਣਨ ਤੋਂ ਬਾਅਦ ਮਿਥ ਕੇ ਦੇਸ਼ ਦਾ ਫੈਡਰਲ ਢਾਂਚਾ ਢਾਹੁਣ ਤੇ ਸੂਬਿਆਂ ਨੂੰ ਪੂਰੀ ਤਰ੍ਹਾਂ ਕੇਂਦਰ ਦੇ ਮੁਹਤਾਜ ਬਣਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਸੰਸਦ ਉਤੇ ਭਾਜਪਾ ਦੇ ਮੁਕੰਮਲ ਦਬਦਬੇ, ਪਾਰਟੀ ਦੇ ਢਾਂਚੇ, ਸੂਬਿਆਂ ਵਿਚ ਇਸ ਦੇ ਮੁੱਖ ਮੰਤਰੀਆਂ ਨੇ ਭਾਰਤੀ ਫੈਡਰਲ ਢਾਂਚੇ ਦੀ ਹੋਂਦ ਲਈ ਭਿਆਨਕ ਸੰਕਟ ਖੜ੍ਹਾ ਕਰ ਦਿੱਤਾ ਹੈ। ਫੈਡਰਲਿਜ਼ਮ ਕਮਜ਼ੋਰ ਪੈਣ ਨਾਲ ਕੇਂਦਰ ਨੂੰ ਸੰਵਿਧਾਨਿਕ ਢਾਂਚੇ ਢਾਹੁਣ ਜਾਂ ਕਮਜ਼ੋਰ ਕਰਨ, ਨਿਆਂ ਪਾਲਿਕਾ ਦੀ ਆਜ਼ਾਦੀ ਲਈ ਖਤਰਾ ਪੈਦਾ ਕਰਨ, ਮੀਡੀਆ ਦੇ ਸਵਾਲ ਕਰਨ ਵਾਲੇ ਹਿੱਸਿਆਂ ਦੀ ਜ਼ੁਬਾਨਬੰਦੀ, ਐਨ.ਜੀ.ਓਜ਼ ਨੂੰ ਮਿਲ ਰਹੇ ਫੰਡ ਰੋਕਣ ਲਈ ਉਨ੍ਹਾਂ ਦੀ ਨਿਗਰਾਨੀ ਅਤੇ ਸਮਾਜਿਕ ਸਰਗਰਮੀਆਂ ਰੋਕਣ ਲਈ ਸ਼ਹਿ ਮਿਲੀ ਹੈ। ਦੇਸ਼ ਦੇ ਸੰਘੀ ਢਾਂਚੇ ਨੂੰ ਢਾਹੁਣ ਦੀਆਂ ਕੇਂਦਰ ਦੀਆਂ ਕੋਸ਼ਿਸ਼ਾਂ ਦੇ ਵਿਰੋਧ ਨੂੰ ਖੁੰਢਾ ਕਰਨ ਲਈ ਹਰ ਵਿਧਾਨਿਕ ਤੇ ਪ੍ਰਸ਼ਾਸਕੀ ਵਾਹ ਲਾਈ ਜਾ ਰਹੀ ਹੈ। ਮੁਖਾਲਿਫ ਆਵਾਜ਼ਾਂ ਨੂੰ ਦਬਾਉਣ ਲਈ ਕੇਂਦਰੀ ਜਾਂਚ ਏਜੰਸੀਆਂ ਦੇ ਇਸਤੇਮਾਲ ਦੀ ਆਮ ਚਰਚਾ ਹੈ। ਬੀਤੇ ਸੱਤ ਦਹਾਕਿਆਂ ਦੌਰਾਨ ਉਸਾਰਿਆ ਤੇ ਸੰਭਾਲਿਆ ਗਿਆ ਸੰਵਿਧਾਨਿਕ ਮਹੌਲ ਗੰਭੀਰ ਖਤਰੇ ਵਿਚ ਹੈ। ਇਸ ਨੇ ਭਾਰਤੀ ਫੈਡਰਲਿਜ਼ਮ ਨੂੰ ਤਬਾਹੀ ਦੇ ਕੰਢੇ ਪਹੁੰਚਾ ਦਿੱਤਾ ਹੈ।

# ਪੁਲਿਸ ਮੁਕਾਬਲਿਆਂ ਦੇ ਜਸ਼ਨ ਇਕ ਖਤਰਨਾਕ ਰੁਝਾਨ

ਵਿਕਾਸ ਦੁੱਬੇ ਨੂੰ ਫਰਜੀ ਮੁਕਾਬਲੇ ਵਿਚ ਮਾਰ ਦਿੱਤੇ ਜਾਣ ਨਾਲ ਭਾਰਤੀ ਹੁਕਮਰਾਨ ਜਮਾਤ ਵੱਲੋਂ ਪੁਲਿਸ ਅਤੇ ਸਲਾਮਤੀ ਦਸਤਿਆਂ ਨੂੰ ਦਿੱਤੀ ਖੁੱਲ੍ਹੀ ਛੁੱਟੀ ਦਾ ਸਵਾਲ ਮੁੜ ਚਰਚਾ ਵਿਚ ਆ ਗਿਆ ਹੈ। ਕੁਛ ਲੋਕਾਂ ਵੱਲੋਂ ਉਸ ਨੂੰ ਮੁਕਾਬਲੇ 'ਚ ਮਾਰ ਦੇਣ ਦਾ ਖਦਸ਼ਾ ਸੱਚ ਸਾਬਤ ਹੋਇਆ। 750 ਕਿਲੋਮੀਟਰ ਦੂਰ ਉਜੈਨ (ਮੱਧ ਪ੍ਰਦੇਸ਼) ਤੋਂ ਗ੍ਰਿਫ਼ਤਾਰੀ ਅਤੇ ਫਿਰ ਕਾਨਪੁਰ (ਯੂਪੀ) ਲਾਗੇ ਗੱਡੀ ਪਲਟਣ ਤੋਂ ਬਾਦ ਹੋਏ ਮੁਕਾਬਲੇ ਵਿਚ ਦੁੱਬੇ ਦੇ ਹਲਾਕ ਹੋਣ ਦੀ ਕਹਾਣੀ ਐਨੀ ਬੇਤੁਕੀ ਸੀ ਕਿ ਮੁਲਕ ਦੇ ਕਈ ਸਾਬਕਾ ਪੁਲਿਸ ਮੁਖੀਆਂ ਨੇ ਇਸ ਕਹਾਣੀ ਨੂੰ ਚੁਣੌਤੀ ਦਿੱਤੀ ਹੈ। ਦੁੱਬੇ ਦਾ ਯੋਜਨਾਬੱਧ ਤਰੀਕੇ ਨਾਲ ਸਫ਼ਾਇਆ ਕੀਤੇ ਜਾਣ ਦਾ ਇਕ ਮੁੱਖ ਕਾਰਨ ਪੁਲਿਸ ਦੇ ਮਨੋਬਲ ਦੀ ਬਹਾਲੀ ਤੋਂ ਇਲਾਵਾ ਪੁਲਿਸ-ਮੁਜਰਿਮਾਂ ਅਤੇ

**ਬੂਟਾ ਸਿੰਘ**
**ਫੋਨ: +91-94634-74342**

ਮੁੱਖਧਾਰਾ ਦੇ ਵੱਡੇ ਸਿਆਸਤਦਾਨਾਂ ਦੇ ਗੂੜ੍ਹੇ ਸੰਬੰਧਾਂ ਉੱਪਰ ਪਰਦਾ ਬਣਾਈ ਰੱਖਣਾ ਵੀ ਹੈ। ਇਕ ਡੀਐੱਸਪੀ ਸਮੇਤ 8 ਪੁਲਸੀਆਂ ਦੇ ਵਹਿਸ਼ੀ ਕਤਲਾਂ ਤੋਂ ਪ੍ਰੇਸ਼ਾਨ ਹਿੱਸਿਆਂ ਨੂੰ ਇਸ ਤੱਥ ਨੇ ਨਹੀਂ ਝੰਜੋੜਿਆ ਕਿ ਉਸ ਦੀ ਅਪਰਾਧ-ਸਲਤਨਤ ਪੁਲਿਸ ਅਤੇ ਹਾਕਮ ਜਮਾਤੀ ਸਿਆਸਤ ਦੀ ਸਰਪ੍ਰਸਤੀ ਨਾਲ ਇਸ ਬੁਲੰਦੀ 'ਤੇ ਪਹੁੰਚੀ। ਇਕ ਰਾਜ ਮੰਤਰੀ ਨੂੰ ਥਾਣੇ ਦੇ ਅੰਦਰ ਦਿਨ-ਦਿਹਾੜੇ ਗੋਲੀ ਨਾਲ ਉਡਾਉਣ ਤੋਂ ਬਾਦ ਉਹ ਸਾਫ਼ ਬਰੀ ਹੋ ਗਿਆ ਸੀ ਕਿਉਂਕਿ ਚਸ਼ਮਦੀਦ ਗਵਾਹ ਪੁਲਿਸੀਆਂ ਨੇ ਉਸ ਦੇ ਖਿਲਾਫ਼ ਗਵਾਹੀ ਨਹੀਂ ਸੀ ਦਿੱਤੀ। ਉਸ ਦਾ 25 ਸਾਲ ਦਾ ਅਪਰਾਧ-ਸਫ਼ਰ ਸੱਤਾ ਦੇ ਗਲਿਆਰਿਆਂ ਵਿਚ ਉਸ ਦੀ ਸਿੱਧੀ ਪਹੁੰਚ ਦਾ ਪ੍ਰਤਾਪ ਸੀ। ਇਕ ਦੂਜੇ ਵਿਰੁੱਧ ਚਿੱਕੜ-ਉਛਾਲੀ ਕਰਨ ਵਾਲੇ ਸੱਤਾਧਾਰੀ ਅਤੇ ਵਿਰੋਧੀ-ਧਿਰ ਦੇ ਸਿਆਸਤਦਾਨਾਂ ਦੀਆਂ ਦੁੱਬੇ ਨਾਲ ਤਸਵੀਰਾਂ ਨੇ ਬਹੁਤ ਕੁਛ ਜੱਗ-ਜ਼ਾਹਿਰ ਕਰ ਹੀ ਦਿੱਤਾ ਹੈ। ਉਸ ਦਾ ਸਫ਼ਾਇਆ ਅਪਰਾਧ ਅਤੇ ਸੱਤਾ ਦੇ ਨਾਪਾਕ ਰਿਸ਼ਤੇ ਦੇ ਗੂੜ੍ਹੇ ਰਾਜ਼ ਬਚਾ ਕੇ ਰੱਖਣ ਦੀ ਜ਼ਰੂਰਤ ਵਿੱਚੋਂ ਕੀਤਾ ਗਿਆ ਹੈ। ਸੱਤਾ ਮੁਜਰਿਮ ਗਰੋਹਾਂ ਅਤੇ ਫਰਜ਼ੀ ਮੁਕਾਬਲਿਆਂ ਦੋਨਾਂ ਦੀ ਪੁਸ਼ਤ-ਪਨਾਹੀ ਕਰਦੀ ਹੈ।

ਫਰਜ਼ੀ ਮੁਕਾਬਲੇ ਰਾਜਨੀਤਕ ਪੁਸ਼ਤਪਨਾਹੀ ਹੇਠ ਅਦਾਲਤੀ ਅਮਲ ਨੂੰ ਟਿੱਚ ਸਮਝਣ ਦਾ ਨਤੀਜਾ ਹਨ। ਇਹ ਪੁਲਿਸ ਅਧਿਕਾਰੀਆਂ ਦੀ ਹੱਤਿਆ ਤੋਂ ਵੀ ਖਤਰਨਾਕ ਵਰਤਾਰਾ ਹੈ। ਜਿਸ ਦਿਨ, 3 ਜੁਲਾਈ ਨੂੰ ਦੁੱਬੇ ਗਰੋਹ ਵੱਲੋਂ ਅੱਠ ਪੁਲਸੀਆਂ ਦਾ ਕਤਲ ਕੀਤਾ ਗਿਆ ਉਸ ਤੋਂ ਬਾਦ ਐਸੇ 'ਮੁਕਾਬਲੇ' ਬਣਾ ਕੇ ਉਸ ਦੇ ਗੈਂਗ ਦੇ ਛੇ ਮੈਂਬਰਾਂ ਨੂੰ ਕਤਲ ਕੀਤਾ ਗਿਆ ਹੈ। ਭਾਰਤ ਨੇ ਸੱਤ ਦਹਾਕੇ ਦੇ ਰਾਜਸੀ ਅਮਲ ਵਿਚ ਐਸੇ ਗ਼ੈਰਅਦਾਲਤੀ ਕਤਲਾਂ ਨੂੰ ਸਹਿਜ ਵਰਤਾਰਾ ਸਵੀਕਾਰ ਕਰ ਲਿਆ ਹੈ। 1970 ਦੀ ਨਕਸਲੀ ਲਹਿਰ, ਪੰਜਾਬ ਵਿਚ ਖਾਲਸਤਾਨੀ ਲਹਿਰ, ਕਸ਼ਮੀਰ, ਉੱਤਰ-ਪੂਰਬ ਅਤੇ ਪੂਰੇ ਮੁਲਕ ਵਿਚ ਮਾਓਵਾਦੀ ਲਹਿਰ ਦੇ ਇਲਾਕਿਆਂ ਵਿਚ ਹੋਏ ਦਹਿ-ਹਜ਼ਾਰਾਂ ਗ਼ੈਰਅਦਾਲਤੀ ਕਤਲ ਕਦੇ ਉੱਭਰਵਾਂ ਰਾਜਨੀਤਕ ਮੁੱਦਾ ਨਹੀਂ ਬਣੇ, ਹਾਲਾਂਕਿ ਇਹ ਮਨੁੱਖੀ ਜ਼ਿੰਦਗੀ ਦੀ ਰਾਖੀ ਦਾ ਬੁਨਿਆਦੀ ਸਵਾਲ ਹੈ। ਅਫਸਪਾ, ਯੂਏਪੀਏ ਵਰਗੇ ਕਾਨੂੰਨਾਂ ਰਾਹੀਂ ਪੁਲਿਸ-ਨੀਮ ਫ਼ੌਜ ਅਤੇ ਫ਼ੌਜ ਨੂੰ ਸਜ਼ਾ ਤੋਂ ਛੋਟ ਅਤੇ ਮਨਮਾਨੀਆਂ ਦੀ ਖੁੱਲ੍ਹ ਆਮ ਤੌਰ 'ਤੇ ਰਾਜਨੀਤਕ ਸੰਵਾਦ ਦੇ ਘੇਰੇ ਤੋਂ ਬਾਹਰ ਹੈ। ਸੰਘਰਸ਼ਸ਼ੀਲ ਤਾਕਤਾਂ ਦਾ ਰਵੱਈਆ ਵੀ ਮਨੁੱਖੀ ਹੱਕਾਂ ਦੇ ਘਾਣ ਪ੍ਰਤੀ ਰਵੱਈਆ ਸਿਲੈਕਟਿਵ ਹੈ।

ਜਿੱਥੋਂ ਤੱਕ 'ਮੁੱਖਧਾਰਾ' ਸਿਆਸਤ ਦਾ ਸਵਾਲ ਹੈ, 1970 'ਚ ਇੰਦਰਾ ਸਰਕਾਰ ਦੀ ਨਕਸਲੀ ਲਹਿਰ ਨੂੰ ਦਬਾਉਣ ਲਈ ਮੁਕਾਬਲਿਆਂ ਦੀ ਨੀਤੀ ਦੀ ਸਾਰੀਆਂ ਪਾਰਟੀਆਂ ਵੱਲੋਂ ਨਾ ਸਿਰਫ਼ ਡੱਟ ਕੇ ਹਮਾਇਤ ਕੀਤੀ ਗਈ ਸਗੋਂ ਅਗਲੇ ਸਾਲਾਂ ਵਿਚ ਇਹਨਾਂ ਪਾਰਟੀਆਂ ਦੀਆਂ ਸਰਕਾਰਾਂ ਨੇ ਇਸ ਨੀਤੀ ਨੂੰ ਜ਼ੋਰਸ਼ੋਰ ਨਾਲ ਲਾਗੂ ਵੀ ਕੀਤਾ। ਕਾਂਗਰਸ ਅਤੇ ਭਾਜਪਾ ਦੇ ਨਾਲ ਬਸਪਾ, ਸੀਪੀਐੱਮ ਸਮੇਤ ਮੁੱਖਧਾਰਾ ਦੀ ਹਰ ਰਾਜਸੀ ਪਾਰਟੀ ਫਰਜ਼ੀ ਮੁਕਾਬਲਿਆਂ ਦੀ ਪੁਸ਼ਤਪਨਾਹੀ ਕਰਦੀ ਹੈ। ਪੰਜਾਬ ਵਿਚ ਖਾਲਸਤਾਨੀ ਲਹਿਰ ਸਮੇਂ ਸੀਪੀਐੱਮ ਅਤੇ ਸੀਪੀਆਈ ਵੱਲੋਂ ਸਟੇਟ ਦੀ ਮੁਕਾਬਲਿਆਂ ਦੀ ਨੀਤੀ ਦੀ ਹਮਾਇਤ ਕੀਤੀ ਗਈ। ਸੀਪੀਐੱਮ ਵੱਲੋਂ ਕੇਰਲਾ, ਤ੍ਰਿਪੁਰਾ ਅਤੇ ਪੱਛਮੀ ਬੰਗਾਲ ਵਿਚ ਇਸ ਨੂੰ ਥੋਕ ਪੱਧਰ 'ਤੇ ਲਾਗੂ ਕੀਤਾ ਗਿਆ। 25 ਦਸੰਬਰ 2000 ਨੂੰ ਪੱਛਮੀ ਬੰਗਾਲ ਦੇ ਤੱਤਕਾਲੀ ਮੁੱਖ ਮੰਤਰੀ ਬੁੱਧਾਦੇਵ ਭੱਟਾਚਾਰੀਆ ਨੇ ਕੋਲਕਾਤਾ ਵਿਚ ਦੋ ਨਵੇਂ ਥਾਣਿਆਂ ਦਾ ਉਦਘਾਟਨ ਕਰਦਿਆਂ ਪੁਲਿਸ ਨੂੰ ਉਕਸਾਉਂਦਿਆਂ ਕਿਹਾ ਸੀ, 'ਸਰਕਾਰ ਵੱਲੋਂ ਦਿੱਤੀਆਂ ਬੰਦੂਕਾਂ ਦਾ ਖੁੱਲ੍ਹ ਕੇ ਇਸਤੇਮਾਲ ਕਰੋ।... ਜ਼ਰੂਰਤ ਪਵੇ ਤਾਂ ਗੋਲੀ ਮਾਰ ਦਿਓ। ਮਨੁੱਖੀ ਹੱਕਾਂ ਦੀ ਚਿੰਤਾ ਨਾ ਕਰੋ। ਮੈਂ ਬਾਦ ਵਿਚ ਦੇਖ ਲਵਾਂਗਾ।'

ਉੱਤਰ ਪ੍ਰਦੇਸ਼ ਦੀ ਯੋਗੀ ਅਦਿੱਤਿਆਨਾਥ ਸਰਕਾਰ ਦੀ ਪੁਲਿਸ ਮੁਕਾਬਲਿਆਂ ਦੀ ਪਹਿਲੀਆਂ ਭਾਜਪਾ ਸਰਕਾਰਾਂ ਦੀ ਲਗਾਤਾਰਤਾ ਹੀ ਹੈ। 1998 'ਚ ਉੱਤਰ ਪ੍ਰਦੇਸ਼ ਦੇ ਤੱਤਕਾਲੀ ਮੁੱਖ ਮੰਤਰੀ ਕਲਿਆਣ ਸਿੰਘ ਨੇ ਰਾਜ ਵਿਚ 'ਅਮਨ-ਕਾਨੂੰਨ ਵਿਵਸਥਾ' ਦੀ ਸਮੀਖਿਆ ਲਈ ਇਕ ਆਹਲਾ ਮਿਆਰੀ ਮੀਟਿੰਗ ਵਿਚ ਕਿਹਾ ਸੀ - "ਗਿਰੋਹਾਂ ਅਤੇ ਗੈਂਗਾਂ ਦੀ ਨਿਸ਼ਾਨਦੇਹੀ ਕਰੋ ਅਤੇ ਟੀਚਾ ਮਿੱਥ ਕੇ ਉਹਨਾਂ ਦਾ ਸਫ਼ਾਇਆ ਕਰੋ। ... ਤੁਹਾਨੂੰ ਖੁੱਲ੍ਹ ਚਾਹੀਦੀ ਹੈ, ਅਸੀਂ ਦੇਣ ਲਈ ਤਿਆਰ ਹਾਂ। ਸਾਨੂੰ ਪ੍ਰਫ਼ਾਰਮੈਂਸ ਚਾਹੀਦੀ ਹੈ, ਨਤੀਜੇ ਚਾਹੀਦੇ ਹਨ। ਜੇ ਮੁਕਾਬਲੇ ਵਿਚ ਉਹਨਾਂ ਦਾ ਸਫ਼ਾਇਆ ਹੁੰਦਾ ਹੈ ਤਾਂ ਕਰ ਦਿਓ।" ਪਹਿਲੀ ਨਵੰਬਰ 2000 ਨੂੰ ਇਸੇ



ਵਿਕਾਸ ਦੂਬੇ

ਰਾਜ ਦੇ ਤੱਤਕਾਲੀ ਮੁੱਖ ਮੰਤਰੀ ਰਾਜਨਾਥ ਨੇ ਪੁਲਿਸ ਨੂੰ ਨਿਰਦੇਸ਼ ਦਿੱਤਾ ਕਿ ਜੇ ਉਹ ਇਕ ਨੂੰ ਮਾਰਦੇ ਹਨ ਤਾਂ ਤੁਸੀਂ ਚਾਰ ਮਾਰ ਦਿਓ। ਇਸੇ ਉਤਸ਼ਾਹ 'ਚ 9 ਮਾਰਚ 2001 ਨੂੰ ਪੁਲਿਸ ਨੇ ਮਿਰਜ਼ਾਪੁਰ ਵਿਚ ਦੋ ਨਾਬਾਲਗ ਵਿਦਿਆਰਥੀਆਂ ਸਮੇਤ 16 ਦਲਿਤਾਂ ਤੇ ਖੇਤ ਮਜ਼ਦੂਰਾਂ ਨੂੰ ਨਕਸਲੀ ਕਰਾਰ ਦੇ ਕੇ ਫਰਜ਼ੀ ਮੁਕਾਬਲੇ ਵਿਚ ਮਾਰ ਦਿੱਤਾ ਸੀ। ਇਸ ਕਤਲੇਆਮ ਦਾ ਵਿਆਪਕ ਵਿਰੋਧ ਹੋਇਆ ਲੇਕਿਨ ਰਾਜਨਾਥ ਸਿੰਘ ਨੇ ਕਾਤਲ ਪੁਲਸੀਆਂ ਨੂੰ ਲੱਖਾਂ ਰੁਪਏ ਦੇ ਇਨਾਮ ਅਤੇ ਤਰੱਕੀਆਂ ਦੇ ਕੇ ਸਨਮਾਨਿਤ ਕੀਤਾ। ਗੁਜਰਾਤ ਵਿਚ ਡੀਜੀ ਵੰਜਾਰਾ ਵਰਗੇ ਜਿਹਨਾਂ ਅਫ਼ਸਰਾਂ ਨੂੰ ਇਸ ਘਿਣਾਉਣੇ ਜੁਰਮ ਲਈ ਜੇਲ੍ਹ ਜਾਣਾ ਪਿਆ, 2014 'ਚ ਕੇਂਦਰ ਵਿਚ ਭਾਜਪਾ ਦੀ ਸਰਕਾਰ ਬਣਨ 'ਤੇ ਉਹਨਾਂ ਦੀਆਂ ਸਜ਼ਾਵਾਂ ਮਾਫ਼ ਕਰਕੇ ਸਗੋਂ ਵਿਸ਼ੇਸ਼ ਤਰੱਕੀਆਂ ਦਿੱਤੀਆਂ ਗਈਆਂ। ਇਸੇ ਨੀਤੀ ਦੀ ਲਗਾਤਾਰਤਾ 'ਚ ਅਦਿੱਤਿਆਨਾਥ ਨੇ ਹੁੱਬ ਕੇ ਕਿਹਾ, "ਪਹਿਲਾਂ ਪੁਲਿਸ ਮੁਜਰਿਮਾਂ ਵਿਰੁੱਧ ਕਾਰਵਾਈ ਕਰਨ ਤੋਂ ਡਰਦੀ ਸੀ। ਉਹਨਾਂ ਨੂੰ ਡਰ ਰਹਿੰਦਾ ਸੀ ਕਿ ਜੇ ਉਹ ਮੁਜਰਿਮਾਂ ਵਿਰੁੱਧ ਕਦਮ ਚੁੱਕਣਗੇ ਤਾਂ ਬਦਲੇ ਵਿਚ ਉਹਨਾਂ ਉੱਪਰ ਕਾਰਵਾਈ ਹੋਵੇਗੀ। ਅਸੀਂ ਇਸ ਨੂੰ ਬਦਲ ਦਿੱਤਾ ਹੈ। ਪੁਲਿਸ ਅੱਜ ਆਗੂ ਭੂਮਿਕਾ ਵਿਚ ਹੈ।" ਫਿਰ ਮੁਸਲਮਾਨਾਂ ਅਤੇ ਦਲਿਤ ਨੌਜਵਾਨਾਂ ਨੂੰ ਚੁਣ-ਚੁਣ ਕੇ ਮਾਰਨ ਦਾ ਸਿਲਸਿਲਾ ਵਿੱਢ ਦਿੱਤਾ ਗਿਆ। 16 ਸਤੰਬਰ 2017 ਨੂੰ ਏਡੀਜੀ (ਕਾਨੂੰਨ ਅਤੇ ਵਿਵਸਥਾ) ਆਨੰਦ ਕੁਮਾਰ ਨੇ ਕਿਹਾ ਕਿ ਮੁਕਾਬਲੇ 'ਸਰਕਾਰ ਦੀ ਇੱਛਾ, ਲੋਕਾਂ ਦੀਆਂ ਉਮੀਦਾਂ ਅਤੇ ਪੁਲਿਸ ਨੂੰ ਦਿੱਤੀ ਗਈ ਸੰਵਿਧਾਨਕ ਅਤੇ ਕਾਨੂੰਨੀ ਤਾਕਤ ਨੂੰ ਮੱਦੇਨਜ਼ਰ ਰੱਖ ਕੇ' ਬਣਾਏ ਜਾ ਰਹੇ ਹਨ। ਨਾਲ ਹੀ, ਮੁਜਰਿਮਾਂ ਵਿਰੁੱਧ ਕਾਰਵਾਈ ਕਰਨ ਵਾਲੇ ਪੁਲਿਸ ਅਧਿਕਾਰੀਆਂ ਦੇ ਇਨਾਮਾਂ ਦੀ ਰਕਮ ਵਧਾਈ ਗਈ। ਇਹ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੇ 2010 ਦੇ ਦਿਸ਼ਾ-ਨਿਰਦੇਸ਼ਾਂ ਦੀਆਂ ਧੱਜੀਆਂ ਉਡਾ ਕੇ ਕੀਤਾ ਗਿਆ, ਜਿਸ ਨੂੰ 2014 'ਚ ਸੁਪਰੀਮ ਕੋਰਟ ਨੇ ਵੀ ਦੁਹਰਾਇਆ, ਜਿਸ ਵਿਚ ਕਿਹਾ ਸੀ ਕਿ ਮੁਕਾਬਲੇ ਤੋਂ ਤੁਰੰਤ ਬਾਦ ਸੰਬੰਧਤ ਅਧਿਕਾਰੀ ਨੂੰ ਵਾਰੀ ਭੰਨ ਕੇ ਤਰੱਕੀ ਜਾਂ ਕੋਈ ਬੀਰਤਾ ਇਨਾਮ ਨਹੀਂ ਦਿੱਤਾ ਜਾਵੇਗਾ।

ਮੀਡੀਆ ਰਿਪੋਰਟਾਂ ਅਨੁਸਾਰ ਪਿਛਲੇ ਤਿੰਨ ਸਾਲ ਵਿਚ ਪੁਲਿਸ ਨੇ ਉੱਤਰ ਪ੍ਰਦੇਸ਼ ਵਿਚ ਕਥਿਤ ਮੁਜਰਿਮਾਂ ਵਿਰੁੱਧ 6145 ਕਾਰਵਾਈਆਂ ਨੂੰ ਅੰਜਾਮ ਦਿੱਤਾ ਜਿਹਨਾਂ ਵਿਚ 119 ਵਿਅਕਤੀ ਮਾਰ ਦਿੱਤੇ ਗਏ ਅਤੇ 2258 ਜ਼ਖਮੀ ਹੋਏ। ਸਿਰਫ਼ ਅੱਠ ਜ਼ਿਲ੍ਹਿਆਂ ਵਿਚ 2273 ਫਰਜ਼ੀ ਮੁਕਾਬਲੇ ਬਣਾਏ ਗਏ ਹਨ। ਜਨਵਰੀ 2019 'ਚ ਸੁਪਰੀਮ ਕੋਰਟ ਨੇ ਉੱਤਰ ਪ੍ਰਦੇਸ਼ ਵਿਚ ਮੁਕਾਬਲਿਆਂ ਨੂੰ 'ਬਹੁਤ ਹੀ ਗੰਭੀਰ ਮੁੱਦਾ' ਕਹਿ ਕੇ ਇਹਨਾਂ ਉੱਪਰ ਫ਼ਿਕਰਮੰਦੀ ਜ਼ਾਹਿਰ ਕੀਤੀ। ਇਸੇ ਮਹੀਨੇ ਅਦਿੱਤਿਆਨਾਥ ਨੇ ਮੁਕਾਬਲਿਆਂ ਨੂੰ ਵੱਡੀ ਪ੍ਰਾਪਤੀ ਦੱਸਿਆ। ਆਰਐੱਸਐੱਸ-ਭਾਜਪਾ ਇਸ ਨੀਤੀ ਦਾ ਖਾਸ ਤਰੀਕੇ ਨਾਲ ਰਾਜਨੀਤਕ ਲਾਹਾ ਲੈਂਦੀ ਹੈ। ਪਹਿਲਾਂ ਮੁੱਖ ਮੰਤਰੀ ਨੂੰ 'ਸਖਤ ਪ੍ਰਸ਼ਾਸਕ' ਵਜੋਂ ਸਥਾਪਿਤ ਕੀਤਾ ਜਾਂਦਾ ਹੈ, ਫਿਰ 'ਲੋਹ-ਪੁਰਸ਼' ਅਕਸ ਚੋਣਾਂ ਵਿਚ ਵਰਤਿਆ ਜਾਂਦਾ ਹੈ। ਮੋਦੀ-ਅਮਿਤ ਸ਼ਾਹ ਦੀ ਸਰਕਾਰ ਹੇਠ ਗੁਜਰਾਤ ਵਿਚ ਬੇਕਸੂਰ ਮੁਸਲਮਾਨਾਂ ਨੂੰ ਫਰਜ਼ੀ ਮੁਕਾਬਲਿਆਂ ਵਿਚ ਮਾਰ ਕੇ ਰਾਜਨੀਤਕ ਫ਼ਸਲ ਵੱਢੀ ਗਈ। ਉੱਤਰ ਪ੍ਰਦੇਸ਼ ਨੂੰ ਗੁਜਰਾਤ ਵਾਲਾ ਤਜ਼ਰਬਾ ਕਰਨ ਲਈ ਤਿਆਰ ਕੀਤਾ ਜਾ ਰਿਹਾ ਹੈ। ਜਿੱਥੇ ਉੱਚਜਾਤੀ ਹਿੰਦੂਆਂ ਨੂੰ ਖੁਸ਼ ਕਰਨ ਲਈ 2022 ਦੀਆਂ ਵਿਧਾਨ-ਸਭਾ ਚੋਣਾਂ ਵਿਚ ਇਹ ਪੱਤਾ ਵਰਤੋਂ 'ਚ ਲਿਆਂਦਾ ਜਾਵੇਗਾ।

ਜਦ ਸਰਕਾਰ ਖੁੱਲ੍ਹੇਆਮ ਮੁਕਾਬਲਿਆਂ ਵਿਚ ਕਤਲਾਂ ਦੀ ਨੀਤੀ ਨੂੰ ਬੁਲੰਦ ਕਰ ਰਹੀ ਹੈ, ਫਿਰ ਐਸੀ ਰਾਜਸੀ ਅਤੇ ਪ੍ਰਸ਼ਾਸਨਿਕ ਵਿਵਸਥਾ ਵਿਚ ਦੋਸ਼ੀ ਅਧਿਕਾਰੀਆਂ ਨੂੰ ਸਜ਼ਾਵਾਂ ਦੀ ਉਮੀਦ ਕਿਵੇਂ ਹੋ ਸਕਦੀ ਹੈ। ਪੁਲਿਸ/ਸਲਾਮਤੀ ਦਸਤੇ ਹਿਰਾਸਤ ਵਿਚ ਲਏ ਵਿਅਕਤੀ ਦਾ ਬੇਕਿਰਕੀ ਨਾਲ ਕਤਲ ਕਰਕੇ ਇਸ ਨੂੰ ਸਵੈ-ਰੱਖਿਆ ਦੇ ਖਾਤੇ ਪਾ ਦਿੰਦੇ ਹਨ। ਸੁਪਰੀਮ ਕੋਰਟ ਦਾ ਆਦੇਸ਼ ਹੈ ਕਿ ਸਵੈਰੱਖਿਆ ਦਾ ਹੱਕ ਇਕ ਵੱਖਰੀ ਚੀਜ਼ ਹੈ ਅਤੇ ਜ਼ਰੂਰਤ ਤੋਂ ਜ਼ਿਆਦਾ ਅਤੇ ਤਾਕਤ ਦਾ ਬਦਲਾਲਊ ਇਸਤੇਮਾਲ ਬਿਲਕੁਲ ਵੱਖਰੀ ਚੀਜ਼ ਹੈ। ਭਾਵੇਂ ਸੁਪਰੀਮ ਕੋਰਟ ਦੇ ਦਿਸ਼ਾ-ਨਿਰਦੇਸ਼ ਹਨ ਕਿ ਹਰ ਮੁਕਾਬਲੇ ਦੀ ਐੱਫਆਈਆਰ ਦਰਜ ਹੋਣੀ ਚਾਹੀਦੀ ਹੈ ਅਤੇ ਇਸ ਦੀ ਮੈਜਿਸਟ੍ਰੇਟ ਵੱਲੋਂ ਨਿਰਪੱਖ ਜਾਂਚ ਕੀਤੀ ਜਾਣੀ ਚਾਹੀਦੀ ਹੈ। ਹਕੀਕਤ ਇਹ ਹੈ ਕਿ ਨਾ ਤਾਂ ਪੁਲਿਸ ਆਪਣੇ ਹੀ ਵਿਭਾਗ ਦੇ ਖਿਲਾਫ਼ ਐੱਫਆਈਆਰ ਦਰਜ ਕਰਦੀ ਹੈ ਨਾ ਕੋਈ ਮੈਜਿਸਟ੍ਰੇਟ ਸਿਵਲ ਪ੍ਰਸ਼ਾਸਨ ਅਤੇ ਪੁਲਿਸ ਦੇ ਦੁਵੱਲੇ ਹਿਤਾਂ ਕਾਰਨ ਆਜ਼ਾਦ ਜਾਂਚ ਕਰ ਸਕਦਾ ਹੈ। ਆਜ਼ਾਦਾਨਾ ਜਾਂਚ ਸਿਰਫ਼ ਉੱਚ ਜੁਡੀਸ਼ੀਅਲ ਪੱਧਰ 'ਤੇ ਹੀ ਸੰਭਵ ਹੈ। ਦੁੱਬੇ 'ਮੁਕਾਬਲੇ' ਦੀ ਜਾਂਚ ਲਈ ਬਣਾਈ ਸਿੱਟ ਵਿਚ ਉਹ ਪੁਲਿਸ ਅਧਿਕਾਰੀ ਲਏ ਗਏ ਹਨ ਜਿਹਨਾਂ ਉੱਪਰ ਮੁਕਾਬਲੇ ਬਣਾਉਣ ਦੇ ਦੋਸ਼ ਹਨ। ਮਾਰਚ 2017 ਤੋਂ ਲੈ ਕੇ ਐਸੇ 74 ਮਾਮਲਿਆਂ ਦੀ 'ਮੈਜਿਸਟ੍ਰੇਟੀ ਜਾਂਚ' ਤਾਂ ਹੋਈ ਲੇਕਿਨ ਕਿਸੇ ਵੀ ਪੁਲਿਸ ਵਾਲੇ ਨੂੰ ਦੋਸ਼ਾਂ ਦਾ ਸਾਹਮਣਾ ਨਹੀਂ ਕਰਨਾ ਪਿਆ। ਪੀਪਲਜ਼ ਯੂਨੀਅਲ ਆਫ਼ ਸਿਵਿਲ ਲਿਬਰਟੀਜ਼ 1000 ਮੁਕਾਬਲਿਆਂ ਦੇ ਮਾਮਲੇ ਨੂੰ ਸੁਪਰੀਮ ਕੋਰਟ ਵਿਚ ਲੈ ਗਈ। ਜੁਲਾਈ 2018 ਤੋਂ ਲੈ ਕੇ ਮਾਮਲੇ ਦੀ ਸਿਰਫ਼ ਚਾਰ ਵਾਰ ਸੁਣਵਾਈ ਹੋਈ ਹੈ। ਫਰਵਰੀ 2019 ਤੋਂ ਬਾਦ ਮਾਮਲਾ ਸੁਣਵਾਈ ਦੀ ਸੂਚੀ ਵਿਚ ਹੀ ਨਹੀਂ ਲੱਗਿਆ, ਨਿਆਂ ਕੀ ਮਿਲੇਗਾ। ਇਸੇ ਕਾਰਨ ਦੋਸ਼ੀ ਪੁਲਿਸ ਅਧਿਕਾਰੀ ਨੂੰ ਕਦੇ ਵੀ ਸਜ਼ਾ ਨਹੀਂ ਹੁੰਦੀ।

ਦਸੰਬਰ 2019 'ਚ ਤੇਲੰਗਾਨਾ ਵਿਚ ਚਾਰ ਕਥਿਤ ਬਲਾਤਕਾਰੀਆਂ ਨੂੰ ਇਸੇ ਤਰ੍ਹਾਂ ਮਾਰ ਦਿੱਤੇ ਜਾਣ 'ਤੇ ਔਰਤਾਂ ਸਮੇਤ ਕੁਛ ਲੋਕਾਂ ਨੇ ਨਾ ਸਿਰਫ਼ ਜਸ਼ਨ ਮਨਾਏ ਸਨ ਸਗੋਂ ਮੁਕਾਬਲਾ ਬਣਾਉਣ ਵਾਲੇ ਪੁਲਸੀਆਂ ਉੱਪਰ ਫੁੱਲਾਂ ਦੀ ਵਰਖਾ ਵੀ ਕੀਤੀ ਗਈ। ਦੁੱਬੇ ਦੇ ਕਾਤਲ ਪੁਲਸੀਆਂ ਦਾ ਵੀ ਹਾਰ ਪਾ ਕੇ ਸਵਾਗਤ ਕੀਤਾ ਗਿਆ ਹੈ। ਕਤਲਾਂ, ਜਬਰ-ਜਨਾਹਾਂ ਲਈ ਜ਼ਿੰਮੇਵਾਰ ਮੁਜਰਿਮਾਂ ਨੂੰ ਸਜ਼ਾ ਮਿਲਣੀ ਹੀ ਚਾਹੀਦੀ ਹੈ ਲੇਕਿਨ ਲੋਕਤੰਤਰੀ ਮੁੱਲਾਂ ਦੇ ਯੁਗ ਵਿਚ ਪੁਲਿਸ ਅਤੇ ਹੋਰ ਸਰਕਾਰੀ ਦਸਤਿਆਂ ਨੂੰ ਆਪੇ ਜੱਜ ਅਤੇ ਜਲਾਦ ਬਣ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਸਭ ਤੋਂ ਖਤਰਨਾਕ ਗੱਲ ਇਹ ਹੈ ਕਿ ਸਮਾਜ ਦੇ ਇਕ ਹਿੱਸੇ ਵੱਲੋਂ ਇਹਨਾਂ ਗ਼ੈਰਅਦਾਲਤੀ ਸਜ਼ਾਵਾਂ ਦੀ ਸਰੇਆਮ ਜੈ-ਜੈਕਾਰ ਦਾ ਰੁਝਾਨ ਜ਼ੋਰ ਫੜ ਰਿਹਾ ਹੈ। ਰਾਸ਼ਟਰਵਾਦ ਦੇ ਸਾਂਚੇ ਵਿਚ ਇਕ ਐਸਾ ਵਰਗ ਤਿਆਰ ਕਰ ਲਿਆ ਗਿਆ ਹੈ ਜਿਸ ਲਈ ਮਨੁੱਖੀ ਅਤੇ ਜਮਹੂਰੀ ਹੱਕ ਕੋਈ ਮਾਇਨੇ ਨਹੀਂ ਰੱਖਦੇ। ਉਹ ਦਲਿਤਾਂ, ਆਦਿਵਾਸੀਆਂ, ਕੌਮੀਅਤਾਂ, ਘੱਟਗਿਣਤੀਆਂ ਵਿਰੁੱਧ ਬਹੁਗਿਣਤੀ-ਉੱਚ ਜਾਤੀ-ਜਿਨਸੀ-ਰਾਸ਼ਟਰਵਾਦੀ-ਮੁੱਖਧਾਰਾ ਹਿੰਸਾ ਨੂੰ ਵੀ ਜਾਇਜ਼ ਠਹਿਰਾਉਂਦਾ ਹੈ ਅਤੇ ਗ਼ੈਰਅਦਾਲਤੀ ਕਤਲਾਂ ਰਾਹੀਂ ਫਟਾਫਟ 'ਨਿਆਂ' ਦਾ ਵੀ ਅੰਨ੍ਹਾ ਪੈਰੋਕਾਰ ਹੈ। ਜੇ ਸਮਾਜ ਅਦਾਲਤੀ ਪ੍ਰਣਾਲੀ ਦੀ ਅਸਫ਼ਲਤਾ, ਭ੍ਰਿਸ਼ਟਾਚਾਰ ਜਾਂ ਕੋਈ ਵੀ ਹੋਰ ਕਾਰਨ ਗਿਣਾ ਕੇ ਇਸ ਆਪਾਸ਼ਾਹ ਰੁਝਾਨ ਨੂੰ ਸਹਿਮਤੀ ਦਿੰਦਾ ਹੈ ਤਾਂ ਭਵਿੱਖ ਵਿਚ ਸਮਾਜ ਨੂੰ ਇਸ ਦੇ ਬਹੁਤ ਹੀ ਖਤਰਨਾਕ ਨਤੀਜੇ ਭੁਗਤਣਗੇ ਪੈਣਗੇ। ਹੁਕਮਰਾਨ ਜਮਾਤ ਤਾਂ ਪੁਲਿਸ, ਨੀਮ-ਫ਼ੌਜ ਅਤੇ ਫ਼ੌਜ ਨੂੰ ਪਹਿਲਾਂ ਹੀ ਆਪਣੇ ਸਵਾਰਥਾਂ ਲਈ ਗ਼ੈਰਅਦਾਲਤੀ ਕਤਲਾਂ ਅਤੇ ਜਬਰ ਦੀ ਖੁੱਲ੍ਹ ਦੇ ਕੇ ਤਾਨਾਸ਼ਾਹ ਰਾਜ ਨੂੰ ਮਜ਼ਬੂਤ ਕਰ ਰਹੀ ਹੈ, ਸਮਾਜ ਦੀ ਸਹਿਮਤੀ ਉਹਨਾਂ ਦਾ ਕੰਮ ਹੋਰ ਵੀ ਸੌਖਾ ਕਰ ਦੇਵੇਗੀ।

# ਇਨਕਲਾਬੀ ਕਵੀ ਵਰਵਰਾ ਰਾਓ ਨੂੰ ਜੇਲ੍ਹ ਵਿਚ ਨਾ ਮਾਰੋ...

ਇਨਕਲਾਬੀ ਤੇਲਗੂ ਕਵੀ ਵਰਵਰਾ ਰਾਓ ਜੋ ਨਵੀਂ ਮੁੰਬਈ ਦੀ ਤਲੋਜਾ ਜੇਲ੍ਹ ਵਿੱਚ ਬੰਦ ਹੈ ਦਾ ਪਰਿਵਾਰ ਉਸ ਦੀ ਸਿਹਤ ਬਾਰੇ ਬਹੁਤ ਚਿੰਤਤ ਹੈ। ਪਰਿਵਾਰ ਨੇ ਸਰਕਾਰ ਨੂੰ ਸਵਾਲ ਕੀਤਾ ਹੈ ਕਿ ਵਰਵਰਾ ਰਾਓ ਨੂੰ ਜੇਲ੍ਹ ਵਿਚ ਜਾਨੋ ਕਿਉਂ ਮਾਰਿਆ ਜਾ ਰਿਹਾ ਹੈ?

ਪਰਿਵਾਰ ਦੇ ਸ਼ਬਦਾਂ ਵਿਚ ਵਰਵਰਾ ਰਾਓ ਨੂੰ ਜਦ 20 ਮਈ 2020 ਤੋਂ ਤਲੋਜਾ ਜੇਲ੍ਹ ਤੋਂ ਜੇ.ਜੇ. ਹਸਪਤਾਲ ਬੇਹੋਸ਼ੀ ਦੀ ਹਾਲਤ ਵਿਚ ਸ਼ਿਫਟ ਕੀਤਾ ਗਿਆ ਸੀ ਉਦੋਂ ਤੋਂ ਹੀ ਪਿਛਲੇ 6 ਹਫ਼ਤਿਆਂ ਤੋਂ ਉਹਨਾਂ ਦੀ ਹਾਲਤ ਬਹੁਤ ਨਾਜ਼ੁਕ ਬਣੀ ਹੋਈ ਹੈ। ਮਹਿਜ਼ ਤਿੰਨ ਦਿਨਾਂ ਬਾਅਦ ਉਸ ਨੂੰ ਮੁੜ ਜੇਲ੍ਹ ਵਾਪਸ ਭੇਜ ਦਿੱਤਾ ਗਿਆ ਸੀਲੇਕਿਨ ਉਸ ਦੀ ਸਿਹਤ ਵਿਚ ਉਦੋਂ ਤੋਂ ਕੋਈ ਸੁਧਾਰ ਨਹੀਂ ਹੋ ਰਿਹਾ। ਸਿਹਤ ਲਗਾਤਾਰ ਵਿਗੜ ਰਹੀ ਹੈ ਅਤੇ ਉਸ ਨੂੰ ਐਮਰਜੈਂਸੀ ਇਲਾਜ ਦੀ ਲੋੜ ਹੈ।

ਪਰਿਵਾਰ ਨੇ ਕਿਹਾ ਕਿ ਹੁਣ ਲੰਘੇ ਸ਼ਨਿਚਰਵਾਰ ਨੂੰ ਜਦ ਤੋਂ ਉਹਨਾਂ ਦਾ ਫੋਨ ਆਇਆ ਹੈ ਅਸੀਂ ਬਹੁਤ ਬੇਚੈਨੀ ਅਤੇ ਚਿੰਤਾ ਦੀ ਹਾਲਤ ਵਿਚ ਹਾਂ। ਇਸ ਤੋਂ ਪਹਿਲਾਂ ਵੀ ਜੂਨ 24 ਅਤੇ ਜੁਲਾਈ 2 ਨੂੰ ਫੋਨ ਕਾਲ ਤੋਂ ਮਹਿਸੂਸ ਹੋ ਰਿਹਾ ਸੀ ਕਿ ਉਹਨਾਂਤੋਂ ਸਹੀ ਤਰੀਕੇ ਨਾਲ ਨਹੀਂ ਬੋਲਿਆ ਜਾ ਰਿਹਾ, ਕਮਜ਼ੋਰ ਆਵਾਜ਼ ਅਤੇ ਵਿਸ਼ੇ ਤੋਂ ਭਟਕ ਕੇ ਕੁਛ ਹੋਰ ਹੀ ਬੋਲੀ ਜਾਣਾ ਅਤੇ ਫਿਰ ਅਚਾਨਕ ਹਿੰਦੀ ਵਿਚ ਬੋਲਣਾ ਸ਼ੁਰੂ ਹੋ ਜਾਣਾ, ਇਹ ਸਭ ਕੁਝ ਸਪਸ਼ਟ ਕਰਦਾ ਸੀ ਕਿ ਉਹਨਾਂ ਦੀ ਦਿਮਾਗੀ ਹਾਲਤ ਠੀਕ ਨਹੀਂ ਹੈ ਅਤੇ ਉਹ ਬਹੁਤ ਕਮਜ਼ੋਰ ਹੋ ਚੁੱਕੇਹਨ। ਉਹ ਵਿਅਕਤੀ ਜੋ ਬਹੁਤ ਹੀ ਕਮਾਲ ਦਾ ਭਾਸ਼ਣਕਾਰ ਅਤੇ ਵਕਤਾ ਰਿਹਾ ਹੋਵੇ ਅਤੇ ਜੋ 5 ਦਹਾਕਿਆਂ ਤੋਂ ਤੇਲਗੂ ਭਾਸ਼ਾ ਦਾ ਕਵੀ ਅਤੇ ਅਧਿਆਪਕ ਰਿਹਾ ਹੋਵੇ ਜਿਸ ਦੀ ਯਾਦ ਸ਼ਕਤੀ ਬੜੀ ਕਮਾਲ ਦੀ ਹੁੰਦੀ ਸੀ, ਫੋਨ ਉੱਪਰ ਉਸਦੀਆਂ ਖਿੰਡਵੀਆਂ ਗੱਲਾਂ ਬਾਤਾਂ ਸੁਣ ਕੇ ਅਸੀਂ ਬਹੁਤ ਘਬਰਾਏ ਹੋਏ ਹਾਂ।

ਹੁਣ 11 ਜੁਲਾਈ ਨੂੰ ਉਸ ਦਾ ਫ਼ੋਨ ਸੁਣ ਕੇ ਅਸੀਂ ਬਹੁਤ ਹੀ ਡਰ ਗਏ ਹਾਂ। ਉਹ ਕਿਸੇ ਵੀ ਸਵਾਲ ਦਾ ਕੋਈ ਸਪਸ਼ਟ ਜਵਾਬ ਨਹੀਂ ਸੀ ਦੇ ਰਹੇ ਸਨ, ਆਪਣੀ ਸਿਹਤ ਬਾਰੇ ਵੀ ਕੁਝ ਨਹੀਂ ਦੱਸ ਰਹੇ ਸਨ। ਸਗੋਂ ਆਪਣੇ ਮਾਤਾ ਪਿਤਾ ਜੀ ਦੇ ਅੰਤਿਮ ਸਮੇਂ ਬਾਰੇ ਬੋਲੀ ਜਾ ਰਹੇ ਸਨ ਜਿਨ੍ਹਾਂ ਨੂੰ ਸੁਰਗਵਾਸ ਹੋਇਆਂ ਨੂੰ ਕਈ ਦਹਾਕੇ ਬੀਤ ਚੁੱਕੇ ਹਨ। ਫਿਰ ਉਸ ਦੇ ਨਾਲ ਦੇ ਕਿਸੇ ਸਾਥੀ ਨੇ ਉਸ ਤੋਂ ਫੋਨ ਲੈ ਕੇ ਸਾਨੂੰ ਦੱਸਿਆ ਕਿ ਉਹਨਾਂ ਦੀ ਸਰੀਰਕ ਹਾਲਤ ਇੰਨੀ ਕਮਜ਼ੋਰ ਅਤੇ ਨਾਜ਼ੁਕ ਹੋ ਚੁੱਕੀ ਹੈ ਕਿ ਉਹ ਆਪਣੇ ਆਪ ਚੱਲ ਫਿਰ ਵੀ



ਨਹੀਂ ਸਕਦੇ ਇੱਥੋਂ ਤੱਕ ਕਿ ਉਹ ਆਪਣੇ ਆਪ ਬਾਥਰੂਮ ਵੀ ਨਹੀਂ ਜਾ ਸਕਦੇ। ਉਸ ਦੀ ਮਾਨਸਿਕ ਹਾਲਤ ਏਨੀ ਬਦਤਰ ਹੋ ਚੁੱਕੀ ਹੈ ਕਿ ਉਹ ਹਮੇਸ਼ਾ ਭਰਮ ਦੀ ਅਵੱਸਥਾਵਿਚ ਰਹਿੰਦੇਹਨ। ਬੋਲਦਾ ਰਹਿੰਦਾ ਹਨ ਅਤੇ ਕਹਿੰਦਾ ਰਹਿੰਦੇਹਨੈ ਕਿ ਉਸ ਦੇ ਪਰਿਵਾਰਕ ਮੈਂਬਰ ਬਾਹਰ ਜੇਲ੍ਹ ਦੇ ਗੇਟ ਦੇ ਬਾਹਰ ਉਸ ਦੀ ਉਡੀਕ ਰਹੇ ਹਨ ਅਤੇ ਉਹ ਰਿਹਾਅ ਹੋਣ ਵਾਲਾ ਹੈ। ਉਸ ਦੇ ਸਾਥੀ ਨੇ ਦੱਸਿਆ ਕਿ ਉਸ ਨੂੰ ਸਰੀਰਕ ਹੀ ਨਹੀਂ ਬਲਕਿ ਵੱਧ ਮਾਨਸਿਕ ਇਲਾਜ ਦੀ ਲੋੜ ਹੈ। ਇਸ ਤਰ੍ਹਾਂ ਦੀ ਮਾਨਸਿਕ ਸਥਿਤੀ ਸੋਡੀਅਮ/ ਪੋਟਾਸ਼ੀਅਮ ਦਾ ਲੈਵਲ ਘੱਟ ਜਾਣ ਕਰਕੇ ਹੁੰਦੀ ਹੈ। ਇਸ ਤਰ੍ਹਾਂ ਦਾ ਇਲਾਜ ਜੇਲ੍ਹ ਦੇ ਹਸਪਤਾਲ ਵਿਚ ਹੈ ਹੀ ਨਹੀਂ। ਜੇਕਰ ਇਹ ਇਲਾਜ ਨਹੀਂ ਹੁੰਦਾ ਤਾਂ ਦਿਮਾਗ ਖ਼ਤਮ ਹੋ ਜਾਂਦਾ ਹੈ ਤੇ ਕੰਮ ਕਰਨਾ ਛੱਡ ਦਿੰਦਾ ਹੈ। ਤਲੋਜਾ ਜੇਲ੍ਹ ਦੇ ਹਸਪਤਾਲ 'ਚ ਇਸ ਤਰ੍ਹਾਂ ਦਾ ਇਲਾਜ ਹੋ ਹੀ ਨਹੀਂ ਸਕਦਾ। ਪਰਿਵਾਰ ਨੇ ਕਿਹਾ ਹੈ ਕਿ ਇਹ ਅਤੀ ਜ਼ਰੂਰੀ ਹੈ ਕਿ ਉਸ ਨੂੰ ਕਿਸੇ ਚੰਗੇ ਹਸਪਤਾਲ 'ਚ ਲਿਜਾਇਆ ਜਾਵੇ ਅਤੇ ਉਸ ਦੀ ਜਾਨ ਬਚਾਈ ਜਾ ਸਕੇ ਅਤੇ ਉਸ ਦਾ ਦਿਮਾਗ ਵੀ ਖ਼ਤਮ ਹੋਣ ਤੋਂ ਬਚਾਇਆ ਜਾ ਸਕੇ।

ਪਰਿਵਾਰ ਨੇ ਕਿਹਾ ਕਿ ਹਾਲ ਦੀ ਘੜੀ ਅਸੀਂ ਉਹ ਸਭ ਮੁੱਦੇ ਜੋ ਉਸ ਦੀ ਗ੍ਰਿਫਤਾਰੀ/ ਰਿਹਾਈ ਨਾਲ ਸਬੰਧਤ ਹਨ ਜਿਵੇਂ ਕਿ ਉਸ ਉੱਪਰ ਪਾਏ ਹੋਏ ਝੂਠੇ ਕੇਸ, ਉਸ ਨੂੰ ਲਗਾਤਾਰ 22 ਮਹੀਨੇ ਤੋਂ ਝੂਠੇ ਕੇਸਾਂ ਚ ਪਾ ਕੇ ਜੇਲ੍ਹ ਚ ਰੱਖਣਾ ਅਤੇ 5 ਵਾਰ ਲਗਾਤਾਰ ਉਸ ਦੀ ਜ਼ਮਾਨਤ ਅਰਜ਼ੀ ਰੱਦ ਹੋਣਾ ਅਤੇ ਉਸ ਦੀ ਉਮਰ ਦਾ ਧਿਆਨ ਰੱਖਦੇ ਹੋਏ ਕੋਵਿਡ-19 ਦੇ ਹਾਲਾਤ'ਚ ਉਸਨੂੰ ਜ਼ਮਾਨਤ ਆਦਿ ਨਾਂ ਦੇਣੀ ਆਦਿ ਸਭ ਕੁਝ ਛੱਡ ਛੁਡਾ ਕੇ ਹਾਲ ਦੀ ਘੜੀ ਸਾਡੇ ਲਈ ਉਸ ਦੀ ਸਰੀਰਕ-ਮਾਨਸਿਕ ਸਿਹਤ ਦਾ ਮੁੱਦਾ ਮੁੱਖ ਮੁੱਦਾ ਹੈ। ਸਾਡੀ ਹਾਲੀਆ ਮੰਗ ਉਹਨਾਂ ਦੀ ਜਾਨ ਬਚਾਉਣ ਦੀ ਹੈ। ਸਾਡੀ ਸਰਕਾਰ ਤੋਂ ਮੰਗ ਹੈ ਕਿ ਉਹਨਾਂ ਨੂੰ ਤੁਰੰਤ ਕਿਸੇ ਸੁਪਰ- ਸਪੈਸ਼ਲਿਟੀ ਹਸਪਤਾਲ ਚ ਤਬਦੀਲ ਕੀਤਾ ਜਾਵੇ ਅਤੇ ਜਾਂ ਸਾਨੂੰ ਪਰਿਵਾਰ ਨੂੰ ਉਹਨਾਂ ਦੀ ਸਾਂਭ ਸੰਭਾਲ ਦੀ ਇਜਾਜ਼ਤ ਦਿੱਤੀ ਜਾਵੇ। ਸਰਕਾਰ ਨੂੰ ਯਾਦ ਕਰਵਾਉਂਦਿਆਂ ਪਰਿਵਾਰ ਮੈਂਬਰਾਂ ਨੇ ਕਿਹਾ ਕਿ ਸਰਕਾਰ ਨੂੰ ਕਿਸੇ ਵਿਅਕਤੀ ਦਾ ਜਿਉਂਦੇ ਰਹਿਣ ਦਾ ਬੁਨਿਆਦੀ ਹੱਕ ਖੋਹਣ ਦਾ ਕੋਈ ਹੱਕ ਨਹੀਂ ਅਤੇ ਖ਼ਾਸ ਕਰਕੇ ਉਸ ਵਿਅਕਤੀ ਦਾ ਜਿਸ ਦਾ ਕੋਈ ਅਪਰਾਧ ਅਜੇ ਸਿੱਧ ਵੀ ਨਾ ਹੋਇਆ ਹੋਵੇ।

***-ਪੀ. ਹੇਮਾਲਤਾ (ਪਤਨੀ)***
***-ਪੀ. ਸਹਿਜਾ, ਪੀ ਅਨਲਾ ਅਤੇ ਪੀ. ਪਵਨਾ (ਧੀਆਂ)***
***ਮਿਤੀ: 12 ਜੁਲਾਈ 2020***

# ਜਾਰਜ ਔਰਵੈਲ ਦੇ ਨਾਵਲ '1984' ਦੇ ਝਲਕਾਰੇ


***ਭਾਰਤ ਵਿਚ ਜਿਸ ਤਰ੍ਹਾਂ ਆਮ ਲੋਕ ਮਸਲਿਆਂ ਬਾਰੇ ਅਵਾਜ਼ ਉਠਾਉਣ ਵਾਲਿਆਂ ਨੂੰ ਲੱਭ-ਲੱਭ ਕੇ ਉਨ੍ਹਾਂ ਦੀ ਜ਼ੁਬਾਨਬੰਦੀ ਕੀਤੀ ਜਾ ਰਹੀ ਹੈ, ਉਸ ਨੇ ਸੰਸਾਰ ਪ੍ਰਸਿੱਧ ਲਿਖਾਰੀ ਜਾਰਜ ਔਰਵੈਲ ਦੇ ਨਾਵਲ '1984' ਦਾ ਚੇਤਾ ਕਰਵਾ ਦਿੱਤਾ ਹੈ। ਇਹ ਨਾਵਲ 1949 ਵਿਚ ਛਪਿਆ ਸੀ ਅਤੇ ਲਿਖਾਰੀ ਨੇ ਉਸ ਸਮੇਂ ਤੋਂ 35 ਸਾਲ ਬਾਅਦ ਦਾ ਨਕਸ਼ਾ ਆਪਣੇ ਨਾਵਲ ਵਿਚ ਖਿੱਚਿਆ ਸੀ, ਕਿਸ ਤਰ੍ਹਾਂ ਲੋਕਾਂ ਦੀ ਨਿਗਰਾਨੀ ਕੀਤੀ ਜਾ ਰਹੀ ਹੈ। ਪ੍ਰਸਿੱਧ ਪੱਤਰਕਾਰ ਰਵੀਸ਼ ਕੁਮਾਰ ਨੇ ਇਸ ਨਾਵਲ ਦੇ ਹਵਾਲੇ ਨਾਲ ਹਿੰਦੂ ਕੱਟੜਪੰਥੀਆਂ ਵਲੋਂ ਮਚਾਈ ਹਨੇਰਗਰਦੀ ਦੀ ਚਰਚਾ ਆਪਣੇ ਇਸ ਲੇਖ ਅੰਦਰ ਕੀਤੀ ਹੈ। -ਸੰਪਾਦਕ***

ਜੇ ਤੁਸੀਂ ਨਾਜ਼ੀ ਦੌਰ ਦਾ ਇਤਿਹਾਸ ਦੇਖੋਗੇ ਤਾਂ ਤੁਹਾਨੂੰ ਇੱਕ ਸ਼ਬਦ ਮਿਲੇਗਾ 'ਕਲੀਨਜ਼ਿੰਗ' ਜਿਸ ਨੂੰ ਯਹੂਦੀਆਂ ਦੇ ਸਫਾਏ ਦੇ ਪ੍ਰਸੰਗ ਵਿਚ ਵਰਤਿਆ ਜਾਂਦਾ ਸੀ। ਇਹ ਸ਼ਬਦ ਸਫਾਏ ਅਤੇ ਸਫਾਈ ਦੋਹਾਂ ਮਾਇਨਿਆਂ ਵਿਚ ਵਰਤਿਆ ਗਿਆ ਹੈ। ਉਨ੍ਹਾਂ ਦੀਆਂ ਬਸਤੀਆਂ ਦੀ ਕਲੀਨਜ਼ਿੰਗ ਤੋਂ ਲੈ ਕੇ ਨਸਲ ਦੀ (ਕਲੀਨਜ਼ਿੰਗ) ਥਾਂ-ਥਾਂ ਮਿਲੇਗੀ। ਵਸੋਂ ਦੇ ਕਿਸੇ ਹਿੱਸੇ ਨੂੰ ਯੋਜਨਾਬੱਧ ਢੰਗ ਨਾਲ ਖਤਮ ਕਰਨ ਦੇ ਅਮਲ ਨੂੰ ਕਲੀਨਜ਼ਿੰਗ ਕਹਿੰਦੇ ਹਨ।


ਨਾਜ਼ੀ ਸ਼ਾਸਨ ਵਿਚ ਕਲੀਨਜ਼ਿੰਗ ਸ਼ਬਦ ਦੀ ਜਿਨ੍ਹਾਂ ਪ੍ਰਸੰਗਾਂ ਵਿਚ ਵਰਤੋਂ ਕੀਤੀ ਗਈ ਅਤੇ ਜਿਸ ਤਰ੍ਹਾਂ ਇਹ ਸ਼ੁੱਧੀਕਰਨ ਮੁਹਿੰਮ ਲਾਗੂ ਕੀਤੀ ਗਈ- ਇਸ ਸਭ ਬਾਰੇ ਜਾਣੂ ਹੋਣ ਤੋਂ ਬਾਅਦ ਤੁਸੀਂ ਜਾਰਜ ਔਰਵੈਲ ਦੇ ਨਾਵਲ '1984' ਦਾ ਕੋਈ ਵੀ ਪੰਨਾ ਲਵੋ। ਇਸ ਵਿਚ 'ਥੌਟ ਪੁਲਿਸ' ਨਾਂ ਦੀ ਚੀਜ਼ ਮਿਲੇਗੀ ਜਿਸ ਨੂੰ ਤੁਸੀਂ 'ਵਿਚਾਰ ਪੁਲਿਸ' ਕਹਿ ਸਕਦੇ ਹੋ। ਔਰਵੈਲ ਆਪਣੇ ਨਾਵਲ ਵਿਚ ਇਸ ਨਾਂ ਨਾਲ ਇਹੋ ਜਿਹੀ ਸੰਸਥਾ ਦੀ ਕਲਪਨਾ ਕਰ ਰਹੇ ਹਨ, ਜੋ ਨਾਗਰਿਕਾਂ ਦੇ ਮਨਾਂ ਵਿਚ ਚਲ

**ਰਵੀਸ਼ ਕੁਮਾਰ**
**ਅਨੁਵਾਦ: ਵਰਿੰਦਰ ਦੀਵਾਨਾ**

ਰਹੇ ਹਰ ਵਿਚਾਰ ਨੂੰ ਜਾਣ ਲੈਂਦੀ ਹੈ, ਉਨ੍ਹਾਂ 'ਤੇ ਨਿਗ੍ਹਾ ਰੱਖਦੀ ਹੈ। ਕੋਈ ਵੀ ਨਾਗਰਿਕ ਪਾਰਟੀ ਦੇ ਖਿਲਾਫ ਸੋਚ ਨਹੀਂ ਸਕਦਾ, ਲਿਖ ਨਹੀਂ ਸਕਦਾ, ਬੋਲ ਨਹੀਂ ਸਕਦਾ। ਥਾਂ-ਥਾਂ ਗ੍ਰਾਮੋਫੋਨ ਲੱਗੇ ਹਨ, ਵਿਸ਼ਾਲ ਟੈਲੀ-ਸਕਰੀਨ ਲੱਗੀਆਂ ਹਨ। ਇਨ੍ਹਾਂ ਸਕਰੀਨਾਂ ਪਿੱਛੇ ਤੁਹਾਨੂੰ ਕੋਈ ਦੇਖ ਰਿਹਾ ਹੈ। ਕੋਈ ਤੁਹਾਨੂੰ ਸੁਣ ਰਿਹਾ ਹੈ। 'ਵਿਚਾਰ ਪੁਲਿਸ' ਨਹੀਂ ਚਾਹੁੰਦੀ ਕਿ ਨਾਗਰਿਕ ਜਾਂ ਇਨਸਾਨ ਦੇ ਤੌਰ 'ਤੇ ਤੁਹਾਡੇ ਅੰਦਰ ਕਿਸੇ ਵੀ ਤਰ੍ਹਾਂ ਦੀ ਭਾਵਨਾ ਜਿਉਂਦੀ ਰਹੇ। ਇਹ ਭਾਵਨਾ ਭਾਵੇਂ ਬੇਕਾਬੂ ਖੁਸ਼ੀ ਦੀ ਕਿਉਂ ਨਾ ਹੋਵੇ! ਸਾਰੇ ਨਾਗਰਿਕਾਂ ਦੀਆਂ ਭਾਵਨਾਵਾਂ 'ਤੇ ਪਾਰਟੀ ਦਾ ਹੀ ਕੰਟਰੋਲ ਹੈ।




ਜਾਰਜ ਔਰਵੈੱਲ ਅਤੇ ਉਸ ਦੇ ਸੰਸਾਰ ਪ੍ਰਸਿੱਧ ਨਾਵਲ '1984' ਦਾ ਮੁਖੜਾ।




ਪੱਤਰਕਾਰ ਰਵੀਸ਼ ਕੁਮਾਰ ਅਤੇ ਉਸ ਦੀ ਕਿਤਾਬ 'ਬੋਲਨਾ ਹੀ ਹੈ' ਦਾ ਮੁਖੜਾ।

ਔਰਵੈਲ ਦਾ ਇਹ ਨਾਵਲ 1949 ਵਿਚ ਛਪਿਆ ਸੀ। ਇਨ੍ਹਾਂ ਦਿਨਾਂ ਵਿਚ ਇਹ ਅਮਰੀਕਾ ਵਿਚ ਨਵੇਂ ਸਿਰੇ ਤੋਂ ਪੜ੍ਹਿਆ ਜਾਣ ਲੱਗਾ ਹੈ। ਕਿਵੇਂ ਉਸ ਆਦਮੀ ਨੇ ਅੱਜ ਤੋਂ ਸੱਤਰ ਸਾਲ ਪਹਿਲਾਂ, ਸਾਡੇ ਸਮੇਂ ਨੂੰ ਇਸ ਤਰ੍ਹਾਂ ਸਾਫ-ਸਾਫ ਦੇਖ ਲਿਆ ਸੀ ਅਤੇ ਸਾਡੇ ਲਈ ਲਿਖ ਵੀ ਲਿਆ ਸੀ? ਦੁਨੀਆਂ ਉਦੋਂ ਵੀ ਬੇਖਬਰ ਰਹੀ, ਅੱਜ ਵੀ ਬੇਖਬਰ ਹੈ! ਜ਼ਰਾ ਗੌਰ ਕਰੋ, ਪੁਲਵਾਮਾ ਹਮਲੇ ਤੋਂ ਅਗਲੇ ਦਿਨ ਮਤਲਬ, 15 ਫਰਵਰੀ, 2019 ਨੂੰ ਭਾਰਤ ਵਿਚ 9 ਨੌਜਵਾਨਾਂ ਨੇ ਮਿਲ ਕੇ ਫੇਸਬੁੱਕ 'ਤੇ 'ਕਲੀਨ ਦਿ ਨੇਸ਼ਨ' (ਸੀ.ਟੀ.ਐਨ.) ਨਾਂ ਦਾ ਗਰੁੱਪ ਬਣਾਇਆ। ਅਗਲੇ ਦੋ ਦਿਨਾਂ ਵਿਚ ਉਹ ਪੁਲਵਾਮਾ ਹਮਲੇ 'ਤੇ ਸੁਆਲ ਉਠਾਉਣ ਵਾਲਿਆਂ ਦੀ ਸ਼ਨਾਖਤ ਕਰਦੇ ਹਨ। ਉਨ੍ਹਾਂ ਖਿਲਾਫ ਪੁਲਿਸ ਸ਼ਿਕਾਇਤ ਕਰਵਾਉਂਦੇ ਹਨ। ਪਛਾਣੇ ਗਏ ਇਹ ਲੋਕ ਟਰੋਲ ਹੁੰਦੇ ਹਨ। ਤਦ ਪੁਲਿਸ ਉਨ੍ਹਾਂ ਨੂੰ ਦੇਸ਼ਧ੍ਰੋਹ ਅਤੇ ਹੋਰ ਮਾਮਲਿਆਂ ਵਿਚ ਗ੍ਰਿਫਤਾਰ ਕਰ ਲੈਂਦੀ ਹੈ, ਤੇ ਇਹ ਸਾਰੇ ਆਪੋ-ਆਪਣੀਆਂ ਨੌਕਰੀਆਂ, ਯੂਨੀਵਰਸਿਟੀਆਂ ਤੋਂ ਮੁਅੱਤਲ ਕੀਤੇ ਜਾਂਦੇ ਹਨ। ਇਸੇ ਦੌਰਾਨ ਇਸ ਫੇਸਬੁੱਕ ਗਰੁੱਪ ਦੇ 4500 ਮੈਂਬਰ ਬਣ ਜਾਂਦੇ ਹਨ। ਜ਼ਿਆਦਾਤਰ ਦੀ ਉਮਰ 20 ਸਾਲ ਦੇ ਨੇੜੇ-ਤੇੜੇ ਹੈ। ਇਹ ਨੋਇਡਾ, ਦਿੱਲੀ ਵਿਚ ਆਈ.ਟੀ. ਕਿੱਤਾਕਾਰ ਦੇ ਰੂਪ ਵਿਚ ਕੰਮ ਵੀ ਕਰਦੇ ਹਨ। ਇਨ੍ਹਾਂ ਦਾ ਨਿਸ਼ਾਨਾ ਹੈ-'ਦੇਸ਼ ਧ੍ਰੋਹੀਆਂ ਦਾ ਸਫਾਇਆ'।

'ਕਲੀਨ ਦਿ ਨੇਸ਼ਨ' (ਸੀ.ਟੀ.ਐਨ.) ਪ੍ਰੋਜੈਕਟ ਇੱਕ ਵੀਡਿਓ ਜਾਰੀ ਹੋਣ ਮਗਰੋਂ ਸ਼ੁਰੂ ਹੁੰਦਾ ਹੈ ਜਿਸ ਵਿਚ 'ਭਾਰਤੀ ਸੈਨਾ' ਲਿਖੀ ਹੋਈ ਟੀ-ਸ਼ਰਟ ਪਾ ਕੇ ਇਸ ਦੇ ਕੋਰ ਮੈਂਬਰ ਮਧੁਰ ਸਿੰਘ ਕਹਿੰਦੇ ਹਨ ਕਿ 'ਉਨ੍ਹਾਂ ਲੋਕਾਂ ਦਾ ਪਤਾ ਕਰੋ ਜੋ ਭਾਰਤੀ ਫੌਜ 'ਤੇ ਹੱਸ ਰਹੇ ਹਨ। ਉਨ੍ਹਾਂ ਦੀ ਨੌਕਰੀ ਵਾਲੀ ਥਾਂ ਰਾਬਤਾ ਕਰੋ। ਜਿਥੇ ਉਹ ਪੜ੍ਹ ਰਹੇ ਹਨ, ਉਸ ਯੂਨੀਵਰਸਿਟੀ ਨਾਲ ਰਾਬਤਾ ਕਰੋ। ਉਨ੍ਹਾਂ ਨੂੰ ਸਬਕ ਸਿਖਾ ਦਿਓ। ਨੌਕਰੀ ਤੋਂ ਕਢਵਾ ਦਿਓ। ਯੂਨੀਵਰਸਿਟੀ ਤੋਂ ਮੁਅੱਤਲ ਕਰਵਾ ਦਿਓ।'

ਇੰਡੀਅਨ ਐਕਸਪ੍ਰੈਸ (ਅੰਗਰੇਜ਼ੀ ਅਖਬਾਰ) ਦੀ ਕ੍ਰਿਸ਼ਮਾ ਮਹਿਰੋਤਰਾ ਨੇ ਮਧੁਰ ਸਿੰਘ ਅਤੇ ਸੀ.ਟੀ.ਐਨ. ਦੇ ਹੋਰ ਵੀ ਕੋਰ ਮੈਂਬਰਾਂ ਨਾਲ ਗੱਲਬਾਤ ਕੀਤੀ ਹੈ। ਉਸ ਨੂੰ ਇਸ ਟੋਲੇ ਨੇ ਦੱਸਿਆ ਕਿ ਉਨ੍ਹਾਂ ਦੀ ਟੀਮ ਫੇਸਬੁੱਕ ਰਾਹੀਂ ਭਾਰਤ-ਵਿਰੋਧੀਆਂ ਬਾਰੇ ਸੂਚਨਾਵਾਂ ਇਕੱਠੀਆਂ ਕਰਦੀ ਹੈ, ਕਿਉਂਕਿ ਉਥੇ ਸਭ ਤੋਂ ਵੱਧ ਨਿੱਜੀ ਜਾਣਕਾਰੀਆਂ ਮਿਲ ਜਾਂਦੀਆਂ ਹਨ। ਉਨ੍ਹਾਂ ਦਾਅਵਾ ਕੀਤਾ ਕਿ ਤਕਰੀਬਨ ਪੰਤਾਲੀ ਮਾਮਲਿਆਂ ਵਿਚ ਭਾਰਤ-ਵਿਰੋਧੀ ਲੋਕਾਂ ਖਿਲਾਫ ਕਾਰਵਾਈ ਕਰਵਾਈ ਗਈ ਹੈ: ਗੁਹਾਟੀ ਦੇ ਇੱਕ ਕਾਲਜ ਦਾ ਸਹਾਇਕ ਪ੍ਰੋਫੈਸਰ ਮੁਅੱਤਲ ਹੋ ਚੁੱਕਿਆ ਹੈ; ਰਾਜਸਥਾਨ ਯੂਨੀਵਰਸਿਟੀ ਨੇ ਚਾਰ ਕਸ਼ਮੀਰੀ ਵਿਦਿਆਰਥੀਆਂ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ; ਇੱਕ ਟਵੀਟ ਕਾਰਨ ਜੈਪੁਰ ਵਿਚ ਇੱਕ ਗ੍ਰਿਫਤਾਰੀ ਹੋਈ ਹੈ; ਗ੍ਰੇਟਰ ਨੋਇਡਾ ਦੇ ਇੱਕ ਇੰਜਨੀਅਰਿੰਗ ਕਾਲਜ ਨੇ ਕਸ਼ਮੀਰੀ ਵਿਦਿਆਰਥੀ ਨੂੰ ਮੁਅੱਤਲ ਕੀਤਾ ਹੈ; ਬਿਹਾਰ ਦੇ ਕਟਿਹਾਰ ਵਿਚ ਇੱਕ ਵਿਦਿਆਰਥੀ ਫੇਸਬੁੱਕ ਪੋਸਟ ਕਾਰਨ ਗ੍ਰਿਫਤਾਰ ਹੋਇਆ ਹੈ। ਕਈ ਸੰਸਥਾਵਾਂ ਨੇ ਸੀ.ਟੀ.ਐਨ. ਨੂੰ ਆਪ ਕੀਤੀ ਕਾਰਵਾਈ ਦਾ ਵੇਰਵਾ ਵੀ ਭੇਜਿਆ ਹੈ।

ਉਸ ਤੋਂ ਬਾਅਦ 29 ਜੂਨ, 2019 ਨੂੰ ਸੀ.ਟੀ.ਐਨ. ਨੂੰ ਸੋਸ਼ਲ ਮੀਡੀਆ ਪੱਤਰਕਾਰੀ ਲਈ ਐਵਾਰਡ ਦਿੱਤਾ ਜਾਂਦਾ ਹੈ ਜਿਸ ਦਾ ਨਾਂ ਹੈ- ਸੋਸ਼ਲ ਮੀਡੀਆ ਪੱਤਰਕਾਰੀ ਨਾਰਦ ਸਨਮਾਨ। ਸਨਮਾਨ ਦੇਣ ਵਾਲੀ ਸੰਸਥਾ ਦਾ ਨਾਂ ਹੈ- ਇੰਦਰਪ੍ਰਸਥ ਵਿਸ਼ਵ ਸੰਵਾਦ ਕੇਂਦਰ (ਆਈ.ਵੀ.ਐਸ.ਕੇ.)। ਇਹ ਸਨਮਾਨ ਸਮਾਗਮ ਦਿੱਲੀ ਦੇ ਇੰਡੀਆ ਇੰਟਰਨੈਸ਼ਨਲ ਸੈਂਟਰ ਵਿਚ ਹੁੰਦਾ ਹੈ ਅਤੇ ਸਟੇਜ 'ਤੇ ਬਿਰਾਜਮਾਨ ਹਨ- ਰਾਸ਼ਟਰੀ ਸਵੈਮਸੇਵਕ ਸੰਘ ਦੇ ਮਨਮੋਹਨ ਵੈਦ ਅਤੇ ਕੇਂਦਰੀ ਮੰਤਰੀ ਸਿਮਰਿਤੀ ਇਰਾਨੀ।

ਇੰਡੀਅਨ ਐਕਸਪ੍ਰੈਸ ਨੇ ਐਵਾਰਡ ਦੇਣ ਵਾਲੀ ਸੰਸਥਾ ਆਈ.ਵੀ.ਐਸ.ਕੇ. ਦੇ ਸਕੱਤਰ ਵਗੀਸ਼ ਇਸ਼ਰ ਨਾਲ ਗੱਲ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ 'ਇਸ ਟੀਮ ਨੂੰ ਐਵਾਰਡ ਇਸ ਲਈ ਦਿੱਤਾ ਗਿਆ, ਕਿਉਂਕਿ ਅਸੀਂ ਦੇਖਿਆ ਕਿ ਇਹ ਸਾਡੇ ਦੇਸ਼ ਨੂੰ ਬਹੁਤ ਪਿਆਰ ਕਰਦੇ ਹਨ। ਬਹੁਤ ਸਾਰੇ ਲੋਕ ਦੇਸ਼ ਨੂੰ ਪਿਆਰ ਕਰਦੇ ਹਨ, ਪਰ ਕੁਝ ਲੋਕ ਜ਼ਿਆਦਾ ਕਿਰਿਆਸ਼ੀਲਤਾ ਨਾਲ ਪਿਆਰ ਕਰਦੇ ਹਨ।'

ਗੁਹਾਟੀ ਦੇ ਇੱਕ ਕਾਲਜ ਤੋਂ ਮੁਅੱਤਲ ਕੀਤੀ ਸਹਾਇਕ ਪ੍ਰੋਫੈਸਰ ਨੇ ਇੰਡੀਅਨ ਐਕਸਪ੍ਰੈਸ ਨੂੰ ਦੱਸਿਆ ਕਿ ਮੀਡੀਆ ਉਸ ਦਾ ਪਿੱਛਾ ਕਰਨ ਲੱਗਿਆ, ਘਰ ਛੱਡ ਕੇ ਭੱਜਣਾ ਪਿਆ। ਜੈਪੁਰ ਵਿਚ ਚਾਰ ਕਸ਼ਮੀਰੀ ਕੁੜੀਆਂ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ, ਉਨ੍ਹਾਂ ਦੇ ਵ੍ਹੱਟਸਐਪ ਸੁਨੇਹੇ ਦਾ ਇਹ ਮਤਲਬ ਕੱਢਿਆ ਗਿਆ ਕਿ ਇਨ੍ਹਾਂ ਨੇ ਪੁਲਵਾਮਾ ਹਮਲੇ 'ਤੇ ਖੁਸ਼ੀ ਪ੍ਰਗਟ ਕੀਤੀ ਹੈ। ਉਨ੍ਹਾਂ ਨੂੰ ਕਾਲਜ ਅਤੇ ਹੋਸਟਲ ਤੋਂ ਮੁਅੱਤਲ ਕੀਤਾ ਗਿਆ। ਸਥਾਨਕ ਲੋਕ ਵੀ ਇਨ੍ਹਾਂ ਖਿਲਾਫ ਪ੍ਰਦਰਸ਼ਨ ਕਰਨ ਨਿਕਲੇ। ਐਫ.ਆਈ.ਆਰ. ਦਰਜ ਹੋਈ ਪਰ ਕੋਈ ਗ੍ਰਿਫਤਾਰੀ ਨਹੀਂ ਹੋਈ। ਇੰਡੀਅਨ ਐਕਸਪ੍ਰੈਸ ਨੇ ਥਾਣੇ ਦੇ ਐਸ.ਐਚ.ਓ. ਨਾਲ ਗੱਲ ਕੀਤੀ, ਉਨ੍ਹਾਂ ਦੱਸਿਆ ਕਿ ਕੁੜੀਆਂ ਵਿਰੁਧ ਕੋਈ ਕਾਰਵਾਈ ਨਹੀਂ ਬਣਦੀ।

ਇਨ੍ਹਾਂ ਗੱਲਾਂ ਦੇ ਮੱਦੇਨਜ਼ਰ ਸਥਾਨਕ ਪੱਧਰ 'ਤੇ ਮਹੱਲਿਆਂ ਵਿਚ, ਦਫਤਰਾਂ ਵਿਚ ਜ਼ਰੂਰ ਬਹਿਸ ਹੋਈ ਹੋਵੇਗੀ। ਲੋਕਾਂ ਨੂੰ ਫਰਜ਼ੀ ਸੂਚਨਾਵਾਂ ਦੇ ਆਧਾਰ 'ਤੇ 'ਰਾਸ਼ਟਰਵਾਦੀ' ਬਣਾਇਆ ਗਿਆ ਹੋਵੇਗਾ। ਮੀਡੀਆ ਵੀ ਇਸ ਗਰਮਾ-ਗਰਮ ਬਹਿਸ ਵਿਚ ਕੁੱਦਣ ਵਿਚ ਪਿੱਛੇ ਕਿਉਂ ਰਹਿੰਦਾ! ਹੁਣ ਇਹ ਮਾਮਲਾ ਖਤਮ ਹੋ ਗਿਆ ਹੈ। ਨਾ ਸਮਾਜ ਨੂੰ ਅਫਸੋਸ ਹੈ, ਨਾ ਮੀਡੀਆ ਨੂੰ। ਥਾਂ-ਥਾਂ ਇਸੇ ਤਰਜ਼ 'ਤੇ ਬਹਿਸ ਦੇ ਮੁੱਦੇ ਪੈਦਾ ਕੀਤੇ ਜਾਂਦੇ ਹਨ। ਲੋਕਾਂ ਦੇ ਵਿਚੋਂ 'ਰਾਸ਼ਟਰਵਿਰੋਧੀ' ਦੀ ਪਛਾਣ ਕੀਤੀ ਜਾਂਦੀ ਹੈ। ਕੋਈ ਨਵਾਂ ਮਾਮਲਾ ਬਣਾਇਆ ਜਾਂਦਾ ਹੈ ਅਤੇ ਦੂਜੇ ਜ਼ਰੂਰੀ ਮੁੱਦਿਆਂ ਤੋਂ ਲੋਕਾਂ ਨੂੰ ਭਟਕਾਇਆ ਜਾਂਦਾ ਹੈ। ਹਰ ਰੋਜ਼ ਲੋਕ ਇਸੇ ਤਰ੍ਹਾਂ ਦੀ ਕਸਰਤ ਕਰ ਰਹੇ ਹਨ। ਉਹ ਜਾਰਜ ਔਰਵੈਲ ਦੇ ਨਾਵਲ '1984' ਦੇ ਨਾਗਰਿਕ ਬਣ ਗਏ ਹਨ। ਉਹ ਹੁਣ ਔਰਵੈਲਿਅਨ ਸੰਸਾਰ ਵਿਚ ਰਹਿ ਰਹੇ ਹਨ। ਉਨ੍ਹਾਂ ਦੀ ਆਪਣੀ ਕੋਈ ਸੋਚ ਨਹੀਂ ਰਹੀ ਹੈ, ਕੋਈ ਸਮਝ ਨਹੀਂ ਰਹੀ ਹੈ। ਉਹ ਹੁਣ ਆਪਣਾ ਹਾਸਾ ਵੀ ਨਹੀਂ ਹੱਸ ਸਕਦੇ। ਜਦੋਂ ਸੱਤਾ ਵਿਚ ਬੈਠਾ ਆਗੂ ਕਹੇਗਾ ਅਤੇ ਜਿਨ੍ਹਾਂ ਹੱਸੇਗਾ, ਤਾਂ ਉਨ੍ਹਾਂ ਹੀ ਸਭ ਨੂੰ ਹੱਸਣਾ ਪਵੇਗਾ।

ਸੀ.ਟੀ.ਐਨ. ਗੈਂਗ ਜਿਹੀ 'ਪੁਲਿਸ' ਤੁਹਾਡੇ ਆਸ-ਪਾਸ ਹੈ। ਨਹੀਂ ਵੀ ਹੈ ਤਾਂ ਉਸ ਦੇ ਆ ਜਾਣ ਦਾ ਡਰ ਲੱਗਿਆ ਰਹਿੰਦਾ ਹੈ। ਇਸ ਲਈ ਤੁਸੀਂ ਖੁੱਲ੍ਹ ਕੇ ਲਿਖਣ ਤੋਂ ਡਰਦੇ ਹੋ। ਖੁੱਲ੍ਹ ਕੇ ਬੋਲਣ ਤੋਂ ਬਚਦੇ ਹੋ। ਟਰੋਲ ਦੇ ਹਮਲੇ ਤੋਂ ਘਬਰਾਉਂਦੇ ਹੋ, ਕਿਉਂਕਿ ਤੁਹਾਡੇ 'ਤੇ ਸੀ.ਟੀ.ਐਨ. ਜਿਹੇ ਟੋਲਿਆਂ ਦੀ ਨਜ਼ਰ ਹੈ। 'ਬਿੱਗ ਬ੍ਰਦਰ ਇਜ਼ ਵਾਚਿੰਗ ਯੂ। ਹੁਣ ਸੀ.ਟੀ.ਐਨ. ਜਿਹੇ ਟੋਲੇ ਬਿੱਗ ਬ੍ਰਦਰ, ਜਰਵਾਣਿਆਂ ਦੇ ਸੀ.ਸੀ.ਟੀ.ਵੀ. ਕੈਮਰੇ ਹਨ।

***ਨਾਜ਼ੀਆਂ ਦੀ ਸਫਾਈ ਮੁਹਿੰਮ ਯਹੂਦੀਆਂ ਤੋਂ ਸ਼ੁਰੂ ਹੋਈ ਸੀ। ਫਿਰ ਵਸੋਂ ਦੇ ਦੂਜੇ ਤਬਕਿਆਂ ਨੂੰ ਵੀ ਇਸ ਸੂਚੀ ਵਿਚ ਜੋੜ ਲਿਆ ਗਿਆ। ਇੱਕ ਲੰਮੀ ਸੂਚੀ ਤਿਆਰ ਹੋ ਗਈ, ਹੁੰਦੀ ਗਈ। ਈਨਾ ਆਰ. ਫ੍ਰੀਡਮੈਨ ਆਪਣੇ ਲੇਖ 'ਦਿ ਅਦਰ ਵਿਕਟਮਜ਼ ਆਫ ਦਿ ਨਾਜ਼ੀਜ਼' ਵਿਚ ਸਾਨੂੰ ਸਾਵਧਾਨ ਕਰਦੀ ਹੈ ਕਿ ਸੱਠ ਲੱਖ ਯਹੂਦੀਆਂ ਨਾਲ ਨਾਜ਼ੀ ਸ਼ਾਸਨ ਨੇ ਪੰਜਾਹ ਲੱਖ ਹੋਰ ਲੋਕਾਂ ਨੂੰ ਵੀ ਮਾਰ ਦਿੱਤਾ ਸੀ। ਇਹ ਉਹ ਲੋਕ ਸਨ ਜੋ ਕਮਿਊਨਿਸਟ, ਅਸਹਿਮਤ ਪਾਦਰੀ, ਚਿੱਤਰਕਾਰ, ਲੇਖਕ, ਸੰਗੀਤਕਾਰ ਅਤੇ ਹੋਰ ਕਲਾਕਾਰ ਜੋ ਹਿਟਲਰ ਦੇ ਵਿਚਾਰਾਂ ਤੇ ਕੰਮਾਂ ਨਾਲ ਸਹਿਮਤ ਨਹੀਂ ਸਨ, ਸਾਰੇ ਸ਼ਾਮਿਲ ਸਨ।***

ਭਾਰਤ ਦੇ ਨਵੇਂ ਗਣਤੰਤਰ ਵਿਚ ਤੁਹਾਡਾ ਸੁਆਗਤ ਹੈ। ਹੁਣ ਤੁਸੀਂ ਨਾਗਰਿਕ ਨਹੀਂ ਹੋ; ਪਾਰਟੀ ਬਣ ਚੁੱਕੇ ਹੋ। ਜੋ ਨਹੀਂ ਬਣੇ ਹਨ, ਉਨ੍ਹਾਂ ਨੂੰ ਇਸ ਦਾ ਮੁੱਲ ਦੇਣਾ ਪਵੇਗਾ ਅਤੇ ਤੁਹਾਨੂੰ ਇਸ ਗੱਲ ਨਾਲ ਕੋਈ ਮਤਲਬ ਨਹੀਂ ਹੈ।

ਮੈਂ ਫਿਰ ਤੋਂ ਉਸ 'ਕਲੀਨਜ਼ਿੰਗ' ਸ਼ਬਦ ਦੀ ਯਾਦ ਦਿਵਾਉਂਦਾ ਹਾਂ ਜਿਸ ਨਾਲ ਇਸ ਲੇਖ ਦੀ ਸ਼ੁਰੂਆਤ ਕੀਤੀ ਸੀ। ਨਾਜ਼ੀਆਂ ਦੀ ਸਫਾਈ ਮੁਹਿੰਮ ਯਹੂਦੀਆਂ ਤੋਂ ਸ਼ੁਰੂ ਹੋਈ ਸੀ। ਫਿਰ ਵਸੋਂ ਦੇ ਦੂਜੇ ਤਬਕਿਆਂ ਨੂੰ ਵੀ ਇਸ ਸੂਚੀ ਵਿਚ ਜੋੜ ਲਿਆ ਗਿਆ। ਇੱਕ ਲੰਮੀ ਸੂਚੀ ਤਿਆਰ ਹੋ ਗਈ, ਹੁੰਦੀ ਗਈ। ਈਨਾ ਆਰ. ਫ੍ਰੀਡਮੈਨ ਆਪਣੇ ਲੇਖ 'ਦਿ ਅਦਰ ਵਿਕਟਮਜ਼ ਆਫ ਦਿ ਨਾਜ਼ੀਜ਼' ਵਿਚ ਸਾਨੂੰ ਸਾਵਧਾਨ ਕਰਦੀ ਹੈ ਕਿ ਸੱਠ ਲੱਖ ਯਹੂਦੀਆਂ ਨਾਲ ਨਾਜ਼ੀ ਸ਼ਾਸਨ ਨੇ ਪੰਜਾਹ ਲੱਖ ਹੋਰ ਲੋਕਾਂ ਨੂੰ ਵੀ ਮਾਰ ਦਿੱਤਾ ਸੀ। ਇਹ ਉਹ ਲੋਕ ਸਨ ਜੋ ਨਸਲੀ ਤੌਰ 'ਤੇ ਅਸ਼ੁੱਧ, ਜਰਮਨ-ਵਿਰੋਧੀ, ਕਮਜ਼ੋਰ, ਬਾਂਝ ਜਾਂ ਅਨੈਤਿਕ ਐਲਾਨੇ ਗਏ ਸਨ। ਇਨ੍ਹਾਂ ਵਿਚ ਜਿਪਸੀ, ਕਾਲੇ, ਯਹੋਵਾ ਦੇ ਸਾਥੀ, ਮਾਨਸਿਕ ਤੇ ਸਰੀਰਕ ਤੌਰ 'ਤੇ ਅਪੰਗ, ਕਮਿਊਨਿਸਟ, ਸਮਾਜਿਕ ਲੋਕ-ਪੱਖੀ ਅਤੇ ਨਾਜ਼ੀਆਂ ਦੇ ਹੋਰ ਵਿਰੋਧੀ, ਅਸਹਿਮਤ ਪਾਦਰੀ, ਸਮਲਿੰਗੀ, ਟ੍ਰਾਂਸਜੈਂਡਰ, ਯੁੱਧ ਬੰਦੀ, ਮਿਰਗੀ ਦੇ ਰੋਗੀ, ਸ਼ਰਾਬੀ, ਸਲੈਵਿਕ, ਚਿੱਤਰਕਾਰ, ਲੇਖਕ, ਸੰਗੀਤਕਾਰ ਅਤੇ ਹੋਰ ਕਲਾਕਾਰ ਜੋ ਹਿਟਲਰ ਦੇ ਵਿਚਾਰਾਂ ਤੇ ਕੰਮਾਂ ਨਾਲ ਸਹਿਮਤ ਨਹੀਂ ਸਨ, ਸਾਰੇ ਸ਼ਾਮਿਲ ਸਨ।

ਫ੍ਰੀਡਮੈਨ ਨੇ ਲਿਖਿਆ ਹੈ, "ਜਨਤਾ ਅਤੇ ਰਾਜ ਤੋਂ ਤਣਾਅ ਦੂਰ ਕਰਨ ਸਬੰਧੀ ਕਾਨੂੰਨ ਨੇ ਨਾਜ਼ੀਆਂ ਨੂੰ ਤਮਾਮ ਨਾਗਰਿਕ ਅਤੇ ਮਨੁੱਖੀ ਅਧਿਕਾਰਾਂ ਦੀ ਅਣਦੇਖੀ ਕਰਨ ਦੀ ਖੁੱਲ੍ਹ ਦੇ ਦਿੱਤੀ, ਜੋ ਪਹਿਲਾਂ ਜਰਮਨ ਸੰਵਿਧਾਨ ਵਿਚ ਦਰਜ ਸਨ। ਇਸੇ ਲੜੀ ਤਹਿਤ ਮਨੁੱਖੀ ਅਧਿਕਾਰਾਂ ਦੇ ਉਲੰਘਣ ਨੂੰ ਬੜਾਵਾ ਦੇਣ ਲਈ ਪ੍ਰੈਸ ਅਤੇ ਰੇਡੀਓ ਦਾ ਪ੍ਰਾਪੇਗੰਡਾ ਸ਼ੁਰੂ ਕੀਤਾ ਗਿਆ, ਜਿਸ ਵਿਚ ਆਪਣੇ ਸ਼ਿਕਾਰ ਲੋਕਾਂ ਨੂੰ ਚੂਹੇ, ਕੀੜੇ, ਨੀਚ ਮਨੁੱਖ ਆਦਿ ਅਪਮਾਨਜਨਕ ਲਕਵਾਂ ਨਾਲ ਨਿਵਾਜਿਆ ਗਿਆ।"

ਇਸ ਤੋਂ ਬਾਅਦ ਫ੍ਰੀਡਮੈਨ ਤਤਕਾਲੀਨ ਹਾਲਤ ਨੂੰ ਲੈ ਕੇ ਇਹੋ ਜਿਹੀ ਟਿੱਪਣੀ ਕਰਦੀ ਹੈ, ਜਿਸ ਨਾਲ ਇਤਿਹਾਸ ਸਾਡੀਆਂ ਬਰੂਹਾਂ 'ਤੇ ਆ ਖਲੋਂਦਾ ਹੈ। ਉਹ ਇਸ ਗੱਲ ਵੱਲ ਧਿਆਨ ਦਿਵਾਉਂਦੀ ਹੈ ਕਿ ਹਿਟਲਰ ਅਤੇ ਨਾਜ਼ੀਆਂ ਦਾ ਸ਼ੁੱਧ 'ਮਾਸਟਰ ਨਸਲ' ਵਿਚ ਭਰੋਸਾ ਰੱਖਣਾ ਕੋਈ ਖਾਸ ਗੱਲ ਨਹੀਂ ਸੀ। ਖਾਸ ਗੱਲ ਤਾਂ ਇਹ ਸੀ ਕਿ 'ਅਣਇੱਛਤ ਸਮੂਹਾਂ' ਦੀ ਪਛਾਣ ਕਰਵਾਉਣ ਦੇ ਕੰਮ ਵਿਚ ਜਰਮਨ ਸਮਾਜ ਦੇ ਵੱਖਰੇ ਤਬਕਿਆਂ ਵਿਚੋਂ ਵਿਗਿਆਨੀ, ਡਾਕਟਰ, ਇੰਜਨੀਅਰ, ਮਾਨਵ ਵਿਗਿਆਨੀ, ਵਿਦਿਆਰਥੀ ਆਦਿ ਵੀ ਉਤਸ਼ਾਹ ਨਾਲ ਸ਼ਾਮਿਲ ਸਨ। ਉਹ ਆਪਣੇ ਦੇਸ਼ ਤੋਂ 'ਦੇਸ਼ ਧ੍ਰੋਹੀਆਂ' ਦਾ ਸਫਾਇਆ ਕਰ ਰਹੇ ਹਨ।

ਔਰਵੈਲ ਦਾ ਨਾਵਲ '1984' ਪੜ੍ਹਦਿਆਂ ਫ੍ਰੀਡਮੈਨ ਦੇ ਲੇਖ 'ਤੇ ਨਿਗਾਹ ਮਾਰਨਾ ਨਾ ਭੁੱਲਿਓ। ਇਹ ਲੇਖ ਔਨਲਾਇਨ ਮਿਲ ਜਾਂਦਾ ਹੈ। ਉਸ ਨੂੰ ਪੜ੍ਹਦਿਆਂ ਤੁਸੀਂ ਮਹਿਸੂਸ ਕਰੋਗੇ ਕਿ ਇਤਿਹਾਸ ਦੇ ਪੁਰਾਣੇ ਸਮਾਨ ਨੂੰ ਨਵਾਂ ਕਹਿ ਕੇ ਵੇਚਿਆ ਜਾ ਰਿਹਾ ਹੈ।



# ਚੀਨੀ ਵਸਤਾਂ ਦਾ ਬਾਈਕਾਟ: ਹਕੀਕਤ ਕੀ ਹੈ?

ਆਪਣੇ ਭਾਸ਼ਣਾਂ ਅਤੇ ਬਿਆਨਾਂ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਮੁੱਖ ਆਰਥਿਕ ਸਲਾਹਕਾਰ ਕ੍ਰਿਸ਼ਨਾਮੂਰਤੀ ਸੁਬਰਾਮਨੀਅਨ ਨੇ 'ਆਤਮ-ਨਿਰਭਰ ਭਾਰਤ' ਅਤੇ ਭਾਰਤੀ ਲੋਕਾਂ ਵਲੋਂ ਭਾਰਤ ਵਿਚ ਨਿਰਮਿਤ ਹੋਏ ਮਾਲ ਦੀ ਵਰਤੋਂ 'ਤੇ ਜ਼ੋਰ ਦਿੱਤਾ ਹੈ। ਇਸ ਦੇ ਪਿੱਛੇ ਤਰਕ ਦਿੱਤਾ ਗਿਆ ਹੈ ਕਿ ਜਦੋਂ ਲੋਕ ਭਾਰਤ ਵਿਚ ਬਣੇ ਉਤਪਾਦਾਂ ਨੂੰ ਖਰੀਦਣਗੇ ਤਾਂ ਕਰੋਨਾ ਕਾਰਨ ਨਸ਼ਟ



**ਡਾ. ਰਾਜੀਵ ਖੋਸਲਾ**

ਹੋਇਆ ਭਾਰਤੀ ਕਾਰੋਬਾਰ ਮੁੜ ਲੀਹਾਂ 'ਤੇ ਆਵੇਗਾ ਅਤੇ ਆਰਥਿਕਤਾ ਚੰਗੀ ਤਰੱਕੀ ਕਰੇਗੀ।

ਇਸ ਤੋਂ ਇਕ ਕਦਮ ਹੋਰ ਅੱਗੇ ਵਧਦੇ ਹੋਏ ਵਪਾਰਕ ਸੰਗਠਨਾਂ ਦੀ ਨੁਮਾਇੰਦਗੀ ਕਰਨ ਵਾਲੇ ਕਨਫੈਡਰੇਸ਼ਨ ਆਫ ਇੰਡੀਅਨ ਟ੍ਰੇਡਰਜ਼ (ਸੀ.ਏ.ਆਈ.ਟੀ. ਜਿਸ ਵਿਚ 7 ਕਰੋੜ ਵਪਾਰੀ ਅਤੇ 40000 ਸੰਗਠਨ ਸ਼ਾਮਲ ਹਨ) ਨੇ 7 ਜੂਨ 2020 ਨੂੰ ਚੀਨ ਦੇ ਉਤਪਾਦਾਂ ਦਾ ਬਾਈਕਾਟ ਕਰਨ ਦੀ ਰਾਸ਼ਟਰੀ ਮੁਹਿੰਮ ਐਲਾਨੀ, ਜਿਸ ਦੀ ਅਸਲ ਸ਼ੁਰੂਆਤ ਮਿਤੀ 10 ਜੂਨ ਤੋਂ 'ਭਾਰਤੀ ਸਮਾਨ, ਸਾਡੀ ਕੀਮਤ' ਤਹਿਤ ਕੀਤੀ ਗਈ। ਸੀ.ਏ.ਆਈ.ਟੀ. ਨੇ ਚੀਨ ਤੋਂ ਦਰਾਮਦ ਹੋਣ ਵਾਲੇ 3000 ਉਤਪਾਦਾਂ ਦੀ ਵਿਆਪਕ ਸੂਚੀ ਵੀ ਤਿਆਰ ਕੀਤੀ ਹੈ ਜਿਸ ਦਾ ਬਦਲ ਭਾਰਤ ਵਿਚ ਆਸਾਨੀ ਨਾਲ ਉਪਲਬਧ ਹੈ। ਇਨ੍ਹਾਂ ਐਲਾਨਾਂ ਤੇ ਵਿਚਾਰਾਂ ਤੋਂ ਪ੍ਰੇਰਿਤ ਹੋ ਕੇ ਸੋਸ਼ਲ ਮੀਡੀਆ ਰਾਹੀਂ ਸੁਨੇਹੇ ਫੈਲਾਉਣ ਵਾਲੇ ਵੀ ਹਰਕਤ ਵਿਚ ਆ ਗਏ ਜੋ ਹੁਣ ਲਗਾਤਾਰ ਭਾਰਤੀ ਲੋਕਾਂ ਨੂੰ ਚੀਨ ਦੀਆਂ ਵਸਤਾਂ ਦੀ ਵਰਤੋਂ ਦਾ ਬਾਈਕਾਟ ਕਰਨ ਦੀ ਅਪੀਲ ਕਰ ਰਹੇ ਹਨ। ਇਸ ਸਭ ਵਿਚਾਲੇ ਵੱਡਾ ਸਵਾਲ ਇਹ ਉਠਦਾ ਹੈ: ਕੀ ਅਸੀਂ ਚੀਨ ਦੇ ਸਾਮਾਨ ਦੀ ਵਰਤੋਂ ਦਾ ਬਾਈਕਾਟ ਕਰਨ ਲਈ ਸਮਰੱਥ ਹਾਂ?

ਜਿਥੋਂ ਤਕ 'ਆਤਮ-ਨਿਰਭਰਤਾ' ਦਾ ਸਵਾਲ ਹੈ, ਇਹ ਸ਼ਬਦ 'ਦਰਾਮਦ ਬਦਲ' ਨੀਤੀ ਦਾ ਪੁਨਰ ਜਨਮ ਹੈ ਜੋ 1947 ਤੋਂ ਲੈ ਕੇ 1991 ਤਕ ਭਾਰਤੀ ਅਰਥਚਾਰੇ, ਖਾਸ ਕਰ ਅਰਥ-ਸ਼ਾਸਤਰੀਆਂ ਲਈ ਵਿਚਾਰ-ਵਟਾਂਦਰੇ ਦਾ ਕੇਂਦਰ ਰਹੀ ਹੈ ਪਰ ਭਾਰਤੀ ਉਤਪਾਦਾਂ ਦੀ ਮਾੜੀ ਗੁਣਵੱਤਾ ਕਾਰਨ 1991 ਤੋਂ ਬਾਅਦ ਭਾਰਤ ਨੇ ਸੁਰੱਖਿਆਵਾਦੀ ਅਤੇ 'ਦਰਾਮਦ ਬਦਲ' ਨੀਤੀ ਨੂੰ ਅਲਵਿਦਾ ਕਹਿ ਕੇ ਉਦਾਰੀਕਰਨ, ਨਿੱਜੀਕਰਨ ਅਤੇ ਵਿਸ਼ਵੀਕਰਨ ਨੂੰ ਅਪਣਾ ਲਿਆ। ਉਦਾਰੀਕਰਨ ਦੇ ਦੌਰ ਵਿਚ ਬਹੁਤ ਸਾਰੀਆਂ ਭਾਰਤੀ ਕੰਪਨੀਆਂ ਕੌਮਾਂਤਰੀ ਕੰਪਨੀਆਂ ਦਾ ਸਾਹਮਣਾ ਕਰਨ ਵਿਚ ਅਸਫਲ ਰਹੀਆਂ, ਇਸ ਲਈ ਦੂਜੇ ਦੇਸ਼ਾਂ, ਖਾਸ ਕਰ ਚੀਨ ਤੋਂ ਸਸਤੀਆਂ ਚੀਜ਼ਾਂ ਦੀ ਦਰਾਮਦ ਵਧ ਗਈ। ਅੰਕੜੇ ਦਰਸਾਉਂਦੇ ਹਨ ਕਿ ਭਾਰਤ ਦੀ ਕੁੱਲ ਦਰਾਮਦ ਵਿਚ ਚੀਨ ਤੋਂ ਦਰਾਮਦ ਹੋਏ ਸਾਮਾਨ ਦਾ ਹਿੱਸਾ ਜੋ 1991 ਵਿਚ ਸਿਰਫ 0.11% ਸੀ, 2018 ਵਿਚ ਵਧ ਕੇ 14.6% ਹੋ ਗਿਆ। ਪ੍ਰਧਾਨ ਮੰਤਰੀ ਮੋਦੀ ਦੇ ਸ਼ਾਸਨ ਦੌਰਾਨ ਹੀ ਸਾਲ 2014 ਤੋਂ 2018 ਤਕ ਚੀਨੀ ਸਾਮਾਨ ਦੀਆਂ ਦਰਾਮਦਾਂ ਵਿਚ 2% ਵਾਧਾ ਹੋਇਆ ਹੈ। 2018-19 ਵਿਚ ਭਾਰਤ ਦੀ ਚੀਨ ਤੋਂ ਦਰਾਮਦ 50000 ਕਰੋੜ ਰੁਪਏ ਦੀ ਸੀ ਜੋ ਚੀਨ ਦੇ ਕੁੱਲ ਬਰਾਮਦ ਦਾ ਸਿਰਫ 2% ਬਣਦੀ ਹੈ। ਭਾਰਤ ਦੇ ਉਹ ਉਦਯੋਗ ਜਾਂ ਖੇਤਰ ਜੋ ਵੱਡੀ ਮਾਤਰਾ ਵਿਚ ਚੀਨ ਤੋਂ ਦਰਾਮਦ 'ਤੇ ਨਿਰਭਰ ਹਨ, ਉਨ੍ਹਾਂ ਵਿਚ ਸ਼ਾਮਲ ਹਨ ਬੱਚਿਆਂ ਦੇ ਖਿਡੌਣੇ (90%), ਇਲੈਕਟ੍ਰੀਕਲ ਤੇ ਇਲੈਕਟ੍ਰੌਨਿਕ ਸਮਾਨ (60%), ਸਮਾਰਟ ਫੋਨ (60%), ਸਾਈਕਲਾਂ ਦੇ ਹਿੱਸੇ (50%), ਵਾਹਨਾਂ ਦੇ ਹਿੱਸੇ (30%) ਆਦਿ। ਤੱਥ ਸਪਸ਼ਟ ਕਰਦੇ ਹਨ ਕਿ ਜੇ ਚੀਨ ਤੋਂ ਭਾਰਤ ਆਉਣ ਵਾਲੀਆਂ ਸਾਰੀਆਂ ਦਰਾਮਦਾਂ 'ਤੇ ਵੀ ਪਾਬੰਦੀ ਲੱਗ ਜਾਂਦੀ ਹੈ ਤਾਂ ਵੀ ਇਸ ਦਾ ਚੀਨ 'ਤੇ ਕੋਈ ਖਾਸ ਅਸਰ ਨਹੀਂ ਪਵੇਗਾ, ਕਿਉਂਕਿ ਭਾਰਤ ਚੀਨ ਦੀ ਕੁੱਲ ਬਰਾਮਦ ਦਾ ਇਕ ਛੋਟਾ ਜਿਹਾ ਹਿੱਸਾ ਹੀ ਹਾਸਲ ਕਰਦਾ ਹੈ ਪਰ ਇਸ ਸਮੇਂ ਚੀਨ ਨਾਲ ਛੇੜਿਆ ਵਪਾਰ ਯੁੱਧ ਸਾਡੀ ਅਰਥ-ਵਿਵਸਥਾ ਦੀ ਮੁੜ ਉਸਾਰੀ ਦੀਆਂ ਸੰਭਾਵਨਾਵਾਂ ਨੂੰ ਖਤਮ ਕਰ ਸਕਦਾ ਹੈ।

ਮਾਲ ਵਪਾਰ ਤੋਂ ਇਲਾਵਾ ਚੀਨ ਦੀਆਂ ਕੰਪਨੀਆਂ ਵਲੋਂ ਭਾਰਤ ਵਿਚ ਰਣਨੀਤਕ ਤੌਰ 'ਤੇ ਨਿਵੇਸ਼ ਵੀ ਕੀਤਾ ਗਿਆ ਹੈ। ਪ੍ਰਧਾਨ ਮੰਤਰੀ ਮੋਦੀ ਦੀ 'ਡਿਜੀਟਲ ਇੰਡੀਆ' ਮੁਹਿੰਮ ਤੋਂ ਪ੍ਰਭਾਵਿਤ ਹੋ ਕੇ ਚੀਨ ਦੀਆਂ ਕੰਪਨੀਆਂ ਨੇ ਭਵਿਖਵਾਦੀ ਭਾਰਤੀ 'ਸਟਾਰਟ ਅੱਪਸ' ਵਿਚ ਭਾਰੀ ਨਿਵੇਸ਼ ਕੀਤਾ ਹੈ। ਮਨੋਰੰਜਨ, ਵਣਜ, ਟੈਕਸੀ ਸੇਵਾਵਾਂ, ਭੋਜਨ ਦੀ ਸਪੁਰਦਗੀ ਸਬੰਧਿਤ ਭਾਰਤ ਦੀਆਂ ਕੰਪਨੀਆਂ (ਜੋ ਕੰਪਿਊਟਰ, ਮੋਬਾਈਲ ਅਤੇ ਇੰਟਰਨੈੱਟ, ਭਾਵ ਤਕਨਾਲੋਜੀ 'ਤੇ ਵੱਡੇ ਤੌਰ 'ਤੇ ਨਿਰਭਰ ਹਨ), ਚੀਨ ਦੀਆਂ ਕੰਪਨੀਆਂ ਤੋਂ ਭਾਰੀ ਵਿੱਤੀ ਨਿਵੇਸ਼ ਲੈ ਕੇ ਚੱਲ ਰਹੀਆਂ ਹਨ। ਚਾਰ ਵੱਡੀਆਂ ਚੀਨ ਦੀਆਂ ਕੰਪਨੀਆਂ ਜਿਨ੍ਹਾਂ ਦਾ ਭਾਰਤੀ ਕੰਪਨੀਆਂ ਵਿਚ ਵੱਡਾ ਨਿਵੇਸ਼ ਹੈ, ਉਨ੍ਹਾਂ ਵਿਚ ਸ਼ਾਮਲ ਹਨ ਅਲੀ ਬਾਬਾ, ਟੈਨਸੈਂਟ, ਸ਼ੂਨਵੇਈ ਕੈਪੀਟਲ ਤੇ ਫੋਸਨ। ਭਾਰਤ ਦੀਆਂ ਤਕਨਾਲੋਜੀ ਆਧਾਰਿਤ ਕੰਪਨੀਆਂ ਜਿਵੇਂ ਪੇਟੀਐਮ, ਸਨੈਪਡੀਲ, ਬਿਗ ਬਾਸਕੇਟ, ਰੈਪੀਡੋ, ਜ਼ੋਮੈਟੋ, ਓਲਾ, ਸਵਿੱਗੀ, ਫਲਿਪਕਾਰਟ ਅਤੇ ਮੇਕ ਮਾਈ ਟਰਿਪ ਇਨ੍ਹਾਂ ਚਾਰੋ ਚੀਨੀ ਕੰਪਨੀਆਂ ਦੇ ਸਮਰਥਨ ਤੇ ਨਿਵੇਸ਼ ਨਾਲ ਹੀ ਚੱਲ ਰਹੀਆਂ ਹਨ।




ਖੋਜ ਸੰਸਥਾ ਗੇਟਵੇ ਹਾਊਸ ਦੀ ਫਰਵਰੀ 2020 ਵਿਚ ਜਾਰੀ ਕੀਤੀ ਰਿਪੋਰਟ ਅਨੁਸਾਰ ਪਿਛਲੇ 5 ਸਾਲਾਂ ਵਿਚ ਚੀਨ ਦੀਆਂ ਕੰਪਨੀਆਂ ਨੇ ਭਾਰਤ ਦੀਆਂ ਤਕਨਾਲੋਜੀ ਆਧਾਰਿਤ ਕੰਪਨੀਆਂ ਵਿਚ ਲਗਭਗ 3000 ਕਰੋੜ ਰੁਪਏ ਦਾ ਨਿਵੇਸ਼ ਕੀਤਾ ਹੈ। ਇੰਨਾ ਹੀ ਨਹੀਂ, ਭਾਰਤ ਦੇ 30 ਵਿਚੋਂ 18 ਯੂਨੀਕੋਰਨ (ਰੁਪਏ 7000 ਕਰੋੜ ਜਾਂ ਇਸ ਤੋਂ ਵੱਧ ਮੁਲਾਂਕਣ ਵਾਲੀਆਂ ਕੰਪਨੀਆਂ) ਵੀ ਵੱਡੇ ਪੱਧਰ 'ਤੇ ਚੀਨ ਦੇ ਨਿਵੇਸ਼ ਨਾਲ ਹੀ ਗਤੀਮਾਨ ਹਨ। ਸਰਕਾਰ ਜਾਂ ਵਪਾਰ ਸੰਗਠਨ ਦਾ ਪਹਿਲਾਂ ਚੀਨ ਤੋਂ ਅੰਨ੍ਹੇਵਾਹ ਹੋ ਰਹੇ ਸਾਮਾਨ ਦੀ ਦਰਾਮਦ ਅਤੇ ਬੇਹਿਸਾਬ ਨਿਵੇਸ਼ 'ਤੇ ਸੁੱਤੇ ਰਹਿਣਾ ਅਤੇ ਹੁਣ ਲੋਕਾਂ ਨੂੰ ਚੀਨ ਦੇ ਉਤਪਾਦਾਂ ਦੀ ਵਰਤੋਂ ਦਾ ਬਾਈਕਾਟ ਕਰਨ ਦਾ ਪ੍ਰਵਚਨ ਦੇਣਾ ਦੋਗਲੀ ਨੀਤੀ ਦਾ ਪ੍ਰਮਾਣ ਹੈ।

ਜੇ ਭਾਰਤ ਸਰਕਾਰ ਅਸਲ ਵਿਚ ਆਤਮ-ਨਿਰਭਰਤਾ ਪ੍ਰਤੀ ਗੰਭੀਰ ਹੈ ਤਾਂ ਸਰਕਾਰ ਨੂੰ ਇਸ ਲਈ ਮਹੱਤਵਪੂਰਨ ਭੂਮਿਕਾ ਨਿਭਾਉਣੀ ਪਵੇਗੀ। ਭਾਰਤ ਵਲੋਂ ਦਰਾਮਦਾਂ 'ਤੇ ਔਸਤਨ ਦਰਾਮਦ ਕਰ 13.8% ਹੈ, ਜਦੋਂ ਕਿ ਅਸੀਂ ਵਿਸ਼ਵ ਵਪਾਰ ਸੰਗਠਨ ਨਾਲ ਵਚਨਬੱਧ ਹੋਏ ਹਾਂ ਕਿ ਅਸੀਂ ਔਸਤਨ ਦਰਾਮਦ ਕਰ 48.5% ਤੋਂ ਵਧ ਨਹੀਂ ਲਗਾਵਾਂਗੇ। ਇਸ ਲਈ ਹੁਣ ਵੀ ਭਾਰਤ ਕੋਲ ਦਰਾਮਦਾਂ ਉਤੇ ਦਰਾਮਦ ਕਰ ਤਕਰੀਬਨ ਚਾਰ ਗੁਣਾ ਹੋਰ ਵਧਾਉਣ ਦੀ ਚੰਗੀ ਗੁੰਜਾਇਸ਼ ਹੈ।

ਮੋਦੀ ਸਰਕਾਰ ਦਾ ਹੁਣ ਤਕ ਦਾ ਟਰੈਕ ਰਿਕਾਰਡ ਦਰਸਾਉਂਦਾ ਹੈ ਕਿ ਸਰਕਾਰ ਉਤੇ ਆਪਣੇ ਵਿੱਤੀ ਘਾਟੇ ਨੂੰ ਕੰਟਰੋਲ ਵਿਚ ਰੱਖਣ ਦਾ ਜਨੂਨ ਸਵਾਰ ਹੈ ਅਤੇ ਆਪਣੀ ਇਹ ਰੀਝ ਸਰਕਾਰ ਜਨਤਕ ਖਰਚਿਆਂ ਨੂੰ ਦਬਾ ਕੇ ਪੂਰੀ ਕਰ ਰਹੀ ਹੈ। ਇਸੇ ਰੀਝ ਦਾ ਸਿੱਟਾ ਹੈ ਕਿ ਸਰਕਾਰ ਨੇ ਤਕਰੀਬਨ 60 ਦਿਨਾਂ ਦੇ ਲੌਕਡਾਊਨ ਵਰਗੇ ਸਖਤ ਫੈਸਲੇ ਦੌਰਾਨ ਵੀ ਲੋਕ ਪੱਖੀ ਫੈਸਲਿਆਂ ਪ੍ਰਤੀ ਆਪਣਾ ਹੱਥ ਘੁੱਟੀ ਰੱਖਿਆ ਅਤੇ ਜਨਤਾ ਤੋਂ ਤਾਲੀ, ਥਾਲੀ ਅਤੇ ਘਰਾਂ ਵਿਚ ਰੋਸ਼ਨੀ ਕਰਵਾ ਕੇ ਹੀ ਆਪਣਾ ਕੰਮ ਸਿਰੇ ਲਾਇਆ। ਵਿੱਤੀ ਘਾਟੇ ਨੂੰ ਕੰਟਰੋਲ ਰੱਖਣ ਪਿੱਛੇ ਸਰਕਾਰ ਦੀ ਮਾਨਸਿਕਤਾ ਆਪਣੇ ਆਪ ਨੂੰ ਅਨੁਸ਼ਾਸਿਤ ਸਾਬਤ ਕਰ ਕੇ ਆਰਥਿਕਤਾ ਲਈ ਕੌਮਾਂਤਰੀ ਰੇਟਿੰਗ ਏਜੰਸੀਆਂ ਜਿਵੇਂ ਮੂਡੀਜ਼, ਬਾਰਕਲੇਜ, ਫਿੱਚ ਆਦਿ ਤੋਂ ਚੰਗੀ ਦਰਜਾਬੰਦੀ ਹਾਸਲ ਕਰਨ ਦੀ ਹੈ ਤਾਂ ਜੋ ਭਾਰਤ ਨੂੰ ਵਿਦੇਸ਼ੀ ਪੂੰਜੀ ਲਈ ਆਕਰਸ਼ਕ ਕੇਂਦਰ ਬਣਾਇਆ ਜਾਵੇ। ਜੇ ਸਰਕਾਰ ਹੁਣ ਵੀ ਇਸੇ ਮਾਨਸਿਕਤਾ 'ਤੇ ਕਾਇਮ ਹੈ ਅਤੇ ਵਿਸ਼ੇਸ਼ ਤੌਰ 'ਤੇ ਨਿਰਮਾਣ ਖੇਤਰ ਨੂੰ ਉਚਾ ਚੁੱਕਣ ਲਈ ਖਰਚ ਨਹੀਂ ਕਰਦੀ ਤਾਂ ਆਤਮ-ਨਿਰਭਰਤਾ ਸੁਪਨਾ ਹੀ ਬਣ ਕੇ ਰਹਿ ਜਾਵੇਗੀ।

ਨਿਰਸੰਦੇਹ, ਆਤਮ-ਨਿਰਭਰਤਾ ਦੀ ਦਿਸ਼ਾ ਵਿਚ ਚੁੱਕੇ ਸਖਤ ਫੈਸਲਿਆਂ ਨਾਲ ਰੁਪਏ ਦੀ ਕੀਮਤ ਵਿਚ ਗਿਰਾਵਟ ਦਰਜ ਹੋਵੇਗੀ, ਜਿਸ ਨਾਲ ਭਾਰਤ ਵਿਚੋਂ ਵਿਦੇਸ਼ੀ ਪੂੰਜੀ ਦੀ ਉਡਾਣ ਵੀ ਦੇਖੀ ਜਾ ਸਕਦੀ ਹੈ; ਫਿਰ ਵੀ ਵਿਦੇਸ਼ੀ ਪੂੰਜੀ ਦਾ ਵਹਾਅ ਬਦਲਵੇਂ ਮਾਧਿਅਮਾਂ ਰਾਹੀਂ ਸੀਮਿਤ ਕੀਤਾ ਜਾ ਸਕਦਾ ਹੈ। ਇਨ੍ਹਾਂ ਵਿਚ ਮੁੱਖ ਹਨ-ਬੈਂਕਾਂ ਵਲੋਂ ਵਿਦੇਸ਼ੀ ਪੂੰਜੀ ਦੇ ਨਿਕਾਸ ਨੂੰ ਸੀਮਤ ਕਰਨਾ, ਬਾਂਡ ਬਾਜ਼ਾਰ ਵਿਚ ਵਿਆਜ ਦੀ ਦਰ ਨੂੰ ਵਧਾਉਣਾ ਤੇ ਬਾਂਡਾਂ ਨੂੰ ਵਿਦੇਸ਼ੀ ਪੂੰਜੀਪਤੀਆਂ ਲਈ ਆਕਰਸ਼ਕ ਰੱਖਣਾ, ਭਾਰਤੀਆਂ ਵਲੋਂ ਵਿਦੇਸ਼ਾਂ ਤੋਂ ਖਰੀਦ 'ਤੇ ਰੋਕ ਲਗਾਉਣਾ ਅਤੇ ਵਿਦੇਸ਼ੀ ਲੋਕਾਂ ਵਲੋਂ ਪੂੰਜੀ ਦੇ ਨਿਕਾਸ ਨੂੰ ਮੁਅੱਤਲ ਕਰਨਾ। ਭਾਰਤ ਸਰਕਾਰ ਵਲੋਂ ਸਿਰਫ ਕੱਟੜਪੰਥੀ ਨੀਤੀ ਹੀ ਆਤਮ-ਨਿਰਭਰਤਾ ਦੇ ਸੁਪਨੇ ਨੂੰ ਪ੍ਰਾਪਤ ਕਰਨ ਵਿਚ ਸਹਾਇਤਾ ਕਰ ਸਕਦੀ ਹੈ। ਲੋਕਾਂ ਨੂੰ ਚੀਨ ਦੇ ਉਤਪਾਦਾਂ ਦਾ ਬਾਈਕਾਟ ਕਰਨ ਦੀ ਤਾਕੀਦ ਹਮੇਸ਼ਾਂ ਬਿਆਨਬਾਜ਼ੀ ਹੀ ਰਹੇਗੀ।

---

# ਭਾਜਪਾ ਦੀ ਕਰੋਨਾ ਸਿਆਸਤ

ਅਨਲੌਕ 1.0 ਅਤੇ 2.0 ਨੇ ਕੇਂਦਰ ਨੂੰ ਦਰਪੇਸ਼ ਕਈ ਮਾਮਲੇ ਤਾਂ ਨਿਬੇੜ ਦਿੱਤੇ ਪਰ ਰਾਜਾਂ ਲਈ ਕਾਫੀ ਨਵੀਆਂ ਮੁਸ਼ਕਿਲਾਂ ਖੜ੍ਹੀਆਂ ਕਰ ਦਿੱਤੀਆਂ। ਅਨਲੌਕ ਰਾਹੀਂ ਕੇਂਦਰ ਨੇ ਕਾਫੀ ਨਵੀਆਂ ਸੇਧਾਂ ਜਾਰੀ ਕਰ ਕੇ ਅਨੇਕਾਂ ਛੋਟਾਂ ਦਿੱਤੀਆਂ ਤੇ ਕੁਝ ਮਨਾਹੀਆਂ ਜਾਰੀ ਰੱਖੀਆਂ ਅਤੇ ਨਾਲ ਹੀ ਕੋਵਿਡ-19 ਮਹਾਮਾਰੀ ਖਿਲਾਫ ਲੜਾਈ ਤੋਂ ਆਪਣੇ ਆਪ ਨੂੰ ਇਕ ਤਰ੍ਹਾਂ ਵੱਖ ਕਰ ਲਿਆ ਅਤੇ ਸੂਬਿਆਂ ਨੂੰ ਆਪਣੇ ਹਾਲ ਤੇ ਛੱਡ ਦਿੱਤਾ। ਇਸ ਦੌਰਾਨ ਭਾਰਤ ਕਰੋਨਾ ਦੇ ਸਭ ਤੋਂ ਵੱਧ ਪੀੜਤ ਮੁਲਕਾਂ ਦੀ

**ਰਾਧਿਕਾ ਰਾਮਾਸੇਸ਼ਨ**

ਸੂਚੀ ਵਿਚ ਤੇਜ਼ੀ ਨਾਲ ਉਪਰ ਜਾਂਦਾ ਹੋਇਆ ਅਮਰੀਕਾ ਤੇ ਬ੍ਰਾਜ਼ੀਲ ਤੋਂ ਬਾਅਦ ਤੀਜੇ ਥਾਂ 'ਤੇ ਪੁੱਜ ਗਿਆ ਹੈ।

ਇਸ ਸਭ ਕਾਸੇ ਦੇ ਬਾਵਜੂਦ ਭਾਜਪਾ ਨੇ ਆਪਣਾ ਰੁਖ ਮੁੜ ਸਿਆਸਤ ਅਤੇ ਸਿਆਸੀ ਜੋੜਾਂ-ਤੋੜਾਂ ਵੱਲ ਕਰ ਲਿਆ ਹੈ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਬਿਹਾਰ ਚੋਣਾਂ ਲਈ ਮੁਹਿੰਮ ਦਾ ਅਸਿੱਧੇ ਤੌਰ ਤੇ ਆਗਾਜ਼ ਕਰ ਦਿੱਤਾ ਹੈ। ਇਸ ਤੋਂ ਬਾਅਦ ਉਨ੍ਹਾਂ ਅਜਿਹਾ ਹੀ ਭਾਸ਼ਣ ਭਾਜਪਾ ਦੀ ਪੱਛਮੀ ਬੰਗਾਲ ਇਕਾਈ ਨੂੰ ਦਿੱਤਾ ਕਿਉਂਕਿ ਦੇਸ਼ ਦੇ ਇਸ ਪੂਰਬੀ ਸੂਬੇ ਵਿਚ ਵੀ 2022 ਵਿਚ ਚੋਣਾਂ ਹੋਣੀਆਂ ਹਨ ਅਤੇ ਭਾਜਪਾ ਨੇ ਉਥੇ ਸੱਤਾ ਹਾਸਲ ਕਰਨ ਲਈ ਪੂਰਾ ਜ਼ੋਰ ਲਾਇਆ ਹੋਇਆ ਹੈ। ਰਾਜ ਸਭਾ ਦੀਆਂ ਖਾਲੀ ਸੀਟਾਂ ਦੀਆਂ ਚੋਣਾਂ ਦੇ ਨਤੀਜੇ ਆਪਣੇ ਮੁਤਾਬਕ 'ਢਾਲ ਲੈਣ' ਤੋਂ ਇਲਾਵਾ ਭਾਜਪਾ ਨੂੰ ਉਤਸ਼ਾਹ ਦੇਣ ਵਾਲਾ ਕੁੱਲ ਮਿਲਾ ਕੇ ਹੋਰ ਕੁਝ ਖਾਸ ਨਹੀਂ ਹੈ। ਇਸ ਦੌਰਾਨ ਭਾਰਤ ਅਤੇ ਚੀਨ ਦਰਮਿਆਨ ਗੰਭੀਰ ਸਮੱਸਿਆ ਪੈਦਾ ਹੋ ਰਹੀ ਹੈ ਪਰ ਇਸ ਦੇ ਬਾਵਜੂਦ ਚੋਣਾਂ ਸੰਜੀਦਗੀ ਨਾਲ ਲੜਨੀਆਂ ਹੁੰਦੀਆਂ ਹਨ ਤੇ ਜਿੱਤਾਂ ਦਰਜ ਕਰਨੀਆਂ ਹੁੰਦੀਆਂ ਹਨ।

ਲੌਕਡਾਊਨ ਵਿਚ ਦਿੱਤੀਆਂ ਗਈਆਂ ਢਿੱਲਾਂ ਕਾਰਨ ਪੈਦਾ ਚੁਣੌਤੀਆਂ ਨਾਲ ਸੂਬੇ ਕਿਵੇਂ ਸਿੱਝ ਰਹੇ ਹਨ? ਫੌਰੀ ਤੌਰ ਤੇ ਤਾਂ ਕੋਵਿਡ ਕੇਸਾਂ ਵਿਚ ਵਾਧਾ ਹੀ ਦੇਖਣ ਨੂੰ ਮਿਲਿਆ ਹੈ ਅਤੇ ਇਸ ਦੇ ਨਾਲ ਹੀ ਮੈਡੀਕਲ ਸਿਸਟਮ ਦੇ ਇਕ ਤਰ੍ਹਾਂ ਢਹਿ ਢੇਰੀ ਹੋ ਜਾਣ ਸਮੇਤ ਹਸਪਤਾਲਾਂ, ਡਾਕਟਰਾਂ ਅਤੇ ਸੂਬਾਈ ਸਰਕਾਰਾਂ ਦਰਮਿਆਨ ਆਪਸੀ ਟਕਰਾਅ ਦੇ ਹਾਲਾਤ ਪੈਦਾ ਹੋਣ ਵਰਗੀਆਂ ਸਮੱਸਿਆਵਾਂ ਵੀ ਸਾਹਮਣੇ ਆ ਰਹੀਆਂ ਹਨ।

ਸੰਵਿਧਾਨ ਦੀ ਸੱਤਵੇਂ ਸ਼ਡਿਊਲ (ਧਾਰਾ 246) ਤਹਿਤ, ਜਨ ਸਿਹਤ ਅਤੇ ਸਵੱਛਤਾ ਸੂਬਿਆਂ ਦੇ ਵਿਸ਼ੇ ਹਨ ਪਰ ਇਸ ਮਾਮਲੇ ਵਿਚ ਕਿਸੇ ਰਾਜ ਦੇ ਅਧਿਕਾਰ ਖੇਤਰ ਨੂੰ ਸੀਮਤ ਵੀ ਕੀਤਾ ਜਾ ਸਕਦਾ ਹੈ। ਮਿਸਾਲ ਵਜੋਂ ਲਾਗ/ਛੂਤ ਨਾਲ ਫੈਲਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਦਾ ਵਿਸ਼ਾ ਸਮਵਰਤੀ (ਸਾਂਝੀ) ਸੂਚੀ ਵਿਚ ਹੈ। ਇਸ ਤੋਂ ਇਲਾਵਾ ਮਹਾਮਾਰੀ ਬਿਮਾਰੀ ਐਕਟ-1897 ਅਤੇ ਕੌਮੀ ਆਫਤ ਪ੍ਰਬੰਧਨ ਐਕਟ-2005 ਵੀ ਕੇਂਦਰ ਸਰਕਾਰ ਨੂੰ ਹੰਗਾਮੀ ਹਾਲਾਤ ਵਿਚ ਲੋੜੀਂਦੇ ਕਦਮ ਚੁੱਕਣ ਦਾ ਅਖਤਿਆਰ ਦਿੰਦੇ ਹਨ। ਇਸ ਲਈ ਮੌਜੂਦਾ ਹਾਲਾਤ ਦੌਰਾਨ, ਗਰੇਅ ਜ਼ੋਨ ਵਿਚ ਤਾਕਤਾਂ ਦੀ ਵਰਤੋਂ ਪੱਖੋਂ ਕੇਂਦਰ ਵੀ ਓਨਾ ਹੀ ਜ਼ਿੰਮੇਵਾਰ ਹੈ, ਜਿੰਨੇ ਰਾਜ। ਕਾਂਗਰਸੀ ਆਗੂ ਰਾਹੁਲ ਗਾਂਧੀ ਦੀ ਟਿੱਪਣੀ ਕਿ ਸੂਬਿਆਂ ਨੂੰ ਕਰੋਨਾ ਖਿਲਾਫ ਲੜਾਈ ਇਕੱਲਿਆਂ ਲੜਨੀ ਪੈ ਰਹੀ ਹੈ, ਕਿਉਂਕਿ ਕੇਂਦਰ ਉਨ੍ਹਾਂ ਦੀ ਮਦਦ ਨਹੀਂ ਕਰ ਰਿਹਾ; ਤੇ ਉਨ੍ਹਾਂ ਵੱਲੋਂ ਇਸ ਮਕਸਦ ਲਈ ਕੀਤੀ ਗਈ ਮੰਗ ਕਿ ਕੇਂਦਰ ਵੱਲੋਂ 'ਵੱਡੇ ਪੱਧਰ 'ਤੇ' ਮਾਲੀ ਸਹਾਇਤਾ ਕੀਤੀ ਜਾਵੇ, ਨਾਵਾਜਬ ਨਹੀਂ ਹਨ।

ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਦਾ ਆਰਥਿਕ ਪੈਕੇਜ ਜਿਸ ਤਹਿਤ ਕਿਸੇ ਸੂਬੇ ਦੀ ਕਰਜ਼ ਲੈਣ ਦੀ ਹੱਦ ਨੂੰ ਉਸ ਦੇ ਸੂਬਾਈ ਕੁੱਲ ਘਰੇਲੂ ਉਤਪਾਦ (ਜੀ.ਐਸ.ਡੀ.ਪੀ.) ਦੇ ਤਿੰਨ ਫੀਸਦੀ ਤੋਂ ਵਧਾ ਕੇ ਪੰਜ ਫੀਸਦੀ ਕਰ ਦਿੱਤਾ ਗਿਆ, ਦਾ ਕੇਰਲ ਅਤੇ ਪੱਛਮੀ ਬੰਗਾਲ ਨੇ ਵਿਰੋਧ ਕੀਤਾ ਸੀ। ਇਨ੍ਹਾਂ ਸੂਬਿਆਂ ਦਾ ਕਹਿਣਾ ਸੀ ਕਿ ਇਹ ਕਦਮ 'ਫੈਡਰਲ ਢਾਂਚੇ ਵਿਰੁੱਧ' ਹੈ ਅਤੇ 'ਮਾੜੀ ਰਵਾਇਤ' ਪਾਉਂਦਾ ਹੈ। ਇਸ ਤਰ੍ਹਾਂ ਤਾਂ ਭਵਿੱਖ ਵਿਚ ਆਮ ਕਰਜ਼ ਦੇਣ ਲਈ ਵੀ ਕੇਂਦਰ ਅਜਿਹੀਆਂ ਸਖਤ ਸ਼ਰਤਾਂ ਲਾ ਸਕਦਾ ਹੈ।

ਮਹਾਮਾਰੀ ਨਾਲ ਨਜਿੱਠਣ ਦੇ ਮਾਮਲੇ ਵਿਚ ਦਿੱਲੀ ਦੇ ਹਾਲਾਤ ਤੋਂ ਕੇਂਦਰ-ਰਾਜ ਰੱਫੜ ਸਾਫ ਜ਼ਾਹਰ ਹੋ ਰਹੇ ਹਨ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਤਾਂ ਕੋਵਿਡ-19 ਦੀ ਲਾਗ ਦੇ ਸ਼ਿਕਾਰ ਮਰੀਜ਼ਾਂ ਦੀ ਟੈਸਟਿੰਗ ਸਬੰਧੀ ਅਸਪੱਸ਼ਟ ਹਦਾਇਤਾਂ, ਹਸਪਤਾਲਾਂ ਦੀਆਂ ਸਹੂਲਤਾਂ ਅਤੇ ਪਹੁੰਚ ਸਬੰਧੀ ਵਧਾ-ਚੜ੍ਹਾ ਕੇ ਦਾਅਵੇ ਕਰਨ ਅਤੇ ਕਥਿਤ ਤੌਰ ਤੇ ਇਸ ਬਿਮਾਰੀ ਕਾਰਨ ਮਰਨ ਵਾਲੇ ਮਰੀਜ਼ਾਂ ਦੀ ਗਿਣਤੀ ਘਟਾ ਕੇ ਦਿਖਾਉਣ ਕਾਰਨ ਸਖਤ ਨਿਖੇਧੀ ਸਣੇ ਸੁਪਰੀਮ ਕੋਰਟ ਦੀ ਝਾੜ-ਝੰਬ ਦਾ ਸਾਹਮਣਾ ਵੀ ਕਰਨਾ ਪਿਆ। ਜਦੋਂ ਦਿੱਲੀ ਵਿਚ 'ਆਪ' ਸਰਕਾਰ ਦਾ ਭਾਜਪਾ ਨਾਲ ਪਹਿਲਾਂ ਹੀ ਵਿਰੋਧ ਹੈ ਤਾਂ ਸਿਆਸਤ ਹੋਣੀ ਅਟੱਲ ਹੈ। ਕੇਜਰੀਵਾਲ ਦਾ ਦੋਸ਼ ਹੈ ਕਿ ਦਿੱਲੀ ਦੇ ਮੋਹਰੀ ਹਸਪਤਾਲ - ਏਮਜ਼ ਤੇ ਸਫਦਰਜੰਗ - ਜੋ ਕੇਂਦਰ ਦੇ ਕੰਟਰੋਲ ਹੇਠ ਹਨ, ਨੇ ਕਥਿਤ ਤੌਰ ਤੇ ਆਪਣੇ ਬੈੱਡ (ਕਰੋਨਾ ਮਰੀਜ਼ਾਂ ਲਈ) ਦੇਣ ਤੋਂ ਨਾਂਹ ਕਰ ਦਿੱਤੀ। ਉਨ੍ਹਾਂ ਮੁਤਾਬਕ ਇਸੇ ਤਰ੍ਹਾਂ ਦਿੱਲੀ ਦੀਆਂ ਮਿਉਂਸਿਪਲ ਕਾਰਪੋਰੇਸ਼ਨਾਂ ਉਤੇ ਭਾਜਪਾ ਦਾ ਕਬਜ਼ਾ ਹੈ, ਜਿਨ੍ਹਾਂ ਨੇ ਕਰੋਨਾ ਮੌਤਾਂ ਬਾਰੇ ਆਪਣੇ ਅੰਕੜੇ ਜਾਰੀ ਕਰ ਦਿੱਤੇ ਜਿਸ ਨਾਲ ਉਨ੍ਹਾਂ ਦੀ ਗਿਣਤੀ ਦਾ ਰਾਜ ਸਰਕਾਰ ਦੇ ਅੰਕੜਿਆਂ ਦੀ ਗਿਣਤੀ ਨਾਲ ਫਰਕ ਪੈਦਾ ਹੋ ਗਿਆ। ਉਂਜ, ਮੁੱਖ ਮੰਤਰੀ ਕੇਜਰੀਵਾਲ ਨੇ ਆਪਣੇ ਪਹਿਲੇ ਤਜਰਬਿਆਂ ਦੇ ਮੱਦੇਨਜ਼ਰ ਸਿਆਣਪ ਦਿਖਾਉਂਦਿਆਂ, ਉਦੋਂ ਕੇਂਦਰ ਸਰਕਾਰ ਨਾਲ ਝਗੜਾ ਨਾ ਵਧਾਉਣ ਦਾ ਫੈਸਲਾ ਕੀਤਾ ਜਦੋਂ ਉਪ ਰਾਜਪਾਲ ਅਨਿਲ ਬੈਜਲ ਨੇ ਦਿੱਲੀ ਦੇ ਹਸਪਤਾਲਾਂ ਨੂੰ ਦਿੱਲੀ ਦੇ ਹੀ ਵਸਨੀਕਾਂ ਨੂੰ ਦਾਖਲ ਕਰਨ ਵਾਸਤੇ ਸੀਮਤ ਕਰਨ ਦੇ ਕੇਜਰੀਵਾਲ ਸਰਕਾਰ ਦੇ ਫੈਸਲੇ ਨੂੰ ਰੱਦ ਕਰ ਦਿੱਤਾ।

ਸ਼ੁਕਰ ਹੈ ਕਿ 'ਆਪ' ਨੂੰ ਛੇਤੀ ਹੀ ਦਿੱਲੀ ਵਿਚ ਕਿਸੇ ਚੋਣ ਦਾ ਸਾਹਮਣਾ ਨਹੀਂ ਕਰਨਾ ਪੈ ਰਿਹਾ। ਪੱਛਮੀ ਬੰਗਾਲ ਵਿਚ ਤਾਂ ਇਹ ਆਲਮੀ ਮਹਾਮਾਰੀ ਕੇਂਦਰ ਅਤੇ ਮੁੱਖ ਮੰਤਰੀ ਮਮਤਾ ਬੈਨਰਜੀ ਦਰਮਿਆਨ ਸਿਆਸੀ ਮੁਕਾਬਲੇ ਦਾ ਸਬੱਬ ਬਣ ਗਈ ਹੈ। ਕੇਂਦਰ ਨੇ ਜੋ ਤਜਵੀਜ਼ ਦਿੱਤੀ, ਉਸ ਨੇ ਰੱਦ ਕਰ ਦਿੱਤੀ। ਮਮਤਾ ਬੈਨਰਜੀ ਨੇ ਜੋ ਤਜਵੀਜ਼ ਦਿੱਤੀ, ਉਹ ਕੇਂਦਰ ਨੇ ਰੱਦ ਕਰ ਦਿੱਤੀ। ਕੋਵਿਡ ਮਰੀਜ਼ਾਂ ਲਈ ਕੇਂਦਰ ਦੇ ਰਾਹਤ ਕਾਰਜਾਂ ਨੂੰ ਰੋਕਣ ਦੇ ਮਮਤਾ ਉਤੇ ਲੱਗੇ ਇਲਜ਼ਾਮਾਂ ਤੋਂ ਬਾਅਦ ਭਾਜਪਾ ਨੇ ਆਪਣੇ ਆਈਟੀ ਸੈੱਲ ਦੇ ਮੁਖੀ ਅਮਿਤ ਮਾਲਵੀਆ ਨੂੰ ਮਮਤਾ ਖਿਲਾਫ ਸੋਸ਼ਲ ਮੀਡੀਆ ਮੁਹਿੰਮ ਚਲਾਉਣ ਦੀ ਖੁੱਲ੍ਹੀ ਛੁੱਟੀ ਦੇ ਦਿੱਤੀ ਜਿਨ੍ਹਾਂ ਵੱਖ ਵੱਖ ਭੜਕਾਊ ਹੈਸ਼ਟੈਗ, ਜਿਵੇਂ ਬੰਗਾਲ ਬਰਨਿੰਗ ਆਦਿ ਲਗਾ ਕੇ ਵੱਡੇ ਪੱਧਰ 'ਤੇ ਟਵਿੱਟਰਬਾਜ਼ੀ ਕੀਤੀ। ਇਕ ਪਾਸੇ ਜਿਥੇ ਭਾਜਪਾ ਦੇ ਕੰਟਰੋਲ ਵਾਲੀਆਂ ਦਿੱਲੀ ਦੀਆਂ ਮਿਉਂਸਿਪਲ ਕਾਰਪੋਰੇਸ਼ਨਾਂ ਕੇਜਰੀਵਾਲ ਉਤੇ ਕਰੋਨਾ ਨਾਲ ਸਬੰਧਤ ਅੰਕੜਿਆਂ ਵਿਚ ਹੇਰਾਫੇਰੀ ਦੇ ਦੋਸ਼ ਲਾ ਰਹੀਆਂ ਸਨ, ਦੂਜੇ ਪਾਸੇ ਪੱਛਮੀ ਬੰਗਾਲ ਭਾਜਪਾ ਨੇ ਮਮਤਾ ਬੈਨਰਜੀ ਖਿਲਾਫ ਕਰੋਨਾ ਮੌਤਾਂ ਦੇ ਵੇਰਵੇ 'ਛੁਪਾਉਣ' ਦਾ ਦੋਸ਼ ਲਾਉਂਦਿਆਂ ਜ਼ੋਰਦਾਰ ਮੁਹਿੰਮ ਚਲਾਈ। ਇਸ ਤੋਂ ਪਹਿਲਾਂ ਕੇਂਦਰੀ ਮੰਤਰੀ ਅਤੇ ਪੱਛਮੀ ਬੰਗਾਲ ਦੇ ਆਸਨਸੋਲ ਤੋਂ ਐੱਮਪੀ ਬਾਬੁਲ ਸੁਪ੍ਰੀਓ ਨੇ ਕੋਲਕਾਤਾ ਦੇ ਇਕ ਹਸਪਤਾਲ ਦੀ ਆਈਸੋਲੇਸ਼ਨ ਵਾਰਡ ਦੀ ਵੀਡੀਓ ਜਾਰੀ ਕੀਤੀ ਜਿਹੜੀ ਮਮਤਾ ਦੇ ਦਾਅਵਿਆਂ ਦੀ ਪੋਲ ਖੋਲ੍ਹਦੀ ਹੈ। ਇਸ ਵੀਡੀਓ ਵਿਚ ਦਿਖਾਇਆ ਗਿਆ ਕਿ ਕਿਵੇਂ ਉਥੇ ਲਾਸ਼ਾਂ ਤੇ ਮਰੀਜ਼ ਰੁਲ ਰਹੇ ਹਨ। ਭਾਜਪਾ ਨੇ ਐਲਾਨ ਕੀਤਾ ਹੈ ਕਿ ਮਮਤਾ ਬੈਨਰਜੀ ਦੀ 'ਬਦਇੰਤਜ਼ਾਮੀ' ਨੂੰ ਚੋਣਾਂ ਤੋਂ ਪਹਿਲਾਂ ਕੀਤੇ ਜਾਣ ਵਾਲੇ ਖੁਲਾਸਿਆਂ ਵਿਚ ਸ਼ਾਮਲ ਕੀਤਾ ਜਾਵੇਗਾ; ਦੂਜੇ ਪਾਸੇ, ਮਮਤਾ ਨੇ ਆਖਿਆ ਕਿ ਉਸ ਦੀ ਪਾਰਟੀ ਦੀ ਚੋਣ ਮੁਹਿੰਮ ਵਿਚ ਸਮੁੰਦਰੀ ਵਾਵਰੋਲੇ ਅੰਫਾਨ ਨਾਲ ਸੂਬੇ ਦੀ ਹੋਈ ਤਬਾਹੀ ਬਾਰੇ ਕੇਂਦਰ ਦੀ ਢਿੱਲਮੱਠ ਨੂੰ ਉਭਾਰਿਆ ਜਾਵੇਗਾ।

ਭਾਜਪਾ ਨੇ ਦੱਖਣੀ ਸੂਬਿਆਂ ਨਾਲ ਪੰਗਾ ਨਹੀਂ ਲਿਆ। ਕਰੋਨਾ ਦੇ ਮਾਮਲੇ ਵਿਚ ਕੇਰਲ ਅਤੇ ਇਸ ਦੀ ਸਿਹਤ ਮੰਤਰੀ ਕੇਕੇ ਸ਼ੈਲਜਾ ਦੀ ਆਲਮੀ ਪੱਧਰ 'ਤੇ ਸ਼ਲਾਘਾ ਨੇ ਆਲੋਚਨਾ ਨੂੰ ਪਹਿਲਾਂ ਹੀ ਡੱਕ ਲਿਆ। ਪੱਛਮੀ ਬੰਗਾਲ ਦੇ ਉਲਟ, ਭਾਜਪਾ ਦੀ ਕੇਰਲ ਇਕਾਈ ਜ਼ਿਆਦਾ ਬੜਬੋਲੀ ਨਹੀਂ ਹੈ। ਕਰਨਾਟਕ ਵਿਚ ਇਸ (ਭਾਜਪਾ) ਦੀ ਆਪਣੀ ਸਰਕਾਰ ਹੈ ਜਿਸ ਨੇ ਆਪਣੇ ਆਪ ਨੂੰ ਕਾਫੀ ਚੰਗੀ ਤਰ੍ਹਾਂ ਬਚਾ ਲਿਆ ਜਿਸ ਦਾ ਸਿਹਰਾ ਅਮਲੀ ਤੌਰ ਤੇ ਕਾਰਜਸ਼ੀਲ ਅਫਸਰਸ਼ਾਹੀ ਨੂੰ ਜਾਂਦਾ ਹੈ। ਇਸੇ ਤਰ੍ਹਾਂ ਹੋਰਨਾਂ ਸੂਬਿਆਂ ਜਿਵੇਂ ਆਂਧਰਾ ਪ੍ਰਦੇਸ਼, ਤਿਲੰਗਾਨਾ ਅਤੇ ਤਾਮਿਲਨਾਡੂ ਦੀਆਂ ਹਾਕਮ ਪਾਰਟੀਆਂ ਦਾ ਭਾਜਪਾ ਨਾਲ ਉਹੋ ਜਿਹਾ ਵਿਰੋਧ ਨਹੀਂ ਹੈ, ਜਿਵੇਂ ਮਮਤਾ ਬੈਨਰਜੀ ਦਾ ਹੈ। ਇਸ ਕਾਰਨ ਮਮਤਾ ਉਤੇ ਭਾਜਪਾ/ਕੇਂਦਰ ਦੀ ਜ਼ਿਆਦਾ ਨਜ਼ਰ ਰਹਿੰਦੀ ਹੈ।

ਦੂਜੇ ਪਾਸੇ ਭਾਜਪਾ ਜ਼ਰੂਰ ਹੀ ਆਪਣੇ ਗੁਜਰਾਤ ਬਾਰੇ ਦੁਖੀ ਹੋਵੇਗੀ ਜਿਹੜਾ ਕੋਵਿਡ-19 ਸੂਚੀ ਵਿਚ ਚੌਥੇ ਸਥਾਨ 'ਤੇ ਹੈ ਅਤੇ ਉਥੇ ਕਰੋਨਾ ਕਾਰਨ ਵੱਡੀ ਗਿਣਤੀ ਵਿਚ ਜਾਨਾਂ ਜਾ ਚੁੱਕੀਆਂ ਹਨ। ਭਾਜਪਾ ਇਸ ਸੂਬੇ ਵਿਚ ਬੜੇ ਸਾਲਾਂ ਤੋਂ ਸੱਤਾ ਉਤੇ ਕਾਬਜ਼ ਹੈ ਅਤੇ ਅਕਸਰ ਇਸ ਨੂੰ 'ਨਮੂਨੇ ਦਾ ਸੂਬਾ' ਹੋਣ ਦੀ ਆਕੜ ਦਿਖਾਉਂਦੀ ਹੈ। ਇਸ ਮਹਾਮਾਰੀ ਨੇ ਸੂਬੇ ਵਿਚ ਤਬਾਹੀ ਤਾਂ ਮਚਾਈ ਹੀ ਹੈ, ਨਾਲ ਹੀ ਇਸ ਦੀ ਕਮਜ਼ੋਰੀ ਦੀ ਪੋਲ ਵੀ ਖੋਲ੍ਹ ਦਿੱਤੀ। ਗੁਜਰਾਤ ਨੇ ਆਰਥਿਕ ਮੋਰਚੇ ਤੇ ਭਾਵੇਂ ਵੱਡੀਆਂ ਮੱਲਾਂ ਮਾਰੀਆਂ ਹੋਣ ਪਰ ਇਸ ਦੇ ਸਿਹਤ ਸੈਕਟਰ ਦੀ ਹਾਲਤ ਬਹੁਤੀ ਵਧੀਆ ਨਹੀਂ। ਇਕ ਪਾਸੇ ਗੁਜਰਾਤ ਨੂੰ ਭਾਜਪਾ ਦੇ ਤਾਜ ਵਿਚ ਚਮਕਦੇ ਹੀਰੇ ਵਾਂਗ ਪੇਸ਼ ਕੀਤਾ ਜਾਂਦਾ ਹੈ, ਦੂਜੇ ਪਾਸੇ ਇਸ ਦੇ ਮੁੱਖ ਮੰਤਰੀ ਵਿਜੇ ਰੂਪਾਣੀ ਨੂੰ ਆਪਣੇ ਹਾਲ ਤੇ ਛੱਡ ਦਿੱਤਾ ਗਿਆ ਹੈ। ਕੇਂਦਰ ਕੋਲ ਇਸ ਮਾਰੂ ਵਾਇਰਸ ਬਾਰੇ ਸੋਚਣ ਦਾ ਵਕਤ ਹੀ ਨਹੀਂ ਹੈ।

# ਸਵਾਲ ਕੇਂਦਰੀ ਸਰਕਾਰ ਦੇ ਤਿੰਨ ਆਰਡੀਨੈਂਸਾਂ ਦਾ

*ਪਦਮ ਭੂਸ਼ਨ ਡਾ. ਸਰਦਾਰਾ ਸਿੰਘ ਜੌਹਲ ਨੇ ਯੂ. ਐਨ. ਓ. ਵਿਚ ਹੁੰਦਿਆਂ ਅਨੇਕਾਂ ਮੁਲਕਾਂ 'ਚ ਪ੍ਰੋਫੈਸ਼ਨਲ ਸੇਵਾਵਾਂ ਦਿੱਤੀਆਂ। ਉਹ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਵਾਈਸ ਚਾਂਸਲਰ ਅਤੇ ਸੈਂਟਰਲ ਯੂਨੀਵਰਸਿਟੀ ਆਫ ਪੰਜਾਬ ਦੇ ਚਾਂਸਲਰ ਰਹੇ। ਉਹ ਭਾਰਤ ਦੇ ਚਾਰ ਪ੍ਰਧਾਨ ਮੰਤਰੀਆਂ ਦੀਆਂ ਆਰਥਕ ਸਲਾਹਕਾਰ ਕੌਂਸਲਾਂ ਦੇ ਮੈਂਬਰ ਅਤੇ ਸੈਂਟਰਲ ਬੋਰਡ ਆਫ ਰਿਜ਼ਰਵ ਬੈਂਕ ਦੇ ਡਾਇਰੈਕਟਰ ਵੀ ਰਹੇ। ਪੰਜਾਬ ਸਟੇਟ ਪਲੈਨਿੰਗ ਬੋਰਡ ਦੇ ਉਹ ਵਾਈਸ ਚੇਅਰਮੈਨ ਸਨ। ਉਹ ਹੋਰ ਵੀ ਕਈ ਅਹਿਮ ਅਹੁਦਿਆਂ 'ਤੇ ਰਹੇ। ਪੰਜਾਬੀ ਯੂਨੀਵਰਸਿਟੀ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਪੰਜਾਬ ਯੂਨੀਵਰਸਿਟੀ ਨੇ ਉਨ੍ਹਾਂ ਨੂੰ ਡੀ. ਲਿੱਟ. ਤੇ ਡੀ. ਐਸਸੀ. ਦੀਆਂ ਆਨਰੇਰੀ ਡਿਗਰੀਆਂ ਨਾਲ ਸਨਮਾਨਿਆ। ਇੰਡੀਅਨ ਕੌਂਸਲ ਆਫ ਐਗਰੀਕਲਚਰਲ ਰਿਸਰਚ ਨੇ ਪ੍ਰੋਫੈਸਰ ਆਫ ਐਮੀਨੈਂਸ ਇਨ ਇਕਨਾਮਿਕਸ ਦੀ ਸਨਮਾਨਯੋਗ ਪਦਵੀ ਦਿੱਤੀ। ਉਨ੍ਹਾਂ ਨੇ ਨਾਂਵਾਂ ਨਹੀਂ, ਨਾਂ ਕਮਾਇਆ। ਉਨ੍ਹਾਂ ਦਾ ਰਹਿਣ ਸਹਿਣ ਸਾਦਗੀ, ਸੰਜਮ ਤੇ ਈਮਾਨਦਾਰੀ ਦੀ ਬਾਤ ਪਾ ਰਿਹੈ। (ਪ੍ਰਿੰ. ਸਰਵਣ ਸਿੰਘ ਦੀ ਪੁਸਤਕ 'ਰੰਗਾਂ ਦੀ ਗਾਗਰ ਵਾਲਾ ਸਰਦਾਰਾ ਸਿੰਘ ਜੌਹਲ' ਵਿਚੋਂ) -ਸੰਪਾਦਕ*

ਕਹਿੰਦੇ ਨੇ ਕਹਿਣ ਵਾਲੇ ਦੇ ਮੂੰਹ ਅਤੇ ਸੁਣਨ ਵਾਲੇ ਦੇ ਕੰਨਾਂ ਵਿਚਾਲੇ ਕੁਝ ਫਾਸਲਾ ਹੁੰਦਾ ਹੈ, ਹਵਾ ਹੁੰਦੀ ਹੈ, ਜੋ ਕਹੀ ਗੱਲ ਦਾ ਮਤਲਬ ਹੀ ਬਦਲ ਦਿੰਦੀ ਹੈ। ਜੇ ਕੋਈ ਕਹਿਣ ਵਾਲੇ ਨੂੰ ਪਸੰਦ ਨਾ ਕਰਦਾ ਹੋਵੇ ਤਾਂ ਸਹੀ ਸੁਣੀ ਗੱਲ ਵੀ ਉਲਟਾ ਦਿੱਤੀ ਜਾਂਦੀ ਹੈ। ਕਈ ਬੰਦੇ ਵੈਸੇ ਹੀ ਪੂਰੀ ਗੱਲ ਸਮਝੇ ਬਿਨਾ ਅੱਧ ਵਿਚਕਾਰੋਂ ਹੀ ਆਪਣਾ ਨਜ਼ਰੀਆ ਮਿਥ ਲੈਂਦੇ ਨੇ। ਕੁਝ ਸਿਆਸੀ ਬੰਦੇ ਹੁੰਦੇ ਨੇ, ਜਿਨ੍ਹਾਂ ਆਪਣੀਆਂ ਸਿਆਸੀ ਰੋਟੀਆਂ ਸੇਕਣੀਆਂ ਹੁੰਦੀਆਂ ਨੇ!

ਮੇਰੇ ਨਾਲ ਵੀ ਕੁਝ ਅਜਿਹਾ ਹੀ ਹੋਇਆ। ਖੁਦ ਕਿਸਾਨੀ 'ਚੋਂ ਉੱਠਿਆ, ਆਪ ਖੇਤੀ ਕੀਤੀ, ਹਲ ਵਾਹਿਆ, ਸਾਡਾ ਸਾਂਝਾ ਟੱਬਰ ਹਾਲੇ ਵੀ ਖੇਤੀ ਵਿਚੋਂ ਹੀ ਰੋਟੀ ਕਮਾਉਂਦਾ ਹੈ। ਸਾਢੇ ਛੇ ਦਹਾਕੇ ਕਿਸਾਨੀ ਅਤੇ ਕਿਸਾਨ ਹਿਤਾਂ ਨੂੰ ਪ੍ਰੋਫੈਸ਼ਨਲ ਤੌਰ 'ਤੇ ਸਮਰਪਿਤ ਰਿਹਾ ਹਾਂ ਅਤੇ ਹੁਣ ਵੀ ਹਾਂ। ਫੇਰ ਵੀ ਜਦ



ਸਰਦਾਰਾ ਸਿੰਘ ਜੌਹਲ

ਪ੍ਰੋਫੈਸ਼ਨਲ ਤੌਰ 'ਤੇ ਕੇਂਦਰੀ ਸਰਕਾਰ ਦੇ ਤਿੰਨ ਆਰਡੀਨੈਂਸਾਂ ਬਾਰੇ ਮੈਂ ਆਪਣੇ ਵਿਚਾਰ ਰੱਖੇ ਤਾਂ ਪਤਾ ਨਹੀਂ ਮੈਨੂੰ ਕੀ ਕੀ ਗਰਦਾਨ ਦਿੱਤਾ ਗਿਆ?

ਜਿਹੜਾ ਇਨਸਾਨ ਅਜੋਕੀਆਂ ਸਾਰੀਆਂ ਪਾਰਟੀਆਂ ਦੀਆਂ ਸਰਕਾਰਾਂ ਨੂੰ ਕਿਸਾਨਾਂ ਦੀ ਮੰਦੀ ਹਾਲਤ ਦਾ ਜ਼ਿੰਮੇਵਾਰ ਠਹਿਰਾਉਂਦਾ ਆ ਰਿਹੈ ਤੇ ਹੁਣ ਵੀ ਠਹਿਰਾ ਰਿਹੈ, ਉਸ ਦੇ ਨੁਕਤਾ ਨਿਗਾਹ ਨੂੰ ਸਮਝੇ ਬਿਨਾ ਉਸ ਉਤੇ ਐਵੇਂ ਚਿੱਕੜ ਉਛਾਲਣਾ ਸ਼ੁਰੂ ਕਰ ਦਿੱਤਾ। ਇਕ-ਦੋ ਤਾਂ ਇਸ ਕਮੀਨਗੀ ਤਕ ਉੱਤਰ ਆਏ ਕਿ ਮੈਂ ਸੋਚ ਵੀ ਨਹੀਂ ਸਕਦਾ। ਜੋ ਮੈਨੂੰ ਨਹੀਂ ਜਾਣਦੇ, ਉਨ੍ਹਾਂ ਉਤੇ ਮੈਨੂੰ ਕੋਈ ਗਿਲਾ ਨਹੀਂ। ਪਰ ਪ੍ਰੋ. ਮਨਜੀਤ ਸਿੰਘ ਵਰਗੇ ਜਦ ਇਹ ਕਹਿੰਦੇ ਨੇ 'ਸਰਕਾਰ ਨੇ ਕੋਈ ਦਾਣਾ ਸੁੱਟ ਦਿੱਤਾ ਹੋਣੈ' ਤਾਂ ਗੁੱਸਾ ਨਹੀਂ, ਇਸ ਘਟੀਆ ਸੋਚਣੀ 'ਤੇ ਤਰਸ ਆਉਂਦੈ। ਕੁਝ ਪ੍ਰੋਫੈਸ਼ਨਲ ਇਕਨਾਮਿਸਟ ਵੀ ਮੇਰੇ ਨਾਲ ਸਹਿਮਤ ਨਹੀਂ। ਮੈਂ ਉਨ੍ਹਾਂ ਦੇ ਨਜ਼ਰੀਏ ਦੀ ਇੱਜ਼ਤ ਕਰਦਾ ਹਾਂ, ਭਾਵੇਂ ਮੇਰੇ ਖਿਆਲ ਵਿਚ ਉਹ ਨਜ਼ਰੀਆ ਸਹੀ ਨਹੀਂ।

ਹੁਣ ਮੈਂ ਤਿੰਨਾਂ ਹੀ ਆਰਡੀਨੈਂਸਾਂ ਬਾਰੇ ਆਪਣੇ ਵਿਚਾਰ ਸਪੱਸ਼ਟ ਕਰਦਾ ਹਾਂ। ਇਹ ਜ਼ਰੂਰੀ ਨਹੀਂ ਕਿ ਮੇਰਾ ਨਜ਼ਰੀਆ ਅੰਤਿਮ ਸੱਚ ਹੋਵੇ। ਸੋਚ ਔਰ ਨਜ਼ਰੀਏ ਵੱਖ ਵੱਖ ਹੋ ਸਕਦੇ ਹਨ, ਜਿਨ੍ਹਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਜਾ ਸਕਦੈ।

ਪਹਿਲਾ ਆਰਡੀਨੈਂਸ ਅਸੈਂਸ਼ਲ ਕਮੋਡਿਟੀਜ਼ ਐਕਟ ਬਾਰੇ ਹੈ, ਜੋ ਆਰਡੀਨੈਂਸ ਵਿਚ ਹਟਾ ਦਿੱਤਾ ਗਿਐ। ਇਸ ਐਕਟ ਰਾਹੀਂ ਸਰਕਾਰਾਂ ਨੇ ਸਮੇਂ ਸਮੇਂ ਬੜੀਆਂ ਮਨਮਰਜ਼ੀਆਂ/ਧਾਂਦਲੀਆਂ ਕੀਤੀਆਂ। ਜਦੋਂ ਕੇਂਦਰ ਨੂੰ ਅਨਾਜ ਦੀ ਲੋੜ ਸੀ, ਇਸ ਐਕਟ ਰਾਹੀਂ ਬਜ਼ਾਰ ਦੀਆਂ ਕੀਮਤਾਂ ਨੂੰ ਐਮ. ਐਸ. ਪੀ. (ਘੱਟ ਸਮੱਰਥਨ ਮੁੱਲ) ਤੋਂ ਨੀਵੀਆਂ ਰੱਖਣ ਲਈ, ਦੂਸਰੇ ਖਰੀਦਦਾਰਾਂ ਨੂੰ ਮੰਡੀ 'ਚੋਂ ਬਾਹਰ ਕੱਢ ਦਿੱਤਾ ਤਾਂ ਜੋ ਐਮ. ਐਸ. ਪੀ. ਤੋਂ ਵੱਧ ਕੋਈ ਕੀਮਤ ਦੇ ਹੀ ਨਾ ਸਕੇ। ਅਨਾਜ ਦਾ ਭੰਡਾਰ ਕਰਨ ਅਤੇ ਉਸ ਦੇ ਆਸਰੇ ਕਰਜ਼ ਲੈਣ ਉਤੇ ਪਾਬੰਦੀ ਲਾ ਦਿੱਤੀ। ਨਾਲ ਹੀ ਅਨਾਜ ਏਧਰ ਉਧਰ ਲੈ ਜਾਣ 'ਤੇ ਰੋਕ ਲਾ ਦਿੱਤੀ। ਇਥੋਂ ਤਕ ਕਿ ਇਕ ਜ਼ਿਲੇ ਤੋਂ ਦੂਸਰੇ ਜ਼ਿਲੇ ਤਕ ਵੀ ਅਨਾਜ ਨਹੀਂ ਸੀ ਲਿਜਾਇਆ ਜਾ ਸਕਦਾ। ਇਸ ਨਾਲ ਮੰਡੀ ਵਿਚ ਸਰਕਾਰ ਹੀ ਰਹਿ ਗਈ ਐਮ. ਐਸ. ਪੀ. 'ਤੇ ਖਰੀਦ ਕਰਨ ਲਈ, ਜਿਸ ਨੇ ਕਿਸਾਨ ਹਿੱਤਾਂ ਨੂੰ ਅਣਗੌਲਿਆਂ ਕਰ ਦਿੱਤਾ। ਮੇਰਾ ਸਵਾਲ ਇਹ ਹੈ, ਜੇ ਇਸ ਐਕਟ ਨੂੰ ਖਤਮ ਕਰ ਦਿੱਤਾ ਤਾਂ ਕੀ ਇਹ ਕਿਸਾਨਾਂ/ਵੇਚਣ ਵਾਲਿਆਂ ਦੇ ਹੱਕ ਵਿਚ ਨਹੀਂ?

ਦੂਜਾ ਆਰਡੀਨੈਂਸ ਕੰਟਰੈਕਟ ਫਾਰਮਿੰਗ ਬਾਰੇ ਹੈ। ਇਸ ਐਕਟ ਵਿਚ ਦੋਹਾਂ ਧਿਰਾਂ ਦੀਆਂ ਜ਼ਿੰਮੇਵਾਰੀਆਂ ਨੂੰ ਲੀਗਲਾਇਜ਼ (ਕਾਨੂੰਨੀ) ਕਰ ਦਿੱਤਾ ਹੈ। ਇਕ ਦੋ ਮਿਸਾਲਾਂ ਦਿੰਦਾ ਹਾਂ:

ਸੰਨ 2004-05 ਵਿਚ ਪੰਜਾਬ ਐਗਰੋ ਨੇ ਮੱਕੀ ਉਗਾਉਣ ਵਾਸਤੇ ਇਕ ਕੰਪਨੀ ਦਾ ਕਿਸਾਨਾਂ ਨਾਲ ਕੰਟਰੈਕਟ ਕੀਤਾ। ਕਿਸਾਨਾਂ ਤੋਂ ਬੀਜ ਦੇ ਪੈਸੇ ਲੈ ਲਏ, ਐਕਸਟੈਂਸ਼ਨ ਤੇ ਐਡਵਾਈਜ਼ਰੀ ਦੇ ਪੈਸੇ ਵੀ ਲੈ ਲਏ। ਬੀਜ ਉਗਿਆ ਹੀ ਨਾ! ਕਿਸਾਨਾਂ ਦੇ ਇਸ ਨੁਕਸਾਨ ਦਾ ਕੋਈ ਵਾਲੀ ਵਾਰਸ ਨਾ ਬਣਿਆ।

ਇਕ ਵਪਾਰੀ ਨੇ ਕਿਸਾਨਾਂ ਤੋਂ ਇਕ ਮੈਡੀਸੀਨਲ ਫਸਲ ਉਗਵਾਈ। ਖਰੀਦਣ ਵੇਲੇ ਘਾਟਾ ਪੈਂਦਾ ਵੇਖ ਕੇ ਉਹ ਗਾਇਬ ਹੋ ਗਿਆ। ਕਿਸਾਨ ਕਾਨੂੰਨੀ ਤੌਰ 'ਤੇ ਕਿਹਦੀ ਮਾਂ ਨੂੰ ਮਾਸੀ ਕਹੇ?

ਪੈਪਸੀ ਕੰਪਨੀ ਪੰਜਾਬ ਵਿਚ ਆਈ। ਉਨ੍ਹਾਂ ਟਾਂਡਾ ਉੜਮੁੜ ਨੇੜੇ ਪਿੰਡ ਹਜ਼ੂਰਾ ਵਿਚ ਟਮਾਟਰ ਪੇਸਟ ਬਣਾਉਣ ਦੀ ਫੈਕਟਰੀ ਲਾਈ। ਉਹ ਟੈਕਨਾਲੋਜੀ ਲੈ ਕੇ ਆਏ ਅਤੇ ਟਮਾਟਰਾਂ ਦੀ ਨਵੀਂ ਕਿਸਮ ਲੈ ਕੇ ਆਏ, ਜਿਸ ਨਾਲ ਟਮਾਟਰਾਂ ਦੀ ਪੈਦਾਵਾਰ ਢਾਈ ਗੁਣਾਂ ਹੋ ਗਈ। ਟਮਾਟਰ 15-20 ਦਿਨ ਅਗੇਤਾ ਹੋ ਗਿਆ ਅਤੇ ਫਲ ਦੇਣ ਦਾ ਸਮਾਂ ਵੀ 15-20 ਦਿਨ ਪਿਛੇਤਾ ਲਮਕ ਗਿਆ। ਠੇਕਾ ਕਿਸਾਨਾਂ ਨਾਲ ਸ਼ਾਇਦ ਤਿੰਨ ਰੁਪਏ ਕਿੱਲੋ ਸੀ। ਜਦ ਅਗੇਤੇ ਟਮਾਟਰ ਤਿਆਰ ਹੋਏ ਤਾਂ ਬਜ਼ਾਰ ਵਿਚ ਕੀਮਤ ਵੱਧ ਸੀ। ਕਿਸਾਨਾਂ ਨੇ ਟਮਾਟਰ ਫੈਕਟਰੀ ਨੂੰ ਦੇਣ ਦੀ ਥਾਂ ਮਾਰਕਿਟ/ਬਾਜ਼ਾਰ ਵਿਚ ਵੇਚਣੇ ਸ਼ੁਰੂ ਕਰ ਦਿੱਤੇ। ਜਦ ਭਰ ਮੌਸਮ ਆਇਆ ਤਾਂ ਟਮਾਟਰ ਕੋਈ ਡੇਢ ਰੁਪਏ ਕਿੱਲੋ ਨਾ ਚੁੱਕੇ। ਫਿਰ ਕਿਸਾਨ ਕਹਿਣ ਫੈਕਟਰੀ ਚੁੱਕੇ। ਜਦ ਪਿਛੇਤਾ ਮੌਸਮ ਆਇਆ ਤਾਂ ਬਾਜ਼ਾਰ ਵਿਚ ਕੀਮਤ ਫਿਰ ਤੇਜ਼ ਹੋ ਗਈ। ਕਿਸਾਨਾਂ ਫਿਰ ਆਪਣੀ ਫਸਲ ਬਾਜ਼ਾਰ ਵਿਚ ਵੇਚੀ। ਨਤੀਜੇ ਵਜੋਂ ਫੈਕਟਰੀ ਦਾ ਭੋਗ ਪੈ ਗਿਆ। ਨੁਕਸਾਨ ਕਿਹਦਾ ਹੋਇਆ? ਕਿਸਾਨ ਫਿਰ ਆਨੇ ਵਾਲੀ ਥਾਂ ਆ ਗਏ।

ਇਸ ਐਕਟ ਰਾਹੀਂ ਕੰਟਰੈਕਟ ਨੂੰ ਲੀਗਲ ਕਰ ਦਿੱਤਾ ਗਿਐ, ਜੋ ਦੋਹਾਂ ਪਾਰਟੀਆਂ ਦੇ ਹੱਕ ਅਤੇ ਜ਼ਿੰਮੇਵਾਰੀ ਨੂੰ ਯਕੀਨੀ ਬਣਾਉਂਦਾ ਹੈ।

ਅਗਲੀ ਗੱਲ, ਹੁਣ ਦੀ ਹਾਲਤ ਵਿਚ ਜੇ ਕੋਈ ਠੇਕੇ 'ਤੇ ਲਈ ਜ਼ਮੀਨ ਦੀ ਗਰਦਾਵਰੀ ਦੋ ਤਿੰਨ ਸਾਲ ਆਪਣੇ ਨਾਂ ਕਰਾ ਲੈਂਦਾ ਹੈ ਤਾਂ ਠੇਕੇ 'ਤੇ ਲੈਣ ਵਾਲੇ ਤੋਂ ਜ਼ਮੀਨ ਖਾਲੀ ਕਰਾਉਣੀ ਸੌਖੀ ਨਹੀਂ। ਬਥੇਰੇ ਐਨ. ਆਰ. ਆਈਜ਼ (ਪਰਵਾਸੀਆਂ) ਦੀਆਂ ਜ਼ਮੀਨਾਂ ਉਨ੍ਹਾਂ ਦੇ ਭਰਾਵਾਂ/ਰਿਸ਼ਤੇਦਾਰਾਂ ਅਤੇ ਠੇਕੇ 'ਤੇ ਲੈਣ ਵਾਲਿਆਂ ਨੇ ਦੱਬੀਆਂ ਹੋਈਆਂ ਹਨ। ਇਹ ਆਰਡੀਨੈਂਸ/ਐਕਟ ਯਕੀਨੀ ਬਣਾਉਂਦਾ ਹੈ ਕਿ ਕਿੰਨੇ ਵੀ ਸਮੇਂ ਲਈ ਜ਼ਮੀਨ ਠੇਕੇ 'ਤੇ ਦਿੱਤੀ ਹੋਵੇ, ਜ਼ਮੀਨ 'ਤੇ ਠੇਕੇਦਾਰ ਦਾ ਕਬਜ਼ਾ ਨਹੀਂ ਹੋ ਸਕਦਾ। ਮਾਲਕ ਦੀ ਮਾਲਕੀ ਕਾਇਮ ਰਹਿੰਦੀ ਹੈ। ਕੀ ਇਸ ਵਿਚ ਕਿਸਾਨ ਨੂੰ ਕੋਈ ਨੁਕਸਾਨ ਹੁੰਦੈ? ਪੰਜਾਬ ਦੀ ਕਿਸਾਨੀ ਤਾਂ ਹੈ ਹੀ ਥੋੜ੍ਹੀ ਜ਼ਿਮੀਦਾਰੀ ਵਾਲੀ ਨਿਮਨ ਕਿਸਾਨੀ।

ਤੀਜਾ ਆਰਡੀਨੈਂਸ ਪ੍ਰਾਈਵੇਟ ਕੰਪਨੀਆਂ/ਵਿਅਕਤੀਆਂ ਦੀ 'ਮਾਰਕਿਟ ਇਨ ਫਰੀ' ਬਾਰੇ ਹੈ। ਇਹ ਯਾਦ ਕਰਾ ਦਿਆਂ, ਜਿਹੜੀ ਕਾਂਗਰਸ ਲੀਡਰਸ਼ਿਪ ਇਸ ਮੁੱਦੇ 'ਤੇ ਹੁਣ ਹਾਲ ਪਾਹਰਿਆ ਕਰ ਰਹੀ ਹੈ, ਇਸ ਲੀਡਰਸ਼ਿਪ ਨੇ 2004-5



ਵਿਚ ਪ੍ਰਾਈਵੇਟ ਮਾਰਕਿਟ ਵਾਸਤੇ ਇਕ ਆਰਡੀਨੈਂਸ ਤਿਆਰ ਕੀਤਾ ਸੀ। ਬਹੁਤਾ ਰੌਲਾ ਦੋ ਮੁੱਦਿਆਂ 'ਤੇ ਹੈ। ਇਕ ਐਮ. ਐਸ. ਪੀ. ਬਾਰੇ ਅਤੇ ਦੂਜਾ ਸਰਕਾਰੀ ਮੰਡੀਆਂ ਅਤੇ ਸਰਕਾਰੀ ਟੈਕਸਾਂ ਦਾ ਹੈ। ਐਮ. ਐਸ. ਪੀ. ਬਾਰੇ ਤਾਂ ਇਸ ਆਰਡੀਨੈਂਸ ਵਿਚ ਇਕ ਲਫਜ਼ ਵੀ ਨਹੀਂ। ਬਘਿਆੜ ਆਇਆ, ਬਘਿਆੜ ਆਇਆ ਵਾਲੀ ਦੁਹਾਈ ਪੈ ਰਹੀ ਹੈ। ਕੁਝ ਲੋਕ ਜਿਨ੍ਹਾਂ ਆਰਡੀਨੈਂਸ ਦੇਖਿਆ ਹੀ ਨਹੀਂ, ਬਿਨਾ ਪੜ੍ਹਿਆਂ ਟਿੱਪਣੀਆਂ ਕਰੀ ਜਾ ਰਹੇ ਨੇ। ਕੁਝ ਲੋਕ ਸਿਆਸੀ ਬਿਆਨਬਾਜ਼ੀ ਦੇਖ ਕੇ ਹੀ ਆਪਣਾ ਫੁਲਕਾ ਲਾਹੀ ਜਾ ਰਹੇ ਨੇ। ਸਿਆਸੀ ਪਾਰਟੀਆਂ ਨੇ ਤਾਂ ਆਪਣੀਆਂ ਸਿਆਸੀ ਰੋਟੀਆਂ ਸੇਕਣੀਆਂ ਹੀ ਨੇ। ਵਿਰੋਧੀ ਪਾਰਟੀਆਂ ਨੂੰ ਕਦੀ ਵੀ ਸਾਡੇ ਲੋਕਤੰਤਰ ਵਿਚ, ਸੱਤਾ ਵਿਚ ਆਈ ਪਾਰਟੀ ਦਾ ਕੋਈ ਵੀ ਫੈਸਲਾ ਠੀਕ ਨਹੀਂ ਲਗਦਾ ਹੁੰਦਾ। ਇਹ ਸਾਡੀ ਤ੍ਰਾਸਦੀ ਹੈ। ਮੇਰਾ ਸਵਾਲ ਇਹ ਹੈ ਕਿ ਜਦ ਬਘਿਆੜ ਹੈ ਹੀ ਨਹੀਂ, ਉਸ ਦਾ ਜ਼ਿਕਰ ਹੀ ਨਹੀਂ ਤਾਂ 'ਬਘਿਆੜ ਆਇਆ, ਬਘਿਆੜ ਆਇਆ' ਦੀ ਰੌਲੀ ਕਿਉਂ ਪੈ ਰਹੀ ਹੈ?

ਮੈਂ ਆਪਣੇ ਪ੍ਰੋਫੈਸ਼ਨਲ ਤਜਰਬੇ ਦੇ ਆਧਾਰ 'ਤੇ ਦ੍ਰਿੜ ਵਿਸ਼ਵਾਸ ਰੱਖਦਾ ਹਾਂ ਕਿ ਐਮ. ਐਸ. ਸੀ. ਖਤਮ ਨਹੀਂ ਹੋ ਸਕਦੀ ਤੇ ਨਾ ਹੀ ਹੋਣੀ ਚਾਹੀਦੀ ਹੈ। ਐਮ. ਐਸ. ਪੀ. ਬੰਦ ਹੋਣ 'ਤੇ ਪਰਲੋ ਆ ਸਕਦੀ ਹੈ, ਜਿਸ ਨੂੰ ਬੰਦ ਕਰਨ ਦਾ ਕੋਈ ਸਰਕਾਰ ਖਤਰਾ ਨਹੀਂ ਸਹੇੜ ਸਕਦੀ।

ਇਸ ਵੇਲੇ ਅਨਾਜ ਦੀ ਐਮ. ਐਸ. ਸੀ. ਬਾਜ਼ਾਰ ਦੀ ਕੀਮਤ ਤੋਂ ਵੱਧ ਹੈ ਅਤੇ ਅੰਤਰਰਾਸ਼ਟਰੀ ਮੰਡੀਆਂ ਦੀਆਂ ਕੀਮਤਾਂ ਸਾਡੀ ਐਮ. ਐਸ. ਸੀ. ਨਾਲੋਂ ਦਸਾਂ ਸਾਲਾਂ ਤੋਂ ਵੀ ਵੱਧ ਸਮੇਂ ਤੋਂ ਕਿਤੇ ਘੱਟ ਨੇ। ਜੇ ਐਮ. ਐਸ. ਪੀ. ਨਾ ਹੋਵੇ ਤਾਂ ਕਿਸਾਨ ਕਿਸ ਨੂੰ ਫਸਲ ਵੇਚੇਗਾ ਤੇ ਕੌਣ ਖਰੀਦੇਗਾ? ਸਰਕਾਰ ਕੋਲ ਇਸ ਵਕਤ 730 ਲੱਖ ਟਨ ਅਨਾਜ ਪਿਆ ਹੈ। ਦਾਣਾ ਮੰਡੀ ਵਿਚ ਇਸ ਵਕਤ ਕਿਸੇ ਪ੍ਰਾਈਵੇਟ ਖਰੀਦਦਾਰ ਵਾਸਤੇ ਵੜਨਾ, ਖੁਦਕੁਸ਼ੀ ਕਰਨ ਬਰਾਬਰ ਹੈ। ਸਰਕਾਰ ਨੂੰ ਦਾਣਿਆਂ ਦੀ ਲੋੜ ਨਹੀਂ, ਭੰਡਾਰ ਭਰੇ ਹੋਏ ਨੇ। ਮਾਰਕਿਟ ਦਾ ਰੇਟ ਐਮ. ਐਸ. ਪੀ. ਤੋਂ ਥੋੜ੍ਹਾ ਹੈ। ਅੰਤਰਰਾਸ਼ਟਰੀ ਭਾਅ ਵੀ ਘੱਟ ਹੈ। ਕਾਹਦੇ ਵਾਸਤੇ ਕੋਈ ਅਨਾਜ ਖਰੀਦੇਗਾ? ਕੇਂਦਰੀ ਸਰਕਾਰ ਦੇ ਏਜੰਟ ਦੇ ਤੌਰ 'ਤੇ ਸੂਬਾਈ ਸਰਕਾਰਾਂ ਖਰੀਦਦੀਆਂ ਨੇ। ਇਹ ਸਰਕਾਰ ਦੀ ਸਿਰਦਰਦੀ ਹੈ, ਕੋਈ ਪ੍ਰਾਈਵੇਟ ਬੰਦਾ ਜਾਂ ਵਪਾਰੀ ਕਿਉਂ ਮਾਰਕਿਟ ਵਿਚ ਆਏਗਾ? ਕਿਸਾਨ ਸਭਾਵਾਂ ਤੇ ਕਿਸਾਨ ਪੱਖੀ ਸਿਆਸੀ ਪਾਰਟੀਆਂ ਨੂੰ ਸਣੇ ਬੁੱਧੀਜੀਵੀਆਂ ਦੇ ਆਪਣਾ ਸਾਰਾ ਜ਼ੋਰ ਸਰਕਾਰੀ ਖਰੀਦ ਲਾਜ਼ਮੀ ਜਾਰੀ ਰੱਖਣ 'ਤੇ ਲਾਉਣਾ ਬਣਦੈ।

ਦੂਜੀਆਂ ਹਨ ਸਬਜ਼ੀ ਮੰਡੀਆਂ। ਇਸ ਵੇਲੇ ਇਨ੍ਹਾਂ ਮੰਡੀਆਂ ਵਿਚ ਉਤਪਾਦਕ ਯਾਨਿ ਕਿਸਾਨ ਨੂੰ ਖਪਤਕਾਰ ਦੀ ਕੀਮਤ ਦਾ 20ਵਾਂ ਹਿੱਸਾ ਵੀ ਨਹੀਂ ਮਿਲਦਾ। ਜੇ ਕੋਈ ਪ੍ਰਾਈਵੇਟ ਬੰਦਾ ਜਾਂ ਕੰਪਨੀ ਮੁਕਾਬਲੇ ਵਿਚ ਮੰਡੀ ਬਣਾ ਕੇ ਕਿਸਾਨ ਨੂੰ ਵੱਧ ਕੀਮਤ ਦਿੰਦਾ ਹੈ, ਕਿਸਾਨ ਨਾਲ ਕੰਟਰੈਕਟ ਕਰ ਕੇ ਚੰਗੀ ਫਸਲ ਪੈਦਾ ਕਰਾਉਂਦਾ ਹੈ ਅਤੇ ਉਸ ਨੂੰ ਗਰੇਡਿੰਗ ਕਰ ਕੇ ਤੇ ਪ੍ਰੋਸੈਸ ਕਰ ਕੇ ਵਿਦੇਸ਼ੀ ਜਾਂ ਅਮੀਰ ਗਾਹਕਾਂ ਜਾਂ ਹੋਟਲਾਂ ਵਿਚ ਵੇਚਦਾ ਹੈ ਤਾਂ ਕਿਸਾਨ ਨੂੰ ਚੰਗੀ/ਵੱਧ ਕੀਮਤ ਮਿਲਣ 'ਤੇ ਕਿਸੇ ਨੂੰ ਕੀ ਇਤਰਾਜ਼ ਹੋ ਸਕਦੈ? ਇਉਂ ਸਰਕਾਰੀ ਮੰਡੀਆਂ ਵੀ ਮੁਕਾਬਲੇ ਵਿਚ ਵਪਾਰੀਆਂ ਤੋਂ ਕਿਸਾਨ ਨੂੰ ਵੱਧ ਕੀਮਤ ਦਿਵਾਉਣ ਲਈ ਮਜਬੂਰ ਹੋ ਜਾਣਗੀਆਂ।

ਹੁਣ ਰਹਿ ਗਈ ਗੱਲ ਸਰਕਾਰੀ ਟੈਕਸਾਂ ਦੀ। ਇਹ ਸਰਕਾਰ ਦੀ ਸਿਰਦਰਦੀ ਹੈ ਕਿ ਉਹ ਪ੍ਰਾਈਵੇਟ ਵਪਾਰੀਆਂ/ਮੰਡੀਆਂ 'ਚੋਂ ਵੀ ਉਹੀ ਟੈਕਸ ਲਵੇ ਜੋ ਸਰਕਾਰੀ ਮੰਡੀਆਂ ਵਿਚ ਲਾਏ ਜਾਂਦੇ ਹਨ। ਨਹੀਂ ਤਾਂ ਸਰਕਾਰੀ ਮੰਡੀਆਂ ਵਿਚ ਵੀ ਖਤਮ ਕਰੇ। ਮੈਂ ਜਾਣਦਾ ਹਾਂ ਕਿ ਸਰਕਾਰੀ ਮੰਡੀਆਂ ਦੇ ਟੈਕਸਾਂ ਤੋਂ ਪੰਜਾਬ ਸਰਕਾਰ ਨੂੰ 3600-3800 ਕਰੋੜ ਰੁਪਏ ਦੀ ਸਾਲਾਨਾ ਆਮਦਨ ਹੁੰਦੀ ਹੈ। ਇਹ ਆਮਦਨ ਪਿੰਡਾਂ ਦੀਆਂ ਪਹੁੰਚ ਸੜਕਾਂ ਤੇ ਮੰਡੀਆਂ ਦੀ ਇੰਪਰੂਵਮੈਂਟ ਵਾਸਤੇ ਹੁੰਦੀ ਹੈ, ਪਰ ਮੰਦਭਾਗੀ ਗੱਲ ਇਹ ਹੈ ਕਿ ਟੈਕਸਾਂ ਦਾ ਇਹ ਪੈਸਾ ਸਬੰਧਿਤ ਮੰਡੀਆਂ ਕੋਲ ਰਹਿਣ ਜਾਂ ਮੰਡੀਆਂ ਨੂੰ ਵਰਤਣ ਲਈ ਨਹੀਂ ਦਿੱਤਾ ਜਾਂਦਾ। ਸਾਰਾ ਪੈਸਾ ਮੰਡੀ ਬੋਰਡ ਕੋਲ ਚਲਾ ਜਾਂਦਾ ਹੈ। ਮੰਡੀਆਂ ਦੇ ਚੇਅਰਮੈਨ ਤੇ ਸੈਕਟਰੀ ਖਾਲੀ ਠੂਠੇ ਵਜਾਉਂਦੇ ਰਹਿ ਜਾਂਦੇ ਹਨ। ਮੰਡੀਆਂ ਦਾ ਟੈਕਸ ਵਰਤਣ ਦੀ ਮਰਜ਼ੀ ਮੁੱਖ ਮੰਤਰੀ ਤੇ ਚੇਅਰਮੈਨ ਮੰਡੀ ਬੋਰਡ ਦੀ ਹੁੰਦੀ ਹੈ, ਜਿਥੇ ਮਰਜ਼ੀ, ਜਿਦਾਂ ਮਰਜ਼ੀ ਖਰਚਣ/ਵਰਤਣ। ਇਹ ਪੈਸਾ ਪ੍ਰਾਂਤ ਦੇ ਬਜਟ ਵਿਚ ਤਾਂ ਪੈਂਦਾ ਹੀ ਨਹੀਂ। ਪਿਛਲੀ ਅਕਾਲੀ-ਭਾਜਪਾ ਦੀ ਸਰਕਾਰ ਨੇ ਮੰਡੀ ਬੋਰਡ ਦੀ ਆਮਦਨ ਐਡਵਾਂਸ ਤਿੰਨ ਸਾਲ ਲਈ ਗਿਰਵੀ ਕਰ ਕੇ ਕਰਜ਼ਾ ਲੈ ਲਿਆ ਸੀ। ਤਿੰਨ ਸਾਲ ਖਤਮ ਹੋਏ ਤਾਂ ਅਜੋਕੀ ਕਾਂਗਰਸ ਸਰਕਾਰ ਨੇ ਫਿਰ ਅਗਲੇ ਤਿੰਨ ਸਾਲ ਦੀ ਆਮਦਨ ਗਿਰਵੀ ਕਰ ਕੇ ਕਰਜ਼ਾ ਲੈ ਲਿਆ ਹੈ। ਮਤਲਬ ਅਗਲੀ ਆਉਣ ਵਾਲੀ ਸਰਕਾਰ ਦੀ ਮੰਡੀ ਦੀ ਆਮਦਨ ਵੀ ਗਹਿਣੇ ਧਰ ਦਿੱਤੀ। ਦੱਸੋ ਮੰਡੀ ਨਾਲ ਸਬੰਧਿਤ ਕੀ ਵਿਕਾਸ ਹੋਇਆ ਜਾਂ ਹੋਵੇਗਾ?

ਇਹ ਗੱਲ ਵੀ ਯਾਦ ਰੱਖਣ ਵਾਲੀ ਹੈ ਕਿ ਜੋ ਟੈਕਸ ਖਰੀਦਦਾਰ 'ਤੇ ਲੱਗਦਾ ਹੈ, ਉਹ ਅਸਲ ਵਿਚ ਵੇਚਣ ਵਾਲੇ 'ਤੇ ਹੀ ਲੱਗਦਾ ਹੈ! ਜਿੰਨਾ ਟੈਕਸ ਹੋਵੇਗਾ, ਉਨੀ ਹੀ ਖੁੱਲ੍ਹੀ ਮੰਡੀ ਵਿਚ ਵਪਾਰੀ, ਵਸਤ ਵੇਚਣ ਵਾਲੇ ਨੂੰ ਘੱਟ ਕੀਮਤ ਦੇਵੇਗਾ। ਕਿਸਾਨਾਂ ਨੂੰ ਇਹ ਜ਼ਰੂਰੀ ਸਮਝ ਲੈਣਾ ਚਾਹੀਦੈ ਕਿ ਜੋ ਮੰਡੀ ਟੈਕਸ ਖਰੀਦਦਾਰ 'ਤੇ ਲੱਗਦੈ, ਉਹ ਅਸਲ ਵਿਚ ਜਿਣਸ ਵੇਚਣ ਵਾਲੇ ਕਿਸਾਨ 'ਤੇ ਹੀ ਲੱਗਦੈ ਅਤੇ ਉਸ ਨੂੰ ਉਨਾ ਹੀ ਘੱਟ ਮੁੱਲ ਮਿਲਦੈ। ਮੇਰੇ ਵੱਲੋਂ ਜੇ ਚੋਣ ਕਰਨੀ ਹੋਵੇ ਕਿ ਕਿਸਾਨ ਨੂੰ ਕੀਮਤ ਵੱਧ ਮਿਲੇ ਜਾਂ ਸਰਕਾਰੀ ਟੈਕਸ ਦੀ ਵਸੂਲੀ ਹੋਵੇ ਤਾਂ ਮੈਂ ਕਿਸਾਨ ਨੂੰ ਵੱਧ ਕੀਮਤ ਦੇਣ ਦੀ ਹਾਮੀ ਭਰਾਂਗਾ। ਸਰਕਾਰ ਤਾਂ ਹੋਰ ਅਨੇਕਾਂ ਕੁਦਰਤੀ ਸੋਮਿਆਂ ਤੋਂ ਆਮਦਨ ਹਾਸਲ ਕਰ ਕੇ ਪ੍ਰਾਈਵੇਟ ਜੇਬਾਂ 'ਚ ਪਾਈ ਜਾਂਦੀ ਹੈ। ਸਰਕਾਰੀ ਖਜ਼ਾਨੇ 'ਚ ਆਉਣ ਵਾਲਾ ਪੈਸਾ ਤਾਂ ਸਿਆਸਤਦਾਨਾਂ ਦੀ ਸਰਪ੍ਰਸਤੀ ਹੇਠ ਮਾਫੀਏ ਖਾਈ ਜਾਂਦੇ ਨੇ। ਇਥੇ ਰੇਤ/ਬਜਰੀ ਮਾਫੀਆ, ਸ਼ਰਾਬ ਮਾਫੀਆ, ਟਰਾਂਸਪੋਰਟ ਮਾਫੀਆ, ਇਲੈਕਟ੍ਰਾਨਿਕ ਮੀਡੀਆ ਮਾਫੀਆ, ਜ਼ਮੀਨ ਮਾਫੀਆ, ਪ੍ਰਾਈਵੇਟ ਸਿੱਖਿਆ ਮਾਫੀਆ, ਮੈਡੀਕਲ ਮਾਫੀਆ ਤੇ ਹੋਰ ਕਈ ਮਾਫੀਏ। ਕਿੰਨੇ ਕੁ ਗਿਣੀਏ? ਕੀ ਇਹ ਸੂਬੇ ਦੇ ਸੋਮਿਆਂ ਦੀ ਚੋਰੀ ਨਹੀਂ? ਦਿਨ ਦਿਹਾੜੇ ਡਾਕੇ ਮਾਰੇ ਜਾ ਰਹੇ ਨੇ। ਇਹ ਮਾਫੀਏ ਖਤਮ ਕੀਤੇ ਜਾਣ ਅਤੇ ਮਾਫੀਆ ਰਾਜ ਖਤਮ ਹੋ ਜਾਵੇ ਤਾਂ ਮੰਡੀ ਟੈਕਸਾਂ ਵਰਗੀ ਆਮਦਨ ਦੀ ਲੋੜ ਹੀ ਨਹੀਂ ਰਹਿ ਜਾਂਦੀ।

ਸਵਾਲਾਂ ਦਾ ਸਵਾਲ ਕੇਂਦਰ ਸਰਕਾਰ ਵੱਲੋਂ ਕਣਕ-ਝੋਨੇ ਵਾਂਗ ਬਾਕੀ 20 ਫਸਲਾਂ ਵੀ ਲਾਹੇਵੰਦ ਐਮ. ਐਸ. ਪੀ. ਉਤੇ ਪ੍ਰੋਕਿਓਰ (ਖਰੀਦਣ) ਕਰਨ ਦਾ ਹੈ। ਜਿਸ ਸਮਰਥਨ ਮੁੱਲ 'ਤੇ ਸਰਕਾਰ ਨੇ ਫਸਲ ਖਰੀਦਣੀ ਹੀ ਨਹੀਂ, ਉਸ ਦਾ ਮਤਲਬ ਕਿਸਾਨਾਂ ਨਾਲ ਧੋਖਾ ਕਰਨਾ ਹੈ। ਕਿਸਾਨਾਂ ਅਤੇ ਕਿਸਾਨੀ ਉਤੇ ਆਧਾਰਿਤ ਮਜ਼ਦੂਰਾਂ, ਕਾਰੀਗਰਾਂ ਤੇ ਦੁਕਾਨਦਾਰਾਂ ਦਾ ਭਲਾ ਮੁਫਤ ਦੀਆਂ ਭਰਮਾਊ 'ਸਹੂਲਤਾਂ' ਲੈਣ ਵਿਚ ਨਹੀਂ। ਟਿਊਬਵੈਲਾਂ ਦੀ ਮੁਫਤ ਬਿਜਲੀ ਨੇ ਪੰਜਾਬੀਆਂ ਦਾ ਸੁਆਰਿਆ ਘੱਟ ਹੈ, ਵਿਗਾੜਿਆ ਵੱਧ। ਸਾਨੂੰ ਸਭ ਨੂੰ ਸੁੱਧ-ਬੁੱਧ ਨਾਲ ਸਮਝਣ ਦੀ ਲੋੜ ਹੈ।

ਚੰਗਾ ਹੁੰਦਾ ਜੇ ਤਿੰਨੇ ਐਕਟ ਆਰਡੀਨੈਂਸਾਂ ਦੀ ਥਾਂ ਪਾਰਲੀਮੈਂਟ ਵਿਚ ਪੇਸ਼ ਕਰ ਕੇ ਪਾਸ ਕੀਤੇ ਜਾਂਦੇ। ਸਾਰਥਕ ਬਹਿਸ ਹੁੰਦੀ। ਸੂਬਿਆਂ ਦੇ ਸੰਵਿਧਾਨਕ ਅਧਿਕਾਰਾਂ ਤੇ ਪ੍ਰਭੂਸੱਤਾ ਦਾ ਖਿਆਲ ਰੱਖਿਆ ਜਾਂਦਾ। ਮੇਰਾ ਖਿਆਲ ਹੈ, ਮੈਂ ਆਪਣਾ ਨਜ਼ਰੀਆ ਸਪੱਸ਼ਟ ਕਰ ਦਿੱਤਾ ਹੈ। ਅੱਗੇ ਵਿਚਾਰ ਆਪੋ ਆਪਣੇ, ਮੈਂ ਵੱਖਰੇ ਵਿਚਾਰਾਂ ਦੀ ਵੀ ਕਦਰ ਕਰਦਾ ਹਾਂ।

*ਸਰਕਾਰੀ ਖਜ਼ਾਨੇ 'ਚ ਆਉਣ ਵਾਲਾ ਪੈਸਾ ਤਾਂ ਸਿਆਸਤਦਾਨਾਂ ਦੀ ਸਰਪ੍ਰਸਤੀ ਹੇਠ ਮਾਫੀਏ ਖਾਈ ਜਾਂਦੇ ਨੇ। ਇਥੇ ਰੇਤ/ਬਜਰੀ ਮਾਫੀਆ, ਸ਼ਰਾਬ ਮਾਫੀਆ, ਟਰਾਂਸਪੋਰਟ ਮਾਫੀਆ, ਇਲੈਕਟ੍ਰਾਨਿਕ ਮੀਡੀਆ ਮਾਫੀਆ, ਜ਼ਮੀਨ ਮਾਫੀਆ, ਪ੍ਰਾਈਵੇਟ ਸਿੱਖਿਆ ਮਾਫੀਆ, ਮੈਡੀਕਲ ਮਾਫੀਆ ਤੇ ਹੋਰ ਕਈ ਮਾਫੀਏ। ਕਿੰਨੇ ਕੁ ਗਿਣੀਏ? ਕੀ ਇਹ ਸੂਬੇ ਦੇ ਸੋਮਿਆਂ ਦੀ ਚੋਰੀ ਨਹੀਂ? ਦਿਨ ਦਿਹਾੜੇ ਡਾਕੇ ਮਾਰੇ ਜਾ ਰਹੇ ਨੇ। ਇਹ ਮਾਫੀਏ ਖਤਮ ਕੀਤੇ ਜਾਣ ਅਤੇ ਮਾਫੀਆ ਰਾਜ ਖਤਮ ਹੋ ਜਾਵੇ ਤਾਂ ਮੰਡੀ ਟੈਕਸਾਂ ਵਰਗੀ ਆਮਦਨ ਦੀ ਲੋੜ ਹੀ ਨਹੀਂ ਰਹਿ ਜਾਂਦੀ।*

# ਕੌਮਾਂਤਰੀ ਜਨਸੰਖਿਆ ਦਿਵਸ ਅਤੇ ਵਧਦੀ ਅਬਾਦੀ



ਹਰ ਸਾਲ 11 ਜੁਲਾਈ ਨੂੰ ਦੁਨੀਆਂ ਦੇ ਸਾਰੇ ਦੇਸ਼ ਜਨਸੰਖਿਆ ਦਿਵਸ ਮਨਾਉਂਦੇ ਹਨ। ਯੂਨਾਈਟਡ ਨੇਸ਼ਨਜ਼ ਡਿਵੈਲਪਮੈਂਟ ਪ੍ਰੋਗਰਾਮ ਨੇ 1989 ਵਿਚ 11 ਜੁਲਾਈ ਨੂੰ ਕੌਮਾਂਤਰੀ ਜਨਸੰਖਿਆ ਦਿਵਸ ਮਨਾਉਣ ਦੀ ਸ਼ੁਰੂਆਤ ਕੀਤੀ ਸੀ, ਕਿਉਂਕਿ ਉਸ ਸਮੇਂ ਦੁਨੀਆਂ ਦੀ ਅਬਾਦੀ ਵਿਚ ਤੇਜ਼ੀ ਨਾਲ ਵਾਧਾ ਹੋਣ ਲੱਗ ਪਿਆ ਸੀ। 1800 ਵਿਚ ਦੁਨੀਆਂ ਦੀ ਕੁੱਲ ਅਬਾਦੀ ਸਿਰਫ ਇਕ ਅਰਬ ਸੀ, ਜੋ 127 ਸਾਲਾਂ ਪਿਛੋਂ ਯਾਨਿ 1927 ਵਿਚ ਵਧ ਕੇ 2 ਅਰਬ ਹੋਈ, ਫਿਰ ਉਸ ਤੋਂ 33 ਸਾਲਾਂ ਪਿਛੋਂ 1960 ਵਿਚ 3 ਅਰਬ, 14 ਸਾਲਾਂ ਪਿਛੋਂ 1974 ਵਿਚ 4 ਅਰਬ ਅਤੇ 13 ਸਾਲਾਂ ਪਿਛੋਂ 1987 ਵਿਚ 5 ਅਰਬ ਹੋ ਗਈ ਸੀ।



ਡਾ. ਗੁਰਿੰਦਰ ਕੌਰ, ਪਟਿਆਲਾ

ਇਕ ਅਰਬ ਤੋਂ ਦੋ ਅਰਬ ਅਬਾਦੀ ਹੋਣ ਨੂੰ 127 ਸਾਲ ਲੱਗੇ ਸਨ, ਪਰ 4 ਅਰਬ ਤੋਂ 5 ਅਰਬ ਅਬਾਦੀ ਹੋਣ ਨੂੰ ਸਿਰਫ 13 ਸਾਲ ਹੀ ਲੱਗੇ। ਇਸ ਤਰ੍ਹਾਂ ਥੋੜ੍ਹੇ ਸਮੇਂ ਵਿਚ ਤੇਜ਼ੀ ਨਾਲ ਵਧਦੀ ਅਬਾਦੀ ਅਤੇ ਅਬਾਦੀ ਨਾਲ ਸਬੰਧਿਤ ਵਧਦੀਆਂ ਸਮੱਸਿਆਵਾਂ ਨੂੰ ਦੇਖਦਿਆਂ ਲੋਕਾਂ ਨੂੰ ਜਾਗਰੂਕ ਕਰਨ ਲਈ ਵਿਸ਼ਵ ਪੱਧਰ ਉਤੇ ਜਨਸੰਖਿਆ ਦਿਵਸ ਮਨਾਉਣ ਦਾ ਫੈਸਲਾ ਲਿਆ ਗਿਆ ਸੀ। ਹੁਣ ਇਸ ਦਿਨ ਲੋਕਾਂ ਵਿਚ ਪਰਿਵਾਰ-ਨਿਯੋਜਨ, ਲਿੰਗਕ




ਸਮਾਨਤਾ, ਗਰੀਬੀ, ਬੱਚਿਆਂ ਅਤੇ ਮਾਂਵਾਂ ਦੀ ਸਿਹਤ, ਮਨੁੱਖੀ ਹੱਕਾਂ ਆਦਿ ਬਾਰੇ ਸੈਮੀਨਾਰਾਂ, ਲੇਖ ਮੁਕਾਬਲਿਆਂ, ਅਖਬਾਰਾਂ ਅਤੇ ਸ਼ੋਸ਼ਲ ਮੀਡੀਏ ਰਾਹੀਂ ਜਾਗਰੂਕਤਾ ਫੈਲਾਈ ਜਾਂਦੀ ਹੈ। ਇਸ ਤਰ੍ਹਾਂ ਭਾਵੇਂ ਪਿਛਲੇ 31 ਸਾਲਾਂ ਤੋਂ ਦੁਨੀਆਂ ਦੇ ਸਾਰੇ ਦੇਸ਼ਾਂ ਵਿਚ ਅਬਾਦੀ ਸਬੰਧੀ ਸਮੱਸਿਆਵਾਂ ਨਾਲ ਨਿਪਟਣ ਲਈ ਇਹ ਦਿਨ ਮਨਾਇਆ ਜਾਂਦਾ ਹੈ, ਪਰ ਭਾਰਤ ਜਿਹੇ ਕਈ ਦੇਸ਼ ਹਾਲੇ ਵੀ ਵਧਦੀ ਅਬਾਦੀ ਦੀਆਂ ਸਮੱਸਿਆਵਾਂ ਨਾਲ ਜੂਝ ਰਹੇ ਹਨ।

ਭਾਰਤ ਦੀ ਅਬਾਦੀ ਤੇਜ਼ੀ ਨਾਲ ਵਧ ਰਹੀ ਹੈ, ਜੋ ਹੁਣ ਲਗਭਗ 137 ਕਰੋੜ ਹੋ ਗਈ ਹੈ। ਯੂਨਾਈਟਡ ਨੇਸ਼ਨਜ਼ ਦੀ 2019 ਵਿਚ ਰਿਲੀਜ਼ ਹੋਈ ਇਕ ਰਿਪੋਰਟ ਅਨੁਸਾਰ ਭਾਰਤ ਅਗਲੇ ਅੱਠ ਸਾਲਾਂ ਵਿਚ ਚੀਨ ਨੂੰ ਅਬਾਦੀ ਦੇ ਸਬੰਧ ਵਿਚ ਪਹਿਲੇ ਤੋਂ ਦੂਜੇ ਨੰਬਰ ਉਤੇ ਧਕੇਲ ਕੇ ਆਪ ਦੁਨੀਆਂ ਦਾ ਸਭ ਤੋਂ ਵਧ ਅਬਾਦੀ ਵਾਲਾ ਦੇਸ਼ ਬਣ ਜਾਵੇਗਾ, ਜਦੋਂ ਕਿ ਖੇਤਰਫਲ ਦੇ ਹਿਸਾਬ ਨਾਲ ਇਹ ਸੱਤਵੇਂ ਨੰਬਰ ਉਤੇ ਆਉਂਦਾ ਹੈ। ਭਾਰਤ ਲਈ ਇਹ ਬਹੁਤ ਹੀ ਚਿੰਤਾ ਵਾਲੀ ਗੱਲ ਹੈ, ਕਿਉਂਕਿ ਜਿਸ ਅਨੁਪਾਤ ਵਿਚ ਭਾਰਤ ਦੀ ਅਬਾਦੀ ਵਧ ਰਹੀ ਹੈ, ਉਸ ਅਨੁਪਾਤ ਆਮਦਨ ਦੇ ਸਰੋਤਾਂ ਵਿਚ ਵਾਧਾ ਨਹੀਂ ਹੋ ਰਿਹਾ ਹੈ।

'ਸਟੇਟ ਆਫ ਫੂਡ ਸਿਕਿਉਰਿਟੀ ਇਨ ਦਿ ਵਰਲਡ' ਦੀ 2015 ਦੀ ਇਕ ਰਿਪੋਰਟ ਅਨੁਸਾਰ ਭਾਰਤ ਵਿਚ 19.46 ਕਰੋੜ ਲੋਕਾਂ ਨੂੰ ਪੇਟ ਭਰ ਖਾਣਾ ਨਹੀਂ ਮਿਲਦਾ। ਭਾਰਤ ਦੇ 4 ਬੱਚਿਆਂ ਵਿਚੋਂ ਇਕ ਬੱਚਾ ਹਰ ਰੋਜ਼ ਭੁੱਖੇ ਪੇਟ ਸੌਂਦਾ ਹੈ। ਭੁੱਖ ਨਾਲ ਸਬੰਧਿਤ ਬਿਮਾਰੀਆਂ ਨਾਲ ਭਾਰਤ ਵਿਚ ਹਰ ਰੋਜ਼ 3000 ਬੱਚੇ ਮਰ ਜਾਂਦੇ ਹਨ। 2019 ਵਿਚ ਵਰਲਡ ਹੰਗਰ ਇੰਡੈਕਸ ਵਿਚ ਵੀ ਭਾਰਤ ਦਾ ਦਰਜਾ 117 ਵਿਚੋਂ 102ਵਾਂ ਹੈ, ਜਦੋਂ ਕਿ ਪਾਕਿਸਤਾਨ 94ਵੇਂ, ਬੰਗਲਾਦੇਸ 88ਵੇਂ, ਨੇਪਾਲ 73ਵੇਂ ਅਤੇ ਸ੍ਰੀਲੰਕਾ 66ਵੇਂ ਦਰਜੇ ਉਤੇ ਸਨ। ਇਸ ਤੋਂ ਇਲਾਵਾ ਹਾਲ ਹੀ ਵਿਚ ਕਰੋਨਾ ਮਹਾਮਾਰੀ ਵਿਚ ਲੌਕਡਾਊਨ ਦੌਰਾਨ ਕਰੋੜਾਂ ਪਰਵਾਸੀ ਮਜ਼ਦੂਰਾਂ ਨੂੰ ਦਿਨ ਵਿਚ ਇਕ ਵਾਰ ਵੀ ਰੋਟੀ ਨਸੀਬ ਨਹੀਂ ਹੋਈ ਅਤੇ ਭੁੱਖ ਤੋਂ ਤੰਗ ਆ ਕੇ ਜਦੋਂ ਉਹ ਆਪਣੇ ਜੱਦੀ ਪਿੰਡਾਂ ਨੂੰ ਮੁੜਨ ਲੱਗੇ ਤਾਂ ਉਨ੍ਹਾਂ ਨੂੰ ਸਰਕਾਰ ਸਸਤੇ ਆਵਾਜਾਈ ਦੇ ਸਾਧਨ ਭਾਵ ਰੇਲ ਅਤੇ ਬੱਸਾਂ ਵੀ ਮੁਹੱਈਆ ਨਾ ਕਰਵਾ ਸਕੀ, ਜਦਕਿ ਸਾਡੀ ਸਰਕਾਰ ਉਚੇ ਆਰਥਕ ਵਿਕਾਸ ਦੇ ਦਾਅਵੇ ਕਰਦੀ ਨਹੀਂ ਥੱਕਦੀ!

ਭਾਵੇਂ ਭਾਰਤ ਸਰਕਾਰ ਵਲੋਂ ਅਬਾਦੀ ਨੂੰ ਕਾਬੂ ਕਰਨ ਲਈ ਪਰਿਵਾਰ ਨਿਯੋਜਨ ਸਬੰਧੀ ਪਹਿਲੀ ਯੋਜਨਾ ਕਰੀਬ 68 ਸਾਲ ਪਹਿਲਾਂ 1952 ਵਿਚ ਹੀ ਵਿਉਂਤ ਲਈ ਗਈ ਸੀ, ਪਰ ਸਰਕਾਰ ਉਸ ਨੂੰ ਸੰਜੀਦਗੀ ਨਾਲ ਲਾਗੂ ਨਾ ਕਰ ਸਕੀ, ਜਦੋਂ ਕਿ ਚੀਨ ਨੇ ਇਕ ਬੱਚੇ ਦੀ ਯੋਜਨਾ ਉਸ ਤੋਂ 27 ਸਾਲ ਪਿਛੋਂ ਯਾਨਿ 1979 ਵਿਚ ਲਾਗੂ ਕਰਕੇ ਅਬਾਦੀ ਨੂੰ ਕਾਬੂ ਵਿਚ ਕਰਕੇ 35 ਸਾਲ ਪਿਛੋਂ ਭਾਵ 2015 ਉਹ ਯੋਜਨਾ ਖਤਮ ਵੀ ਕਰ ਦਿੱਤੀ ਹੈ। ਹੁਣ ਚੀਨ ਵਿਚਲੀ ਅਬਾਦੀ ਦੀ ਜਨਮ ਦਰ 10.48 ਅਤੇ ਜਣਨ ਦਰ 1.2 ਹੈ, ਜੋ ਭਾਰਤ ਅਤੇ ਦੁਨੀਆਂ ਦੀ ਔਸਤ ਤੋਂ ਬਹੁਤ ਘੱਟ ਹੈ। ਭਾਰਤ ਵਿਚ ਜਨਮ ਦਰ 20 ਤੇ ਜਣਨ ਦਰ 2.2 ਹੈ ਅਤੇ ਦੁਨੀਆਂ ਦੀ ਜਨਮ ਦਰ 18.5 ਤੇ ਜਣਨ ਦਰ 2.47 ਹੈ।

ਜੁਲਾਈ 2019 ਦੀ ਸੰਯੁਕਤ ਰਾਸ਼ਟਰ ਸੰਘ ਦੀ ਇਕ ਰਿਪੋਰਟ ਅਨੁਸਾਰ ਦੁਨੀਆਂ ਉਤੇ ਵਿਚਰਨ ਵਾਲਾ ਹਰ ਛੇਵਾਂ ਵਿਅਕਤੀ ਭਾਰਤੀ ਹੈ ਅਤੇ ਭਾਰਤ ਵਿਚ ਹਰ ਇਕ ਸੈਕਿੰਡ ਵਿਚ ਇਕ ਬੱਚਾ ਜਨਮ ਲੈਂਦਾ ਹੈ। ਦੇਸ਼ ਦੇ ਨੌਂ ਰਾਜਾਂ ਵਿਚ ਜਣਨ ਦਰ ਰੀਪਲੇਸਮੈਂਟ ਰੇਸ਼ੋ/ਪ੍ਰਤੀ ਔਰਤ ਬੱਚੇ ਪੈਦਾ ਕਰਨ ਦੀ ਦਰ, ਜੋ 2.1 ਹੋਣੀ ਚਾਹੀਦੀ ਹੈ, ਕਾਫੀ ਵੱਧ ਹੈ। ਇਹ ਦਰ ਬਿਹਾਰ ਵਿਚ 3.2, ਉਤਰ ਪ੍ਰਦੇਸ਼ ਵਿਚ 3.0, ਮੱਧ ਪ੍ਰਦੇਸ਼ 2.7, ਰਾਜਸਥਾਨ ਵਿਚ 2.6, ਝਾਰਖੰਡ ਵਿਚ 2.3, ਛੱਤੀਸਗੜ੍ਹ ਵਿਚ 2.4, ਆਸਾਮ ਵਿਚ 2.3 ਅਤੇ ਹਰਿਆਣਾ ਅਤੇ ਗੁਜਰਾਤ ਵਿਚ 2.2 ਹੈ, ਜਿਸ ਕਰਕੇ ਇਨ੍ਹਾਂ ਰਾਜਾਂ ਦੀ ਅਬਾਦੀ ਦੁਨੀਆਂ ਦੇ ਦੂਜੇ ਦੇਸ਼ਾਂ-ਫਿਲੀਪੀਨਜ਼, ਬ੍ਰਾਜ਼ੀਲ, ਫਰਾਂਸ, ਯੂਨਾਈਟਿਡ ਕਿੰਗਡਮ, ਪੇਰੂ, ਆਸਟਰੇਲੀਆ, ਕੈਨੇਡਾ, ਦੱਖਣੀ ਅਫਰੀਕਾ ਅਤੇ ਤਾਇਵਾਨ ਦੇ ਬਰਾਬਰ ਹੈ।

ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਨੌਂ ਰਾਜਾਂ ਵਿਚ ਦੇਸ਼ ਦੀ 52 ਫੀਸਦੀ ਅਬਾਦੀ ਰਹਿੰਦੀ ਹੈ। ਇੱਥੋਂ ਦੀ ਵੱਧ ਅਬਾਦੀ ਦੇ ਮੁੱਖ ਕਾਰਨ ਗਰੀਬੀ, ਬਾਲ-ਵਿਆਹ, ਅਨਪੜ੍ਹਤਾ, ਬੇਰੁਜ਼ਗਾਰੀ ਆਦਿ ਹਨ। ਇਹ ਸਾਰੇ ਰਾਜ ਦੇਸ਼ ਦੇ ਵਿਚਕਾਰਲੇ ਹਿੱਸੇ ਵਿਚ ਸਥਿਤ ਹਨ। ਇਨ੍ਹਾਂ ਸਾਰੇ ਰਾਜਾਂ ਵਿਚ ਔਰਤਾਂ ਦੀ ਸਾਖਰਤਾ ਦਰ ਦੇਸ਼ ਦੀਆਂ ਔਰਤਾਂ ਦੀ ਔਸਤ ਸਾਖਰਤਾ ਦਰ ਨਾਲੋਂ ਘੱਟ ਹੈ, ਕਿਉਂਕਿ ਇੱਥੋਂ ਦੀਆਂ 30 ਤੋਂ 50 ਫੀਸਦੀ ਤੱਕ ਔਰਤਾਂ ਅਨਪੜ੍ਹ ਹਨ, ਜਿਸ ਕਰਕੇ ਉਹ ਨਾ ਤਾਂ ਆਰਥਕ ਤੌਰ 'ਤੇ ਆਤਮ ਨਿਰਭਰ ਹਨ ਅਤੇ ਨਾ ਹੀ ਉਨ੍ਹਾਂ ਨੂੰ ਆਪਣੇ ਮੌਲਿਕ ਹੱਕਾਂ ਦੀ ਜਾਣਕਾਰੀ ਹੈ।

ਗਰੀਬੀ ਕਾਰਨ ਕੁਝ ਮਾਪੇ ਕੁੜੀਆਂ ਨੂੰ ਛੋਟੀ ਉਮਰ ਵਿਚ ਵਿਆਹ ਦਿੰਦੇ ਹਨ। ਇਨ੍ਹਾਂ ਰਾਜਾਂ ਵਿਚ ਬਾਲ-ਵਿਆਹਾਂ ਦੀ ਫੀਸਦੀ ਗਿਣਤੀ ਬਾਕੀ ਰਾਜਾਂ ਦੇ ਮੁਕਾਬਲੇ ਵੱਧ ਹੈ। ਇੱਥੇ ਹਾਲੇ ਵੀ 40 ਤੋਂ 70 ਫੀਸਦੀ ਕੁੜੀਆਂ ਦੇ ਵਿਆਹ 18 ਸਾਲ ਦੀ ਉਮਰ ਤੋਂ ਪਹਿਲਾਂ ਹੋ ਜਾਂਦੇ ਹਨ ਅਤੇ 8 ਤੋਂ 10 ਫੀਸਦੀ ਲੜਕੀਆਂ 15 ਤੋਂ 19 ਸਾਲ ਦੀ ਉਮਰ ਤੱਕ ਮਾਂਵਾਂ ਬਣ ਜਾਂਦੀਆਂ ਹਨ, ਜਿਸ ਨਾਲ ਕਈ ਤਰ੍ਹਾਂ ਦਾ ਨੁਕਸਾਨ ਹੁੰਦਾ ਹੈ। ਇਕ, ਬਾਲ-ਵਿਆਹ ਨਾਲ ਲੜਕੀਆਂ ਦਾ ਹਰ ਤਰ੍ਹਾਂ ਦਾ ਵਿਕਾਸ ਰੁਕ ਜਾਂਦਾ ਹੈ; ਦੂਜਾ, ਛੋਟੀ ਉਮਰ ਵਿਚ ਮਾਂਵਾਂ ਬਣਨ ਕਾਰਨ ਬਹੁਤੀਆਂ ਲੜਕੀਆਂ ਜਣੇਪੇ ਸਮੇਂ ਮਰ ਵੀ ਜਾਂਦੀਆਂ ਹਨ। ਸ਼ਾਇਦ ਇਸੇ ਕਰਕੇ ਭਾਰਤ ਵਿਚ ਹਰ ਸਾਲ ਜੱਚਗੀ ਦੌਰਾਨ 60,000 ਔਰਤਾਂ ਮਰ ਜਾਂਦੀਆਂ ਹਨ। ਤੀਜਾ, ਬਾਲ-ਮਾਂਵਾਂ ਤੋਂ ਪੈਦਾ ਹੋਣ ਵਾਲੇ ਬੱਚੇ ਵੀ ਤੰਦਰੁਸਤ ਨਹੀਂ ਹੁੰਦੇ, ਕਿਉਂਕਿ ਬਾਲੜੀਆਂ ਦੇ ਸਰੀਰ ਇੰਨੇ ਵਿਕਸਿਤ ਨਹੀਂ ਹੋਏ ਹੁੰਦੇ ਕਿ ਉਹ ਬੱਚੇ ਦਾ ਭਾਰ ਸੰਭਾਲ ਸਕਣ ਅਤੇ ਇਨ੍ਹਾਂ ਬੱਚਿਆਂ ਦੀ ਮੌਤ ਦਰ ਦੂਜਿਆਂ ਬੱਚਿਆਂ ਨਾਲੋਂ ਵੱਧ ਹੁੰਦੀ ਹੈ।

ਭਾਰਤ ਵਿਚ ਪਰਿਵਾਰ ਦੇ ਆਕਾਰ ਨੂੰ ਛੋਟਾ ਕਰਨ ਲਈ ਇਕ ਬਹੁਤ ਹੀ ਕੋਝਾ ਪੱਖ ਅਪਨਾਇਆ ਜਾ ਰਿਹਾ ਹੈ-ਉਹ ਹੈ, 'ਚੋਣਵੀਂ ਪਰਿਵਾਰਕ ਯੋਜਨਾਬੰਦੀ', ਜਿਸ ਵਿਚ ਲੜਕੀਆਂ ਨੂੰ ਜਨਮ ਤੋਂ ਪਹਿਲਾਂ ਹੀ ਮਾਂ ਦੀ ਕੁੱਖ ਵਿਚ ਮਾਰ ਮੁਕਾਉਣਾ। ਹਾਲ ਵਿਚ ਹੀ ਰਿਲੀਜ਼ ਹੋਈ ਯੂਨਾਈਟਿਡ ਨੇਸ਼ਨਜ਼ ਪਾਪੂਲੇਸ਼ਨ ਫੰਡ ਦੀ ਇਕ ਰਿਪੋਰਟ ਅਨੁਸਾਰ ਭਾਰਤ ਵਿਚ 2013-17 ਦੇ ਅਰਸੇ ਦੌਰਾਨ ਹਰ ਸਾਲ 46 ਲੱਖ ਲੜਕੀਆਂ ਜਨਮ ਤੋਂ ਪਹਿਲਾਂ ਹੀ ਖਤਮ ਕਰ ਦਿੱਤੀਆਂ ਗਈਆਂ ਹਨ। ਇਸ ਤਰ੍ਹਾਂ ਦਾ ਵਰਤਾਰਾ ਲੜਕੀਆਂ ਲਈ ਤਾਂ ਘਾਤਕ ਹੈ ਹੀ, ਪਰ ਨਾਲ ਨਾਲ ਸਮਾਜ ਵਿਚ ਲਿੰਗਕ ਅਸਮਾਨਤਾ ਪੈਦਾ ਕਰਕੇ ਲੱਖਾਂ ਵਿਆਹਯੋਗ ਲੜਕੇ ਅਣ-ਵਿਆਹੇ ਰਹਿ ਜਾਂਦੇ ਹਨ। ਨਤੀਜਨ ਔਰਤਾਂ ਨਾਲ ਹੋਣ ਵਾਲੀਆਂ ਹਿੰਸਕ ਵਾਰਦਾਤਾਂ ਵਿਚ ਵਾਧਾ ਹੁੰਦਾ ਹੈ।

ਅਬਾਦੀ ਦਾ ਵਾਧਾ ਸਿਰਫ ਭੁੱਖਮਰੀ, ਔਰਤਾਂ ਅਤੇ ਬੱਚਿਆਂ ਦੀ ਮਾੜੀ ਸਿਹਤ ਤੱਕ ਹੀ ਸੀਮਤ ਨਹੀਂ ਰਹਿੰਦਾ, ਸਗੋਂ ਰਹਿਣ ਲਈ ਥਾਂ, ਖਾਣ ਲਈ ਭੋਜਨ ਦੇ ਨਾਲ ਨਾਲ ਰਹਿਣ ਲਈ ਸਾਫ-ਸੁਥਰੇ ਵਾਤਾਵਰਣ ਦੀ ਵੀ ਲੋੜ ਪੈਂਦੀ ਹੈ। ਭਾਰਤ ਵਿਚ ਤਾਂ ਆਰਥਕ ਵਿਕਾਸ ਦਾ ਕਾਰਪੋਰੇਟ ਪੱਖੀ ਮਾਡਲ ਅਪਨਾਉਣ ਕਰਕੇ ਲੋਕਾਂ ਨੂੰ ਸਾਹ ਲੈਣ ਲਈ ਸਾਫ ਹਵਾ ਅਤੇ ਪੀਣ ਲਈ ਸਾਫ ਪਾਣੀ ਵੀ ਨਸੀਬ ਨਹੀਂ ਹੁੰਦਾ ਹੈ, ਜੋ ਹਰ ਮਨੁੱਖ ਦਾ ਮੌਲਿਕ ਹੱਕ ਹੈ। ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ ਦੀ ਇਕ ਰਿਪੋਰਟ ਅਨੁਸਾਰ 2017 ਵਿਚ ਭਾਰਤ ਵਿਚ 12.4 ਲੱਖ ਮੌਤਾਂ ਹਵਾ ਪ੍ਰਦੂਸ਼ਣ ਕਾਰਨ ਹੋਈਆਂ ਸਨ ਤੇ ਇੱਥੋਂ ਦਾ ਹਰ ਅੱਠਵਾਂ ਵਿਅਕਤੀ ਹਵਾ ਦੇ ਪ੍ਰਦੂਸ਼ਣ ਨਾਲ ਮਰਦਾ ਹੈ। ਇੱਥੇ ਹੀ ਬੱਸ ਨਹੀਂ, ਭਾਰਤ ਵਿਚ ਹਰ ਸਾਲ 3 ਲੱਖ ਵਿਅਕਤੀਆਂ ਦੀ ਮੌਤ ਪ੍ਰਦੂਸ਼ਿਤ ਪਾਣੀ ਪੀਣ ਨਾਲ ਹੋਣ ਵਾਲੀਆਂ ਬਿਮਾਰੀਆਂ ਨਾਲ ਹੋ ਜਾਂਦੀ ਹੈ।

ਇਸ ਤੋਂ ਵੀ ਵੱਧ ਚਿੰਤਾ ਵਾਲੀ ਗੱਲ ਇਹ ਹੈ ਕਿ ਜਦੋਂ ਸਾਰੀ ਦੁਨੀਆਂ ਕਰੋਨਾ ਮਹਾਮਾਰੀ ਤੋਂ ਹੋਣ ਵਾਲੀ ਅਚਨਚੇਤੀ ਮੌਤ ਤੋਂ ਡਰਦੀ ਘਰੋ-ਘਰੀ ਬੈਠੀ ਸੀ, ਤਦ ਵੀ ਕੁਝ ਇਨਸਾਨੀ ਦੇਹ ਵਿਚ ਛੁਪੇ ਮਾੜੇ ਅਨਸਰਾਂ ਨੇ ਆਪਣੇ ਪਰਿਵਾਰਕ ਜੀਆਂ ਉਤੇ ਹਿੰਸਾ ਕੀਤੀ, ਜਿਸ ਕਾਰਨ ਨੈਸ਼ਨਲ ਲੀਗਲ ਸਰਵਿਸ ਅਥਾਰਟੀ ਅਨੁਸਾਰ ਲੌਕਡਾਊਨ ਦੇ ਸਮੇਂ ਵਿਚ ਘਰੇਲੂ ਹਿੰਸਾ ਦੇ ਕੇਸਾਂ ਵਿਚ 11 ਫੀਸਦੀ ਵਾਧਾ ਹੋਇਆ, ਜਦੋਂ ਕਿ ਬੱਚਿਆਂ ਉਤੇ 3.97 ਲੱਖ ਤਸ਼ੱਦਦ ਦੀਆਂ ਘਟਨਾਵਾਂ ਦੇ ਫੋਨ 22 ਤੋਂ 31 ਮਾਰਚ ਤੱਕ ਦੇ ਦਿਨਾਂ ਵਿਚ ਚਾਈਲਡ ਲਾਈਨ ਨੰਬਰ 1098 ਉਤੇ ਆਏ ਸਨ। ਇਸ ਤਰ੍ਹਾਂ ਦੀਆਂ ਘਟਨਾਵਾਂ ਤੋਂ ਪਤਾ ਲੱਗਦਾ ਹੈ ਕਿ ਭਾਰਤ ਵਿਚ ਸਿਰਫ ਅਖੌਤੀ ਤੌਰ 'ਤੇ ਜਨਸੰਖਿਆ ਦਿਵਸ ਮਨਾਇਆ ਜਾਂਦਾ ਹੈ। ਇੱਥੇ ਨਾ ਤਾਂ ਮਨੁੱਖੀ ਹੱਕਾਂ ਬਾਰੇ ਸਰਕਾਰ ਸੰਜੀਦਾ ਹੈ ਅਤੇ ਨਾ ਹੀ ਸਰਕਾਰ ਇਨ੍ਹਾਂ ਹੱਕਾਂ ਨਾਲ ਸਬੰਧਿਤ ਕਾਨੂੰਨਾਂ ਨੂੰ ਸਖਤੀ ਨਾਲ ਲਾਗੂ ਕਰਦੀ ਹੈ।

ਆਰਥਕ ਵਿਕਾਸ ਪਰਿਵਾਰ ਨਿਯੋਜਨ ਦਾ ਇਕ ਅਹਿਮ ਸੂਚਕ ਹੈ। ਆਰਥਕ ਉਨਤੀ ਭਾਵ ਯਕੀਨਨ ਰੁਜ਼ਗਾਰ ਮਿਲਣ ਨਾਲ ਲੋਕ ਜਾਗਰੂਕ ਹੁੰਦੇ ਹਨ, ਆਪਣੀਆਂ ਅਤੇ ਪਰਿਵਾਰ ਦੇ ਜੀਆਂ ਦੀਆਂ ਲੋੜਾਂ ਤੇ ਸਹੂਲਤਾਂ ਨੂੰ ਸਨਮਾਨਜਨਕ ਢੰਗ ਨਾਲ ਪੂਰਾ ਕਰਨ ਲਈ ਸਵੈ-ਇੱਛਾ ਨਾਲ ਆਪਣੇ ਪਰਿਵਾਰ ਨੂੰ ਛੋਟਾ ਕਰ ਲੈਂਦੇ ਹਨ। ਇਸ ਲਈ ਸਰਕਾਰ ਇਕ ਸਿਹਤਮੰਦ ਅਤੇ ਨਰੋਆ ਸਮਾਜ ਸਿਰਜਣ ਲਈ ਲੋਕਾਂ ਨੂੰ ਆਰਥਕ ਪੱਖੋਂ ਆਤਮ ਨਿਰਭਰ ਬਣਾਵੇ ਤਾਂ ਹੀ ਜਨਸੰਖਿਆ ਦਿਵਸ ਮਨਾਉਣ ਦਾ ਅਸਲ ਮਨੋਰਥ ਪੂਰਾ ਹੋਵੇਗਾ।

## ਕਾਵਿ-ਜਗਤ

### ਕਰੋਨੇ ਦੀ ਸ਼ੈਤਾਨੀ

ਸੁਣੋ ਸੁਣਾਵਾਂ ਅੱਜ ਹੱਡ ਬੀਤੀ
ਭੈੜੇ ਕਰੋਨੇ ਸਾਡੇ ਨਾਲ ਕੀਤੀ।
ਛੁੱਟੀ ਸੀ ਬੈਠਾ ਆਪਣੇ ਘਰ
ਪਰ ਸੀ ਘਰ ਦਾ ਖੁੱਲ੍ਹਾ ਦਰ।

ਝੱਟ ਦੇਣੀ ਗੁਆਂਢੀ ਆਇਆ
'ਦੇਵੋ ਬਾਈਕ' ਬੋਲ ਸੁਣਾਇਆ।
ਕਹਿੰਦਾ ਮੈਂ ਹਸਪਤਾਲੇ ਜਾਣਾ
ਸੋਚਿਆ ਕਿ ਵਰਤਿਆ ਭਾਣਾ।

ਸੈਨੇਟਾਈਜ਼ਰ ਹੱਥਾਂ 'ਤੇ ਪਾ ਕੇ
ਚਾਬੀ ਲੈ ਸਕੂਟਰ ਕੋਲ ਆ ਕੇ।
ਮਾਰ ਕੇ ਕਿੱਕ ਚਾਲੂ ਸੀ ਕੀਤਾ
ਸਟੈਂਡੋਂ ਲਾਹ ਹਵਾਲੇ ਸੀ ਕੀਤਾ।

ਘੰਟੇ ਬਾਅਦ ਜਦੋਂ ਵਾਪਸ ਆਵੇ
ਹੱਥ ਫੜ੍ਹ ਰਿਪੋਰਟ ਨੂੰ ਲਹਿਰਾਵੇ।
ਆਖੇ, ਫਿਰ ਹੈ ਪਾਜ਼ੇਟਿਵ ਆਈ
ਨਾਲੇ ਘੁੱਟ ਕੇ ਮੈਨੂੰ ਜੱਫੀ ਪਾਈ।

ਤੁਰ ਗਿਆ ਚਾਬੀ ਹੱਥ 'ਤੇ ਧਰ
ਲੱਗ ਗਿਆ ਮੇਰੇ ਮਨ ਨੂੰ ਡਰ।
ਕਿਤੇ ਕਰੋਨਾ ਚਿੰਬੜ ਨਾ ਜਾਵੇ
ਸੋਚ ਸੋਚ ਕੇ ਦਿਲ ਘਬਰਾਵੇ।
ਦੂਜੇ ਪਾਸੇ ਗੁੱਸਾ ਵੀ ਸੀ ਚੜ੍ਹਦਾ
ਜੇ ਪਾਜ਼ੇਟਿਵ ਸੀ, ਨਾ ਮੈਨੂੰ ਫੜ੍ਹਦਾ।
ਪਰ ਬੀਤੇ ਦਾ ਹੁਣ ਕਰੀਏ ਕੀ?
ਹੀਲਾ ਜੀਣ ਦਾ ਜਾਂ ਮਰੀਏ ਜੀ।

ਐਂਟੀ ਬੈਕਟੀਰੀਆ ਦਾ ਸਪਰੇਅ
ਅੰਦਰ ਬਾਹਰ ਕੀਤਾ ਸਾਰੇ ਘਰੇ।
ਕੱਪੜੇ ਲਾਹ ਸਰਫ ਵਿਚ ਭਿਉਂਤੇ
ਆਪਣੇ ਉਤੇ ਵੀ ਕੀਤੇ ਸਪਰੇਅ।

ਸਰਫ ਦਾ ਪੈਕਟ ਸਕੂਟਰ ਕੋਲ
ਵੱਡੀ ਬਾਲਟੀ ਵਿਚ ਦਿੱਤਾ ਘੋਲ।
ਅੱਧਾ ਘੰਟਾ ਖੂਬ ਕਰ ਰਗੜਾਈ
ਛੂਤ ਕਰੋਨੇ ਵਾਲੀ ਇੰਜ ਲਾਹੀ।

ਐਨੇ ਚਿਰ ਨੂੰ ਦੋਸਤ ਮੁੜ ਆਵੇ
ਤੱਕ ਹਾਲ ਮੇਰਾ ਉਹ ਘਬਰਾਵੇ।
ਡਾਢਾ ਪ੍ਰੇਸ਼ਾਨ ਤੱਕ ਨੇੜੇ ਢੁੱਕਦਾ
ਜੱਕਦੇ ਜੱਕਦੇ ਫਿਰ ਮੈਨੂੰ ਪੁੱਛਦਾ।

ਕਿਉਂ ਹੋਇਆ ਹੈਂ ਤੂੰ ਹਾਲੋਂ ਬੇਹਾਲ
ਬਿਗੜੀ ਪਈ ਕਿਉਂ ਤੇਰੀ ਚਾਲ?
ਤਿਓੜੀਆਂ ਨਾਲ ਮੱਥਾ ਸੀ ਸੜਿਆ
ਆਖਿਆ, ਤੂੰ ਕਿਉਂ ਮੈਨੂੰ ਸੀ ਫੜਿਆ?

ਤੇਰੀ ਕੀਤੀ ਬੱਸ ਭੁਗਤ ਰਿਹਾ ਹਾਂ
ਉਸ ਭੈੜੀ ਘੜੀ ਨੂੰ ਕੋਸ ਰਿਹਾ ਹਾਂ।
ਸੁਣ ਸੁਣ ਉਹ ਹੱਸਦਾ ਨਾ ਹਟਿਆ
ਸਮਝ ਆਈ ਤੂੰ ਮੂੰਹ ਕਿਉਂ ਵੱਟਿਆ!

ਹਸਪਤਾਲ ਗਈ ਸੀ ਤੇਰੀ ਭਰਜਾਈ
ਰਿਪੋਰਟ ਪ੍ਰੈਗਨੈਂਸੀ ਪਾਜ਼ੇਟਿਵ ਸੀ ਆਈ।
ਖੁਸ਼ ਹੋ ਕੇ ਮੈਂ ਤਾਂ ਆ ਜੱਫੀ ਸੀ ਪਾਈ
ਚੰਦਰੇ ਕਰੋਨੇ ਤੈਨੂੰ ਬਿਪਤਾ ਹੈ ਪਾਈ।

ਜੇ ਕੋਈ ਸੁਣੇ ਇਹ ਤਾਂ ਉਹ ਸਾਨੂੰ ਘੂਰੇ
ਹੱਸ ਹੱਸ ਕੇ ਹੁੰਦੇ ਜਾਈਏ ਦੋਵੇਂ ਦੂਹਰੇ।
ਇੰਜ ਭਸੂੜੀ 'ਚੋਂ ਉਸ ਆ ਕੇ ਕੱਢਿਆ
ਭੂਤ ਕਰੋਨੇ ਦਾ 'ਨੂਰਪੁਰੀ' 'ਚੋਂ ਕੱਢਿਆ।

*-ਸੇਵਾ ਸਿੰਘ ਨੂਰਪੁਰੀ*

# ਸਾਵਣੁ ਆਇਆ ਹੇ ਸਖੀ...

ਸਾਉਣ ਦਾ ਮਹੀਨਾ ਆ ਗਿਆ ਹੈ, ਪਰ ਇਸ ਵਾਰ ਸਾਉਣ ਦਾ ਮਹੀਨਾ ਲੰਘ ਚੁਕੇ ਹਰ ਸਾਉਣ ਤੋਂ ਵੱਖਰਾ ਅਤੇ ਨਿਆਰਾ ਹੋਵੇਗਾ। ਕਿਹੋ ਜਿਹਾ ਹੋਵੇਗਾ ਇਸ ਵਾਰ ਸਾਉਣ ਦਾ ਮਹੀਨਾ, ਕਈ ਦਿਨਾਂ ਤੋਂ ਪਈ ਸੋਚਦੀ ਹਾਂ ਅਤੇ ਸੋਚਦੀ ਰਹਿੰਦੀ ਹਾਂ, ਫਿਰ ਦਿਲ ਕਾਹਲਾ ਜਿਹਾ ਪੈਣ ਲਗਦਾ ਹੈ ਤਾਂ ਉਠ ਕੇ ਕੁਝ ਹੋਰ ਕਰਨ ਲੱਗ ਜਾਂਦੀ ਹਾਂ। ਵਿਰਸੇ ਵਿਚ ਗੁਰੂ ਦਾ ਪਿਆਰ, ਗੁਰੂ ਘਰ ਵਿਚ ਜਨਮ, ਗੁਰੂ ਘਰ ਦੀ ਸੇਵਾ ਅਤੇ ਕੀਰਤਨ ਦੀ ਦਾਤ ਮਿਲਣ ਕਰਕੇ ਸ਼ਬਦ ਗੁਰੂ ਜੀ ਨਾਲ ਅਥਾਹ ਪ੍ਰੀਤ ਹੈ, ਇਹ ਮੇਰੇ ਸਤਿਗੁਰੂ ਨਾਨਕ ਪਿਤਾ ਜੀ ਦੀ ਰਹਿਮਤ ਅਤੇ ਬਖਸ਼ਿਸ਼ ਹੈ, ਵਰਨਾ...! ਰਾਤ ਵੀ ਜਦ 'ਸੋਹਿਲਾ' ਦਾ ਸਿਮਰਨ ਕਰਕੇ ਲੰਮੀ ਪਈ ਤਾਂ ਸਾਉਣ ਮਹੀਨਾ ਫਿਰ ਸਾਹਮਣੇ ਆ ਖੜਿਆ, ਬਚਪਨ ਤੋਂ



**ਬੀਬੀ ਸੁਰਜੀਤ ਕੌਰ ਸੈਕਰਾਮੈਂਟੋ**
**ਫੋਨ: 916-687-3536**

ਹੀ ਸਾਉਣ ਮਹੀਨੇ ਅਤੇ ਬਾਰਿਸ਼ ਨਾਲ ਮੇਰਾ ਬੇਅੰਤ ਲਗਾਉ ਰਿਹਾ ਹੈ। ਪਹਿਲਾ ਮੁੱਖ ਕਾਰਨ ਹੈ, ਗੁਰਬਾਣੀ ਦੇ ਅੰਦਰ ਵਰਖਾ ਅਤੇ ਸਾਉਣ ਦਾ ਬੇਹੱਦ ਖੂਬਸੂਰਤ ਵਰਣਨ ਅਤੇ ਵਾਰ ਵਾਰ ਜ਼ਿਕਰ ਹੋਣਾ,


ਸਾਵਣਿ ਸਰਸੀ ਕਾਮਣੀ
ਚਰਨ ਕਮਲ ਸਿਉ ਪਿਆਰੁ॥
ਸਾਵਣੁ ਆਇਆ ਹੇ ਸਖੀ
ਕੰਤੈ ਚਿਤਿ ਕਰੇਹੁ॥
ਸਾਵਣੁ ਆਇਆ ਹੇ ਸਖੀ
ਜਲਹਰੁ ਬਰਸਨਹਾਰੁ॥
ਮੋਰੀ ਰੁਣ ਝੁਣ ਲਾਇਆ
ਭੈਣੇ ਸਾਵਣੁ ਆਇਆ॥
ਬਾਬੀਹਾ ਅੰਮ੍ਰਿਤ ਵੇਲੈ ਬੋਲਿਆ
ਤਾਂ ਦਰਿ ਸੁਣੀ ਪੁਕਾਰ॥
ਮੇਘੈ ਨੋ ਫੁਰਮਾਨੁ ਹੋਆ
ਵਰਸਹੁ ਕਿਰਪਾ ਧਾਰਿ॥
ਦਹ ਦਿਸ ਛਤ੍ਰ ਮੇਘ ਘਟਾ ਘਟ
ਦਾਮਨਿ ਚਮਕਿ ਡਰਾਇਓ॥
ਸੇਜ ਇਕੇਲੀ ਨੀਦ ਨਹੁ ਨੈਨਹ
ਪਿਰੁ ਪਰਦੇਸ ਸਿਧਾਇਓ॥

ਬਰਸੈ ਮੇਘੁ ਸਖੀ ਘਰਿ ਪਾਹੁਨ ਆਏ॥
ਉਨਵਿ ਉਨਵਿ ਆਇਆ ਵਰਸੈ ਲਾਇ ਝੜੀ॥

ਸਾਉਣ ਦੀ ਆਮਦ ਅਤੇ ਬਾਰਿਸ਼ ਦੇਖ ਕੇ ਤਾਂ ਪੂਰੀ ਦੀ ਪੂਰੀ ਕਾਇਨਾਤ ਹੀ ਖਿੜ ਉਠਦੀ ਹੈ, ਸਾਰੀ ਪ੍ਰਕਿਰਤੀ ਹੀ ਝੂਮ ਉਠਦੀ ਹੈ, ਧਰਤੀ ਤੇ ਵਿਚਰਦਾ ਹਰ ਜੀਵ ਜੰਤ ਮਾਲਕ ਦੇ ਸ਼ੁਕਰਾਨੇ ਵਿਚ ਆਪ ਮੁਹਾਰੇ ਜੁੜ ਬੈਠਦਾ ਹੈ, ਪਸ਼ੂ ਪੰਛੀ ਵੀ ਵੰਨ-ਸੁਵੰਨੀਆਂ ਅਵਾਜ਼ਾਂ ਵਿਚ ਕਾਦਰ ਦਾ ਸ਼ੁਕਰਾਨਾ ਕਰਦੇ ਹਨ। ਸਾਰੀ ਧਰਤ ਹਰੇ ਰੰਗ ਦੇ ਵਸਤਰ ਪਹਿਨ ਲੈਂਦੀ ਹੈ ਅਤੇ ਹਰ ਪਾਸੇ ਹਰਿਆਵਲ ਹੀ ਹਰਿਆਵਲ ਭਰਿਆ ਦਿਸਦਾ ਇਹ ਨਜ਼ਾਰਾ ਬਹੁਤ ਸੁਹਾਵਣਾ ਲਗਦਾ ਹੈ। ਮੇਘਲਤਾ ਆਪਣੀਆਂ ਫੌਜਾਂ ਲੈ ਗੜ ਗੜ ਕਰਦਾ ਪੂਰੇ ਅਸਮਾਨ ਨੂੰ ਢਕ ਲੈਂਦਾ ਹੈ ਅਤੇ ਬਿਜਲੀ ਦਾਮਨਿ ਵੀ ਚਮਕ ਚਮਕ ਕੇ ਕੜਕ ਕੜਕ ਕੇ ਆਪਣਾ ਰੰਗ ਦਿਖਾਉਂਦੀ ਹੈ। ਪਉਣ ਯਾਨਿ ਹਵਾ ਵੀ ਆਪਣੀ ਤੇਜ਼ ਤਰਾਰ ਚੰਚਲ ਰਫਤਾਰ ਨਾਲ ਮੇਘਲੇ ਦਾ ਸਾਥ ਦਿੰਦੀ ਹੈ, ਜਦ ਪਉਣ ਮਸਤ ਹੋ ਅਠਖੇਲੀਆਂ ਕਰਦੀ ਦੌੜਦੀ ਹੈ ਤਾਂ ਭਲਾ ਮੇਘਲਾ ਪਿਛੇ ਕਿਵੇਂ ਰਹਿ ਸਕਦਾ ਹੈ! ਉਹ ਵੀ ਧਰਤੀ ਦੀ ਪਿਆਸ ਬੁਝਾਉਣ ਲਈ ਵਿਆਕੁਲ ਹੋ ਖੂਬ ਵਰਸਦਾ ਹੈ, ਤਾਂ ਮੋਰ ਪੈਲਾਂ ਪਾਉਣ ਲਗਦੇ ਹਨ, ਅੰਬਾਂ ਦੇ ਬੂਟਿਆਂ 'ਤੇ ਬੈਠੀਆਂ ਕੋਇਲਾਂ ਵੀ ਪੰਚਮ ਸੁਰਾਂ ਤੇ ਆਪਣਾ ਬਿਰਹੜੇ ਭਰਿਆ ਮਿਠਤਾ ਗਾਇਨ ਗਾ ਕੇ ਪਰਮਾਤਮਾ ਦੇ ਸ਼ੁਕਰਾਨੇ ਕਰਦੀਆਂ ਹਨ,

ਅਗਰ ਬੰਦੇ ਕੋਲ ਅਤੀਤ ਦੀਆਂ ਯਾਦਾਂ ਨਾ ਹੋਣ ਤਾਂ ਵਰਤਮਾਨ ਕਿੰਨਾ ਨੀਰਸ ਜਿਹਾ ਅਤੇ ਖਾਲੀ ਖਾਲੀ ਹੋ ਜਾਵੇ। ਅਤੀਤ ਹੀ ਤਾਂ ਹੈ, ਜਿਸ ਦੇ ਵੇਹੜੇ ਵਿਚ ਜਦੋਂ ਮਰਜ਼ੀ ਵੜ ਕੇ ਉਨ੍ਹਾਂ ਵਿਛੜੇ ਪਲਾਂ ਦਾ ਅਨੰਦ ਮਾਣ ਕੇ ਰੂਹ ਸਰਸ਼ਾਰ ਹੋ ਉਠਦੀ ਹੈ, ਵਰਨਾ ਸਾਡਾ ਕੀ ਬਣੇ! ਹਾਇ ਕਿੰਨੇ ਸੋਹਣੇ ਸਮੇਂ ਸਨ ਉਹ ਸਾਦਗੀ ਭਰੇ, ਕਿੰਨੇ ਸਿੱਧੇ ਅਤੇ ਸਾਦੇ ਸਨ ਉਹ ਲੋਕ ਸਾਡੇ ਵਡੇਰੇ-ਨਾ ਕੋਈ ਵਲ, ਨਾ ਕੋਈ ਛਲ। ਕਿੰਨਾਂ ਪਿਆਰਾ ਸੀ ਉਹ ਸਾਡਾ ਸਭ ਦਾ ਬਚਪਨ ਅਤੇ ਕਿਨਾ ਪਿਆਰਾ ਸੀ ਉਨ੍ਹਾਂ ਵੇਲਿਆਂ ਦਾ ਸਾਉਣ ਮਹੀਨਾ, ਮਿੱਟੀ ਦੇ ਖਿਡੌਣੇ, ਇਕ ਗੁੱਡੀ ਤੇ ਉਸ ਦੇ ਪਟੋਲੇ, ਕੱਚ ਦੀਆਂ ਚੂੜੀਆਂ ਦੇ ਟੋਟੇ ਤੇ ਕੁਝ ਘੁੰਗ ਮਣਕੇ, ਸਾਡੀ ਬੱਚਿਆਂ ਦੀ ਜਾਇਦਾਦ ਵੀ ਕਿੰਨੀ ਪਿਆਰੀ ਹੁੰਦੀ ਸੀ। ਅੱਜ ਕੱਲ ਤਾਂ ਹਜ਼ਾਰਾਂ ਕਿਸਮਾਂ ਦੇ ਖਿਡੌਣੇ ਹਨ, ਕਮਰੇ ਭਰੇ ਪਏ ਹਨ ਤਾਂ ਵੀ ਬੱਚੇ ਰੱਜਦੇ ਨਹੀਂ; ਪਰ ਉਸ ਵੇਲੇ ਨਿੱਕੀਆਂ ਨਿੱਕੀਆਂ ਖੇਡਾਂ ਵਿਚ ਵੀ ਪਿਆਰ ਹੀ ਪਿਆਰ ਸੀ। ਸਾਉਣ ਮਹੀਨਾ ਚੜ੍ਹਨਾ ਤੇ ਨਾਲ ਹੀ ਜ਼ਿੰਦਗੀ ਝੂਮ ਉਠਣੀ, ਹਰ ਜੀਵ ਦਾ ਮਨ ਉਮਾਹ ਅਤੇ ਉਤਸ਼ਾਹ ਨਾਲ ਭਰ ਜਾਣਾ, ਪਰ ਇਸ ਵਾਰ ਯਾਨਿ 2020 ਦਾ ਸਾਉਣ ਕਿਹੋ ਜਿਹਾ ਹੋਵੇਗਾ?

ਮੇਘਲਤੇ ਦੀਆਂ ਕਾਲੀਆਂ ਘਨਘੋਰ ਘਟਾਵਾਂ



ਵੀ ਚੜ੍ਹ ਕੇ ਆਉਣਗੀਆਂ, ਠੰਡੜੀ ਠੰਢੜੀ ਮਸਤ ਪੁਰੇ ਦੀ ਪਉਣ ਵੀ ਖੂਬ ਜਲਵੇ ਦਿਖਾਏਗੀ; ਕਦੀ ਕਦੀ ਨਿੱਕਾ ਨਿੱਕਾ ਅਤੇ ਕਦੀ ਕਦੀ ਛੱਰਾਟੇਦਾਰ ਮੀਂਹ ਵੀ ਵਰਸੇਗਾ; ਕਦੀ ਕਦੀ ਡਾਢੀ ਸੜ੍ਹਿਆਂਦ ਭਰੀ ਹੁੰਮਸ ਵੀ ਧਾਵਾ ਬੋਲੇਗੀ; ਡੱਡੂ ਵੀ ਗੜੈਂ ਗੜੈਂ ਕਰਨਗੇ, ਮੱਛਰਾਂ ਦੀਆਂ ਫੌਜਾਂ ਵੀ ਧਾਵਾ ਬੋਲਣਗੀਆਂ;, ਕੋਇਲਾਂ, ਬੀਡੇ, ਬੁਲਬੁਲਾਂ ਅਤੇ ਪਪੀਹੇ ਵੀ ਸੁਰੀਲੇ ਨਗਮੇ ਗਾਉਣਗੇ, ਮੋਰ ਵੀ ਪੈਲਾਂ ਪਾਉਣਗੇ ਤੇ ਅਨੰਦ ਲੈਣਗੇ, ਪਰ ਨਾ ਤਾਂ ਸੱਜ ਵਿਆਹੀਆਂ ਧੀਆਂ ਪੇਕੇ ਆ ਸਕਣਗੀਆਂ ਅਤੇ ਨਾ ਹੀ ਪਿੱਪਲਾਂ 'ਤੇ ਪੀਘਾਂ ਪੈਣਗੀਆਂ, ਨਾ ਗਿੱਧੇ ਪੈਣਗੇ ਅਤੇ ਨਾ ਹੀ ਤੀਆਂ ਦੀਆਂ ਰੌਣਕਾਂ ਲੱਗਣਗੀਆਂ। ਫਿਰ ਇਹ ਸਾਉਣ ਮਹੀਨਾ ਕਿਵੇਂ ਦਾ ਹੋਵੇਗਾ? ਓਹੋ ਜਿਹਾ ਹੀ ਹੋਵੇਗਾ, ਜੈਸਾ ਮਾਲਕ ਜੀ ਦਾ ਹੁਕਮ ਹੈ,

ਹੁਕਮੈ ਅੰਦਰਿ ਸਭੁ ਕੋ
ਬਾਹਰਿ ਹੁਕਮ ਨ ਕੋਇ॥

ਇਸ ਵਾਰੀ ਕੁਦਰਤ ਦੇ ਕਾਦਰ ਦਾ ਹੁਕਮ ਹੈ ਕਿ ਬਾਕੀ ਸਾਰਾ ਕੁਝ ਤਾਂ ਜਿਉਂ ਦਾ ਤਿਉਂ ਹੀ ਚਲੇਗਾ, ਪਰ ਬੰਦੇ ਭਾਵ ਮਨੁੱਖ ਜਾਤੀ ਦਾ ਡਾਢਾ ਤਕੜਾ ਇਮਤਿਹਾਨ ਹੋਵੇਗਾ, ਕਿਉਂਕਿ ਬੰਦਾ ਮਨ ਮਰਜ਼ੀ ਬਥੇਰੀ ਕਰ ਬੈਠਾ ਹੈ। ਇਸ ਨੇ ਕੁਦਰਤ ਨਾਲ ਖਿਲਵਾੜ ਵੀ ਰੱਜ ਕੇ ਕੀਤਾ ਹੈ, ਕਾਦਰ ਦੀ ਮਨੁੱਖਤਾ ਲਈ ਬਣਾਈ ਹਰ ਚੀਜ਼ ਨੂੰ ਤੋੜ ਭੰਨ ਸੁਟਿਆ ਹੈ; ਪਉਣ-ਪਾਣੀ ਦੀ ਸਮੁੱਚੀ ਸਵੱਛਤਾ ਰੱਜ ਕੇ ਭੰਗ ਕੀਤੀ ਹੈ, ਇਸ ਦੀ ਤਰੱਕੀ ਦਾ ਹਰ ਕਦਮ ਜ਼ਿੰਦਗੀ ਨਹੀਂ, ਬਰਬਾਦੀ ਵਲ ਵਧਿਆ ਹੈ; ਇਹ ਆਪ ਮੁਹਾਰਾ ਹੋ ਇਨਸਾਨ ਨਹੀਂ, ਸ਼ੈਤਾਨ ਬਣ ਬੈਠਾ ਹੈ; ਜੀਵਨ ਦੇ ਜੋ ਮੁਢਲੇ ਸਰੋਤ ਸਨ, ਉਨ੍ਹਾਂ ਦਾ ਖਾਤਮਾ ਕਰਕੇ ਆਪਣੀ ਹੈਵਾਨੀਅਤ ਦਾ ਸਿੱਕਾ ਜਮਾਉਣ ਲਈ ਕਾਹਲਾ ਹੈ। ਇਨਸਾਨ ਨੇ ਕੁਦਰਤ ਨਾਲ ਜਿੰਨੀ ਜ਼ਿਆਦਤੀ ਅਤੇ ਛੇੜ ਛਾੜ ਪਿਛਲੇ ਕੁਝ ਬੀਤੇ ਸਮੇਂ ਵਿਚ ਕੀਤੀ ਹੈ, ਉਨੀ ਸ਼ਾਇਦ ਕਈ ਸਦੀਆਂ ਵਿਚ ਵੀ ਨਾ ਹੋਈ ਹੋਵੇ।

**ਪਉਣ ਗੁਰੂ:** ਇਨਸਾਨ ਮਾਲਕ ਦੀ ਬਣਾਈ ਹੋਈ ਸੁੰਦਰ ਪ੍ਰਕਿਰਤੀ ਅਤੇ ਉਸ ਦੇ ਖੂਬਸੂਰਤ ਹਰੇ ਭਰੇ ਜੰਗਲਾਂ ਨੂੰ ਉਜਾੜ ਕੇ ਸਾਰੇ ਕੁਦਰਤੀ ਨਜ਼ਾਰੇ ਨਸ਼ਟ ਕਰਕੇ ਪ੍ਰਦੂਸ਼ਣ ਨੂੰ ਅਸਮਾਨ ਤਕ ਲੈ ਗਿਆ ਹੈ, ਜਿਸ ਹਵਾ ਵਿਚ ਸਾਹ ਲੈ ਕੇ ਇਸ ਨੇ ਜ਼ਿੰਦਗੀ ਜਿਉਣੀ ਸੀ, ਓਸੇ ਹਵਾ ਵਿਚ ਇਸ ਨੇ ਜ਼ਹਿਰ ਭਰ ਲਿਆ ਹੈ। ਇਥੋਂ ਤੱਕ ਕਿ ਆਪਣੇ ਘਰਾਂ ਦੇ ਵਿਹੜਿਆਂ ਵਿਚੋਂ ਵੀ ਰੁੱਖ ਗਾਇਬ ਕਰ ਕੇ ਰੱਬੀ ਰਹਿਮਤਾਂ ਤੋਂ ਵਾਂਝਾ ਹੋ ਮਨੁੱਖਤਾ ਦਾ ਅੰਤ ਕਰਨ ਲਈ ਘਾੜਤਾਂ ਪਿਆ ਘੜਦਾ ਹੈ ਅਤੇ ਘੜਦਾ ਰਹੇਗਾ। ਇਸ ਦੀ ਹਉਮੈ ਦੀ ਉਡਾਰੀ ਨਰ ਸੰਘਾਰ ਕਰਨ 'ਤੇ ਤੁਲੀ ਪਈ ਹੈ।

**ਪਾਣੀ ਪਿਤਾ:** ਸਮੁੱਚੇ ਸੰਸਾਰ ਵਿਚ ਹਾਇ ਪਾਣੀ, ਹਾਇ ਪਾਣੀ ਦੀ ਹਾਹਾਕਾਰ ਮੱਚੀ ਪਈ ਹੈ। ਇਥੇ ਵੀ ਹਰ ਮਹੀਨੇ ਦੇ ਬਿਲ 'ਤੇ ਇਹ ਲਿਖਿਆ ਮਿਲ ਰਿਹਾ ਹੈ ਕਿ ਪਾਣੀ ਦੀ ਵਰਤੋਂ ਸੀਮਤ ਕਰੋ, ਪਾਣੀ ਦੀ ਬਹੁਤ ਘਾਟ ਹੈ। ਜਦ ਅਮਰੀਕਾ ਵਰਗਾ ਮੁਲਕ ਤੜਪ ਰਿਹਾ ਹੈ ਤਾਂ ਬਾਕੀ ਦੁਨੀਆਂ ਵਿਚ ਪਾਣੀ ਦਾ ਕੀ ਹਾਲ ਹੈ, ਹਰ ਬੰਦਾ ਸਮਝ ਸਕਦਾ ਹੈ! ਅਸੀਂ ਇਨਸਾਨਾਂ ਨੇ ਜੋ ਪਾਣੀ ਪਿਤਾ ਦੀ ਦੁਰਦਸ਼ਾ ਕੀਤੀ ਹੈ, ਉਹ ਲਿਖੀ ਨਹੀਂ ਜਾ ਸਕਦੀ, ਪਰ ਅਸੀਂ ਅਜੇ ਵੀ ਆਪਣੀਆਂ ਗਲਤੀਆਂ ਮੰਨਣ ਨੂੰ ਤਿਆਰ ਨਹੀਂ ਹਾਂ, ਕਸੂਰ ਸਾਰਾ ਰੱਬ ਦਾ ਕੱਢ ਕੇ ਆਪ ਵਿਹਲੇ ਹੋ ਬੈਠਦੇ ਹਾਂ। ਇਹ 2020 ਦੇ ਸਾਲ ਦਾ ਸਮਾਂ ਤਾਂ ਸਮੁੱਚੀ ਮਨੁੱਖਤਾ ਲਈ ਉਹ ਕਹਿਰ ਬਣ ਕੇ ਆਇਆ ਹੈ, ਜੋ ਨਾ ਕਦੀ ਦੇਖਿਆ ਸੀ ਅਤੇ ਨਾ ਹੀ ਕਦੀ ਸੁਣਿਆ ਸੀ। ਦੁਨੀਆਂ ਦੇ ਹਰ ਮੁਲਕ ਦੀ ਸਰਕਾਰ ਆਪਣੇ ਲੋਕਾਂ ਦੀ ਹਿਫਾਜ਼ਤ ਲਈ ਸਿਰ ਤੋੜ ਮਿਹਨਤ ਕਰ ਰਹੀ ਹੈ, ਇਸ ਦੇ ਬਾਵਜੂਦ ਕਿਸੇ ਦੇ ਹੱਥ ਪੱਲੇ ਕੁਝ ਨਹੀਂ ਪੈ ਰਿਹਾ।

ਹੁਣ ਕਿਉਂ ਹਰ ਬਸ਼ਰ ਰੱਬ ਵੱਲ ਪਿਆ ਅੱਡੀਆਂ ਚੁੱਕ ਚੁੱਕ ਵੇਖਦਾ ਹੈ, ਹੁਣ ਰੱਬ ਅਤੇ ਉਸ ਦੀ ਪ੍ਰਕਿਰਤੀ ਦੀ ਕੀਤੀ ਬਰਬਾਦੀ ਵੀ ਸਾਨੂੰ ਯਾਦ ਆ ਰਹੀ ਹੈ, ਅਸੀਂ ਭਾਵੇਂ ਮੰਨਣ ਤਾਂ ਲੱਗ ਪਏ ਹਾਂ ਕਿ ਕੁਦਰਤ ਨਾਲ ਛੇੜ ਛਾੜ ਬੰਦੇ ਨੂੰ ਬਹੁਤ ਮਹਿੰਗੀ ਪੈ ਰਹੀ ਹੈ, ਪਰ ਆਪਣੇ ਬਚਾਉ ਦੇ ਸਾਧਨਾਂ ਵਿਚ ਅਤੇ ਸਰਕਾਰਾਂ ਦੇ ਸਾਥ ਦੇਣ ਵਿਚ ਅਜੇ ਵੀ ਰੱਜ ਕੇ ਕੁਤਾਹੀਆਂ ਤੇ ਅਣਗਹਿਲੀਆਂ ਵਰਤ ਰਹੇ ਹਾਂ। ਜਿਸ ਦਿਨ ਅਸੀਂ ਆਪਣਾ ਸਾਥ ਆਪ ਦਿੱਤਾ ਤਾਂ ਦੇਖਣਾ ਕਾਦਰ ਅਤੇ ਕੁਦਰਤ ਮਨੁੱਖਤਾ ਦੇ ਨਾਲ ਆ ਖੜੇ ਹੋਣਗੇ; ਉਹ ਮਾਲਕ ਜਿਸ ਨੂੰ ਅਣਗਿਣਤ ਨਾਂਵਾਂ ਨਾਲ ਪੁਕਾਰਿਆ ਜਾਂਦਾ ਹੈ, ਉਹ ਗਿਆ ਹੀ ਕਿੱਥੇ ਹੈ! ਸਦਾ ਸਾਡੇ ਨਾਲ ਹੈ ਤੇ ਨਾਲ ਹੀ ਰਹੇਗਾ ਅਤੇ ਆਪਣੀ ਇਸ ਖੂਬਸੂਰਤ ਤੇ ਪਿਆਰੀ ਰਚਨਾ ਸੰਸਾਰ ਦੀ ਰਖਿਆ ਵੀ ਜ਼ਰੂਰ ਕਰੇਗਾ।

ਆਉ, ਸਾਰੇ ਮਿਲ ਕੇ ਸਮੁੱਚੇ ਸੰਸਾਰ ਲਈ ਅਰਦਾਸਾਂ ਵੀ ਕਰੀਏ, ਆਪਣੀ ਅਤੇ ਦੂਸਰਿਆਂ ਦੀ ਜ਼ਿੰਦਗੀ ਦੇ ਬਚਾਉ ਸਾਧਨਾਂ ਵਿਚ ਪੂਰਾ ਪੂਰਾ ਸਹਿਯੋਗ ਦੇਈਏ। ਫਿਰ ਦੇਖਣਾ ਉਹ ਮਾਲਕ ਜ਼ਰੂਰ ਮਿਹਰਬਾਨ ਹੋਵੇਗਾ। ਸਾਉਣ ਮਹੀਨਾ ਵੀ ਸੁਖਦਾਈ ਹੋਵੇਗਾ, ਫਿਰ ਮੇਘਾ ਵੀ ਬਰਸੇਗਾ, ਕੁਦਰਤ ਸੱਤ ਰੰਗੀ ਪੀਂਘ ਵੀ ਪਾਵੇਗੀ; ਕੋਇਲਾਂ, ਬਬੀਹੇ, ਅਤੇ ਬੁਲਬੁਲਾਂ ਸਾਰੇ ਮਿਲ ਕੇ ਗਾਵਣਗੇ, ਮੋਰ ਪੈਲਾਂ ਪਾਉਣਗੇ ਤੇ ਸਾਡੀਆਂ ਧੀਆਂ ਵੀ ਤੀਆਂ ਮਨਾਉਣ ਲਈ ਆਪਣੇ ਪੇਕੜੇ ਪਿੰਡੀਂ ਜ਼ਰੂਰ ਆਉਣਗੀਆਂ। ਮਾਲ ਪੂੜੇ ਤੇ ਖੀਰਾਂ ਵੀ ਬਣਨਗੇ, ਸਾਰੇ ਪਿਆਰਾਂ ਨਾਲ ਮਿਲ ਕੇ ਸਾਉਣ ਦੀਆਂ ਖੁਸ਼ੀਆਂ ਵੀ ਮਨਾਉਣਗੇ ਤੇ ਖੀਰ ਪੂੜੇ ਵੀ ਖਾਵਣਗੇ, "ਸਾਵਣੁ ਆਇਆ ਹੇ ਸਖੀ॥"

# ਸੌਖਾ ਨਹੀਂ 'ਹਾੜ' ਨੂੰ ਖੁਸ਼ਆਮਦੀਦ ਕਹਿਣਾ

ਉਤਰੀ ਭਾਰਤ ਦੇ ਇਸ ਖਿੱਤੇ ਵਿਚ ਜਿਸ ਨੂੰ ਅਸੀਂ ਪੰਜਾਬ ਕਹਿੰਦੇ ਹਾਂ, ਹਾੜ ਦਾ ਮਹੀਨਾ ਸਿਖਰਲੀ ਗਰਮੀ ਦਾ ਮਹੀਨਾ ਹੁੰਦਾ ਹੈ। ਉਹ ਸੂਰਜ ਦੇਵਤਾ, ਜਿਸ ਨੂੰ ਸਰਦੀਆਂ ਵਿਚ ਅੱਡੀਆਂ ਚੁੱਕ ਚੁੱਕ ਉਡੀਕਿਆ ਜਾਂਦੈ, ਹੁਣ ਅੱਖੀਆਂ ਨੂੰ ਰਤਾ ਨਹੀਂ ਸੁਖਾਉਂਦਾ। ਕਹਿਰਵਾਨ ਤੇ ਵੱਡ-ਪ੍ਰਤਾਪੀ ਰੂਪ ਅਖਤਿਆਰ ਕਰ ਚੁਕਾ ਇਹ ਅਗਨ ਗੋਲਾ ਸਵੇਰੇ ਹੀ ਕਿਰਨਾਂ ਦੇ ਅੰਗਿਆਰ ਸੁੱਟਣ ਲੱਗ ਪੈਂਦੈ। ਇਨ੍ਹੀਂ ਦਿਨੀਂ ਇਸ ਦੀ ਅੱਖ ਵਿਚ ਅੱਖ ਪਾ ਸਕਣਾ ਅਸੰਭਵ ਹੋ ਜਾਂਦੈ। ਦੁਪਹਿਰ ਤੱਕ ਧਰਤੀ ਲੂਸਣ ਲੱਗਦੀ ਐ ਤੇ ਅਸਮਾਨ ਤੰਦੂਰ ਵਾਂਗ ਭਖਣ ਲੱਗਦੈ। 14-14 ਘੰਟੇ ਲੰਮੇ ਦਿਨਾਂ ਦੀ ਦੁਪਹਿਰ ਮਸੀਂ ਕਿਤੇ ਢਲਣ ਵਿਚ ਆਉਂਦੀ ਏ ਤੇ ਤਪਸ਼ ਦਾ ਜਲੌਅ ਕੁਝ ਘਟਣ ਲੱਗਦੈ।

**ਡਾ. ਆਸਾ ਸਿੰਘ ਘੁੰਮਣ**
**ਨਡਾਲਾ (ਕਪੂਰਥਲਾ)**
**ਫੋਨ: 91-98152-53245**

ਰੁੱਖ, ਮਨੁੱਖ, ਪਸ਼ੂ, ਪੰਛੀ, ਵਣ-ਤ੍ਰਿਣ, ਸਭ ਹਿੱਸੇ-ਹਿੱਸੇ ਤੇ ਲਿੱਸੇ-ਲਿੱਸੇ ਨਜ਼ਰ ਆਉਂਦੇ ਹਨ। ਕਹਿਰਵਾਨ ਕੁਦਰਤ ਸਭ ਨੂੰ ਹਫਣ ਅਤੇ ਹਵਾਂਕਣ ਲਾ ਦਿੰਦੀ ਏ। ਕਾਂ, ਟਟੀਹਿਰੀ, ਕੋਇਲ, ਬੰਬੀਹਾ, ਬੀਂਡਾ-ਸਭ ਕੁਰਲਾ ਉਠਦੇ ਹਨ। ਪਾਣੀ ਦੇ ਸਰੋਤ ਸੁੱਕਣ ਲੱਗਦੇ ਹਨ ਤੇ ਗਰਮੀ ਦਾ ਕਹਿਰ ਹੋਰ ਵਡੇਰਾ ਤੇ ਅਸਹਿ ਹੋ ਜਾਂਦੈ।

ਪੁਰਤਾਨ ਪੇਂਡੂ ਪੰਜਾਬ ਵਿਚ ਇਨ੍ਹਾਂ ਦਿਨਾਂ ਵਿਚ ਬਹੁਤ ਸਾਰੀਆਂ ਸਮਾਜਕ-ਗਤੀਵਿਧੀਆਂ ਨੂੰ ਵਿਰਾਮ ਦੇ ਦਿੱਤਾ ਜਾਂਦਾ ਸੀ, ਪਰ ਫਿਰ ਵੀ ਖੇਤੀ ਦੇ ਅਤਿ ਜਰੂਰੀ ਰੁਝੇਵੇਂ ਤਾਂ ਕਰਨੇ ਹੀ ਪੈਂਦੇ ਸਨ, ਤੇ ਇਹ ਕਾਰਜ ਅੰਦਰ ਵੜ ਕੇ ਨਹੀਂ ਸਨ ਹੋ ਸਕਦੇ। ਪਸ਼ੂਆਂ ਲਈ ਖੇਤਾਂ ਵਿਚੋਂ ਜਾ ਕੇ ਪੱਠੇ ਵੱਢਣੇ, ਢੋਣੇ ਤੇ ਟੋਕੇ 'ਤੇ ਹੱਥੀਂ ਕੁਤਰਨੇ, ਕੋਈ ਸੌਖੇ ਕੰਮ ਨਹੀਂ ਸਨ। ਉਨ੍ਹਾਂ ਨੂੰ ਵਾਰ ਵਾਰ ਪਾਣੀ ਪਿਲਾਉਣਾ, ਨਹਾਉਣਾ-ਧਵਾਉਣਾ, ਛਾਂਵੇਂ ਬੰਨਣਾ ਬੇਹੱਦ ਜ਼ਰੂਰੀ ਸੀ। ਲੱਖ ਯਤਨਾਂ ਦੇ ਬਾਵਜੂਦ ਪਸ਼ੂ ਲਿੱਸੇ ਪੈਣ ਲੱਗਦੇ ਤੇ ਲਵੇਰੀਆਂ ਦੁੱਧ ਸੁਕਾਉਣ ਲੱਗਦੀਆਂ।

ਹਾੜੀ ਦੀ ਫਸਲ ਦੀ ਤਿਆਰੀ ਕਰਨ ਲਈ ਹਲ ਵੀ ਜੋਣੇ ਪੈਂਦੇ ਤੇ ਖੂਹ ਵੀ ਵਾਹੁਣੇ ਪੈਂਦੇ। ਪਾਣੀ ਦੀ ਕਿੱਲਤ ਕਰਕੇ ਹਰੀਆਂ ਸਬਜ਼ੀਆਂ ਅਤੇ ਚਾਰਾ ਵੀ ਮੁਰਝਾਉਣ ਲੱਗਦਾ। ਖੂਹ ਦੀਆਂ ਵਾਰੀਆਂ ਤੋਂ ਜੱਟ ਅਕਸਰ ਖਹਿਬੜ ਪੈਂਦੇ। ਪਿੰਡ ਦੀਆਂ ਖੂਹੀਆਂ ਤੇ ਝੀਤਾਂ ਲੱਗ ਜਾਂਦੀਆਂ ਤੇ ਝਗੜੇ-ਝੇੜੇ ਵੱਧ ਜਾਂਦੇ। ਹਰ ਵਿਅਕਤੀ ਖਪਿਆ-ਤਪਿਆ ਤੇ ਖਿਝਿਆ-ਕ੍ਰਿਝਿਆ ਨਜ਼ਰ ਆਉਂਦਾ ਤੇ ਨਿੱਕੀ-ਨਿੱਕੀ ਗੱਲ 'ਤੇ ਕੱਪੜਿਓਂ ਬਾਹਰ ਹੋ ਹੋ ਪੈਂਦਾ। ਸਰੀਰ 'ਤੇ ਕੱਪੜੇ ਘਟਦੇ ਜਾਂਦੇ, ਪਰ ਅੰਦਰ ਦਾ ਤਾਪ ਹੱਦਾਂ-ਬੰਨੇ ਟੱਪਣ ਲੱਗਦਾ।

ਪੰਜਾਬਣਾਂ ਵਿਚਾਰੀਆਂ ਦਾ ਤਾਂ ਹੋਰ ਵੀ ਬੁਰਾ ਹਾਲ ਹੋ-ਹੋ ਜਾਂਦਾ। ਪੂਰੇ ਕੱਪੜੇ ਪਾਏ ਹੋਣ ਕਰਕੇ ਪਸੀਨੋ-ਪਸੀਨੀ ਹੋਈ ਫਿਰਦੀਆਂ। ਅੱਗ ਸਾਹਵੇਂ ਬੈਠ ਰਸੋਈ-ਕਾਰਜ ਕਰਨੇ ਉਨ੍ਹਾਂ ਲਈ ਵੱਡੀ ਮੁਸੀਬਤ ਬਣ ਜਾਂਦਾ। ਬੱਚਿਆਂ ਨੂੰ ਧੁੱਪ ਤੋਂ ਬਚਾ ਕੇ ਰੱਖਣਾ ਵੀ ਵੱਡੀ ਵੰਗਾਰ ਵਰਗੀ ਗੱਲ ਸੀ। ਮਰਦਾਂ ਨੂੰ ਖਾਸ ਤੌਰ 'ਤੇ ਬਾਹਰ ਖੇਤਾਂ ਵਿਚ ਸਿਖਰ ਦੁਪਹਿਰੇ ਜਾਣ ਤੋਂ ਵਰਜਣ ਲਈ ਕਈ ਵਹਿਮ-ਭਰਮ ਤੇ ਡਰ-ਭਾਓ ਘੜੇ ਜਾਂਦੇ। ਜੇ ਕਿਸੇ ਦੇ ਖੇਤ ਮੜੀਆਂ ਜਾਂ ਕਬਰਾਂ ਵੱਲ ਹੋਣ ਤਾਂ ਉਸ ਨੂੰ ਸਭ ਵੱਲੋਂ ਵਿਸ਼ੇਸ਼ ਤਾਕੀਦ ਕੀਤੀ ਜਾਂਦੀ ਕਿ ਦੁਪਹਿਰ ਢਲੇ 'ਤੇ ਹੀ ਉਸ ਰਸਤੇ ਲੰਘਿਆ ਜਾਵੇ। ਸਮਝਿਆ ਜਾਂਦਾ ਸੀ ਤੇ ਪਿਛਾਂਹ ਹੱਟਵੇਂ ਪੇਂਡੂ ਖੇਤਰਾਂ ਵਿਚ ਅੱਜ ਵੀ ਸਮਝਿਆ ਜਾਂਦੈ ਕਿ ਗਰਮੀ ਵਿਚ ਰੂਹਾਂ ਵੀ ਤਪ ਉਠਦੀਆਂ ਹਨ, ਬੇ-ਚੈਨ ਰੂਹਾਂ ਡੈਣਾਂ ਬਣ ਆਦਮ-ਬੂ, ਆਦਮ-ਬੂ ਕਰਦੀਆਂ ਫਿਰਦੀਆਂ ਹਨ, ਤੇ ਆਉਂਦੇ-ਜਾਂਦੇ ਨੂੰ ਚਪੇੜਾਂ ਮਾਰ ਗੁੱਸਾ ਕੱਢਦੀਆਂ ਹਨ। ਵਾ-ਵਰੋਲਿਆਂ ਵਿਚ ਦੈਂਤਾਂ ਵਰਗੇ ਭੂਤ-ਪਰੇਤ ਧਰਤੀ ਅਤੇ ਆਕਾਸ਼ ਤੋਂ ਨਾਬਰ ਹੋਏ ਜਿਸ ਕਿਸੇ ਨੂੰ ਕਲਾਵੇ ਵਿਚ ਲੈ ਲੈਂਦੇ, ਉਸ ਨੂੰ ਬੇਸੁੱਧ ਕਰਕੇ ਪਰ੍ਹਾਂ ਵਗਾਹ ਮਾਰਦੇ। ਕੱਲਰ ਤੇ ਕਲਰਾਠੀ ਧਰਤੀ ਦੇ ਨਾਗ-ਨਾਗਨੀਆਂ ਤਪਸ਼ ਦੇ ਦਿਨਾਂ ਵਿਚ ਬੜੇ ਕੁਸੈਲੇ, ਗੁਸੈਲੇ ਤੇ ਵਿਹੁਲੇ ਹੋ ਜਾਂਦੇ। ਸ਼ਿਵ ਕੁਮਾਰ ਬਟਾਲਵੀ ਇਨ੍ਹਾਂ ਪ੍ਰਸਥਿਤੀਆਂ ਨੂੰ ਆਪਣੀ ਕਵਿਤਾ 'ਡਰ' ਵਿਚ ਇੰਜ ਪੇਸ਼ ਕਰਦਾ ਹੈ,

ਜੇਠ ਹਾੜ ਦੀ ਬਲਦੀ ਰੁੱਤੇ
ਪੀਲੀ ਪਿੱਤਲ ਰੰਗੀ ਧੁੱਪੇ
ਮੜੀਆਂ ਵਾਲੇ ਮੰਦਿਰ ਉੱਤੇ
ਬੈਠੀ ਚੁੱਪ ਤ੍ਰਿੰਜਣ ਕੱਤੇ
ਧੁੱਪ-ਛਾਂਵਾਂ ਦਾ ਮੁੱਢਾ ਲੱਥੇ
ਗਿਰਝਾਂ ਦਾ ਪਰਛਾਵਾਂ ਨੱਪੇ
ਨੰਗੀ ਡੈਣ ਪਈ ਇੱਕ ਨੱਚੇ
ਪੁੱਠੇ ਬਣ ਮੋਢੇ ਤੇ ਰੱਖੇ
ਛੱਜ ਪੌਣ ਦਾ ਕੱਲਰ ਛੱਟੇ
ਬੇਰੀ ਵਾਲਾ ਵਾਵਰੋਲਾ
ਰੱਕੜ ਦੇ ਵਿਚ ਚੱਕਰ ਕੱਟੇ
ਹਿੱਲਣ ਪਏ ਬੋਹੜਾਂ ਦੇ ਪੱਤੇ
ਵਿਚ ਕਰੀਰਾਂ ਸੱਪਣੀ ਵੱਸੇ
ਮੱਕੜੀਆਂ ਦੇ ਜਾਲ ਲਪੱਚੇ
ਅੱਕ ਕੱਕੜੀ ਦੇ ਫੰਭਿਆਂ ਤਾਈਂ
ਭੂਤ ਭੁਤਾਣਾ ਮਾਰੇ ਧੱਕੇ
ਬੁੱਢੇ ਬੋਹੜ ਦੀਆਂ ਖੋੜਾਂ ਵਿਚ
ਚਾਮ ਚੜਿਕਾਂ ਦਿੱਤੇ ਬੱਚੇ
ਮੜੀਆਂ ਵਾਲਾ ਬਾਬਾ ਹੱਸੇ
ਪਾਟੇ ਕੰਨ ਭਬੂਤੀ ਮੱਥੇ
ਤੇ ਮੇਰੇ ਖ਼ਾਬਾਂ ਦੇ ਬੱਚੇ
ਡਰ ਥੀਂ ਸਹਿਮੇ, ਜਾਵਣ ਨੱਸੇ
ਨੰਗੇ ਪੈਰ ਧੂੜ ਥੀਂ ਅੱਟੇ
ਦਿਲ ਧੜਕਣ ਤੇ ਚਿਹਰੇ ਲੱਥੇ
ਪੀਲੀ ਪਿੱਤਲ ਰੰਗੀ ਧੁੱਪੇ...।

ਇਸ ਪਿੱਤਲ-ਰੰਗੀ ਧੁੱਪ ਤੋਂ ਨਿਜਾਤ ਪਾਉਣ ਲਈ ਇੰਦਰ ਦੇਵਤਾ ਨੂੰ ਤੁੱਲੀਆਂ ਪਾਉਣੀਆਂ ਪੈਂਦੀਆਂ, ਜਿਸ ਲਈ ਕਈ ਟੂਣੇ-ਟੰਜਰ ਕੀਤੇ ਜਾਂਦੇ। ਗੁੱਡੀ-ਗੁੱਡਾ ਸਾੜਿਆ ਜਾਂਦਾ ਅਤੇ ਸਮੂਹਿਕ-ਪੁਕਾਰ ਕੀਤੀ ਜਾਂਦੀ,

ਗੁੱਡੀ-ਗੁੱਡਾ ਸਾੜਿਆ,
ਵੱਸ ਮੀਂਹਾਂ ਕਾਲਿਆ
ਗੁੱਡੀ-ਗੁੱਡਾ ਪਿੱਟਿਆ,
ਵੱਸ ਮੀਂਹਾਂ ਚਿੱਟਿਆ

ਜੇ ਔੜ ਥੋੜੀ ਜਿਹੀ ਲੰਬੀ ਹੋ ਜਾਂਦੀ ਤਾਂ ਜਲ-ਧਰਤ-ਆਕਾਸ਼ ਦੇ ਜੀਵ ਕੁਰਲਾ ਉਠਦੇ। ਪਾਣੀ ਘਟਣ ਕਾਰਨ ਜਲ-ਜੀਵ ਤੜਫਣ ਲੱਗਦੇ,

ਉਚਾ ਟੁਰ ਗਿਆ ਅੰਬਰ ਦਾ ਰਾਜਾ
ਜਲ ਵਿਚ ਰੋਣ ਮੱਛੀਆਂ।

ਪੰਜਾਬੀਆਂ ਨੂੰ ਇਨ੍ਹਾਂ ਦਿਨਾਂ ਵਿਚ ਬੰਬੀਹਾ ਬੋਲਦਾ ਬੜਾ ਪਿਆਰਾ ਲੱਗਦਾ। ਉਹ ਵੀ ਉਸ ਦੀ ਅਰਜੋਈ ਵਿਚ ਸ਼ਾਮਲ ਹੋ ਜਾਂਦੇ,

ਬੰਬੀਹਾ ਜਿਸ ਨੋ ਤੂ ਪੁਕਾਰਦਾ
ਤਿਸ ਨੋ ਲੋਚੈ ਸਭਿ ਕੋਇ।
ਆਪਣੀ ਕਿਰਪਾ ਕਰਕੇ ਵੱਸਸੀ
ਵਣ-ਤ੍ਰਿਣ ਹਰਿਆ ਹੋਇ।

ਅਰਦਾਸਾਂ ਅਤੇ ਅਰਜੋਈਆਂ ਦੇ ਉਨ੍ਹਾਂ ਜ਼ਮਾਨਿਆਂ ਦੇ ਮੁਕਾਬਲੇ ਅੱਜ ਦੇ ਮਸ਼ੀਨੀ ਤੇ ਤਕਨੀਕੀ ਯੁੱਗ ਵਿਚ ਮਨੁੱਖ ਬਹੁਤ ਅੱਗੇ ਨਿਕਲ ਗਿਆ ਹੈ ਅਤੇ ਅਸੀਂ ਪੰਜਾਬੀ ਵੀ ਬਹੁਤੇ ਪਿੱਛੇ ਨਹੀਂ ਰਹੇ। ਅਜੋਕੀ ਪੀੜ੍ਹੀ ਦੀ ਜਾਣੇ ਬਲਾ ਕੀ ਹੁੰਦੈ ਬੰਬੀਹਾ ਤੇ ਕੀ ਹੁੰਦੀਆਂ ਹਨ ਸਵਾਤੀ ਬੂੰਦਾਂ? ਪੁਰਾਣੇ ਸਮਿਆਂ ਦੇ ਮੁਕਾਬਲੇ ਆਧੁਨਿਕ ਜੀਵਨ-ਸ਼ੈਲੀ ਬਹੁਤ ਸੁਖਾਲੀ ਹੋ ਗਈ ਹੈ। ਪੰਜਾਬਣਾਂ ਇੱਕ ਚੁਟਕੀ ਨਾਲ ਅੱਗ ਮਘਾ ਲੈਂਦੀਆਂ ਹਨ। ਉਂਗਲਾਂ ਘੁਮਾਉਂਦੀਆਂ ਹਨ ਤੇ ਪਾਣੀ ਮਿਲਦਾ ਕਰਨ ਲੱਗਦੈ, ਨਿਉਂ ਨਿਉਂ ਪੈਂਦੈ। ਇਸ਼ਾਰਿਆਂ ਨਾਲ ਵਾਸ਼-ਰੂਮ ਦੇ ਸ਼ਾਵਰ ਚੱਲ ਪੈਂਦੇ ਹਨ। ਪੱਖੇ, ਕੂਲਰ ਅਤੇ ਏ. ਸੀ. ਦੀਆਂ ਸੁਵਿਧਾਵਾਂ ਨੇ ਬਹੁਤ ਹੱਦ ਤੱਕ ਕੁਦਰਤੀ-ਤਪਸ਼ 'ਤੇ ਫਤਿਹ ਪਾ ਲਈ ਹੈ। ਟਰੈਕਟਰਾਂ, ਕੰਬਾਈਨਾਂ ਅਤੇ ਹੋਰ ਕਈ ਕਿਸਮ ਦੀਆਂ ਮਸ਼ੀਨਾਂ ਨੇ ਖੇਤੀ ਬਹੁਤ ਆਸਾਨ ਕਰ ਦਿੱਤੀ ਹੈ। ਹੁਣ ਰੁੱਖਾਂ ਦੀ ਛਾਂਵੇਂ ਕੌਣ ਬੈਠਦਾ ਹੈ ਤੇ ਮੜੀਆਂ ਦੇ ਕੋਲੋਂ ਪੈਦਲ ਕੌਣ ਲੰਘਦਾ ਹੈ?

ਪਰ ਹੈਰਾਨੀਜਨਕ ਤਾਂ ਇਹ ਹੈ ਕਿ ਇਨ੍ਹਾਂ ਸੁਖ-ਸਹੂਲਤਾਂ ਨੇ ਜਿੱਥੇ ਸਰੀਰਕ ਅਤੇ ਭੌਤਿਕ ਸੁੱਖਾਂ ਵਿਚ ਵਾਧਾ ਕੀਤਾ ਹੈ, ਉਥੇ ਜ਼ਿੰਦਗੀ ਦੇ ਮੂਲ-ਅਰਥਾਂ ਨੂੰ ਬਦਲਣ ਵਿਚ ਕੋਈ ਵੱਡਾ ਰੋਲ ਅਦਾ ਨਹੀਂ ਕੀਤਾ। ਪੁਰਾਤਨ ਸਮਿਆਂ ਵਿਚ ਅਤਿ ਮੁਸ਼ਕਿਲਾਂ ਦੇ ਬਾਵਜੂਦ ਕੋਈ ਜੀਵਨ-ਲੀਲਾ ਖਤਮ ਕਰਨ ਬਾਰੇ ਸੋਚ ਵੀ ਨਹੀਂ ਸੀ ਸਕਦਾ; ਪਰ ਮੌਜੂਦਾ ਦੌਰ ਵਿਚ ਮੁਕਾਬਲੇ ਦੀ ਦੌੜ ਵਿਚ ਨਿਰਾਸ਼ਾ ਦਾ ਆਲਮ ਪਹਿਲਾਂ ਤੋਂ ਕਿਤੇ ਵਡੇਰਾ ਨਜ਼ਰ ਆਉਂਦਾ ਹੈ। ਸਹਿਹੋਂਦ ਅਤੇ ਆਪਸੀ ਸਾਂਝ ਖਤਰੇ ਵਿਚ ਹੈ। ਵਾਤਾਨਕੂਲ ਘਰਾਂ ਨੇ ਬਹਿਰੂਨੀ ਠੰਡਕ ਤਾਂ ਪ੍ਰਦਾਨ ਕੀਤੀ ਹੈ, ਪਰ ਅੰਦਰੂਨੀ ਤਪਸ਼ ਸਗੋਂ ਵਧਾ ਦਿੱਤੀ ਹੈ। ਮਾਨਸਿਕ ਪ੍ਰੇਸ਼ਾਨੀਆਂ ਵਿਚ ਕਈ ਗੁਣਾ ਇਜ਼ਾਫਾ ਹੋ ਗਿਐ। ਆਤਮ-ਘਾਤ ਅਤੇ ਘਰੇਲੂ ਹਿੰਸਕ-ਪੀੜਤਾਂ ਦੀ ਗਿਣਤੀ ਕਿਤੇ ਵਧੇਰੇ ਅੰਕਿਤ ਕੀਤੀ ਜਾ ਰਹੀ ਹੈ।

ਬਹਿਰੂਨੀ ਸਹੂਲਤਾਂ ਦੇ ਨਾਲ ਨਾਲ ਅੰਦਰੂਨੀ ਤਪਸ਼ ਅਤੇ ਤੜਪਣ ਦੇ ਕਾਰਨਾਂ ਨੂੰ ਸਮਝਣਾ ਅਤੇ ਜਾਣਨਾ ਬੇਹੱਦ ਜ਼ਰੂਰੀ ਹੈ। ਜਿਸਮਾਨੀ ਨਾਲੋਂ ਕਿਤੇ ਵੱਧ ਹੈ ਰੂਹਾਨੀ ਸਕੂਨ। ਜੇ ਅਤੇ ਜਦੋਂ ਮਾਨਸਿਕਤਾ ਵਿਚ ਤਪਦੇ ਜੇਠ-ਹਾੜ ਵਿਚ ਠਹਿਰਾਵ ਆ ਜਾਵੇਗਾ, ਉਦੋਂ ਹੀ ਬਹਿਰੂਨੀ ਸੁੱਖ ਸੁਹੰਢਣੇ ਹੋਣਗੇ। ਉਦੋਂ ਤਪ ਰਿਹਾ ਸੂਰਜ ਅਤੇ ਝੁਲਸ ਰਹੀ ਧਰਤੀ ਵੀ ਉਸ ਕੁਦਰਤ ਦੇ ਕਿਸੇ ਵਿਸ਼ਾਲ ਵਰਤਾਰਿਆਂ ਦਾ ਹਿੱਸਾ ਲੱਗਣ ਲੱਗ ਪਵੇਗੀ। ਫਿਰ ਸ਼ਾਇਦ ਹਾੜ ਵੀ 'ਸੁਹੰਦਾ' ਅਤੇ 'ਭਲਾ' ਮਹਿਸੂਸ ਹੋਣ ਲੱਗੇ; ਪਰ ਇਸ ਅਵਸਥਾ ਨੂੰ ਪਹੁੰਚਣਾ ਕੋਈ ਆਸਾਨ ਪ੍ਰਾਪਤੀ ਨਹੀਂ ਹੁੰਦੀ।

# ਮਹਾਰਾਣੀ ਜਿੰਦਾਂ: ਜੁਲਾਈ 1799 ਤੋਂ ਜੁਲਾਈ 1861

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਮਹਾਰਾਣੀ ਜਿੰਦਾਂ ਮਹਾਰਾਜਾ ਰਣਜੀਤ ਸਿੰਘ ਦੀ ਸਭ ਤੋਂ ਛੋਟੀ ਤੇ ਬਣਦੀ ਫਬਦੀ ਰਾਣੀ ਸੀ। ਉਸ ਨੇ ਅਪਣੇ ਲੰਮੇ ਜੀਵਨ ਕਾਲ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਚੜ੍ਹਤ ਵੀ ਮਾਣੀ, ਆਪਣੇ ਪੁੱਤਰ ਦੁਲੀਪ ਸਿੰਘ ਤੋਂ ਟੁੱਟੇ ਰਹਿਣ ਦਾ ਵਿਯੋਗ ਵੀ ਝੱਲਿਆ ਅਤੇ ਉਸ ਨੂੰ ਮਿਲਣ ਪਿਛੋਂ ਉਸ ਦੇ ਦੁੱਖ ਤੇ ਝੋਰੇ ਵੀ ਆਪਣੀਆਂ ਅੱਖਾਂ ਨਾਲ ਵੇਖੇ।

7 ਜੁਲਾਈ 1799 ਨੂੰ ਨੌਜਵਾਨ ਰਣਜੀਤ ਸਿੰਘ ਵਲੋਂ ਲਾਹੌਰ ਦੇ ਕਿਲੇ ਵਿਚ ਪ੍ਰਵੇਸ਼ ਕਰਕੇ ਵਿਰੋਧੀ ਮਿਸਲਾਂ ਦੇ ਤੰਗੀਆਂ ਤੇ ਰਾਮਗੜ੍ਹੀਆਂ ਨੂੰ ਖੁੱਡੇ ਲਾਉਣ ਤੋਂ ਪਿੱਛੋਂ ਦੀਆਂ ਜਿੱਤਾਂ ਨੇ ਮਹਾਰਾਣੀ ਨੂੰ ਕਿੰਨੀ ਮਾਣਮੱਤੀ ਬਣਾਇਆ ਹੋਵੇਗਾ, ਇਸ ਦਾ ਅੰਦਾਜ਼ਾ ਲਾਉਣਾ ਔਖਾ ਨਹੀਂ। ਆਪਣੇ 40 ਸਾਲਾ ਰਾਜ ਵਿਚ ਉਸ ਦੇ ਸਾਈਂ ਨੇ ਸਤਲੁਜ ਤੋਂ ਦੱਰਾ ਖੈਬਰ ਅਤੇ ਲੱਦਾਖ ਤੋਂ ਸਿੰਧ ਤੱਕ ਦੇ ਇਲਾਕੇ ਉਤੇ ਕਬਜ਼ਾ ਕਰਕੇ ਇਥੋਂ ਦੇ ਹਿੰਦੂ, ਮੁਸਲਿਮ, ਸਿੱਖ ਤੇ ਈਸਾਈ ਵਸਨੀਕਾਂ ਦਾ ਮਨ ਮੋਹਿਆ ਤੇ ਸ਼ੇਰ-ਏ-ਪੰਜਾਬ ਦੀ ਪਦਵੀ ਪ੍ਰਾਪਤ ਕੀਤੀ। ਮਹਾਰਾਜੇ ਦੇ ਆਪਣੇ ਕਥਨ ਅਨੁਸਾਰ ਤੈਮੂਰ ਉਸ ਦਾ ਰੌਲ ਮਾਡਲ ਸੀ, ਉਸ ਨੇ ਤੈਮੂਰ ਦੀ ਕਥਨੀ ਨੂੰ ਕਰਨੀ ਕਰਕੇ ਦਿਖਾਇਆ। ਉਸ ਦੀ ਦਰਿਆਦਿਲੀ, ਉਦਮ, ਸੂਰਮਗਤੀ ਤੇ ਪਾਬੰਦੀ ਦੇ ਕਿੱਸੇ ਦੂਰ ਦੂਰ ਤੱਕ ਚੇਤੇ-ਦੁਹਰਾਏ ਜਾਣ ਲੱਗੇ। ਉਸ ਨੇ ਜਿੱਤੇ ਗਏ ਇਲਾਕਿਆਂ ਦੀ ਰਾਖੀ ਕਰਨ ਵਾਲੇ ਸੂਰਬੀਰਾਂ ਨੂੰ ਤੋਹਫੇ ਤੇ ਜਗੀਰਾਂ ਦਿੱਤੀਆਂ। ਵਿਰੋਧੀ ਨਾਲ ਟੱਕਰ ਲੈਂਦਿਆਂ ਉਕਾ ਹੀ ਨਹੀਂ ਸੀ ਝਿਜਕਦਾ। ਸ਼ਾਹੀ ਜਾਮੇ ਵਿਚ ਵੀ ਆਰਾਮ ਨਹੀਂ ਲੋੜਿਆ ਅਤੇ ਗਰੀਬ ਗੁਰਬਿਆਂ, ਫਕੀਰਾਂ ਤੇ ਫਕੱਰਾਂ ਨੂੰ ਦਾਨ ਦੇ ਕੇ ਉਨ੍ਹਾਂ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਖੂਬੀ ਇਹ ਕਿ ਇਨ੍ਹਾਂ ਪ੍ਰਾਪਤੀਆਂ ਨੂੰ ਪਰਮਾਤਮਾ ਦੀ ਦੇਣ ਕਹਿੰਦਾ ਰਿਹਾ।



ਮਹਾਰਾਜਾ ਦਲੀਪ ਸਿੰਘ ਦਾ ਚਿੱਤਰ

ਪਰ ਹੋਇਆ ਇਹ ਕਿ ਮਹਾਰਾਣੀ ਜਿੰਦਾਂ ਦੀਆਂ ਅਣਥਕ ਕੋਸ਼ਿਸ਼ਾਂ ਦੇ ਬਾਵਜੂਦ ਮਹਾਰਾਜੇ ਦੀ ਮੌਤ ਤੋਂ ਪਿੱਛੋਂ ਕੁਝ ਖੁਦਗਰਜਾਂ ਨੇ ਅਜਿਹੀ ਬੇਵਸਾਹੀ, ਧੋਖੇਬਾਜ਼ੀ, ਖਹਿਬਾਸ਼ੀ ਤੇ ਰਸ਼ਕ ਭਾਵਨਾ ਪੈਦਾ ਕੀਤੀ ਕਿ ਖਾਲਸਾ ਰਾਜ ਖੇਰੂੰ ਖੇਰੂੰ ਹੋ ਗਿਆ। ਉਧਰ ਫਰੰਗੀ ਹਾਕਮਾਂ ਨੇ ਮਹਾਰਾਜੇ ਨਾਲ ਕੀਤੇ ਅਹਿਦਨਾਮਿਆਂ ਨੂੰ ਹੀ ਲੀਰੋ ਲੀਰ ਨਹੀਂ ਕੀਤਾ, ਮਹਾਰਾਣੀ ਤੋਂ ਉਸ ਦਾ ਬੇਟਾ ਵੀ ਵਿਛੋੜ ਦਿੱਤਾ ਤੇ ਉਸ ਨੂੰ ਖੁਦ ਨੂੰ ਲਾਹੌਰ ਤੋਂ ਦੂਰ ਸ਼ੇਖੂਪੁਰਾ, ਬਨਾਰਸ ਤੇ ਹੋਰ ਦੁਰੇਡੀਆਂ ਥਾਂਵਾਂ ਵਿਚ ਬੰਦ ਕਰਕੇ ਮਾਇਕ ਜਗੀਰਾਂ ਦੇ ਕੇ ਭਰਮਾਇਆ। ਹੌਲੀ ਹੌਲੀ ਉਹ ਵੀ ਏਨੀਆਂ ਘਟਾ ਦਿੱਤੀਆਂ ਕਿ ਰਾਣੀ ਜਿੰਦਾਂ ਲਈ ਜਿਉਣਾ ਕਠਿਨ ਹੋ ਗਿਆ।

ਜਦੋਂ ਮਹਾਰਾਣੀ ਨੂੰ ਪੂਰਾ ਯਕੀਨ ਹੋ ਗਿਆ ਕਿ ਬਰਤਾਨਵੀ ਹਾਕਮ ਉਸ ਨੂੰ ਕਿਸੇ ਹਾਲਤ ਵਿਚ ਵੀ ਆਪਣੇ ਬੇਟੇ ਦਲੀਪ ਸਿੰਘ ਦੇ ਨੇੜੇ ਨਹੀਂ ਹੋਣ ਦਿੰਦੇ ਤਾਂ ਉਹ ਕੈਦਖਾਨੇ ਵਿਚੋਂ ਬਾਹਰ ਨਿਕਲਣ ਦੀਆਂ ਸਬੀਲਾਂ ਸੋਚਣ ਲੱਗੀ। ਅੰਤ ਇਕ ਦਿਨ ਅੱਧੀ ਰਾਤ ਨੂੰ ਉਸ ਨੇ ਆਪਣਾ ਸ਼ਾਹੀ ਪਹਿਰਾਵਾ ਤੇ ਗਹਿਣੇ ਆਪਣੀ ਦੇਖ-ਰੇਖ ਕਰ



ਮਹਾਰਾਣੀ ਜਿੰਦਾਂ ਦਾ ਚਿੱਤਰ

ਰਹੀ ਦਾਸੀ ਨੂੰ ਪਹਿਨਾ ਕੇ ਉਸ ਦੀ ਖੱਦਰ ਦੀ ਸਾੜ੍ਹੀ ਪਹਿਨੀ ਤੇ ਕੈਦਖਾਨੇ ਵਿਚੋਂ ਬਾਹਰ ਨਿਕਲ ਅਣਦਿਸਦੀ ਯਾਤਰਾ ਉਤੇ ਨਿਕਲ ਤੁਰੀ। ਕੀ ਤੁਸੀਂ ਸੋਚ ਸਕਦੇ ਹੋ ਕਿ ਸ਼ੇਰ-ਏ-ਪੰਜਾਬ ਦੀ ਇਹ ਧਰਮ ਪਤਨੀ ਜੰਗਲ ਬੇਲੇ ਤੇ ਨਦੀਆਂ ਦੇ ਪੈਂਡੇ ਤਹਿ ਕਰਦੀ ਨੇਪਾਲ ਦੀ ਹੱਦ ਪਾਰ ਕਰ ਗਈ! ਉਥੇ ਪਹੁੰਚ ਕੇ ਉਸ ਨੇ ਨੇਪਾਲ ਦੇ ਰਾਜੇ ਨੂੰ ਖਬਰ ਭੇਜੀ ਤਾਂ ਰਾਜੇ ਨੇ ਉਸ ਨੂੰ ਕਾਠਮੰਡੂ ਲਿਆਉਣ ਵਾਸਤੇ ਪਾਲਕੀ ਭੇਜੀ, ਜੋ ਉਸ ਨੂੰ ਰਾਜੇ ਦੇ ਮਹਿਲ ਵਿਚ ਲੈ ਗਈ। ਉਸ ਦੀ ਯਾਤਰਾ ਹਾਲਤ ਦੇਖ ਕੇ ਰਾਜੇ ਨੂੰ ਯਕੀਨ ਨਾ ਆਵੇ ਕਿ ਉਹ ਮਹਾਰਾਣੀ ਜਿੰਦਾਂ ਹੈ। ਥੋੜ੍ਹੀ ਝਿਜਕ ਤੋਂ ਪਿੱਛੋਂ ਰਾਣੀ ਨੇ ਨੇਪਾਲ ਦੇ ਰਾਜੇ ਨੂੰ ਉਹਦੇ ਬਰਾਬਰ ਦੀ ਹੋ ਕੇ ਏਨੀ ਦਲੇਰੀ ਨਾਲ ਪੁਕਾਰਿਆ ਕਿ ਉਸ ਨੂੰ ਉਸ ਦੇ ਮਹਾਰਾਣੀ ਹੋਣ ਉਤੇ ਯਕੀਨ ਹੋ ਗਿਆ। ਨੇਪਾਲ ਦੇ ਰਾਜੇ ਦੀ ਖੁਲ੍ਹ ਦਿੱਲੀ ਵੇਖੋ ਕਿ ਉਸ ਨੇ ਪੂਰੇ ਗਿਆਰਾਂ ਸਾਲ ਰਾਣੀ ਜਿੰਦਾਂ ਨੂੰ ਪਨਾਹ ਦਿੱਤੀ, ਪਰ ਏਸ ਅਰਸੇ ਵਿਚ ਉਹ ਆਪਣੇ ਪੁੱਤਰ ਦਲੀਪ ਸਿੰਘ ਦੀ ਯਾਦ ਵਿਚ ਏਨਾ ਰੋਈ ਕਿ ਉਸ ਦੀ ਨਜ਼ਰ ਜਾਂਦੀ ਰਹੀ। ਉਹ ਅੰਨ੍ਹੀ ਹੀ ਹੋ ਗਈ।

ਦੂਜੇ ਪਾਸੇ ਬਰਤਾਨਵੀ ਹਾਕਮਾਂ ਨੇ ਬਾਲਕ ਦਲੀਪ ਸਿੰਘ ਨੂੰ ਰਾਜ ਕੁਮਾਰਾਂ ਵਾਂਗ ਪਾਲਿਆ ਤੇ ਹਰ ਤਰ੍ਹਾਂ ਦੀਆਂ ਸਹੂਲਤਾਂ ਦੇ ਕੇ ਉਸ ਨੂੰ ਪੰਜਾਬ ਤੇ ਸਿੱਖੀ ਮਾਣ ਮਰਿਆਦਾ ਨਾਲੋਂ ਤੋੜ ਕੇ ਅਤੇ ਬਰਤਾਨਵੀ ਵਰਤ-ਵਰਤਾਰੇ ਨੂੰ ਵਡਿਆ ਕੇ ਉਸ ਨੂੰ ਈਸਾਈ ਬਣਾਉਣ ਦੀ ਕੋਈ ਕਸਰ ਨਾ ਛੱਡੀ। ਹਿੰਦੁਸਤਾਨ ਰਹਿੰਦਿਆਂ ਉਸ ਨੂੰ ਠੰਢੀਆਂ ਥਾਂਵਾਂ ਵਿਚ ਘੁਮਾਇਆ ਅਤੇ ਇੰਗਲੈਂਡ ਲਿਜਾ ਕੇ ਅਜਿਹੇ ਟਿਕਾਣਿਆਂ ਉਤੇ ਰੱਖਿਆ, ਜਿਨ੍ਹਾਂ ਦੀਆਂ ਬਾਰੀਆਂ ਦੇ ਮੂੰਹ ਉਸ ਦੀ ਰਖਵਾਲੀ ਕਰ ਰਹੇ ਜੌਹਨ ਲਾਗਿਨ ਜਿਹੇ ਮਨੋਵਿਗਿਆਨੀ ਰੁਚੀਆਂ ਵਾਲੇ ਈਸਾਈਆਂ ਵਲ ਖੁਲ੍ਹਦੇ ਸਨ। ਉਸ ਨੂੰ ਈਸਾਈ ਮੱਤ ਵਲ ਪ੍ਰੇਰਨ ਲਈ ਮਹਾਰਾਜਾ ਪਰਿਵਾਰ ਦੇ ਪੁਰਾਣੇ ਨੌਕਰ ਭਜਨ ਲਾਲ ਨੂੰ ਵੀ ਲੱਭਿਆ ਗਿਆ, ਜੋ ਜੱਦੀ ਪੁਸ਼ਤੀ ਬ੍ਰਾਹਮਣ ਤੋਂ ਈਸਾਈ ਹੋ ਚੁਕਾ ਸੀ। ਉਸ ਨੇ ਆਪਣਾ ਪ੍ਰਮਾਣ ਦੇ ਕੇ ਬਾਲਕ ਦਲੀਪ ਸਿੰਘ ਨੂੰ ਏਨਾ ਪ੍ਰੇਰਿਆ ਕਿ ਉਸ ਨੇ ਜੌਹਨ ਲਾਗਿਨ ਦੇ ਆਪਣੇ ਤੋਂ ਦੂਰ ਇੱਕ ਮਹੀਨੇ ਦੀ ਛੁੱਟੀ ਸਮੇਂ ਹੀ ਐਲਾਨ ਕਰ ਦਿੱਤਾ ਕਿ ਉਸ ਨੂੰ ਈਸਾਈ ਮੱਤ ਪ੍ਰਵਾਨ ਕਰਕੇ ਖੁਸ਼ੀ ਹੋਵੇਗੀ।

ਜਦ ਫਰੰਗੀਆਂ ਨੂੰ ਪੂਰਾ ਯਕੀਨ ਹੋ ਗਿਆ ਕਿ ਦਲੀਪ ਸਿੰਘ ਤਨੋ-ਮਨੋ ਈਸਾਈ ਹੋ ਚੁਕਾ ਹੈ, ਤਦ ਹੀ ਉਸ ਨੂੰ ਹਿੰਦੁਸਤਾਨ ਆ ਕੇ ਆਪਣੀ ਮਾਂ ਨੂੰ ਮਿਲਣ ਦਾ ਰਾਹ ਦਿਖਾਇਆ। ਹਿੰਦੁਸਤਾਨ ਪਰਤਣ ਤੋਂ ਪਹਿਲਾਂ ਸਾਰੇ ਯੂਰਪ ਦੀ ਸੈਰ ਕਰਵਾਉਣਾ ਵੀ ਇਨ੍ਹਾਂ ਭਰਮਾਊ ਵਿਧੀਆਂ ਦਾ ਹਿੱਸਾ ਸੀ। ਅੰਤ ਦਲੀਪ ਸਿੰਘ ਦਾ ਯੂਰਪ ਰਾਹੀਂ ਤੇ ਉਸ ਦੀ ਮਾਂ ਦਾ ਕਾਠਮੰਡੂ ਤੋਂ ਸਿੱਧਾ ਕਲਕੱਤੇ ਪਹੁੰਚਾਉਣ ਦੀ ਦਾਸਤਾਨ ਏਨੀ ਮਾਰਮਿਕ ਹੈ ਕਿ ਛੋਟੇ ਲੇਖ ਵਿਚ ਨਹੀਂ ਸਮਾਂ ਸਕਦੀ। ਫਿਰ ਜਦ ਪੁੱਤਰ-ਮਿਲਾਪ ਉਤੇ ਮਹਾਰਾਣੀ ਜਿੰਦਾਂ ਨੂੰ ਪਤਾ ਲੱਗਾ ਕਿ ਉਸ ਦਾ ਬੇਟਾ ਈਸਾਈ ਹੋ ਚੁਕਾ ਹੈ ਤੇ ਮਾਂ ਨੂੰ ਇੰਗਲੈਂਡ ਲਿਜਾਣਾ ਚਾਹੁੰਦਾ ਹੈ ਤਾਂ ਮਹਾਰਾਣੀ ਨੇ ਇਸ ਸ਼ਰਤ ਉਤੇ ਜਾਣਾ ਮੰਨਿਆ ਕਿ ਉਹ ਮੁੜ ਸਿੱਖੀ ਅਪਨਾਏ। ਪੁੱਤਰ ਵਲੋਂ ਪੱਕਾ ਹੁੰਗਾਰਾ ਮਿਲਣ ਉਤੇ ਉਹ ਮੰਨ ਗਈ ਤੇ ਅੰਤ ਜੁਲਾਈ 1861 ਨੂੰ ਉਥੇ ਪਹੁੰਚ ਗਈ। ਦੋ ਸਾਲ ਜੀਵਤ ਰਹਿ ਕੇ ਉਸ ਨੇ ਲੰਡਨ ਵਿਚ ਹੀ ਆਪਣੇ ਪ੍ਰਾਣ ਤਿਆਗੇ।

ਬਾਦਸ਼ਾਹ ਅਕਬਰ ਜਿਹਾ ਨਾਮਣਾ ਖੱਟ ਕੇ ਸ਼ੇਰ-ਏ-ਪੰਜਾਬ ਵਜੋਂ ਜਾਣੇ ਜਾਂਦੇ ਰਣਜੀਤ ਸਿੰਘ ਦੀ ਧਰਮ ਪਤਨੀ ਜਿੰਦਾਂ ਦੀ ਇਸ ਮਾਰਮਿਕ ਗਾਥਾ ਨੂੰ ਜੁਲਾਈ ਦੇ ਮਹੀਨੇ ਨਾਲ ਜੋੜਦਿਆਂ ਮੈਨੂੰ ਤਾਲਾਬੰਦੀ ਤੋਂ ਰਾਹਤ ਮਿਲ ਰਹੀ ਹੈ।

ਅੰਤਿਕਾ: ਗੁਰਭਜਨ ਗਿੱਲ
ਹੋਠਾਂ ਉਤੋਂ ਚੁੱਪ ਦੇ ਜੰਦਰੇ
ਖੋਲ੍ਹ ਦਿਆ ਕਰ।
ਮਨ ਮਸਤਕ ਵਿਚ ਜੋ ਵੀ ਆਵੇ
ਬੋਲ ਦਿਆ ਕਰ।
ਤੂੰ ਧਰਤੀ ਦੀ ਧੀ ਹੈਂ
ਲੇਖਾ ਮਾਂਵਾਂ-ਧੀਆਂ,
ਮਾਂ ਦੀ ਬੁੱਕਲ ਬਹਿ ਕੇ
ਦੁਖ-ਸੁਖ ਫੋਲ ਦਿਆ ਕਰ।
ਇਕ ਮੁਸਕਾਨ ਉਧਾਰੀ ਦੇ ਕੇ
ਪੌਣਾਂ ਨੂੰ ਤੂੰ,
ਕੁਲ ਆਲਮ ਦੇ ਸਾਹੀਂ
ਸੰਦਲ ਘੋਲ ਦਿਆ ਕਰ।
ਸਾਰਾ ਅੰਬਰ ਤੇਰਾ
ਤੇਰੇ ਚੰਦ ਸਿਤਾਰੇ,
ਮਾਰ ਉਡਾਰੀ ਪੌਣਾਂ ਵਿਚ
ਪਰ ਤੋਲ ਦਿਆ ਕਰ।
ਮਾਣਕ ਮੋਤੀ ਮਹਿੰਗੇ
ਇਹ ਅਣਮੋਲ ਖਜਾਨਾ,
ਪਾਣੀ ਵਾਂਗੂੰ ਅੱਥਰੂ
ਨਾ ਤੂੰ ਡੋਲ੍ਹ ਦਿਆ ਕਰ।

# ਦੱਸ ਮਾਂ, ਕਹਾਣੀ ਮੁੱਕਦੀ ਕਿਵੇਂ ਐ?

ਪ੍ਰੋ. ਰਾਜੇਸ਼ ਸ਼ਰਮਾ, ਪਟਿਆਲਾ


ਵੈਲੇਰੀਆ ਲੁਈਸੈਲੀ ਇਸ ਨੂੰ ਲੇਖ ਆਖਦੀ ਹੈ। ਚਾਲੀ ਸਵਾਲਾਂ ਵਿਚ ਲਿਖਿਆ ਲੇਖ। ਇਹ ਜਨਮ ਲੈਂਦਾ ਹੈ, ਇੱਕ ਮਾਮੂਲੀ ਦਿਖਦੇ ਕੰਮ ਵਿਚੋਂ। ਨਿਊ ਯਾਰਕ ਸ਼ਹਿਰ ਵਿਚ ਇੱਕ ਇਮੀਗਰੈਂਟ ਅਦਾਲਤ ਲਈ ਦੁਭਾਸ਼ੀਏ ਦਾ ਕੰਮ ਕਰ ਰਹੀ ਲੁਈਸੈਲੀ ਉਨ੍ਹਾਂ ਬੱਚਿਆਂ ਦੇ ਸਵਾਲਾਂ ਦੇ ਜਵਾਬ ਦਰਜ ਕਰ ਰਹੀ ਹੈ, ਜੋ ਮੈਕਸੀਕੋ ਨਾਲ ਲੱਗਦੀ ਸਰਹੱਦ ਪਾਰ ਕਰਕੇ ਅਮਰੀਕਾ ਅੰਦਰ ਦਾਖਲ ਹੋਏ ਹਨ। ਪੁਸਤਕ ਦੀ ਭੂਮਿਕਾ ਵਿਚ ਜਾਨ ਲੀ ਐਂਡਰਸਨ ਲਿਖਦਾ ਹੈ, "ਇੱਥੇ ਸਿਰਫ ਸਵਾਲ ਹਨ। ਕੋਈ ਜਵਾਬ ਨਹੀਂ।" ਪਰ ਸਵਾਲਾਂ ਵਿਚੋਂ ਸਵਾਲ ਜਨਮਦੇ ਹਨ। ਵੱਡੇ, ਹੋਰ ਪ੍ਰੇਸ਼ਾਨ ਕਰਨ ਵਾਲੇ ਸਵਾਲ। ਕੌਮੀ ਪਛਾਣ, ਨਸਲਵਾਦ, ਵਿਸ਼ਵੀ ਅਪਰਾਧ ਤੰਤਰ, ਇਨਸਾਨੀਅਤ, ਟੁੱਟਦੇ-ਜੁੜਦੇ ਪਰਿਵਾਰਾਂ ਅਤੇ ਜਿਉਣ-ਮਾਤਰ ਦੇ ਸੁਫਨੇ ਖਾਤਰ ਭਟਕਦੇ ਬਚਪਨ ਦੇ ਸਵਾਲ। ਪੁਸਤਕ ਦਾ ਸਿਰਲੇਖ ਲੁਈਸੈਲੀ ਦੀ ਧੀ ਦਾ ਆਪਣੀ ਮਾਂ ਨੂੰ ਕੀਤਾ ਸਵਾਲ ਹੈ।

ਅਕਸਰ ਬੱਚਿਆਂ ਨੂੰ ਸਵਾਲ ਸਮਝ ਹੀ ਨਹੀਂ ਆਉਂਦੇ। ਫਿਰ ਉਨ੍ਹਾਂ ਦੇ ਜਵਾਬ ਅਜਿਹੀਆਂ ਕਹਾਣੀਆਂ ਅਜਿਹੇ ਬਿਰਤਾਂਤ ਦੀ ਸ਼ਕਲ ਲੈਂਦੇ ਹਨ, ਜੋ ਇਸ ਹੱਦ ਤੱਕ ਖੰਡਿਤ ਅਤੇ ਖਿੱਲਰੇ ਹੋਏ ਹਨ ਕਿ ਉਨ੍ਹਾਂ ਦੀ ਮੁਰੰਮਤ ਤੱਕ ਸੰਭਵ ਨਹੀਂ। ਇਨ੍ਹਾਂ ਵਿਚ ਨਾ ਕੋਈ ਅਰੰਭ ਹੈ, ਨਾ ਮੱਧ, ਨਾ ਅੰਤ। ਇਹ ਭੋਲੇ-ਭਾਲੇ, ਲਾਚਾਰ ਬੱਚਿਆਂ ਦੇ ਲਫਜਾਂ ਦੇ ਧਾਗਿਆਂ ਨਾਲ ਬੁਣੇ 'ਗੁੰਝਲਦਾਰ ਬਿਰਤਾਂਤ' ਹਨ। ਜਿਵੇਂ ਸਵਾਲ ਹੈ, "ਤੇਰੇ ਮਾਂ-ਪਿਉ ਕਿੱਥੇ ਹਨ?" ਜਵਾਬ ਦੀ ਉਡੀਕ ਵਿਚ ਕਾਗਜ਼ ਉਪਰ ਉਲੀਕੀਆਂ, ਖਾਲੀ ਥਾਂ ਦਰਸਾਉਂਦਿਆਂ, ਲਕੀਰਾਂ 'ਭੈੜੇ ਹੱਥੀਂ ਸੀਤੇ ਹੋਏ ਜ਼ਖਮਾਂ' ਜਿਹੀਆਂ ਦਿੱਸਦੀਆਂ ਹਨ।

ਇਹ ਬੱਚੇ 'ਮਹਾਨ ਅਮਰੀਕਨ ਸੁਪਨੇ' ਦੀ ਭਾਲ ਵਿਚ ਇੱਥੇ ਨਹੀਂ ਆਏ। ਇਹ ਸਿਰਫ ਉਸ ਖੌਫਨਾਕ ਸੁਪਨੇ ਤੋਂ ਬਾਹਰ ਆਉਣਾ ਚਾਹੁੰਦੇ ਹਨ, ਜਿਸ ਵਿਚ ਇਨ੍ਹਾਂ ਦਾ ਜਨਮ ਹੋਇਆ ਸੀ ਅਤੇ ਜਿਸ ਅੰਦਰ ਇਹ ਹੁਣ ਤੱਕ ਕੈਦ ਰਹੇ। ਮੀਡੀਆ ਦਾ ਇੱਕ ਹਿੱਸਾ ਇਨ੍ਹਾਂ 'ਬੇਦਸਤਾਵੇਜ਼' ਬੱਚਿਆਂ ਨੂੰ ਬਾਈਬਲ ਵਿਚਲੀ ਪਲੇਗ ਦਾ ਦਰਜਾ ਦਿੰਦਾ ਹੈ ਜਾਂ ਭਿਆਨਕ ਟਿੱਡੀ ਦਲ ਦਾ; ਪਰ ਇਹ ਬੱਚੇ ਗੈਂਗ ਹਿੰਸਾ ਦੇ ਭੈਅ ਤੋਂ ਮੁਕਤ ਹੋਣ ਲਈ ਪੰਜ ਹਜ਼ਾਰ ਮੀਲਾਂ ਦਾ ਜਾਂ ਉਸ ਤੋਂ ਵੀ ਵੱਧ ਲੰਬਾ ਸਫਰ ਤੈਅ ਕਰਦੇ ਹਨ। ਇਨ੍ਹਾਂ ਵਿਚੋਂ ਬਹੁਤੇ ਐਲ ਸੈਲਵਾਡਰ, ਹਾਂਡੂਰਸ ਅਤੇ ਗੁਆਟੇਮਾਲਾ ਤੋਂ ਆਉਂਦੇ ਹਨ।

ਲੁਈਸੈਲੀ ਅੰਕੜਿਆਂ ਦੀ ਲੋਅ ਵਿਚ ਸਾਡੇ ਸਮੇਂ ਦੀ ਇਸ ਮਹਾ-ਤ੍ਰਾਸਦੀ ਦਾ ਵਿਸਤਾਰ ਦਰਸਾਉਣ ਦਾ ਯਤਨ ਕਰਦੀ ਹੈ। ਮੈਕਸੀਕੋ ਤੋਂ ਅਮਰੀਕਾ ਪਹੁੰਚਣ ਦੀ ਕੋਸ਼ਿਸ਼ ਕਰਦੀਆਂ ਅੱਸੀ ਫੀਸਦੀ ਔਰਤਾਂ ਅਤੇ ਲੜਕੀਆਂ ਬਲਾਤਕਾਰ ਦੀਆਂ ਸ਼ਿਕਾਰ ਹੁੰਦੀਆਂ ਹਨ। ਕਈ ਤਾਂ ਗਰਭਪਾਤ ਦੀ ਦਵਾਈ ਨਾਲ ਲੈ ਕੇ ਤੁਰਦੀਆਂ ਹਨ। 2006 ਤੋਂ ਪੁਸਤਕ ਦੇ ਲਿਖੇ ਜਾਣ (2017) ਇੱਕ ਲੱਖ ਵੀਹ ਹਜ਼ਾਰ ਮਨੁੱਖ ਰਸਤੇ ਵਿਚ ਗਾਇਬ ਹੋ ਗਏ ਜਾਂ ਮਰ-ਖਪ ਗਏ। 2010 ਦੀ ਅਪਰੈਲ ਤੋਂ ਸਤੰਬਰ ਤੱਕ, ਛੇ ਮਹੀਨਿਆਂ ਅੰਦਰ 11,333 ਬੰਦੇ ਅਗਵਾ ਕਰ ਲਏ ਗਏ। 24 ਅਗਸਤ 2010 ਨੂੰ ਮਿਲੀ 72 ਇਮੀਗਰੈਂਟ ਬੰਦਿਆਂ ਦੀ ਸਮੂਹਿਕ ਕਬਰ ਪਿਛੋਂ ਸੈਂਕੜੇ ਹੋਰ ਅਜਿਹੀਆਂ ਕਬਰਾਂ ਮਿਲੀਆਂ। ਇਹ ਲੋਕ ਨਸ਼ੇ ਦੇ ਤਸਕਰ ਗੈਂਗਾਂ ਦੇ ਹੱਥੋਂ ਕਤਲ ਕਰ ਦਿੱਤੇ ਗਏ ਸਨ।

ਵਿਡੰਬਨਾ ਇਹ ਹੈ ਕਿ ਜਿਸ ਹਿੰਸਾ ਤੋਂ ਬਚਣ ਲਈ ਬੱਚੇ ਸਰਹੱਦ ਨੂੰ ਪਾਰ ਕਰਨ ਦਾ ਜੋਖਮ ਲੈਂਦੇ ਹਨ, ਉਸ ਦਾ ਬੀਜ ਅੱਸੀਵਿਆਂ ਦੇ ਲਾਸ ਏਂਜਲਸ ਦੀ ਗੈਂਗ ਕਲਚਰ ਵਿਚ ਪੁੰਗਰਿਆ। ਰਾਸ਼ਟਰਪਤੀ ਬੁਸ਼ ਅਤੇ ਕਾਰਟਰ ਦੀ ਅਗਵਾਈ ਵਿਚ ਅਮਰੀਕਾ ਦੀਆਂ ਸਰਕਾਰਾਂ ਦੀ ਛਤਰ-ਛਾਇਆ ਹੇਠ ਸਰਹੱਦ ਦੇ ਨਾਲ ਲੱਗਦੇ ਮੱਧ-ਅਮਰੀਕੀ ਦੇਸ਼ਾਂ ਦੇ ਤਾਨਾਸ਼ਾਹੀ ਹੁਕਮਰਾਨਾਂ ਨੇ ਆਪਣੇ ਲੋਕਾਂ ਉਪਰ ਇੰਨਾ ਜ਼ੁਲਮ ਕੀਤਾ ਕਿ ਲੱਖਾਂ ਦੀ ਤਾਦਾਦ ਵਿਚ ਲੋਕ ਜਾਨ ਬਚਾਉਣ ਲਈ




ਅਮਰੀਕਾ ਆ ਵੜੇ। ਅਗਲੀ ਪੀੜ੍ਹੀ ਦੇ ਕਈ ਲੋਕ ਗੈਂਗ ਕਲਚਰ ਨੇ ਸੰਭਾਲ ਲਏ। ਅਮਰੀਕਾ ਸਰਕਾਰ ਨੇ ਸਫਾਇਆ ਕਰਨਾ ਸ਼ੁਰੂ ਕੀਤਾ ਤਾਂ ਉਹ ਵਾਪਸ ਆਪਣੇ ਦੇਸ਼ਾਂ ਨੂੰ ਭੱਜੇ। ਇਸ ਤਰ੍ਹਾਂ ਅਪਰਾਧ ਦਾ ਅੰਤਰ-ਰਾਸ਼ਟਰੀਕਰਨ ਹੋਇਆ। ਜਿਨ੍ਹਾਂ ਗੈਂਗਾਂ ਦੀ ਹਿੰਸਾ ਤੋਂ ਬਚਣ ਲਈ ਬੱਚੇ ਅਮਰੀਕਾ ਵੱਲ ਮੂੰਹ ਕਰਦੇ ਹਨ, ਉਨ੍ਹਾਂ ਵਿਚ ਕੁੱਲ ਮਿਲਾ ਕੇ ਦੋ ਦੀ ਹੀ ਸਰਪ੍ਰਸਤੀ ਹੈ: ਐਮ. ਐਸ. 13 ਅਤੇ ਬਾਰੀਓ 18 ਦੀ।

ਪਰ ਖੌਫਨਾਕ ਸੁਪਨੇ ਦਾ ਚੱਕਰਵਿਊ ਅਮਰੀਕਾ ਦੇ ਅੰਦਰ ਵੀ ਇਨ੍ਹਾਂ ਬੱਚਿਆਂ ਦਾ ਪਿੱਛਾ ਕਰਦਾ ਹੈ। ਲੁਈਸੈਲੀ ਲਿਖਦੀ ਹੈ ਕਿ ਇਹ ਗੈਂਗ ਸਰਹੱਦ ਦੇ ਆਰ-ਪਾਰ ਕੈਂਸਰ ਦੀ ਤਰ੍ਹਾਂ ਫੈਲ ਚੁਕੇ ਹਨ।

"ਬੀਸਟ" ਕਹੀ ਜਾਣ ਵਾਲੀ ਮਾਲ ਗੱਡੀ ਉਪਰ ਸਵਾਰ ਹੋ ਕੇ, ਆਪਣੀ ਜ਼ਿੰਦਗੀ ਦਾਅ 'ਤੇ ਲਾਉਂਦੇ ਬੱਚੇ ਕਦੇ ਵੀ ਵਾਪਸ ਭੇਜੇ ਜਾ ਸਕਦੇ ਹਨ ਅਤੇ ਬਾਵਜੂਦ ਇਸ ਦੇ ਕਿ ਉਹ ਸਰਹੱਦ ਪਾਰ ਕਰ ਕੇ ਸਿੱਧੇ ਬਾਰਡਰ ਪੈਟਰੋਲ ਕੋਲ ਕਿਸੇ ਨਾਲ ਕਿਸੇ ਤਰ੍ਹਾਂ ਪਹੁੰਚ ਕਰਦੇ ਹਨ। ਉਹ ਲੁਕ ਕੇ ਰਹਿਣ ਦੀ ਕੋਸ਼ਿਸ਼ ਕਦੇ ਨਹੀਂ ਕਰਦੇ। ਕਾਰਨ ਹੈ ਕਿ ਉਹ ਅਮਰੀਕਾ ਵਿਚ ਪਨਾਹ ਲੈਣਾ ਚਾਹੁੰਦੇ ਹਨ, ਮੌਤ ਦੇ ਭੈਅ ਤੋਂ ਬਚਣਾ ਚਾਹੁੰਦੇ ਹਨ। ਬੇਸ਼ੱਕ ਕਈ ਮਾਲਗੱਡੀ ਤੋਂ, ਨੀਂਦ ਦੌਰਾਨ ਡਿੱਗ ਕੇ ਮਰ ਜਾਂਦੇ ਹਨ।

ਜਦੋਂ ਲੁਈਸੈਲੀ ਆਪਣੇ ਵਿਦਿਆਰਥੀਆਂ ਨਾਲ ਇਹ ਅਧੂਰੀਆਂ ਕਹਾਣੀਆਂ ਸਾਂਝੀਆਂ ਕਰਦੀ ਹੈ ਤਾਂ ਦਸ ਕੁ ਵਿਦਿਆਰਥੀ ਕੁਝ ਕਰਨ ਦਾ ਫੈਸਲਾ ਕਰਦੇ ਹਨ। ਪ੍ਰੋ. ਗੌਰੀ ਵਿਸ਼ਵਨਾਥਨ ਦੀ ਕਹੀ ਇੱਕ ਖੂਬਸੂਰਤ ਗੱਲ ਉਨ੍ਹਾਂ ਦੀ ਰਾਹ ਰੁਸ਼ਨਾਉਂਦੀ ਹੈ: ਕ੍ਰੋਧ ਨੂੰ ਰੌਸ਼ਨੀ ਵਿਚ ਰੂਪਾਂਤ੍ਰਿਤ ਕੀਤੇ ਬਿਨਾ ਹਾਲਾਤ ਵਿਚ ਸਕਾਰਾਤਮਕ ਦਖਲ ਨਹੀਂ ਦਿੱਤਾ ਜਾ ਸਕਦਾ। "ਜਜ਼ਬਾਤੀ ਪੂੰਜੀ ਨੂੰ ਰਾਜਨੀਤਕ ਪੂੰਜੀ ਵਿਚ ਬਦਲਣ ਦੀ ਲੋੜ ਹੈ।"

ਲੁਈਸੈਲੀ ਨੇ ਵੀ ਆਪਣੇ ਢੰਗ ਨਾਲ ਇਹੀ ਕੀਤਾ ਹੈ। ਉਹ ਲਿਖਦੀ ਹੈ ਕਿ ਉਸ ਦੀ ਨਿਗਾਹ ਦੁਨੀਆਂ ਨੂੰ ਨਾਵਲ ਦੇ ਪਲਾਟ ਵਾਂਗ ਪੜ੍ਹਦੀ ਹੈ, ਜਿਸ ਵਿਚ ਕੁਝ ਘਟਨਾਵਾਂ ਆਉਣ ਵਾਲੀਆਂ ਘਟਨਾਵਾਂ ਵੱਲ ਇਸ਼ਾਰਾ ਕਰਦੀਆਂ ਹਨ। ਉਸ ਅਨੁਸਾਰ ਤੁਸੀਂ ਕਹਾਣੀ ਇਸ ਲਈ ਨਹੀਂ ਲਿਖਦੇ ਕਿ ਤੁਹਾਨੂੰ ਪ੍ਰੇਰਨਾ ਹੁੰਦੀ ਹੈ, ਸਗੋਂ ਇਸ ਲਈ ਲਿਖਦੇ ਹੋ ਕਿ ਤੁਹਾਡੇ ਕੋਲ ਕ੍ਰੋਧ ਅਤੇ ਸਪਸ਼ਟਤਾ-ਦੋਵੇਂ ਹੁੰਦੇ ਹਨ। ਉਹ ਲਿਖਦੀ ਹੈ, "ਕਈ ਚੀਜ਼ਾਂ ਉਦੋਂ ਹੀ ਸਮਝ ਆਉਂਦੀਆਂ ਹਨ, ਜਦੋਂ ਕਈ ਵਰ੍ਹੇ ਬੀਤ ਚੁਕੇ ਹੁੰਦੇ ਹਨ ਅਤੇ ਕਹਾਣੀ ਖਤਮ ਹੋ ਚੁਕੀ ਹੁੰਦੀ ਹੈ। ਇਸ ਦੌਰਾਨ, ਜਦੋਂ ਤੱਕ ਕਹਾਣੀ ਚੱਲਦੀ ਰਹਿੰਦੀ ਹੈ, ਤੁਸੀਂ ਵਾਰ-ਵਾਰ ਇਸ ਨੂੰ ਕਹਿੰਦੇ ਰਹਿੰਦੇ ਹੋ। ਇਹ ਵਿਕਸਿਤ ਹੁੰਦੀ ਹੈ, ਦੁਫਾੜ ਹੁੰਦੀ ਹੈ, ਆਪਣੀਆਂ ਗੰਢਾਂ ਵਿਚ ਉਲਝਦੀ ਹੈ। ਇਸ ਨੂੰ ਸੁਣਾਉਣਾ ਹੀ ਪੈਂਦਾ ਹੈ, ਕਿਉਂਕਿ ਇਸ ਤੋਂ ਪਹਿਲਾਂ ਕਿ ਕੋਈ ਗੱਲ ਸਮਝ ਆਏ, ਉਸ ਨੂੰ ਵਾਰ-ਵਾਰ ਬਿਆਨ ਕਰਨਾ ਜ਼ਰੂਰੀ ਹੁੰਦਾ ਹੈ, ਵੱਖ-ਵੱਖ ਲਫਜ਼ਾਂ ਵਿਚ, ਵੱਖੋ-ਵੱਖਰੇ ਨੁਕਤਿਆਂ ਤੋਂ, ਵੱਖੋ-ਵੱਖਰੀ ਸਮਝ ਨਾਲ।"

ਪਰਵਾਸ 'ਤੇ ਨਿਕਲੇ ਲੋਕਾਂ ਦੇ ਗੀਤਾਂ ਦੀਆਂ ਦੋ ਪੰਕਤੀਆਂ ਲੁਈਸੈਲੀ ਦੇ ਮਨ ਅੰਦਰ ਹਮੇਸ਼ਾ ਲਈ ਵਸ ਗਈਆਂ ਹਨ,

ਘਰੋਂ ਤੁਰ ਜਾਣਾ
ਰਤਾ ਕੁ ਮਰ ਜਾਣਾ ਹੈ।
ਪਹੁੰਚਣਾ, ਕਦੇ ਨਾ ਪਹੁੰਚਣਾ ਹੈ।

ਫਿਰ ਵੀ ਅਮਰੀਕਾ ਪਹੁੰਚਣ ਦਾ ਉਨ੍ਹਾਂ ਬੱਚਿਆਂ ਦਾ ਸੁਪਨਾ ਬੇਮਾਇਨਾ ਨਹੀਂ। ਲੁਈਸੈਲੀ ਆਪ ਮੈਕਸੀਕੋ 'ਚ ਪੈਦਾ ਹੋਈ ਅਤੇ ਅਮਰੀਕਾ ਨੂੰ ਘਰ ਬਣਾਉਣ ਵਾਲੀ ਅੰਗਰੇਜ਼ੀ ਦੀ ਲੇਖਿਕਾ ਹੈ। ਕਈ ਵਰ੍ਹੇ ਅਮਰੀਕਾ ਵਿਚ ਰਹਿਣ ਪਿਛੋਂ ਮੈਕਸੀਕੋ ਅੰਦਰਲੇ ਆਪਣੇ ਪੁਰਾਣੇ ਸਮਿਆਂ ਨੂੰ ਯਾਦ ਕਰਦੀ ਉਹ ਕਹਿੰਦੀ ਹੈ ਕਿ ਹੁਣ ਉਹ ਕਿਸੇ ਬਰਬਾਦ ਦੁਨੀਆਂ ਦੇ ਖੰਡਰਾਂ ਜਿਹਾ ਲੱਗਦਾ ਹੈ। ਜਦੋਂਕਿ ਅਮਰੀਕਾ ਵਿਚ ਆ ਪਹੁੰਚਣ ਅਤੇ ਵਸਣ ਦਾ ਅਹਿਸਾਸ ਆਪਣੇ ਘਰ ਵਿਚ ਰਹਿਣ ਦਾ ਅਹਿਸਾਸ ਹੈ। ਇੱਥੇ ਆ ਕੇ ਮਹਿਸੂਸ ਹੁੰਦਾ ਹੈ ਕਿ ਕਿਉਂ ਕੋਈ ਆਪਣਾ ਸਭ ਕੁਝ ਦਾਅ 'ਤੇ ਲਾ ਕੇ ਇੱਥੇ ਆ ਵਸਣਾ ਚਾਹੁੰਦਾ ਹੈ।

ਅਮਰੀਕਾ ਦੀਆਂ ਇਮੀਗ੍ਰੇਸ਼ਨ ਨੀਤੀਆਂ ਨਾਲ ਅਸਹਿਮਤੀ ਰੱਖਣ ਵਾਲੀ ਲੁਈਸੈਲੀ ਇਸ ਤਰ੍ਹਾਂ ਅਮਰੀਕਾ ਪ੍ਰਤੀ ਆਪਣੇ ਪਿਆਰ ਦਾ ਪ੍ਰਗਟਾਵਾ ਕਰਦੀ ਹੈ ਅਤੇ ਮਾਸੂਮ ਬੱਚਿਆਂ ਦੇ ਸੁਪਨਿਆਂ ਨੂੰ ਜਾਇਜ਼ ਅਤੇ ਸੱਚੇ ਦੱਸਦੀ ਹੈ।

# ਸ਼ਾਇਰੀ ਤੋਂ ਡਰਦੀ ਸੱਤਾ

## ਇਨਕਲਾਬੀ ਸ਼ਾਇਰ ਵਰਵਰਾ ਰਾਓ ਦਾ ਜਲਵਾ


ਬੇਇਨਸਾਫੀ ਖਿਲਾਫ ਮਾਰਚ।

**ਕਲਾ ਪਰਿਕਰਮਾ**

ਇਨਕਲਾਬੀ ਸ਼ਾਇਰ ਵਰਵਰਾ ਰਾਓ ਇਕ ਵਾਰ ਫਿਰ ਚਰਚਾ ਵਿਚ ਹੈ। ਉਹ ਤੇਲਗੂ ਭਾਸ਼ਾ ਦਾ ਸਮਰੱਥ ਸ਼ਾਇਰ ਹੈ ਅਤੇ ਉਨ੍ਹਾਂ ਲੋਕਾਂ ਵਿਚ ਸ਼ੁਮਾਰ ਹੈ ਜਿਨ੍ਹਾਂ ਨੂੰ ਮੋਦੀ ਸਰਕਾਰ ਹਰ ਹਾਲ ਜੇਲ੍ਹ ਵਿਚ ਰੱਖਣਾ ਚਾਹੁੰਦੀ ਹੈ। ਉਹਨੇ ਕਵਿਤਾ ਦੀਆਂ ਤਕਰੀਬਨ 15 ਕਿਤਾਬਾਂ ਲਿਖੀਆਂ ਹਨ। ਇਸ ਤੋਂ ਇਲਾਵਾ ਅਣਗਿਣਤ ਲੇਖ ਲਿਖੇ ਅਤੇ

**ਗੁਰਜੰਟ ਸਿੰਘ**

ਸਾਹਿਤ ਆਲੋਚਨਾ 'ਤੇ ਮੁੱਲਵਾਨ ਕੰਮ ਕੀਤਾ। ਉਹ ਲੰਮਾ ਸਮਾਂ ਤੇਲਗੂ ਸਾਹਿਤ ਦੀ ਜੁਝਾਰ ਪਰੰਪਰਾ ਵਾਲੇ ਪਰਚੇ 'ਸਰੰਜਨਾ' (ਸਿਰਜਣਾ) ਦੇ ਸੰਪਾਦਕ ਰਹੇ ਹਨ। ਇਹ ਪਰਚਾ 1966 ਵਿਚ ਤ੍ਰੈਮਾਸਿਕ ਵਜੋਂ ਆਰੰਭ ਕੀਤਾ ਗਿਆ ਸੀ ਜੋ ਬਾਅਦ ਵਿਚ ਮਹੀਨੇਵਾਰ ਨਿਕਲਣ ਲੱਗ ਪਿਆ। ਇਹ ਪਰਚਾ 1992 ਤੱਕ ਛਪਦਾ ਰਿਹਾ ਪਰ ਉਨ੍ਹਾਂ ਦਾ ਚਰਚਾ ਉਨ੍ਹਾਂ ਦਾ ਨਾਂ ਦਸੰਬਰ 2017 ਨੂੰ ਹੋਈ ਭੀਮਾ ਕੋਰੇਗਾਓਂ ਵਾਲੀ ਘਟਨਾ ਨਾਲ ਜੁੜੇ ਕੇਸ ਵਿਚ ਹੋਣ ਲੱਗ ਪਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਕਥਿਤ ਹੱਤਿਆ ਸਾਜ਼ਿਸ਼ ਕੇਸ ਵਿਚ ਵੀ ਉਨ੍ਹਾਂ ਦਾ ਨਾਂ ਬੋਲਦਾ ਹੈ। ਪੂਨਾ ਪੁਲਿਸ ਵਲੋਂ ਦਰਜ ਐਫ.ਆਈ.ਆਰ. ਰਾਹੀਂ ਜੂਨ 2018 ਪਹਿਲਾਂ ਜੋ ਬੰਦੇ ਗ੍ਰਿਫਤਾਰ ਕੀਤੇ ਜਾਂਦੇ ਹਨ, ਉਨ੍ਹਾਂ ਵਿਚ ਸੁਰਿੰਦਰ ਗਾਡਲਿੰਗ (ਨਾਗਪੁਰ ਯੂਨੀਵਰਸਿਟੀ ਦਾ ਪ੍ਰੋਫੈਸਰ), ਪ੍ਰੋਫੈਸਰ ਸੋਮਾ ਸੈਨ, ਸੁਧੀਰ ਦੇਵਰਾ, ਉਘਾ ਪੱਤਰਕਾਰ ਰੋਨਾ ਵਿਲਸਨ ਆਦਿ ਲੋਕ ਹਨ। ਉਸ ਤੋਂ ਬਾਅਦ ਅਗਸਤ 2018 ਵਿਚ ਅੱਸੀ ਸਾਲਾਂ ਦੇ ਸ਼ਾਇਰ ਵਰਵਰਾ ਰਾਓ ਅਤੇ ਫਿਰ ਮਸ਼ਹੂਰ ਹਫਤਾਵਾਰੀ 'ਇਕਨੌਮਿਕ ਐਂਡ ਪੁਲਿਟੀਕਲ ਵੀਕਲੀ' ਨਾਲ ਜੁੜੇ ਪੱਤਰਕਾਰ ਤੇ ਲੇਖਕ ਗੌਤਮ ਨਵਲੱਖਾ ਸਮੇਤ ਕਈ ਹੋਰ ਲੋਕ ਗ੍ਰਿਫਤਾਰ ਕਰ ਲਏ ਗਏ।

ਵਰਵਰਾ ਰਾਓ ਦਾ ਜਨਮ 3 ਨਵੰਬਰ 1940 ਨੂੰ ਹੋਇਆ। ਉਹ 1957 ਤੋਂ ਜਦੋਂ ਉਹ ਸਿਰਫ 17 ਵਰ੍ਹਿਆਂ ਦੇ ਸਨ, ਕਵਿਤਾ ਲਿਖ ਰਹੇ ਹਨ। ਤੇਲਗੂ ਸਾਹਿਤ ਅਤੇ ਆਲੋਚਨਾ ਵਿਚ ਉਨ੍ਹਾਂ ਦਾ ਬੜਾ ਨਾਂ-ਥਾਂ ਹੈ ਅਤੇ ਉਨ੍ਹਾਂ 40 ਵਰ੍ਹੇ ਵਿਦਿਆਰਥੀਆਂ ਨੂੰ ਪੜ੍ਹਾਇਆ ਹੈ। ਉਨ੍ਹਾਂ ਦੀਆਂ ਲਿਖਤਾਂ ਭਾਰਤ ਦੀਆਂ ਤਮਾਮ ਭਾਸ਼ਾਵਾਂ ਵਿਚ ਅਨੁਵਾਦ ਹੋਈਆਂ। ਉਹ ਸਮੇਂ-ਸਮੇਂ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਲੇਖਕਾਂ ਬੁੱਧੀਜੀਵੀਆਂ ਨੂੰ ਸੰਬੋਧਤ ਹੁੰਦੇ ਰਹੇ। ਪੰਜਾਬ ਨਾਲ ਉਨ੍ਹਾਂ ਦਾ ਵਿਸ਼ੇਸ਼ ਲਗਾਓ ਰਿਹਾ ਹੈ।



ਵਰਵਰਾ ਰਾਓ

ਵਰਵਰਾ ਰਾਓ ਬੰਬਈ ਦੀ ਤੈਲੂਜਾ ਜੇਲ ਵਿਚ ਬੰਦ ਸੀ, ਹੁਣ ਉਸ ਨੂੰ ਬੰਬਈ ਦੇ ਜੇ.ਜੇ. ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਉਸ ਦੇ ਬ੍ਰੇਨ ਵਿਚ ਸੋਡੀਅਮ ਤੇ ਪੋਟਾਸ਼ੀਅਮ ਦੀ ਘਾਟ ਹੋ ਗਈ ਹੈ ਜਿਸ ਕਾਰਨ ਉਨ੍ਹਾਂ ਦੀ ਮਾਨਸਿਕ ਅਤੇ ਸਰੀਰਕ ਸਮਰੱਥਾ ਬੁਰੀ ਤਰ੍ਹਾਂ ਗੜਬੜਾ ਗਈ ਹੈ।

ਵਰਵਰਾ ਰਾਓ ਸਦਾ ਹੀ ਲੋਕਾਂ ਲਈ ਜੂਝਦੇ ਰਹੇ ਹਨ। ਉਨ੍ਹਾਂ ਨੂੰ ਸਭ ਤੋਂ ਪਹਿਲਾਂ ਅਕਤੂਬਰ 1973 ਵਿਚ 'ਮੀਸਾ' ਤਹਿਤ ਗ੍ਰਿਫਤਾਰ ਕੀਤਾ ਗਿਆ ਪਰ ਹਾਈ ਕੋਰਟ ਦੇ ਦਖਲ ਪਿਛੋਂ ਡੇਢ ਮਹੀਨੇ ਬਾਅਦ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ। ਅਦਾਲਤ ਨੇ ਸਰਕਾਰ ਨੂੰ ਤਾੜ ਕੇ ਕਿਹਾ ਕਿ ਲੇਖਕਾਂ ਨੂੰ ਇਸ ਤਰ੍ਹਾਂ ਤੰਗ-ਪ੍ਰੇਸ਼ਾਨ ਨਾ ਕੀਤਾ ਜਾਵੇ ਪਰ ਸਰਕਾਰ ਨੇ ਕੁਝ ਮਹੀਨਿਆਂ ਬਾਅਦ ਹੀ ਫਿਰ ਵਰਵਰਾ ਰਾਓ ਅਤੇ ਹੋਰ ਨਿਕਲਾਬੀ ਲੇਖਕਾਂ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ ਅਤੇ ਫਿਰ ਮਈ 1974 ਵਿਚ ਸਕੰਦਰਾਬਾਦ ਸਾਜ਼ਿਸ਼ ਕੇਸ ਵਿਚ ਫਸਾ ਲਿਆ। ਇਸ ਕੇਸ ਵਿਚੋਂ ਇਹ ਸਾਰੇ ਬਾਅਦ ਵਿਚ ਫਰਵਰੀ 1989 ਵਿਚ ਬਰੀ ਹੋਏ। ਐਮਰਜੈਂਸੀ ਦੌਰਾਨ ਵੀ ਉਨ੍ਹਾਂ ਗ੍ਰਿਫਤਾਰ ਕੀਤਾ ਗਿਆ।

ਸਾਲ 2001 ਵਿਚ ਉਨ੍ਹਾਂ ਨਕਸਲਵਾਦੀਆਂ ਅਤੇ ਆਂਧਰਾ ਪ੍ਰਦੇਸ਼ ਦੀ ਤੇਲਗੂ ਦੇਸਮ ਸਰਕਾਰ ਵਿਚਕਾਰ ਚੱਲੀ ਗੱਲਬਾਤ ਵਿਚ ਹਿੱਸਾ ਲਿਆ ਅਤੇ ਇਨਕਲਾਬੀਆਂ ਦਾ ਪੱਖ ਰੱਖਿਆ। ਉਸ ਵਕਤ ਉਨ੍ਹਾਂ ਨਾਲ ਮਸ਼ਹੂਰ ਇਨਕਲਾਬੀ ਗਾਇਕ ਗਦਰ ਵੀ ਸੀ। ਉਨ੍ਹਾਂ ਨੇ ਸਦਾ ਹੀ ਅਵਾਮ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ। ਇਸੇ ਕਰ ਕੇ ਹੁਣ ਮੋਦੀ ਸਰਕਾਰ ਉਨ੍ਹਾਂ ਅਤੇ ਉਨ੍ਹਾਂ ਵਰਗੇ ਹੋਰ ਕਾਰਕੁਨਾਂ ਖਿਲਾਫ ਸਖਤੀ ਕਰ ਰਹੀ ਹੈ ਤਾਂ ਕਿ ਵਿਰੋਧ ਦੀ ਹਰ ਆਵਾਜ਼ ਬੰਦ ਕੀਤੀ ਜਾ ਸਕੇ। ਹੋਰ ਤਾਂ ਹੋਰ, ਜੇਲ੍ਹ ਵਿਚ ਉਨ੍ਹਾਂ ਦੀ ਸਿਹਤ ਦਾ ਉਕਾ ਹੀ ਧਿਆਨ ਨਹੀਂ ਰੱਖਿਆ ਜਾ ਰਿਹਾ।



ਪੁਲਿਸ ਹਿਰਾਸਤ ਵਿਚ ਚੜ੍ਹਦੀ ਕਲਾ ਅਤੇ (ਸੱਜੇ) ਹਮਖਿਆਲ ਪ੍ਰੋਫੈਸਰ ਜੀ.ਐਨ. ਸਾਈਬਾਬਾ ਨਾਲ।

# ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 25 ਜੁਲਾਈ 2020 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-439



*ਡੇਰੇ ਸੰਤਾਂ ਦੇ ਪਹੁੰਚੀਆਂ ਬੀਬੀਆਂ ਨੇ,*
*ਘਰੇ ਰਿੜਕੀਆਂ ਲੱਸੀ ਦੀਆਂ ਚਾਟੀਆਂ ਜੀ,*
*ਜਲ ਛਕ ਕੇ ਬਹੁਤ ਅਨੰਦ ਆਇਆ,*
*ਤਾਂਹੀਉਂ ਪੀ ਲਈਆਂ ਦੋ ਦੋ ਬਾਟੀਆਂ ਜੀ!*

## ਕੈਪਸ਼ਨ ਮੁਕਾਬਲਾ-437



ਨਾ ਕੋਈ ਚੱਕੀ ਝੋਂਦੀ ਮਾਈ
ਨਾ ਕੋਈ ਪਾਵੇ ਮਧਾਣੀ,
ਬੀਤੇ ਦੀਆਂ ਹੋਈਆਂ ਨੇ ਗੱਲਾਂ
ਜਾਪੇ ਖਤਮ ਕਹਾਣੀ।
ਤਰੱਕੀ ਨੇ ਹੱਡੀਂ ਪਾਣੀ ਪਾਏ
ਮੁਸ਼ੱਕਤ ਹੋਈ ਪੁਰਾਣੀ,
ਬਿਨਾ ਹੀਲੇ ਤੋਂ ਆਟਾ ਮਿਲਦਾ
ਚੱਕੀ ਹੋਈ ਮਰਜਾਣੀ।
**-ਸੇਵਾ ਸਿੰਘ ਨੂਰਪੁਰੀ**

---

ਮੂੰਹ ਹਨੇਰੇ ਉੱਠ ਸੁਆਣੀ
ਝੋਅ ਲੈਂਦੀ ਸੀ ਨਿੱਤ ਹੀ ਚੱਕੀ,
ਮਿੱਠਾ ਮਿੱਠਾ ਗੁਣਗੁਣਾਉਂਦੀ
ਉਹ ਨਾ ਕਦੇ ਵੀ ਅੱਕੀ ਥੱਕੀ।
ਨਾਲ ਸਮੇਂ ਦੇ ਬਦਲੀਆਂ ਗੱਲਾਂ
ਆਟਾ ਥੈਲੀਆਂ ਦੇ ਵਿਚ ਆਵੇ,
ਹੁਣ ਯਾਦਾਂ ਦੇ ਹੇਰਵੇ ਨੂੰ ਉਹ
ਬੱਸ ਫੋਟੋ ਖਿਚਵਾ ਕੇ ਪੱਠੇ ਪਾਵੇ।
**-ਜਗਮੀਤ ਸਿੰਘ ਪੰਧੇਰ**

---

ਚੱਕੀਏ ਨੀਂ ਚੱਕੀਏ, ਪੁੜਾਂ ਦੀਏ ਪੱਕੀਏ!
ਤੈਨੂੰ ਵਾਹੁੰਦੇ ਨਾ ਕਦੇ ਅਸੀਂ ਅੱਕੀਏ!
ਸਾਡੇ ਪੀਹ ਦੇਵੇਂ ਪੀਸਣੇ ਹਜਾਰ
ਤੂੰ ਥੱਕਦੀ ਨਾ ਕਦੇ ਅਸੀਂ ਥੱਕੀਏ!
ਸੱਚੀ ਕਿਰਤ ਦਾ ਕੋਧਰਾ ਅਹਾਰ
ਤੇਰਾ ਪੀਸਿਆ ਚਾਉ ਨਾਲ ਚੱਖੀਏ!
ਗੁਰੂ ਨਾਨਕ ਜੀ ਦਿਲਾਵੇਂ ਸਾਨੂੰ ਯਾਦ
ਧੁਨ ਬਾਣੀ ਵਿਚ, ਹੌਸਲਾ ਰੱਖੀਏ!
**-ਕਰਮ ਲੁਧਿਆਣਵੀ**

---

ਚੱਕੀ ਝੋਂਦੀਆਂ, ਆਟਾ ਪੀਂਹਦੀਆਂ
ਤੀਜੇ ਪਹਿਰ ਉੱਠਦੀਆਂ ਮਾਈਆਂ।
ਅੱਕੇ-ਥੱਕੇ ਬਿਨ, ਊਰੀ ਵਾਂਗ ਘੁੰਮਦੀਆਂ
ਤਾਜੀਆਂ ਪਕਾਉਂਦੀਆਂ ਰੱਬ ਰਜਾਈਆਂ।
ਬੁੱਢੇ ਵਾਰੇ ਵੀ ਹੱਡ ਸੀ ਚੱਲਦੇ,
ਘਰੀਂ ਬਰਕਤਾਂ ਰਹਿੰਦੀਆਂ ਸੀ ਛਾਈਆਂ।
**-ਦਵਿੰਦਰ ਕੌਰ**

---

ਸਮਾਂ ਹੈ ਚਲਦਾ ਆਪਣੀ ਚਾਲ।
ਕੰਮ, ਢੰਗ ਬਦਲੇ ਸਮੇਂ ਦੇ ਨਾਲ।
ਮਸੀਨਾਂ ਨੇ ਹੱਥ ਵਿਹਲੇ ਕਰ'ਤੇ,
ਚੱਕੀਆਂ ਤੁਰ'ਗੀਆਂ ਦਾਦੀਆਂ ਨਾਲ।
**-ਗੁਰਦੇਵ ਸਿੰਘ ਢਪਾਲੀ, ਬਠਿੰਡਾ**

---

ਭਾਵੇਂ ਮਸ਼ੀਨੀ ਯੁੱਗ ਦਾ ਹਰ ਪਾਸੇ ਜਾਲ।
ਅਸੀਂ ਤਾਂ ਚੱਕੀ ਝੋ ਕੇ ਲੈਣਾ ਟੱਬਰ ਪਾਲ।
ਇਹੀ ਹੈ ਹੱਥੀਂ ਕਿਰਤ ਕਰਨ ਦੀ
ਸਭ ਤੋਂ ਵਧੀਆ ਮਿਸਾਲ।
**-ਇੰਦਰਜੀਤ ਮੰਗਾ, ਪਿਟਸਬਰਗ**

---

ਚੱਕੀ ਝੋਅ-ਝੋਅ ਲੋਹੇ ਵਰਗੀ ਬਣੀ ਬੇਬੇ
ਦੇ ਕੇ ਡੈਮੋ ਪੀਹਣ ਦਾ, ਦਿਖਾਵੇ ਕਲਾਕਾਰੀ।
ਨਵੀਂ ਪੀੜ੍ਹੀ ਬੀ. ਪੀ., ਸ਼ੂਗਰ ਨੇ ਖਾ ਲਈ
ਤਣਾਓ, ਚਿੰਤਾਵਾਂ ਕੀਤਾ ਬੁਰਾ ਹਾਲ।
ਇਲੈਕਟ੍ਰਾਨਿਕ ਮਸ਼ੀਨਰੀ ਨੇ ਵਿਹਲੇ ਕੀਤਾ
ਪਰ ਸਾਡੇ ਘਰੇਲੂ ਦੇਸੀ ਸੰਦ ਸੀ ਕਮਾਲ।
**-ਅਮਰਜੀਤ ਸਿੰਘ ਤੂਰ**

---

ਚੱਕੀ ਪੀਹਣਾ ਖਾਲਾ ਜੀ ਦਾ ਵਾੜਾ ਨਹੀਂ
ਸਿਦਕ, ਸਿਰੜ, ਪੂਰਾ ਜੋਰ ਮੰਗਦਾ।
ਮੰਦ ਰਾਹੀ ਚੱਕੀ ਕਈ ਵੇਰ
ਮੋਠਾ-ਠਿੱਲਾ ਦਲ ਦਿੰਦੀ।
ਪੀਹਣ ਮੰਗਦਾ ਪੂਰੇ ਜੋਰ ਦਾ ਗੇੜਾ।
ਨਹੀਂ ਭੁੱਲ ਸਕਦੇ ਆਪਣੇ ਮਾਂ ਨੂੰ ਹੀ
ਪੁੜਾਂ 'ਚੋਂ ਢੇਰ ਦਾਣੇ ਸੀ ਲੰਘਾ ਦਿੰਦੀ।
ਪੀਪਾ ਦਾਣੇ ਚੁੱਕ ਪੌੜੀਆਂ ਸੀ ਚੜ੍ਹ ਜਾਂਦੀ।
ਹੱਥੀਂ ਕੰਮ ਉਮਰ ਵਧਦੀ
ਸਿਹਤ ਨੌ-ਬਰ-ਨੌ ਰਹਿੰਦੀ।
**-ਦਰਸ਼ਨਪਾਲ ਦੋਸਾਂਝ**

# ਪਰਦੇਸੀਆਂ ਦੀ ਪੀੜਾ


## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080


***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਬੋਲਾਂ ਦੇ ਮੂੰਹ ਵਿਚ ਅਜਿਹੇ ਬੋਲ ਪਾਉਣ ਤੋਂ ਗੁਰੇਜ ਕਰਨ ਦੀ ਸਲਾਹ ਦਿੱਤੀ ਸੀ, ਜਿਨ੍ਹਾਂ ਨਾਲ ਭਾਂਬੜ ਮੱਚਦੇ ਹੋਣ ਜਾਂ ਰਿਸ਼ਤਿਆਂ ਵਿਚ ਤ੍ਰੇੜਾਂ ਪੈਂਦੀਆਂ ਹੋਣ। ਉਨ੍ਹਾਂ ਕਿਹਾ ਸੀ, "ਬੋਲ ਸੰਕੋਚਵੇਂ, ਸੱਚੇ, ਸੁੱਚੇ, ਸੁੰਦਰ, ਸੰਜੀਦਾ ਅਤੇ ਸਪੱਸ਼ਟ ਹੋਣ ਤਾਂ ਇਨ੍ਹਾਂ ਦੇ ਅਰਥਾਂ ਦੀ ਅਸੀਮਤਾ ਤੇ ਡੂੰਘਾਈ, ਸੁਣਨ ਵਾਲੇ ਲਈ ਬੋਲ-ਬਬੀਹਾ ਹੁੰਦੀ, ਜਿਸ ਦੀ ਪੁਕਾਰ ਸੁਣ ਕੇ ਖੁਦਾ ਵੀ ਦ੍ਰਿਸ਼ਟਮਾਨ ਹੋ ਜਾਂਦਾ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਖਦਸ਼ਾ ਪ੍ਰਗਟ ਕੀਤਾ ਹੈ, "ਪਰਦੇਸੀਆਂ ਪ੍ਰਤੀ ਬੇਰੁਖੀ ਨਾਲ ਪੰਜਾਬ ਅਤੇ ਪੰਜਾਬੀਆਂ ਨੂੰ ਵੱਡੇ ਆਰਥਕ ਘਾਟੇ ਦਾ ਸਾਹਮਣਾ ਕਰਨਾ ਪੈ ਸਕਦਾ, ਪਰ ਸਭ ਤੋਂ ਅਹਿਮ ਅਤੇ ਖਤਰਨਾਕ ਹੈ ਭਾਈਚਾਰਕ ਸਾਂਝ ਦਾ ਤਿੜਕਣਾ, ਸਮਾਜਕ ਦਿੱਖ ਦਾ ਧੁੰਦਲਕਾ ਅਤੇ ਮਰਨਹਾਰੀ ਮਾਨਸਿਕਤਾ, ਜਿਸ ਦੀ ਪੂਰਤੀ ਕਦੇ ਵੀ ਨਹੀਂ ਹੋਣੀ।" ਉਹ ਕਹਿੰਦੇ ਹਨ, "ਮਨਾਂ ਵਿਚਲੀਆਂ ਤਰੇੜਾਂ ਦਾ ਦਰਦ, ਇਕ ਰਿਸਦਾ ਫੋੜਾ ਹੁੰਦਾ, ਜੋ ਪਲ ਪਲ ਬੀਤੇ ਦੀ ਯਾਦ ਦਿਵਾਉਂਦਾ, ਸਾਹਾਂ ਨੂੰ ਸੰਤਾਪਦਾ ਰਹਿੰਦਾ। ਪਰਦੇਸੀਆਂ ਨੇ ਇਕ ਸੰਤਾਪ ਤਾਂ ਪਰਵਾਸ ਕਰਨ ਲੱਗਿਆਂ ਹੰਢਾਇਆ ਸੀ, ਪਰ ਹੁਣ ਆਪਣਿਆਂ ਦੀ ਬੇਰੁਖੀ ਦਾ ਸੰਤਾਪ ਤੇ ਸੋਗ, ਸਮਿਆਂ ਨੂੰ ਵੀ ਸੰਤਾਪਣ ਲੱਗ ਪਿਆ ਏ।" -ਸੰਪਾਦਕ***

ਮਨ ਬਹੁਤ ਨਿਰਾਸ਼, ਉਦਾਸ ਤੇ ਹਤਾਸ਼ ਹੈ, ਪਰਦੇਸੀਆਂ ਪ੍ਰਤੀ ਆਪਣਿਆਂ ਦੀ ਬੇਰੁਖੀ, ਬੇਰੁਹਮਤੀ ਤੇ ਬੇਗਾਨਗੀ ਤੋਂ। ਸੋਚਦਾ ਹਾਂ ਕਿ ਪੰਜਾਬੀ ਅਜਿਹੇ ਤਾਂ ਨਹੀਂ ਸਨ। ਕੀ ਇਹ ਅਚਨਚੇਤੀ ਹੀ ਵਾਪਰਿਆ? ਕੀ ਇਹ ਬਦਤਰ ਬਦਲਾਓ ਚਿਰ ਤੋਂ ਹੀ ਉਨ੍ਹਾਂ ਦੇ ਮਨਾਂ ਵਿਚ ਪਨਪ ਰਿਹਾ ਸੀ ਅਤੇ ਕਰੋਨਾ ਦੀ ਆਫਤ ਨੇ ਉਨ੍ਹਾਂ ਦੇ ਅੰਦਰਲੇ ਸਵਾਰਥ ਨੂੰ ਜੱਗ-ਜਾਹਰ ਕਰ ਦਿਤਾ? ਕਿਉਂ ਉਹ ਪੰਜਾਬੀਅਤ ਅਤੇ ਅਮੀਰ ਵਿਰਸੇ ਨੂੰ ਭੁੱਲ ਗਏ? ਕੀ ਇਹ ਆਪ-ਮੁਹਾਰੇ ਸੀ ਜਾਂ ਕਿਸੇ ਸੋਚੀ-ਸਮਝੀ ਸਾਜਿਸ਼ ਦਾ ਹਿੱਸਾ ਸੀ? ਪਰਦੇਸੀਆਂ ਦੇ ਮਨ ਵਿਚ ਬਹੁਤ ਸਾਰੇ ਪ੍ਰਸ਼ਨ ਉਭਰ ਕੇ, ਇਕ ਚਸਕ ਪੈਦਾ ਕਰਦੇ ਨੇ। ਇਨ੍ਹਾਂ ਸਵਾਲਾਂ ਦੀ ਧਰਾਤਲ ਹੈ, ਬੀਤੇ ਦਿਨੀਂ ਸਾਹਮਣੇ ਆਏ ਕੁਝ ਦ੍ਰਿਸ਼।

ਪਹਿਲਾ: ਏਅਰਪੋਰਟ ਤੋਂ ਆਪਣੇ ਪਿੰਡ ਆ ਰਿਹਾ ਪਰਦੇਸੀ ਟੈਕਸੀ ਵਿਚ ਇਕ ਗਾਣਾ ਸੁਣਦਾ ਹੈ, ਜਿਸ ਵਿਚ ਪੰਜਾਬ ਵਿਚਲੀ ਕਰੋਨਾ ਮਹਾਮਾਰੀ ਦਾ ਕਸੂਰਵਾਰ, ਵਿਦੇਸ਼ ਤੋਂ ਆਏ ਇਕ ਵਿਅਕਤੀ ਵਿਸ਼ੇਸ਼ ਨੂੰ ਠਹਿਰਾਇਆ ਜਾ ਰਿਹਾ ਏ। ਬਿਨਾ ਕਿਸੇ ਕਸੂਰ ਤੋਂ ਖੁਦ ਨੂੰ ਦੋਸ਼ੀ ਸਮਝਣ ਲੱਗ ਪੈਂਦਾ ਏ, ਆਪਣੇ ਪਿੰਡ ਜਾ ਰਿਹਾ ਪਰਦੇਸੀ।

ਦੂਜਾ: ਪਿੰਡ ਵੜਨ ਲੱਗਿਆਂ ਪਰਦੇਸੀ ਦੇਖਦਾ ਹੈ ਕਿ ਉਸ ਵਲੋਂ ਆਪਣੇ ਬਾਪ ਦੀ ਯਾਦ ਵਿਚ ਉਸਾਰੇ ਗੇਟ 'ਤੇ ਪਿੰਡ ਦੇ ਚੌਬਰਾਂ ਨੇ ਨਾਕਾ ਲਾਇਆ ਏ। ਉਸ ਦੀ ਆਓ-ਭਗਤ ਕਰਨ ਵਾਲੇ ਹੀ ਉਸ ਨੂੰ ਪਿੰਡ ਵਿਚ ਵੜਨ ਤੋਂ ਵਰਜਦੇ ਨੇ। ਇਹ ਕੇਹੀ ਗਲਤ ਧਾਰਨਾ ਫੈਲਾ ਦਿਤੀ ਗਈ ਕਿ ਵਿਦੇਸ਼ ਤੋਂ ਆਉਣ ਵਾਲਾ ਹਰ ਵਿਅਕਤੀ ਹੀ ਕਰੋਨਾ ਲੈ ਕੇ ਪਿੰਡ ਵਿਚ ਆ ਰਿਹਾ ਏ। ਉਸ ਦਾ ਪਿੰਡ ਵਿਚ ਦਾਖਲਾ ਹੀ ਵਰਜਿੱਤ ਕਰ ਦਿਤਾ ਜਾਂਦਾ ਏ। ਕੁਝ ਸਿਆਣੇ ਉਸ ਨੂੰ ਇਸ ਸ਼ਰਤ 'ਤੇ ਪਿੰਡ ਵੜਨ ਦਿੰਦੇ ਨੇ ਕਿ ਉਹ ਆਪਣੇ ਘਰ ਤੋਂ ਬਾਹਰ ਨਹੀਂ ਨਿਕਲੇਗਾ ਅਤੇ ਕਿਸੇ ਨੂੰ ਨਹੀਂ ਮਿਲੇਗਾ। ਆਪਣਿਆਂ ਨੂੰ ਮਿਲਣ ਆਏ 'ਤੇ ਇਹ ਕੇਹੀਆਂ ਪਾਬੰਦੀਆਂ ਲਾ ਦਿੱਤੀਆਂ ਗਈਆਂ ਕਿ ਉਹ ਆਪਣੇ ਪਿੰਡ ਤੇ ਘਰ ਵਿਚ ਹੀ ਕੈਦ ਹੋ ਗਿਆ। ਇਸ ਦੇ ਕੀ ਅਰਥ ਨੇ, ਕਦੇ ਉਸ ਦੇ ਆਪਣਿਆਂ ਨੇ ਪਰਦੇਸੀ ਨੂੰ ਪੁੱਛਣ ਦੀ ਕੋਸ਼ਿਸ਼ ਹੀ ਨਹੀਂ ਕੀਤੀ, ਜੋ ਕਦੇ ਉਸ ਦੇ ਸਾਹੀਂ ਜਿਉਣ ਦਾ ਦਮ ਭਰਦੇ ਸਨ। ਕੁਝ ਤਾਂ ਉਹਦੀਆਂ ਰਹਿਮਤਾਂ ਵੀ ਮਾਣਦੇ ਸਨ।

ਤੀਜਾ: ਪਰਵਾਸੀ ਪਰਿਵਾਰ ਕਈ ਦਿਨਾਂ ਤੋਂ ਆਪਣੇ ਘਰ ਵਿਚ ਨਜ਼ਰਬੰਦ ਏ। ਭਾਈਚਾਰੇ, ਸਮਾਜ ਜਾਂ ਸਰਕਾਰ ਨੂੰ ਉਸ ਦੇ ਖਾਣ-ਪੀਣ ਜਾਂ ਸਹੂਲਤਾਂ ਦੀ ਕੋਈ ਪ੍ਰਵਾਹ ਨਹੀਂ। ਉਹ ਭੁੱਖਣ-ਭਾਣਾ, ਮਿੰਨਤਾਂ ਤਰਲਿਆਂ ਨਾਲ ਮਿਲਦੀ ਰੋਟੀ ਲਈ 'ਆਪਣਿਆਂ' ਦੇ ਰਹਿਮ 'ਤੇ ਹੈ, ਜਿਨ੍ਹਾਂ ਲਈ ਕਦੇ ਉਹ ਰੋਟੀ ਦਾ ਸਬੱਬ ਬਣਿਆ ਸੀ। ਹੁਣ ਅਛੂਤ ਬਣ ਗਿਆ ਹੈ ਉਨ੍ਹਾਂ ਲਈ, ਜਿਨ੍ਹਾਂ ਨਾਲ ਖੂਨ ਦੇ ਰਿਸ਼ਤੇ ਸਨ ਅਤੇ ਸ਼ਰਾਬ ਤੇ ਕਬਾਬ ਦੀ ਸਾਂਝ ਵੀ ਹੁੰਦੀ ਸੀ।

ਚੌਥਾ: ਪੰਜਾਬੀ ਅਦਬ ਨੂੰ ਪਿਆਰ ਕਰਨ ਵਾਲਾ ਅਤੇ ਇਸ ਦੀ ਪ੍ਰਫੁਲਤਾ ਨੂੰ ਜੀਵਨ-ਅਕੀਦਾ ਮੰਨਣ ਵਾਲਾ ਪਰਦੇਸ ਵਿਚ ਰਹਿੰਦਾ ਅਦੀਬ ਆਪਣੇ ਨਜ਼ਦੀਕੀ ਰਿਸ਼ਤੇਦਾਰ ਨੂੰ ਮਿਲਣ ਵਾਸਤੇ ਉਸ ਦੇ ਪਿੰਡ ਜਾਂਦਾ ਏ। ਮਿਲ ਕੇ ਖੁਸ਼ ਹੋਣ ਅਤੇ ਅਪਣੱਤ ਨਾਲ ਨਿਵਾਜਣ ਵਾਲਿਆਂ ਦਾ ਰੁੱਖਾ ਵਰਤਾਓ, ਬੇਰੁਖੀ ਅਤੇ ਘ੍ਰਿਣਤ ਵਤੀਰਾ ਦੇਖ ਕੇ ਉਹ ਅਦਬੀ ਸ਼ਖਸ਼ ਦਹਿਲ ਜਾਂਦਾ ਏ। ਇਸ ਸ਼ਰਮਨਾਕ ਤਬਦੀਲੀ ਕਾਰਨ ਅੰਦਰੋਂ ਛਿੱਲਿਆ ਤੇ ਹਿਲਿਆ, ਆਪਣੇ ਘਰ ਪਰਤਦਾ ਹੈ। ਉਸ ਦੇ ਵਿਚਾਰ ਵਿਯੋਗੇ ਗਏ ਕਿ ਇਹ ਕਿਵੇਂ ਅਤੇ ਕਿਉਂ ਹੋਇਆ?

ਹੋਰ ਵੀ ਬਹੁਤ ਸਾਰੇ ਦ੍ਰਿਸ਼ਟਾਂਤ ਸੋਚਾਂ ਵਿਚ ਤਰਦੇ ਨੇ, ਜਿਨ੍ਹਾਂ ਕਾਰਨ ਮਨ ਬਹੁਤ ਉਚਾਟ ਏ। ਇਹ ਕੇਹਾ ਘਿਨੌਣਾ ਸੱਚ ਉਜਗਾਰ ਹੋਇਆ ਏ ਕਿ ਹੁਣ ਪਰਦੇਸੀ ਇਸ ਸੱਚ ਦਾ ਸਾਹਮਣਾ ਕਰਨ ਤੋਂ ਖੌਫ ਖਾਂਦੇ ਨੇ। ਅਜਿਹਾ ਸੱਚ, ਜਿਸ ਨੇ ਪੰਜਾਬੀਆਂ ਦੀ ਭਾਈਚਾਰਕ ਸਾਂਝ, ਰਿਸ਼ਤੇਦਾਰੀਆਂ, ਸਬੰਧਾਂ, ਸੱਜਣਾਂ, ਸਕਿਆਂ ਅਤੇ ਸਾਂਝਾਂ 'ਤੇ ਵੱਡਾ ਪ੍ਰਸ਼ਨ ਚਿੰਨ ਲਾ ਦਿਤਾ ਏ। ਇਹ ਕਿਉਂ, ਕਿੰਜ ਅਤੇ ਕਿਸ ਨੇ ਕੀਤਾ? ਕੀ ਇਹ ਸਭ ਕੁਝ ਪੰਜਾਬ ਅਤੇ ਪੰਜਾਬੀਅਤ ਦੇ ਹਿੱਤ ਵਿਚ ਸੀ? ਇਸ ਵਰਤਾਰੇ ਨਾਲ ਪਰਦੇਸੀਆਂ ਦੇ ਮਨਾਂ 'ਤੇ ਕਿੰਨੇ ਡੂੰਘੇ ਜ਼ਖਮ ਹੋਏ? ਉਨ੍ਹਾਂ ਦੇ ਦਿਲਾਂ ਵਿਚ ਆਪਣੇ ਪੰਜਾਬ ਪ੍ਰਤੀ ਕਿਸ ਤਰ੍ਹਾਂ ਦੀ ਬੇਰਸੀ ਤੇ ਬੇਗਾਨਗੀ ਪੈਦਾ ਹੋਈ, ਇਸ ਬਾਰੇ ਕਿਸੇ ਨੂੰ ਖਿਆਲ ਹੈ? ਕੀ ਕਿਸੇ ਸਮਾਜਕ ਅਦਾਰੇ, ਸਰਕਾਰੀ ਤੰਤਰ ਜਾਂ ਸਵੈ-ਸੇਵੀ ਸੰਸਥਾਵਾਂ ਨੇ ਇਸ ਘਟਨਾਕ੍ਰਮ ਪ੍ਰਤੀ ਸੰਵੇਦਨਾ ਪ੍ਰਗਟਾਈ ਏ? ਕੀ ਇਸ ਨੂੰ ਮੁਖਾਤਬ ਹੋਣ ਦੀ ਕਿਸੇ ਵਿਚ ਜੁਰਅਤ ਹੈ? ਕੀ ਇਸ ਨੂੰ ਰਾਜਨੀਤਕ ਤੌਰ 'ਤੇ ਜਾਣ-ਬੁੱਝ ਕੇ ਸ਼ੋਸ਼ਲ ਮੀਡੀਆ ਰਾਹੀਂ ਫੈਲਣ ਦਿਤਾ ਗਿਆ ਤਾਂ ਕਿ ਪਰਦੇਸੀਆਂ ਨੂੰ ਪੰਜਾਬ ਪ੍ਰਤੀ ਉਚਾਟ ਕੀਤਾ ਜਾਵੇ? ਕੀ ਇਹ ਵਰਤਾਰਾ ਪੰਜਾਬੀਆਂ ਦੀ ਨਵੀਂ ਆਦਤ ਏ ਜਾਂ ਪੰਜਾਬੀ ਕਿਸੇ ਗਿਣੀ-ਮਿੱਥੀ ਸਾਜਿਸ਼ ਦਾ ਸ਼ਿਕਾਰ ਹੋ ਗਏ ਨੇ? ਇਸ ਨਾਲ ਕਿਹੜੇ ਸਰੋਕਾਰਾਂ ਅਤੇ ਮੰਤਵਾਂ ਦੀ ਪੂਰਤੀ ਕੀਤੀ ਗਈ? ਬਹੁਤ ਸਾਰੀਆਂ ਗਲਤ ਧਾਰਨਾਵਾਂ ਪਰਦੇਸੀਆਂ ਦੇ ਮਨਾਂ ਵਿਚ ਪੈਦਾ ਹੋ ਰਹੀਆਂ ਨੇ, ਜਿਨ੍ਹਾਂ ਦਾ ਜਵਾਬ ਪੰਜਾਬ ਵਿਚ ਵੱਸਦੇ ਪੰਜਾਬੀਆਂ ਨੂੰ ਹੀ ਦੇਣਾ ਪੈਣਾ।

ਪਰਦੇਸੀਆਂ ਪ੍ਰਤੀ ਇਸ ਬੇਰੁਖੀ ਦੀ ਰਹਿਤਲ ਵਿਚ ਬਹੁਤ ਕੁਝ ਪਿਆ ਏ, ਜਿਸ ਦਾ ਖਮਿਆਜ਼ਾ ਪੰਜਾਬ ਨੂੰ ਆਉਣ ਵਾਲੇ ਸਮੇਂ ਵਿਚ ਭੁਗਤਣਾ ਪੈ ਸਕਦਾ। ਬਹੁਤ ਸਾਰੇ ਪੱਖ ਹਨ, ਜਿਨ੍ਹਾਂ ਨੂੰ ਵਿਚਾਰਨ ਅਤੇ ਇਨ੍ਹਾਂ ਵਿਚੋਂ ਕੁਝ ਸੁਚਾਰੂ, ਸੰਵੇਦਨਾ ਭਰਪੂਰ ਤੇ ਸਾਰਥਕ ਕਰਨ ਦੀ ਅਤਿਅੰਤ ਲੋੜ ਹੈ ਤਾਂ ਕਿ ਪਰਦੇਸੀਆਂ ਦੇ ਮਨਾਂ ਦੇ ਤੌਖਲਿਆਂ ਨੂੰ ਦੂਰ ਕੀਤਾ ਜਾ ਸਕੇ।

ਅਜੋਕੀ ਤ੍ਰਾਸਦੀ ਨੇ ਇਹ ਦਰਸਾ ਦਿਤਾ ਕਿ ਪੰਜਾਬੀਆਂ ਦੀ ਭਾਈਚਾਰਕ ਸਾਂਝ ਕਿੰਨੀ ਹੀਣੀ, ਸਵਾਰਥੀ ਅਤੇ ਕਮਜ਼ੋਰ ਹੈ ਕਿ ਉਹ ਨਿੱਜੀ ਮੁਫਾਦ ਖਾਤਰ ਇਸ ਨੂੰ ਤੋੜਨ ਲੱਗਿਆਂ ਦੇਰ ਨਹੀਂ ਲਾਉਂਦੇ। ਇਹ ਸਾਂਝ ਪਹਿਲਾਂ ਆਪਣਿਆਂ ਨੇ ਤੋੜੀ, ਫਿਰ ਸਮਾਜ ਨੇ ਅਤੇ ਆਖਰ ਨੂੰ ਸਰਕਾਰ ਨੇ। ਕਿਸੇ ਨੇ ਇਸ ਨੂੰ ਜੋੜਨ ਤੇ ਮਜ਼ਬੂਤ ਕਰਨ ਵੰਨੀਂ ਕੋਈ ਕਦਮ ਨਹੀਂ ਉਠਾਇਆ। ਪਰਦੇਸੀ ਆਪਣੇ ਘਰਾਂ ਨੂੰ ਪਰਤਦੇ ਸਨ, ਜੜ੍ਹਾਂ ਨਾਲ ਜੁੜਨ, ਭਾਈਚਾਰਕ ਸਾਂਝ ਨੂੰ ਪ੍ਰਫੁਲਤ ਕਰਨ ਅਤੇ ਮਿੱਟੀ ਦੀ ਮਹਿਕ ਨੂੰ ਸਾਹਾਂ ਵਿਚ ਵਸਾਉਣ। ਹਰੇਕ ਪਰਦੇਸੀ ਦੇ ਮਨ ਵਿਚ ਆਪਣੇ ਪਿੰਡ ਦੇ ਵਿਕਾਸ ਦੀ ਚਾਹਨਾ ਹੁੰਦੀ ਸੀ। ਉਨ੍ਹਾਂ ਨੇ ਆਪੋ-ਆਪਣੇ ਪਿੰਡਾਂ ਵਿਚ ਜਿੰਮ ਤੇ ਲਾਇਬਰੇਰੀਆਂ ਬਣਾਈਆਂ, ਖੇਡ ਮੈਦਾਨ ਬਣਾਏ, ਸਕੂਲਾਂ ਨੂੰ ਨਵੀਂ ਦਿੱਖ ਦਿੱਤੀ, ਸਟਰੀਟ ਲਾਈਟਾਂ ਲਵਾਈਆਂ, ਸੀਵਰੇਜ਼ ਸਿਸਟਮ, ਸ਼ਮਸ਼ਾਨ ਘਾਟ, ਮੁਰਦਾਘਰ ਬਣਾਏ, ਹੁਸ਼ਿਆਰ ਤੇ ਗਰੀਬ ਵਿਦਿਆਰਥੀਆਂ ਦੀਆਂ ਫੀਸਾਂ ਤੇ ਵਰਦੀਆਂ ਲਈ ਦਿਲ ਖੋਲ੍ਹ ਕੇ ਦਾਨ ਦਿਤਾ। ਪਰਦੇਸੀਆਂ ਨੇ ਪੰਜਾਬ ਦੇ ਪਿੰਡਾਂ ਦੇ ਸੁਧਾਰ ਲਈ ਕਰੋੜਾਂ ਰੁਪਏ ਖਰਚੇ। ਇਹ ਪਰਦੇਸੀ ਹੀ ਹਨ, ਜੋ ਹਰ ਸਾਲ ਪਿੰਡਾਂ ਵਿਚ ਮੈਡੀਕਲ ਕੈਂਪ, ਖੇਡ ਮੇਲੇ, ਗਰੀਬ ਕੁੜੀਆਂ ਦੇ ਵਿਆਹ ਆਦਿ ਸਮਾਜ ਭਲਾਈ ਦੇ ਕਾਰਜ ਆਯੋਜਿਤ ਕਰਦੇ, ਕਿਉਂਕਿ ਉਨ੍ਹਾਂ ਦੇ ਮਨਾਂ ਵਿਚ ਆਪਣੇ ਇਲਾਕੇ ਦੀ ਪ੍ਰਫੁਲਤਾ ਦਾ ਚਾਅ ਹੁੰਦਾ ਸੀ। ਅੰਦਾਜ਼ਾ ਲਾਓ ਕਿ ਅਜਿਹੇ ਸਮਾਜ ਭਲਾਈ ਦੇ ਕਾਰਜਾਂ ਵਿਚ ਕਿੰਨਾ ਧਨ ਪਰਦੇਸੀ ਲਾਉਂਦੇ ਸਨ? ਕੀ ਹੁਣ ਉਹ ਅਜਿਹਾ ਕਰਨ ਵਿਚ ਰੁਚੀ ਦਿਖਾਉਣਗੇ, ਸ਼ੱਕ ਹੈ?

ਪਰਦੇਸੀਆਂ ਦੀਆਂ ਜ਼ਮੀਨਾਂ-ਜਾਇਦਾਦਾਂ ਅਕਸਰ ਉਨ੍ਹਾਂ ਦੇ ਆਪਣੇ ਹੀ ਸਾਂਭਦੇ ਸਨ। ਜ਼ਮੀਨ ਦਾ ਠੇਕਾ ਆਦਿ ਵੀ ਕਦੇ ਕਦਾਈਂ ਹੀ ਲੈਂਦੇ ਸਨ। ਇਸ ਬੇਰੁਖੀ ਕਾਰਨ ਪਰਦੇਸੀ ਆਪਣੀਆਂ ਜਮੀਨਾਂ-ਜਾਇਦਾਦਾਂ ਬਹੁਤ ਜਲਦੀ ਵੇਚਣਗੇ। ਇਸ ਨਾਲ ਭਾਅ ਹੋਰ ਡਿੱਗਣਗੇ ਅਤੇ ਉਹ ਰੂਹ ਨਾਲ ਬਣਾਇਆ ਸਭ ਕੁਝ ਕੌਡੀਆਂ ਦੇ ਭਾਅ ਵੇਚ ਕੇ ਪੰਜਾਬ ਨਾਲੋਂ ਸਦਾ ਲਈ ਨਾਤਾ ਤੋੜ ਲੈਣਗੇ। ਵੱਡਾ ਆਰਥਕ ਨੁਕਸਾਨ ਪਰਦੇਸੀਆਂ ਨੂੰ ਝੱਲਣਾ ਪਵੇਗਾ। ਜਮੀਨਾਂ ਹੁਣ ਪੰਜਾਬੀਆਂ ਦੇ ਹੱਥੋਂ ਖੁੱਸ ਕੇ ਵੱਡੇ ਜਿਮੀਂਦਾਰਾਂ ਜਾਂ ਵਪਾਰਕ ਘਰਾਣਿਆਂ ਕੋਲ ਚਲੇ ਜਾਣਗੀਆਂ ਅਤੇ ਪੰਜਾਬੀ, ਮਾਲਕ ਤੋਂ ਮੁਜਾਰੇ ਬਣ ਜਾਣਗੇ। ਕਿੰਨਾ ਘਾਟਾ ਪਵੇਗਾ ਪਰਦੇਸੀਆਂ ਪ੍ਰਤੀ ਬੇਸਮਝੀ ਨਾਲ ਕੀਤੇ ਦੁਰਵਿਹਾਰ ਦਾ? ਹੁਣ ਪਰਦੇਸੀ ਪਿੰਡਾਂ ਵਿਚ ਕੋਠੀਆਂ ਨਹੀਂ ਪਾਉਣਗੇ, ਜਿਸ ਕਾਰਨ ਕਿੰਨੇ ਕਾਮੇ ਵਿਹਲੇ ਹੋ ਜਾਣਗੇ? ਕਿੰਨੇ ਕਰੋੜਾਂ ਰੁਪਿਆ ਪੰਜਾਬ ਵਿਚ ਨਹੀਂ ਖਰਚਿਆ ਜਾਵੇਗਾ? ਅੰਦਾਜ਼ਾ ਲਾਓ। ਪੰਜਾਬ ਦੀ ਆਰਥਕਤਾ ਨੂੰ ਹੁਲਾਰਾ ਦੇਣ ਵਾਲੇ ਹਜਾਰਾਂ ਕਰੋੜ ਰੁਪਏ ਹੁਣ ਪੰਜਾਬ ਵਿਚ ਨਹੀਂ ਆਉਣਗੇ।

ਪਰਦੇਸੀ ਹਰ ਸਾਲ ਵੱਡੀ ਗਿਣਤੀ ਵਿਚ ਆਪਣੇ ਵਤਨ ਪਰਤਦੇ ਨੇ ਅਤੇ ਉਹ ਖੁੱਲ ਕੇ ਖਰਚ ਕਰਦੇ ਨੇ ਆਪਣਿਆਂ 'ਤੇ, ਆਪਣਿਆਂ ਲਈ ਅਤੇ ਆਪਣਿਆਂ ਦੀ ਬਿਹਤਰੀ ਲਈ। ਜੇ 50 ਹਜਾਰ ਪਰਦੇਸੀ ਹਰ ਸਾਲ ਪੰਜਾਬ ਵਿਚ ਆਵੇ ਅਤੇ ਹਰੇਕ ਸਿਰਫ 50 ਹਜਾਰ ਹੀ ਖਰਚੇ ਤਾਂ ਇਹ 250 ਕਰੋੜ ਬਣਦੇ ਨੇ। ਇਹ ਰਾਸ਼ੀ ਆਉਣ ਵਾਲੇ ਸਮੇਂ ਵਿਚ ਜਰੂਰ ਘਟੇਗੀ, ਕਿਉਂਕਿ ਹੁਣ ਪਰਦੇਸੀ ਪੰਜਾਬ ਵਿਚ ਪਰਤਣ ਤੋਂ ਡਰਨਗੇ। ਉਨ੍ਹਾਂ ਦੇ ਮਨਾਂ ਵਿਚ ਤੌਖਲਾ ਹੋਵੇਗਾ ਕਿ ਪਤਾ ਨਹੀਂ ਕੀ ਦਾ ਕੀ ਹੋ ਜਾਵੇ? ਕੌਣ ਏ ਇਸ ਦਾ ਕਸੂਰਵਾਰ? ਕੀ ਕੋਈ ਪਿੰਡ ਦਾ ਚੌਧਰੀ ਇਸ ਦੀ ਜ਼ਿੰਮੇਵਾਰੀ ਲਵੇਗਾ?



ਪਰਦੇਸੀਆਂ ਨੂੰ ਚਾਅ ਹੁੰਦਾ ਸੀ ਕਿ ਉਹ ਆਪਣੇ ਜਵਾਨ ਬੱਚਿਆਂ ਦਾ ਰਿਸ਼ਤਾ ਪੰਜਾਬ ਵਿਚ ਕਰਨ ਤਾਂ ਕਿ ਨਵੀਂ ਪੀੜ੍ਹੀ ਆਪਣੀ ਮਿੱਟੀ ਨਾਲ ਜੁੜੀ ਰਹੇ, ਪਰ ਹੁਣ ਅਜਿਹਾ ਨਹੀਂ ਹੋਣਾ ਅਤੇ ਪਰਦੇਸੀ ਪੰਜਾਬ ਵਿਚ ਆਪਣੇ ਬੱਚਿਆਂ ਨੂੰ ਵਿਆਹੁਣ ਤੋਂ ਤੌਬਾ ਕਰਗੇ। ਬਹੁਤ ਸਾਰੇ ਪਰਦੇਸੀਆਂ ਨੇ ਪਰਦੇਸਾਂ ਵਿਚ ਵੱਸਦੇ ਬੱਚਿਆਂ ਦੇ ਵਿਆਹ ਪੰਜਾਬ ਵਿਚ ਨਿਰਧਾਰਤ ਕੀਤੇ ਸਨ ਕਿ ਚੱਲੋ! ਵਿਆਹ ਦੇ ਬਹਾਨੇ, ਪਰਦੇਸ ਵਿਚ ਪ੍ਰਵਾਨ ਚੜ੍ਹੇ ਬੱਚੇ ਪੰਜਾਬ ਜਾ ਆਉਣਗੇ। ਉਨ੍ਹਾਂ ਹੁਣ ਪੰਜਾਬ ਵਿਚਲੇ ਵਿਆਹ ਕੈਂਸਲ ਕਰਕੇ ਵਿਦੇਸ਼ ਵਿਚ ਹੀ ਵਿਆਹ ਕਾਰਜ ਸੰਪੂਰਨ ਕਰਨ ਦਾ ਮਨ ਬਣਾ ਲਿਆ ਏ। ਇਕ ਵਿਆਹ 'ਤੇ ਲੱਖਾਂ ਰੁਪਏ ਖਰਚ ਕਰਨ ਵਾਲੇ ਪਰਦੇਸੀਆਂ ਦੀ ਬੇਰੁਖੀ ਦਾ ਘਾਟਾ ਮੈਰਿਜ ਪੈਲੇਸਾਂ ਅਤੇ ਵਿਆਹ ਨਾਲ ਜੁੱੜੇ ਵੱਖ-ਵੱਖ ਆਮ ਵਿਅਕਤੀਆਂ ਨੂੰ ਜ਼ਰਨਾ ਪਵੇਗਾ। ਜੇ ਅਸੀਂ ਹਰ ਸਾਲ ਪਰਦੇਸੀਆਂ ਦੇ 1000 ਵਿਆਹ ਮੰਨ ਲਈਏ ਅਤੇ ਇਕ ਵਿਆਹ ਦਾ ਖਰਚਾ 50 ਲੱਖ ਹੋਵੇ ਤਾਂ 500 ਕਰੋੜ ਰੁਪਿਆ ਹੁਣ ਪੰਜਾਬ ਵਿਚ ਖਰਚ ਨਹੀਂ ਹੋਵੇਗਾ! ਵਿਆਹ ਕਰਵਾ ਕੇ ਪਰਦੇਸ ਵਿਚ ਵੱਸਣ ਵਾਲੇ ਪੰਜਾਬੀ ਬੱਚਿਆਂ ਦੇ ਟੁੱਟੇ ਹੋਏ ਸੁਪਨਿਆਂ ਦੀ ਪੀੜਾ ਲਈ ਉਨ੍ਹਾਂ ਦੇ ਹੀ ਮਾਪੇ ਜ਼ਿੰਮੇਵਾਰ ਹੋਣਗੇ।

ਮਨ ਬਹੁਤ ਪੀੜਤ ਏ ਕਿ ਪਰਦੇਸੀਆਂ ਦੇ ਸਿਰ 'ਤੇ ਦੌਲਤ-ਸ਼ੁਹਰਤ ਕਮਾਉਣ ਵਾਲੇ ਪੰਜਾਬੀ ਗਾਇਕਾਂ ਦੀ ਕੇਹੀ ਮਾਨਸਿਕਤਾ ਬਣ ਗਈ ਕਿ ਜਦ ਇਕ ਗਾਇਕ (ਜਿਸ 'ਤੇ ਪੰਜਾਬ ਦੀ ਪੁਲਿਸ ਵਲੋਂ ਐਫ. ਆਈ. ਆਰ. ਵੀ ਦਰਜ ਹੈ ਅਤੇ ਗੈਰ-ਜਮਾਨਤੀ ਵਰੰਟ ਵੀ ਹਨ) ਵਲੋਂ ਪਰਦੇਸੀਆਂ ਪ੍ਰਤੀ ਘ੍ਰਿਣਾ ਪੈਦਾ ਕਰਦਾ ਗੀਤ ਗਾਇਆ ਗਿਆ ਤਾਂ ਬਾਕੀ ਗਾਇਕ (ਕੁਝ ਇਕ ਨੂੰ ਛੱਡ ਕੇ, ਜੋ ਆਪਣੀ ਬੇਬਾਕੀ ਅਤੇ ਸੱਚ ਕਹਿਣ ਲਈ ਜਾਣੇ ਜਾਂਦੇ ਨੇ) ਖਾਮੋਸ਼ ਹੀ ਰਹੇ। ਇਸ ਦੀ ਤਹਿ ਵਿਚ ਕੀ ਸੀ, ਸੋਚਣ ਅਤੇ ਸਮਝਣ ਦੀ ਲੋੜ ਹੈ? ਉਨ੍ਹਾਂ ਗਾਇਕਾਂ ਨੂੰ ਸ਼ਾਇਦ ਯਾਦ ਹੀ ਨਹੀਂ ਰਿਹਾ ਕਿ ਉਨ੍ਹਾਂ ਦੇ ਅਖਾੜਿਆਂ/ਮੇਲਿਆਂ ਦੇ ਸਭ ਤੋਂ ਵੱਡੇ ਸਪਾਂਸਰ ਪਰਦੇਸੀ ਹੀ ਹਨ। ਕੀ ਹੁਣ ਉਹ ਅਜਿਹੇ ਦੋਗਲੇ ਗਾਇਕਾਂ ਨੂੰ ਮੂੰਹ ਨਹੀਂ ਲਾਉਣਗੇ? ਉਹ ਕਿਹੜਾ ਮੂੰਹ ਲੈ ਕੇ ਵਿਦੇਸ਼ਾਂ ਵਿਚ ਪ੍ਰੋਗਰਾਮ ਕਰਨ ਆਉਣਗੇ? ਅਫਸੋਸ ਤਾਂ ਇਸ ਗੱਲ ਦਾ ਹੈ ਕਿ ਬਹੁਤ ਸਾਰੇ ਗਾਇਕ ਖੁਦ ਪਰਦੇਸੀ ਹਨ, ਪਰ ਉਨ੍ਹਾਂ ਨੇ ਵੀ ਮੂੰਹਾਂ ਵਿਚ ਘੁੰਘਣੀਆਂ ਪਾ ਲਈਆਂ। ਪੰਜਾਬ ਕੰਗਾਲ ਤਾਂ ਹੋ ਹੀ ਰਿਹਾ ਏ, ਪਰ ਪਰਦੇਸੀਆਂ ਪ੍ਰਤੀ ਬੇਰੁਖੀ, ਕੰਗਾਲੀ ਦੀ ਰਫਤਾਰ ਨੂੰ ਹੋਰ ਤੇਜ ਕਰੇਗੀ। ਪਰਦੇਸੀ ਤਾਂ ਪਹਿਲਾਂ ਹੀ ਪੰਜਾਬ ਵਿਚ ਧਨ ਲਾਉਣ ਜਾਂ ਬਿਜਨਸ ਸਥਾਪਤ ਪ੍ਰਤੀ ਕਰਨ ਨਿਰ-ਉਤਸ਼ਾਹਤ ਸਨ। ਇਸ ਸੰਭਾਵਨਾ ਨੂੰ ਖਤਮ ਕਰਨ ਦਾ ਸਾਧਨ ਬਣ ਗਿਆ ਏ ਸਰਕਾਰ ਤੇ ਸਮਾਜ ਦਾ ਅਜੋਕਾ ਗੈਰ-ਜ਼ਿੰਮੇਵਾਰਨਾ ਵਤੀਰਾ ਅਤੇ ਅਵੇਸਲਾਪਣ।

ਪਰਦੇਸੀਆਂ ਦਾ ਉਨ੍ਹਾਂ ਪੰਜਾਬੀਆਂ ਨੂੰ ਵੀ ਇਕ ਪ੍ਰਸ਼ਨ ਹੈ, ਜੋ ਆਪਣੇ ਬੱਚਿਆਂ ਨੂੰ ਵਿਦੇਸ਼ਾਂ ਵਿਚ ਭੇਜਣ ਲਈ ਹੁਣ ਹਰ ਹੀਲਾ ਵਰਤ ਰਹੇ ਨੇ। ਕੀ ਉਹ ਆਪਣੇ ਵਿਦੇਸ਼ ਜਾਣ ਵਾਲੇ ਬੱਚਿਆਂ ਨਾਲ ਵੀ ਉਹੀ ਵਰਤਾਓ ਕਰਨਗੇ, ਜਦ ਉਹ ਪ੍ਰਦੇਸ ਤੋਂ ਪਰਤਣਗੇ, ਜੋ ਉਨ੍ਹਾਂ ਨੇ ਪਰਦੇਸੀਆਂ ਨਾਲ ਕੀਤਾ ਏ? ਕੀ ਉਹ ਇਹ ਜ਼ਰ ਸਕਣਗੇ ਕਿ ਉਨ੍ਹਾਂ ਦੀਆਂ ਆਂਦਰਾਂ ਨੂੰ ਬੇਗਾਨਗੀ ਅਤੇ ਬੇਗੈਰਤਾ ਕਾਰਨ ਮਾਨਸਿਕ ਪੀੜਾ ਵਿਚੋਂ ਗੁਜਰਨਾ ਪਵੇ? ਕੀ ਉਨ੍ਹਾਂ ਨੇ ਖੁਦ ਨੂੰ ਅਜਿਹੀ ਸਥਿਤੀ ਵਿਚ ਮਹਿਸੂਸ ਕਰਕੇ, ਕਦੇ ਅਹਿਸਾਸ ਕੀਤਾ ਏ ਕਿ ਉਨ੍ਹਾਂ ਨੇ ਆਪਣਿਆਂ ਨਾਲ ਕੀ ਦਾ ਕੀ ਕਰ ਦਿੱਤਾ? ਕੀ ਉਨ੍ਹਾਂ ਦੇ ਮਨ ਵਿਚ ਆਪਣੇ ਕੀਤੇ ਦਾ ਅਫਸੋਸ ਏ? ਕੀ ਉਨ੍ਹਾਂ ਨੇ ਆਪਣੇ ਮਨ ਕੋਲੋਂ ਇਸ ਦੀ ਮੁਆਫੀ ਮੰਗੀ ਏ? ਕੀ ਉਹ ਇਸ ਵਤੀਰੇ ਪਿਛੋਂ ਆਪਣੇ ਭਰਾਵਾਂ, ਭਤੀਜਿਆਂ, ਭਾਣਜਿਆਂ ਜਾਂ ਭਾਈਬੰਦਾਂ ਨੂੰ ਗਲਵੱਕੜੀ ਵਿਚ ਲੈ ਕੇ ਮੋਹ ਦਾ ਨਿਉਂਦਾ ਪਾ ਸਕਣਗੇ? ਕੀ ਉਨ੍ਹਾਂ ਦੇ ਮਨ ਵਿਚ ਕੀਤੀ ਗਈ ਕੁਤਾਹੀ ਪ੍ਰਤੀ ਗੁਨਾਹ ਦਾ ਅਹਿਸਾਸ ਹੋਇਆ ਏ? ਕੀ ਉਹ ਕੁਝ ਅਜਿਹਾ ਕਰਨਗੇ ਕਿ ਪਰਦੇਸੀਆਂ ਦੇ ਮਨਾਂ ਵਿਚ ਪਿੰਡਾਂ ਨੂੰ ਪਹਿਲਾਂ ਵਾਂਗ ਪਰਤਣ, ਆਪਣਿਆਂ ਨਾਲ ਕੁਝ ਸਮਾਂ ਗੁਜਾਰਨ ਅਤੇ ਫਿਰ ਵਾਪਸ ਮਿਲਣ ਦਾ ਵਾਅਦਾ ਕਰਕੇ, ਆਉਣ-ਜਾਣ ਬਣੇ ਰਹਿਣ ਦੀ ਰੀਤ ਨੂੰ ਬਰਕਰਾਰ ਰੱਖਿਆ ਜਾਵੇ?

ਪੰਜਾਬੀ ਪਰਦੇਸੀ ਹੁਣ ਛੁੱਟੀਆਂ ਮਨਾਉਣ, ਘੁੰਮਣ-ਫਿਰਨ, ਭਾਈਚਾਰਕ ਤੰਦਾਂ ਨੂੰ ਮਜ਼ਬੂਤ ਕਰਨ ਜਾਂ ਆਪਣੀ ਮਿੱਟੀ ਨੂੰ ਸਿਜਦਾ ਕਰਨ ਪੰਜਾਬ ਨਹੀਂ ਆਉਣਗੇ। ਸਗੋਂ ਹੁਣ ਯੂਰਪੀਅਨ ਆਦਿ ਦੇਸ਼ਾਂ ਨੂੰ ਜਾਣਗੇ। ਦੂਜੇ ਦੇਸ਼ਾਂ ਨੂੰ ਹੋਣ ਵਾਲੀ ਕਮਾਈ, ਪੰਜਾਬ ਲਈ ਨਿਰੋਲ ਘਾਟਾ ਹੋਵੇਗਾ। ਪਰਦੇਸੀ ਪੰਜਾਬ ਆ ਕੇ ਹਮੇਸ਼ਾ ਕੁਝ ਦਿੰਦੇ ਨੇ, ਯੋਗਦਾਨ ਪਾਉਂਦੇ ਨੇ ਅਤੇ ਇਸ ਦੇ ਇਵਜ਼ ਵਿਚ ਸਿਰਫ ਮੁਹੱਬਤ ਚਾਹੁੰਦੇ ਨੇ। ਜਦ ਲੈਣ ਵਾਲੇ ਹੀ ਮੋਹ-ਮੁਹੱਬਤ ਦੇਣ ਤੋਂ ਮੁਨਕਰ ਹੋ ਜਾਣ ਤਾਂ ਉਹ ਪੰਜਾਬ ਵੱਲ ਮੂੰਹ ਕਿੰਜ ਕਰਨਗੇ?

ਪੰਜਾਬੀ ਪਰਦੇਸੀ ਜਦ ਆਪਣੇ ਵਤਨ ਨਾ ਪਰਤੇ ਤਾਂ ਪੰਜਾਬ ਵਿਚਲੇ ਖਾਲੀਪਣ ਨੂੰ ਵੱਖ-ਵੱਖ ਸੂਬਿਆਂ ਤੋਂ ਆਏ ਲੋਕ ਭਰਨਗੇ, ਜਿਸ ਨਾਲ ਪੰਜਾਬ ਦੀ ਸਮਾਜਕ ਦਿੱਖ ਬਦਲ ਜਾਵੇਗੀ। ਪੰਜਾਬੀਅਤ ਤਬਦੀਲ ਹੋ ਜਾਵੇਗੀ। ਪੰਜਾਬ ਦੀ ਸਮਾਜਕ ਦਿੱਖ ਵਿਚਲੇ ਵਿਗਾੜ ਅਤੇ ਤਾਣੇ-ਬਾਣੇ ਵਿਚ ਹੋਈ ਟੁੱਟ-ਭੱਜ ਦਾ ਹਰਜ਼ਾਨਾ ਤਾਂ ਫਿਰ ਉਨ੍ਹਾਂ ਪੰਜਾਬੀਆਂ ਨੂੰ ਹੀ ਭੁਗਤਣਾ ਪੈਣਾ, ਜਿਨ੍ਹਾਂ ਨੇ ਪਰਦੇਸੀਆਂ ਦੇ ਮਨਾਂ ਵਿਚ ਬੇਗਾਨਗੀ ਬੀਜੀ। ਆਪਣਿਆਂ ਵਿਚੋਂ ਅਪਣੱਤ ਮੁੱਕ ਜਾਵੇ ਤਾਂ ਸਿਰਫ ਬੇਰੁਖੀ ਹੀ ਰਹਿੰਦੀ ਏ, ਜੋ ਪੰਜਾਬੀਆਂ ਨੇ ਪਰਦੇਸੀਆਂ ਦੇ ਪੱਲੇ ਪਾਈ ਏ।

ਪਰਦੇਸੀਆਂ ਪ੍ਰਤੀ ਬੇਰੁਖੀ ਨਾਲ ਪੰਜਾਬ ਅਤੇ ਪੰਜਾਬੀਆਂ ਨੂੰ ਵੱਡੇ ਆਰਥਕ ਘਾਟੇ ਦਾ ਸਾਹਮਣਾ ਕਰਨਾ ਪੈ ਸਕਦਾ, ਪਰ ਸਭ ਤੋਂ ਅਹਿਮ ਅਤੇ ਖਤਰਨਾਕ ਹੈ ਭਾਈਚਾਰਕ ਸਾਂਝ ਦਾ ਤਿੜਕਣਾ, ਸਮਾਜਕ ਦਿੱਖ ਦਾ ਧੁੰਦਲਕਾ ਅਤੇ ਮਰਨਹਾਰੀ ਮਾਨਸਿਕਤਾ, ਜਿਸ ਦੀ ਪੂਰਤੀ ਕਦੇ ਵੀ ਨਹੀਂ ਹੋਣੀ। ਮਨਾਂ ਵਿਚਲੀਆਂ ਤਰੇੜਾਂ ਦਾ ਦਰਦ, ਇਕ ਰਿਸਦਾ ਫੋੜਾ ਹੁੰਦਾ, ਜੋ ਪਲ ਪਲ ਬੀਤੇ ਦੀ ਯਾਦ ਦਿਵਾਉਂਦਾ, ਸਾਹਾਂ ਨੂੰ ਸੰਤਾਪਦਾ ਰਹਿੰਦਾ। ਪਰਦੇਸੀਆਂ ਨੇ ਇਕ ਸੰਤਾਪ ਤਾਂ ਪਰਵਾਸ ਕਰਨ ਲੱਗਿਆਂ ਹੰਢਾਇਆ ਸੀ, ਪਰ ਹੁਣ ਆਪਣਿਆਂ ਦੀ ਬੇਰੁਖੀ ਦਾ ਸੰਤਾਪ ਤੇ ਸੋਗ, ਸਮਿਆਂ ਨੂੰ ਵੀ ਸੰਤਾਪਣ ਲੱਗ ਪਿਆ ਏ। ਰੱਬ ਮਿਹਰ ਕਰੇ!

ਖੇਦ ਇਸ ਗੱਲ ਦਾ ਵੀ ਹੈ ਕਿ ਪਰਦੇਸੀਆਂ ਦੀ ਚੀਸ ਪ੍ਰਤੀ ਖਾਮੋਸ਼ ਨੇ ਕਲਮਾਂ, ਗੁੰਗੇ ਨੇ ਗਾਇਕ ਤੇ ਗੀਤਕਾਰ, ਸੁੰਨ-ਸਮਾਧੀ ਵਿਚ ਚਲੇ ਗਏ ਨੇ ਸੰਵੇਦਨਸ਼ੀਲ ਲੋਕ, ਚੁੱਪ ਹੀ ਹੋ ਗਏ ਨੇ ਚਿੰਤਕ, ਵੇਲਾ ਵਹਾ ਚੁਕੇ ਨੇ ਵਿਦਵਾਨ ਅਤੇ ਮੂਕ ਦਰਸ਼ਕ ਬਣ ਗਿਆ ਏ ਮੀਡੀਆ। ਕੀ ਕੋਈ ਇਸ ਚੀਸ ਨੂੰ ਉਲਥਾਵੇਗਾ? ਕਿੱਧਰ ਗਈ ਪੰਜਾਬੀਅਤ ਅਤੇ ਪੰਜਾਬ ਪ੍ਰਤੀ ਪ੍ਰਤੀਬੱਧਤਾ? ਵੱਡੇ ਸਵਾਲ ਨੇ ਅਜੋਕੇ ਸਮਾਜ, ਸੰਸਥਾਵਾਂ, ਸਰਕਾਰ ਅਤੇ ਸੁਘੜ ਸੋਚਾਂ ਲਈ।

ਯਾਦ ਰੱਖਣਾ! ਇਹ ਭਾਈਚਾਰਕ ਪਾੜਾ ਆਪਣੇ ਆਪ ਨਹੀਂ ਮਿੱਟਣਾ। ਕੀ ਪੰਜਾਬੀ ਇਸ ਨੂੰ ਮਿਟਾਉਣ ਲਈ ਕੋਈ ਉਦਮ ਕਰਨਗੇ? ਇਹ ਪੰਜਾਬੀਆਂ 'ਤੇ ਨਿਰਭਰ ਕਰਦਾ ਕਿ ਉਹ ਪਰਦੇਸੀਆਂ ਪ੍ਰਤੀ ਕਿਹੜੀ ਸੋਚ, ਸੁਪਨਾ, ਸਮਝ ਜਾਂ ਸੰਜੀਦਗੀ ਰੱਖਦੇ ਨੇ?

# ਸਿੱਖ ਵਿਦਵਾਨ ਭੰਬਲਭੂਸੇ ਦਾ ਸ਼ਿਕਾਰ ਜਾਂ ਬੇਈਮਾਨ?

ਵਿਚਾਰ-ਚਰਚਾ

## ਪ੍ਰਭਸ਼ਰਨ ਭਰਾ, ਕਰਮਜੀਤ ਸਿੰਘ ਅਤੇ ਸਿੱਖ ਚਿੰਤਕ ਅਜਮੇਰ ਸਿੰਘ ਤਿੱਖੇ ਸਵਾਲਾਂ ਦੇ ਘੇਰੇ ਵਿਚ

***ਪਿਛਲੇ ਕਈ ਅੰਕਾਂ ਤੋਂ 'ਪੰਜਾਬ ਟਾਈਮਜ਼' ਨੇ ਸਿੱਖਾਂ ਦੇ ਕੁਝ ਮਸਲਿਆਂ ਲਈ ਬਾਕਾਇਦਾ ਮੰਚ ਮੁਹੱਈਆ ਕਰਵਾਇਆ ਹੈ। ਇਸ ਬਹਿਸ ਦੌਰਾਨ ਵੱਖ-ਵੱਖ ਤਰ੍ਹਾਂ ਦੇ ਵਿਚਾਰ ਪਾਠਕਾਂ ਨਾਲ ਸਾਂਝੇ ਕੀਤੇ ਗਏ ਹਨ। ਐਤਕੀਂ 'ਸਿੱਖ ਵਿਰਸਾ' ਦੇ ਸੰਪਾਦਕ ਹਰਚਰਨ ਸਿੰਘ ਪਰਹਾਰ ਨੇ ਸਿੱਖਾਂ ਨਾਲ ਜੁੜੇ ਮਸਲਿਆਂ ਬਾਰੇ ਕੁਝ ਬੁਨਿਆਦੀ ਸਵਾਲ ਉਠਾਏ ਹਨ। ਇਹ ਉਹ ਸਵਾਲ ਹਨ, ਜਿਨ੍ਹਾਂ ਬਾਰੇ ਵੱਖ-ਵੱਖ ਧੜੇ ਅਕਸਰ ਗੱਲ ਕਰਨ ਤੋਂ ਕੰਨੀ ਕਤਰਾਉਂਦੇ ਹਨ। ਅਸਲ ਵਿਚ ਮੁੱਖ ਮਸਲਾ ਇਹੀ ਹੈ ਕਿ ਜਿੰਨੀ ਦੇਰ ਤੱਕ ਸਾਰੇ ਹਾਲਾਤ ਨੂੰ ਹੰਘਾਲ ਕੇ ਸਮੁੱਚਤਾ ਵਿਚ ਗੱਲ ਨਹੀਂ ਚਲਾਈ ਜਾਂਦੀ, ਓਨੀ ਦੇਰ ਗੱਲ ਕਿਸੇ ਤਣ-ਪੱਤਣ ਲਗਦੀ ਨਹੀਂ ਦਿਸਦੀ। ਹਰਚਰਨ ਸਿੰਘ ਪਰਹਾਰ ਨੇ ਕੁਝ ਗੱਲਾਂ ਐਨ ਨਿਤਾਰ ਕੇ ਕਰਨ ਦਾ ਯਤਨ ਕੀਤਾ ਹੈ। ਇਹ ਉਹ ਸਵਾਲ ਹਨ, ਜਿਨ੍ਹਾਂ ਦਾ ਢੁਕਵਾਂ ਉਤਰ ਲੱਭੇ ਬਿਨਾ ਅਗਾਂਹ ਪੈਰ ਪੁੱਟਣਾ ਜੇ ਅਸੰਭਵ ਨਹੀਂ ਤਾਂ ਔਖਾ ਜ਼ਰੂਰ ਹੈ। -ਸੰਪਾਦਕ***

ਪਿਛਲੇ ਕੁਝ ਹਫਤਿਆਂ ਤੋਂ 'ਪੰਜਾਬ ਟਾਈਮਜ਼' ਵਿਚ ਜੂਨ 84 ਦੀਆਂ ਘਟਨਾਵਾਂ ਨਾਲ ਸਬੰਧਤ ਵੱਖ-ਵੱਖ ਵਿਦਵਾਨਾਂ ਦੇ ਵਿਚਾਰ ਛਪ ਰਹੇ ਹਨ। ਇਸ ਦੇ ਨਾਲ ਹੀ ਪ੍ਰਭਸ਼ਰਨਦੀਪ ਸਿੰਘ ਦੇ ਖਾਲਿਸਤਾਨ ਦੇ ਵਿਸ਼ੇ 'ਤੇ ਲੇਖ ਵੀ ਛਪੇ ਹਨ। ਪ੍ਰਭਸ਼ਰਨ-ਭਰਾਵਾਂ ਨੇ ਨਾਲੋ-ਨਾਲ ਸਾਬਕਾ ਨਕਸਲਾਈਟ ਤੋਂ ਸਿੱਖ ਚਿੰਤਕ ਬਣੇ ਅਜਮੇਰ ਸਿੰਘ ਖਿਲਾਫ ਖਾਲਿਸਤਾਨ ਦੇ ਮੁੱਦੇ 'ਤੇ ਮੋਰਚਾ ਵੀ ਖੋਲ੍ਹਿਆ ਹੋਇਆ ਹੈ।

ਪਿਛਲੇ 25 ਕੁ ਸਾਲਾਂ ਤੋਂ ਕੈਲਗਰੀ ਤੋਂ ਮਾਸਿਕ ਮੈਗਜ਼ੀਨ 'ਸਿੱਖ ਵਿਰਸਾ' ਸੰਪਾਦਿਤ ਕਰਦਿਆਂ ਸਿੱਖਾਂ ਦੇ ਹਰ ਤਰ੍ਹਾਂ ਦੇ ਵਿਦਵਾਨਾਂ, ਲੀਡਰਾਂ ਆਦਿ ਨਾਲ ਮੇਰਾ ਵਾਹ ਪੈਂਦਾ ਰਿਹਾ ਹੈ। ਮੇਰਾ ਮੰਨਣਾ ਹੈ ਕਿ ਸਿੱਖਾਂ ਦੇ ਲੀਡਰਾਂ ਵਾਂਗ ਹੀ ਵਿਦਵਾਨ ਵੀ ਜਜ਼ਬਾਤੀ ਤੇ ਉਲਾਰ ਬਿਰਤੀ ਵਾਲੇ ਹਨ ਅਤੇ ਸਿੱਖਾਂ ਵਿਚ ਉਹੀ ਲੀਡਰ ਜਾਂ ਵਿਦਵਾਨ ਕਾਮਯਾਬ ਹੁੰਦਾ ਹੈ, ਜੋ ਵੱਧ ਤੋਂ ਵੱਧ ਜਜ਼ਬਾਤੀ

**ਹਰਚਰਨ ਸਿੰਘ ਪਰਹਾਰ***
**ਫੋਨ: 403-681-8689**
**Email: hp8689@gmail.com**

ਤੇ ਗਰਮ-ਗਰਮ ਗੱਲਾਂ ਕਰੇ ਜਾਂ ਉਨ੍ਹਾਂ ਦੀ ਖੁਸ਼ਾਮਦ ਕਰੇ, ਜੋ ਅਜਿਹੀਆਂ ਗੱਲਾਂ ਜਾਂ ਕੰਮ ਕਰਦੇ ਹਨ। ਸਿੱਖ ਰਾਜਨੀਤੀ ਦਾ ਇਹ ਮੰਨਿਆ-ਪ੍ਰਮੰਨਿਆ ਸੱਚ ਹੈ ਕਿ ਸਿੱਖ ਲੀਡਰਾਂ ਨੇ ਕਦੇ ਕਿਸੇ ਵਿਦਵਾਨ ਜਾਂ ਸੂਝਵਾਨ ਲੀਡਰ ਨੂੰ ਸਿੱਖੀ ਵਿਚ ਉਠਣ ਨਹੀਂ ਦਿੱਤਾ। ਇਸੇ ਕਰ ਕੇ 1984 ਤੋਂ ਪਹਿਲਾਂ ਦੇ ਕਰੀਬ ਸਾਰੇ ਸਿੱਖ ਵਿਦਵਾਨ ਧਾਰਮਿਕ ਲੇਖ ਲਿਖਣ ਵਾਲੇ ਹੀ ਹੁੰਦੇ ਸਨ, ਸੰਸਾਰ ਪੱਧਰ ਦੀ ਰਾਜਨੀਤਕ ਸੂਝ-ਬੂਝ ਵਾਲਾ ਵਿਦਵਾਨ ਤੁਹਾਨੂੰ ਸ਼ਾਇਦ ਹੀ ਕੋਈ ਦਿਸੇਗਾ। ਇਤਿਹਾਸ ਬਾਰੇ ਵੀ ਸਿੱਖ ਵਿਦਵਾਨਾਂ ਦੀ ਕਾਰਗੁਜ਼ਾਰੀ ਖੋਜ ਵਾਲੀ ਨਹੀਂ, ਸਗੋਂ ਪੁਰਾਣੇ ਗ੍ਰੰਥਾਂ ਜਾਂ ਕਿਤਾਬਾਂ ਦੀ ਸੌਖੀ ਪੰਜਾਬੀ ਵਿਚ ਨਕਲ ਹੀ ਮਿਲਦੀ ਹੈ। ਅਕਸਰ ਬਹੁਤੇ ਸਿੱਖ ਵਿਦਵਾਨ, ਰਾਜਨੀਤਕ ਲੋਕਾਂ ਤੋਂ ਲਾਭ ਲੈਣ ਲਈ ਧਰਮ ਤੱਕ ਹੀ ਸੀਮਤ ਰਹਿੰਦੇ ਹਨ ਤਾਂ ਕਿ ਰਾਜਸੀ ਲੋਕ ਨਾਰਾਜ਼ ਨਾ ਹੋ ਜਾਣ।

ਦੂਜੇ ਪਾਸੇ, ਧਰਮ ਦੇ ਖੇਤਰ ਵਿਚ ਟਕਸਾਲੀਆਂ ਅਤੇ ਅਖੰਡ ਕੀਰਤਨੀਆਂ ਦਾ ਬੋਲ-ਬਾਲਾ ਹੋਣ ਕਾਰਨ ਉਧਰ ਵੀ ਵਿਦਵਾਨਾਂ ਨੂੰ ਦੱਬਵੀਂ ਅਵਾਜ਼ ਵਿਚ ਹੀ ਗੱਲ ਕਰਨੀ ਪੈਂਦੀ ਹੈ। ਸਿੱਖਾਂ ਵਿਚ ਸੂਝਵਾਨ ਵਿਦਵਾਨਾਂ ਤੇ ਸੂਝਵਾਨ ਲੀਡਰਾਂ ਦੀ ਘਾਟ ਦਾ ਲਾਭ ਉਠਾ ਕੇ ਸਿੱਖਾਂ ਵਿਚ ਅਕਸਰ ਸਾਬਕਾ ਫੌਜੀ, ਸਾਬਕਾ ਸਿਵਲ ਸਰਵਿਸਿਜ਼ ਅਫਸਰ, ਸਾਬਕਾ ਪ੍ਰੋਫੈਸਰ, ਸਾਬਕਾ ਕਾਮਰੇਡ, ਸਾਬਕਾ ਨਕਸਲਵਾਦੀ ਆਦਿ ਆਸਾਨੀ ਨਾਲ ਵਿਦਵਾਨ ਜਾਂ ਲੀਡਰ ਬਣ ਜਾਂਦੇ ਰਹੇ ਹਨ। ਇਨ੍ਹਾਂ ਵਿਚੋਂ ਮੁੱਖ ਤੌਰ 'ਤੇ ਸਿਰਦਾਰ ਕਪੂਰ ਸਿੰਘ, ਜਨਰਲ ਸੁਬੇਗ ਸਿੰਘ, ਜਨਰਲ ਜਸਵੰਤ ਸਿੰਘ ਭੁੱਲਰ, ਸ. ਗੁਰਤੇਜ ਸਿੰਘ, ਡਾ. ਸੋਹਣ ਸਿੰਘ, ਸਿਮਰਨਜੀਤ ਸਿੰਘ ਮਾਨ, ਦਲਬੀਰ ਸਿੰਘ ਪੱਤਰਕਾਰ, ਅਜਮੇਰ ਸਿੰਘ, ਗੱਜਾ ਸਿੰਘ, ਜਸਵੰਤ ਸਿੰਘ ਖਾਲੜਾ, ਕਰਮਜੀਤ ਸਿੰਘ, ਜਸਪਾਲ ਸਿੰਘ ਸਿੱਧੂ, ਡਾ. ਗੁਰਦਰਸ਼ਨ ਸਿੰਘ ਢਿੱਲੋਂ ਆਦਿ ਹਨ।

ਮੇਰੀ ਸਮਝ ਅਨੁਸਾਰ ਅਜਿਹੇ ਲੀਡਰਾਂ ਜਾਂ ਵਿਦਵਾਨਾਂ ਨੇ ਸਿੱਖਾਂ ਅਤੇ ਸਿੱਖੀ ਦਾ ਭਾਰੀ ਨੁਕਸਾਨ ਕੀਤਾ ਹੈ। ਅਜਿਹੇ ਸਭ ਲੀਡਰਾਂ ਅਤੇ ਵਿਦਵਾਨਾਂ ਦਾ ਰੋਲ ਹਮੇਸ਼ਾ ਸ਼ੱਕੀ ਰਿਹਾ ਹੈ। ਜੇ ਕਦੇ ਨਿਰਪੱਖ ਜਾਂਚ ਹੋਵੇ ਤਾਂ ਬਹੁਤ ਸਾਰੇ ਰਾਜ ਸਾਹਮਣੇ ਆ ਸਕਦੇ ਹਨ ਕਿ ਕੀ ਇਹ ਲੋਕ ਸਚੁਮੱਚ ਸਿੱਖਾਂ ਤੇ ਸਿੱਖੀ ਦੇ ਭਲੇ ਲਈ ਆਏ ਸਨ ਜਾਂ ਇਸ ਪਿਛੇ ਕੁਝ ਹੋਰ ਮਕਸਦ ਸੀ? ਇਹ ਸੂਝਵਾਨ, ਪੜ੍ਹੇ-ਲਿਖੇ ਅਤੇ ਤਜਰਬੇਕਾਰ ਲੋਕ ਸਨ, ਜੋ ਸਿੱਖੀ 'ਤੇ ਕਾਬਜ਼ ਧਾਰਮਿਕ ਅਤੇ ਰਾਜਨੀਤਕ ਸਿੱਧੜ ਲੀਡਰਸ਼ਿਪ ਨੂੰ ਸੇਧ ਦੇ ਸਕਦੇ ਸਨ ਤੇ ਸਿੱਖਾਂ ਦਾ ਭਲਾ ਕਰ ਸਕਦੇ ਸਨ, ਪਰ ਇਨ੍ਹਾਂ ਨੇ ਅਜਿਹਾ ਨਾ ਕਰ ਕੇ ਟਕਸਾਲ, ਖਾੜਕੂਆਂ, ਖਾਲਿਸਤਾਨੀਆਂ ਦੀ ਅੰਨ੍ਹੇਵਾਹ ਚਾਪਲੂਸੀ ਸ਼ੁਰੂ ਕਰ ਦਿੱਤੀ ਤਾਂ ਕਿ ਉਹ ਸਿੱਖਾਂ ਵਿਚ ਵੱਡੇ ਵਿਦਵਾਨ ਕਹਾ ਸਕਣ, ਗੁਰਦੁਆਰਿਆਂ ਵਿਚ ਉਨ੍ਹਾਂ ਨੂੰ ਸਿਰੋਪਾਓ ਮਿਲਣ। ਇਨ੍ਹਾਂ ਨੂੰ ਪਤਾ ਹੈ ਕਿ ਗੁਰਦੁਆਰਿਆਂ (ਖਾਸ ਕਰ ਵਿਦੇਸ਼ਾਂ) ਵਿਚ ਟਕਸਾਲੀਆਂ ਅਤੇ ਖਾਲਿਸਤਾਨੀਆਂ ਦੇ ਕਬਜ਼ੇ ਹਨ, ਉਥੋਂ ਹੀ ਮਾਇਆ ਦੇ ਖੁੱਲ੍ਹੇ ਗੱਫੇ ਮਿਲ ਸਕਦੇ ਹਨ। ਇਨ੍ਹਾਂ ਦੀਆਂ ਕਿਤਾਬਾਂ ਛਪ ਅਤੇ ਵਿਕ ਸਕਦੀਆਂ ਹਨ।

ਹੁਣ ਜੂਨ 1984 ਅਤੇ ਫਿਰ ਨਵੰਬਰ 84 ਦੀਆਂ ਘਟਨਾਵਾਂ ਪਿਛੋਂ ਕੁਝ ਨਵੇਂ ਵਿਦਵਾਨ ਪੈਦਾ ਹੋਏ ਹਨ ਜਿਨ੍ਹਾਂ ਵਿਚੋਂ ਪ੍ਰਭਸ਼ਰਨ ਭਰਾ ਅੱਜ ਕੱਲ੍ਹ ਵਿਦਵਾਨ ਸਥਾਪਿਤ ਹੋਣ ਦੀ ਦੌੜ 'ਚ ਹਨ। ਅਜਿਹੇ ਵਿਦਵਾਨ ਆਪਣੀ ਗੱਲ 1984 ਤੋਂ ਸ਼ੁਰੂ ਕਰਦੇ ਹਨ ਤੇ 1994 'ਤੇ ਖਤਮ ਕਰ ਦਿੰਦੇ ਹਨ। ਇਸ ਵਿਚ ਉਨ੍ਹਾਂ ਦਾ ਮੁੱਖ ਨਿਸ਼ਾਨਾ ਭਾਰਤ ਦੀ ਕਾਂਗਰਸ ਸਰਕਾਰ ਅਤੇ ਕਾਮਰੇਡ ਹੁੰਦੇ ਹਨ। ਇਸ ਨਾਲ ਉਹ ਜਿਥੇ ਧਾਰਮਿਕ ਤੌਰ 'ਤੇ ਟਕਸਾਲ ਦੇ ਨਿਸ਼ਾਨੇ ਤੋਂ ਬਚ ਜਾਂਦੇ ਹਨ, ਉਥੇ ਕਾਂਗਰਸ ਅਤੇ ਕਾਮਰੇਡਾਂ ਨੂੰ ਗਾਲ੍ਹਾਂ ਕੱਢਣਾ ਬਾਦਲਕਿਆਂ ਨੂੰ ਵੀ ਰਾਸ ਆਉਂਦਾ ਹੈ। ਮੇਰਾ ਆਪਣਾ ਨਿੱਜੀ ਤਜਰਬਾ ਵੀ ਇਹੀ ਹੈ ਕਿ ਜੇ ਤੁਸੀਂ ਲਿਖਣ-ਬੋਲਣ ਵਿਚ ਆਪਣੀ ਸੁਰ ਸਰਕਾਰ ਵਿਰੁਧ ਤਿੱਖੀ ਰੱਖੋ ਤਾਂ ਤੁਹਾਡਾ ਸਿੱਖ ਸੰਸਥਾਵਾਂ, ਗੁਰਦੁਆਰਿਆਂ ਆਦਿ ਵਿਚ ਵੱਧ ਮਾਨ-ਸਨਮਾਨ ਹੁੰਦਾ ਹੈ, ਪਰ ਜੇ ਤੁਸੀਂ ਕੋਈ ਸੰਜਮ ਦੀ ਗੱਲ ਕਰੋ ਜਾਂ ਕੋਈ ਸਵਾਲ ਖੜ੍ਹਾ ਕਰੋ ਤਾਂ ਤੁਸੀਂ ਪੰਥ ਵਿਰੋਧੀ, ਗੁਰੂ ਦੋਖੀ, ਨਾਸਤਿਕ, ਕਾਮਰੇਡ, ਆਰ. ਐਸ. ਐਸ. ਦੇ ਏਜੰਟ, ਏਜੰਸੀਆਂ ਦੇ ਬੰਦੇ ਬਣ ਜਾਂਦੇ ਹੋ। ਇਸ ਲਈ ਕੋਈ ਵਿਰਲਾ ਹੀ ਸੱਚ ਬੋਲਣ ਜਾਂ ਕਾਬਜ਼ ਧਿਰਾਂ ਨੂੰ ਸਵਾਲ ਕਰਨ ਜਾਂ ਉਨ੍ਹਾਂ ਦੀਆਂ ਸਿੱਖ ਮਾਰੂ ਨੀਤੀਆਂ ਦੇ ਵਿਰੋਧ 'ਚ ਨਿੱਤਰਦਾ ਹੈ।

ਸਿੱਖਾਂ ਵਿਚ 1984 ਪਿਛੋਂ ਸਥਾਪਿਤ ਹੋ ਰਹੇ ਖਾਲਿਸਤਾਨੀ ਵਿਦਵਾਨ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਸਭ ਤੋਂ ਵੱਡਾ ਧਾਰਮਿਕ ਤੇ ਰਾਜਨੀਤਕ ਲੀਡਰ; ਸਿਰਦਾਰ ਕਪੂਰ ਸਿੰਘ, ਪ੍ਰੋ. ਹਰਿੰਦਰ ਸਿੰਘ ਮਹਿਬੂਬ, ਡਾ. ਗੁਰਭਗਤ ਸਿੰਘ ਨੂੰ ਸਭ ਤੋਂ ਵੱਡੇ ਕੌਮੀ ਵਿਦਵਾਨ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ ਖਾਲਿਸਤਾਨ ਦਾ ਆਦਰਸ਼ ਸਾਬਿਤ ਕਰਨਾ ਚਾਹੁੰਦੇ ਹਨ। ਇਸ ਦੌੜ ਵਿਚ ਕਰੀਬ ਸਾਰੇ ਖਾਲਿਸਤਾਨੀ ਵਿਦਵਾਨ ਲੱਗੇ ਹੋਏ ਹਨ, ਜਿਨ੍ਹਾਂ ਵਿਚ ਪ੍ਰਭਸ਼ਰਨ ਭਰਾ (ਉਨ੍ਹਾਂ ਨਾਲ ਸਬੰਧਤ ਧੜੇ), ਅਜਮੇਰ ਸਿੰਘ (ਡਾ. ਸੋਹਣ ਸਿੰਘ ਪੰਥਕ ਕਮੇਟੀ, ਦਲਜੀਤ ਸਿੰਘ ਬਿੱਟੂ ਗਰੁੱਪ), ਟਕਸਾਲ ਦੇ ਵੱਖ-ਵੱਖ ਗਰੁੱਪ, ਅਖੰਡ ਕੀਰਤਨੀ ਜਥੇ ਦੇ ਵੱਖ-ਵੱਖ ਗਰੁੱਪ, ਦਲ ਖਾਲਸਾ (ਗਜਿੰਦਰ ਸਿੰਘ) ਅਤੇ ਸਿਮਰਨਜੀਤ ਸਿੰਘ ਮਾਨ ਦੇ ਅਕਾਲੀ ਦਲ ਆਦਿ ਸ਼ਾਮਿਲ ਹਨ, ਪਰ ਖੁਦਗਰਜੀ ਤੇ ਨਿੱਜਵਾਦ ਦੀ ਇਸ ਦੌੜ ਵਿਚ ਦੇਸ਼-ਵਿਦੇਸ਼ ਵਿਚ ਇਹ ਸਭ ਸਿੱਖਾਂ ਅਤੇ ਸਿੱਖੀ ਦਾ ਭਾਰੀ ਨੁਕਸਾਨ ਕਰ ਰਹੇ ਹਨ। ਆਮ ਲੋਕਾਂ ਵਿਚ ਇਨ੍ਹਾਂ ਕਾਬਜ਼ ਧਿਰਾਂ ਦੀ ਇੰਨੀ ਦਹਿਸ਼ਤ ਹੈ ਕਿ ਕੋਈ ਬੋਲਣ ਲਈ ਤਿਆਰ ਨਹੀਂ। ਇਨ੍ਹਾਂ ਦੇ ਮੁਕਾਬਲੇ ਦੀ ਬਾਦਲਕਿਆਂ ਅਤੇ ਸ਼੍ਰੋਮਣੀ ਕਮੇਟੀ ਹੀ ਵੱਡੀ ਧਿਰ ਹੈ, ਜੋ ਇਨ੍ਹਾਂ ਦਾ ਮੁਕਾਬਲਾ ਕਰ ਸਕਦੀ ਹੈ, ਪਰ ਉਹ ਵੀ ਆਪਣੇ ਜਾਤੀ ਤੇ ਜਮਾਤੀ, ਸਿਆਸੀ ਹਿੱਤਾਂ ਲਈ ਸਾਜ਼ਿਸ਼ੀ ਚੁੱਪ ਧਾਰੀ ਰੱਖਦੇ ਹਨ। ਉਹ ਉਦੋਂ ਤੱਕ ਕੁਝ ਨਹੀਂ ਕਰਦੇ, ਜਦੋਂ ਤੱਕ ਉਨ੍ਹਾਂ ਦੀ ਸਥਾਪਤੀ ਨੂੰ ਇਹ ਧੜੇ ਚੈਲਿੰਜ ਨਹੀਂ ਬਣਦੇ।



ਸਿਰਦਾਰ ਕਪੂਰ ਸਿੰਘ



ਸਿਮਰਨਜੀਤ ਸਿੰਘ ਮਾਨ



ਗਜਿੰਦਰ ਸਿੰਘ-ਦਲ ਖਾਲਸਾ

ਪ੍ਰਭਸ਼ਰਨ-ਭਰਾਵਾਂ ਵਲੋਂ ਜੋ ਮੁੱਖ ਮੁੱਦਾ ਉਭਾਰਿਆ ਜਾ ਰਿਹਾ ਹੈ, ਉਹ ਇਹ ਹੈ ਕਿ ਸੰਤ ਭਿੰਡਰਾਂਵਾਲਿਆਂ ਦੇ ਇਲਾਹੀ ਬਚਨਾਂ 'ਜਿਸ ਦਿਨ ਦਰਬਾਰ ਸਾਹਿਬ-ਅਕਾਲ ਤਖਤ 'ਤੇ ਭਾਰਤੀ ਫੌਜ ਨੇ ਹਮਲਾ ਕੀਤਾ, ਉਸ ਦਿਨ ਖਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ', ਅਨੁਸਾਰ ਟਕਸਾਲ ਤੇ ਉਸ ਨਾਲ ਸਬੰਧਤ ਸਾਰੀਆਂ ਖਾੜਕੂ ਧਿਰਾਂ ਜੂਨ 1984 ਤੋਂ ਹੀ ਖਾਲਿਸਤਾਨ ਨੂੰ ਨਿਸ਼ਾਨਾ ਮਿਥ ਕੇ ਸੰਘਰਸ਼ ਕਰ ਰਹੀਆਂ ਸਨ ਅਤੇ 26 ਜਨਵਰੀ 1986 ਨੂੰ ਟਕਸਾਲ ਵਲੋਂ ਬੁਲਾਏ ਸਰਬੱਤ ਖਾਲਸਾ ਵਿਚ ਸਿੱਖ ਕੌਮ ਵਲੋਂ 'ਖਾਲਿਸਤਾਨ' ਦਾ ਰਸਮੀ ਐਲਾਨ ਤੈਅ ਸੀ, ਪਰ ਕਾਮਰੇਡੀ ਤੋਂ ਭਿੰਡਰਾਂਵਾਲੇ ਦੇ ਖਾਸਮ-ਖਾਸ ਖਾਲਸੇ ਬਣੇ ਦਲਬੀਰ ਸਿੰਘ ਪੱਤਰਕਾਰ ਨੇ ਇਹ ਐਲਾਨ ਨਹੀਂ ਹੋਣ ਦਿੱਤਾ ਸੀ, ਜਿਸ ਵਿਚ ਅਜਮੇਰ ਸਿੰਘ ਦਾ ਵੀ ਪੂਰਾ ਹੱਥ ਸੀ (ਜਦਕਿ ਅਸਲੀਅਤ ਇਹ ਹੈ ਕਿ ਅਜਮੇਰ ਸਿੰਘ 1986 ਵਾਲੇ ਸਰਬੱਤ ਖਾਲਸਾ ਵੇਲੇ ਅਜੇ ਸਿੱਧੇ ਰੂਪ ਵਿਚ ਖਾਲਿਸਤਾਨੀ ਲਹਿਰ ਨਾਲ ਨਹੀਂ ਜੁੜਿਆ ਸੀ)। ਇਨ੍ਹਾਂ ਅਨੁਸਾਰ ਡਾ. ਸੋਹਣ ਸਿੰਘ ਉਸ ਵਕਤ ਖਾਲਿਸਤਾਨ ਦਾ ਐਲਾਨ ਕਰਾਉਣ ਲਈ ਬਜ਼ਿਦ ਸੀ, ਪਰ ਦਲਬੀਰ ਸਿੰਘ ਨੇ ਉਸ ਦੀ ਚੱਲਣ ਨਾ ਦਿੱਤੀ ਤਾਂ ਬਾਅਦ ਵਿਚ ਉਸੇ ਸਰਬੱਤ ਖਾਲਸਾ ਵਿਚ ਟਕਸਾਲ ਵਲੋਂ ਬਣਾਈ ਆਪਣੀ ਪੰਥਕ ਕਮੇਟੀ (ਮਾਨੋਚਾਹਲ-ਜ਼ਫਰਵਾਲ ਵਾਲੀ) ਤੋਂ 29 ਅਪਰੈਲ 1986 ਨੂੰ 'ਖਾਲਿਸਤਾਨ' ਦਾ ਰਸਮੀ ਐਲਾਨ ਕਰਾ ਦਿੱਤਾ ਸੀ।

ਹੁਣ ਸਵਾਲ ਇਹ ਹੈ ਕਿ ਅੱਜ 34 ਸਾਲ ਬਾਅਦ ਇਸ ਸਵਾਲ ਦਾ ਕੀ ਮਤਲਬ ਹੈ ਕਿ ਐਲਾਨ ਅਪਰੈਲ ਦੀ ਥਾਂ ਜਨਵਰੀ ਵਿਚ ਕਿਉਂ ਨਹੀਂ ਹੋਇਆ ਸੀ? ਜਿਹੜੇ ਸਵਾਲ ਉਠਾਏ ਜਾਣੇ ਚਾਹੀਦੇ ਹਨ, ਉਹ ਸਾਰੀਆਂ ਧਿਰਾਂ ਉਠਾ ਨਹੀਂ ਰਹੀਆਂ, ਜਾਂ ਜੇ ਕੋਈ ਉਠਾਉਂਦਾ ਹੈ ਤਾਂ ਉਸ ਦਾ ਜਵਾਬ ਨਹੀਂ ਦਿੰਦੀਆਂ? ਜੇ ਖਾਲਿਸਤਾਨ ਦੀ ਮੰਗ ਦੀ ਗੱਲ ਕਰੀਏ ਤਾਂ ਜਗਜੀਤ ਸਿੰਘ ਚੌਹਾਨ, ਬਲਵੀਰ ਸਿੰਘ ਸੰਧੂ, ਗੰਗਾ ਸਿੰਘ ਢਿੱਲੋਂ ਵਰਗੇ 70ਵਿਆਂ ਤੋਂ ਉਠਾ ਰਹੇ ਸਨ? ਉਨ੍ਹਾਂ ਨੇ ਤਾਂ 1980 ਵਿਚ ਖਾਲਿਸਤਾਨ ਦੀ ਸਰਕਾਰ, ਨਕਸ਼ੇ, ਪਾਸਪੋਰਟ, ਕਰੰਸੀ ਆਦਿ ਵੀ ਜਾਰੀ ਕਰ ਦਿੱਤੀ ਸੀ? ਇਥੋਂ ਤੱਕ ਕਿ ਭਿੰਡਰਾਂਵਾਲੇ ਦੀ ਗ੍ਰਿਫਤਾਰੀ ਨੂੰ ਲੈ ਕੇ ਜਹਾਜ ਅਗਵਾ ਕਰਨ ਵਾਲੇ ਦਲ ਖਾਲਸਾ ਵਾਲੇ ਗਜਿੰਦਰ ਸਿੰਘ ਹੋਰੀਂ ਵੀ 1980 ਤੋਂ ਪਹਿਲਾਂ ਹੀ ਖਾਲਿਸਤਾਨ ਦੀ ਮੰਗ ਕਰਦੇ ਰਹੇ ਸਨ? ਫਿਰ ਭਿੰਡਰਾਂਵਾਲਿਆਂ ਨੇ ਉਨ੍ਹਾਂ ਦੀ ਮੰਗ ਦੀ ਹਮਾਇਤ ਕਿਉਂ ਨਹੀਂ ਕੀਤੀ? ਉਹ ਵਾਰ-ਵਾਰ ਇਹ ਕਿਉਂ ਕਹਿ ਰਿਹਾ ਸੀ ਕਿ ਜੇ ਦਰਬਾਰ ਸਾਹਿਬ 'ਤੇ ਹਮਲਾ ਹੋਇਆ ਤਾਂ ਖਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ ਜਾਂ ਅਸੀਂ ਖਾਲਿਸਤਾਨ ਮੰਗਦੇ ਨਹੀਂ, ਜੇ ਸਰਕਾਰ ਦੇਵੇਗੀ ਤਾਂ ਨਾਂਹ ਨਹੀਂ ਕਰਾਂਗੇ?

ਕੀ ਕਿਸੇ ਇੱਕ ਵਿਅਕਤੀ ਦੀ ਕਿਸੇ ਸਟੇਟਮੈਂਟ ਨਾਲ ਸਾਰੀ ਕੌਮ ਦੀ ਹੋਣੀ ਤੈਅ ਕੀਤੀ ਜਾ ਸਕਦੀ ਹੈ? ਕੀ ਸਿੱਖਾਂ ਦੀਆਂ ਹਜ਼ਾਰਾਂ ਜਥੇਬੰਦੀਆਂ, ਸੰਸਥਾਵਾਂ ਵਿਚੋਂ ਇੱਕ ਦਮਦਮੀ ਟਕਸਾਲ ਵਲੋਂ ਸੱਦੀ ਮੀਟਿੰਗ ਨੂੰ ਸਰਬੱਤ ਖਾਲਸਾ ਕਹਿ ਕੇ ਉਸ ਦੇ ਫੈਸਲਿਆਂ ਨੂੰ ਸਾਰੀ ਕੌਮ 'ਤੇ ਠੋਸਿਆ ਜਾ ਸਕਦਾ ਹੈ? ਕਈ ਕਹਿੰਦੇ ਹਨ ਕਿ ਬੇਸ਼ਕ ਸਰਬੱਤ ਖਾਲਸਾ ਸੱਦਿਆ ਤਾਂ ਟਕਸਾਲ ਨੇ ਸੀ, ਪਰ ਉਸ ਵਿਚ ਸਾਰੀਆਂ ਧਿਰਾਂ ਸ਼ਾਮਿਲ ਹੋਈਆਂ ਸਨ। ਉਂਜ, ਜਿਹੜੇ ਉਸ ਵੇਲੇ ਉਥੇ ਸ਼ਾਮਿਲ ਸਨ, ਉਨ੍ਹਾਂ ਨੂੰ ਪਤਾ ਹੈ ਕਿ 26 ਜਨਵਰੀ 1986 ਨੂੰ ਸਰਬੱਤ ਖਾਲਸਾ ਵਿਚ ਬਣਾਈ ਗਈ ਪੰਜ ਮੈਂਬਰੀ ਪੰਥਕ ਕਮੇਟੀ ਜਾਂ ਤਖਤਾਂ ਦੇ ਜਥੇਦਾਰਾਂ ਨੂੰ ਹਟਾ ਕੇ ਲਾਏ ਗਏ ਜਥੇਦਾਰਾਂ ਵਿਚੋਂ ਇੱਕ ਵੀ ਕਿਸੇ ਹੋਰ ਸੰਸਥਾ ਦਾ ਬੰਦਾ ਨਹੀਂ ਲਿਆ ਗਿਆ ਸੀ, ਬਹੁਤ ਸਾਰੇ ਲੋਕਾਂ ਨੇ ਕੋਸ਼ਿਸ਼ ਕੀਤੀ ਸੀ ਕਿ ਘੱਟੋ-ਘੱਟ ਬੱਬਰਾਂ ਤੇ ਦਲ ਖਾਲਸਾ ਦਾ ਤਾਂ ਇੱਕ-ਇੱਕ ਬੰਦਾ ਲੈਣਾ ਚਾਹੀਦਾ ਹੈ ਤਾਂ ਕਿਸੇ ਦੀ ਸੁਣੀ ਨਹੀਂ ਸੀ ਗਈ, ਕਿਉਂਕਿ ਉਹ ਕਹਿੰਦੇ ਸਨ ਕਿ ਇਹ ਸਾਡਾ ਸਰਬੱਤ ਖਾਲਸਾ ਹੈ, ਜੇ ਤੁਹਾਡੇ ਵਿਚ ਦਮ ਹੈ ਤਾਂ ਤੁਸੀਂ ਸੱਦ ਲਓ?

ਇਸੇ ਕਰ ਕੇ ਬਹੁਤ ਜਲਦੀ ਹੀ ਦੂਜੀ ਪੰਥਕ ਕਮੇਟੀ (ਡਾ. ਸੋਹਣ ਸਿੰਘ ਵਾਲੀ) ਤੇ ਫਿਰ ਤੀਜੀ ਪੰਥਕ ਕਮੇਟੀ (ਮਾਨੋਚਾਹਲ ਵਾਲੀ) ਬਣ ਗਈ ਸੀ ਅਤੇ ਅਨੇਕਾਂ ਵੱਖਰੀਆਂ-ਵੱਖਰੀਆਂ ਖਾੜਕੂ ਜਥੇਬੰਦੀਆਂ ਬਣ ਗਈਆਂ ਸਨ, ਜੋ ਟਕਸਾਲ ਨਾਲ ਸਹਿਮਤ ਨਹੀਂ ਸਨ? ਸਾਨੂੰ ਜਵਾਬ ਤਾਂ ਇਸ ਗੱਲ ਦਾ ਲੱਭਣ ਦੀ ਲੋੜ ਸੀ ਕਿ ਦਰਬਾਰ ਸਾਹਿਬ 'ਤੇ ਹਮਲੇ ਦਾ ਕਾਰਨ ਭਿੰਡਰਾਂਵਾਲਾ ਅਤੇ ਸੁਬੇਗ ਸਿੰਘ ਵਲੋਂ ਦਰਬਾਰ ਸਾਹਿਬ ਵਿਚ ਕੀਤੀ ਮੋਰਚਾਬੰਦੀ ਸੀ? ਜਿਥੇ ਪੰਜਾਬ ਵਿਚ ਹੋ ਰਹੇ ਕਤਲਾਂ ਲਈ ਜ਼ਿੰਮੇਵਾਰ ਖਾੜਕੂ ਦਰਬਾਰ ਸਾਹਿਬ 'ਚ ਲੁਕ ਜਾਂਦੇ ਸਨ? ਭਿੰਡਰਾਂਵਾਲੇ ਅਤੇ ਸਾਥੀਆਂ ਨੇ ਅਕਾਲੀਆਂ ਤੋਂ ਧੱਕੇ ਨਾਲ ਭਾਰਤ ਸਰਕਾਰ ਖਿਲਾਫ 3 ਜੂਨ ਨੂੰ 'ਸਿਵਲ ਨਾ-ਫੁਰਮਾਨੀ ਲਹਿਰ' ਸ਼ੁਰੂ ਕਰਨੀ ਸੀ, ਜਿਸ ਵਿਚ ਸਰਕਾਰ ਨੂੰ ਕੋਈ ਟੈਕਸ ਨਹੀਂ ਦੇਣੇ ਸਨ, ਬਿਜਲੀ-ਪਾਣੀ ਦੇ ਬਿੱਲ ਨਹੀਂ ਦੇਣੇ ਸਨ, ਬੱਸਾਂ-ਟਰੇਨਾਂ ਦੇ ਕਿਰਾਏ ਨਹੀਂ ਦੇਣੇ ਸਨ, ਕਣਕ-ਝੋਨਾ ਆਦਿ ਮੰਡੀਆਂ ਵਿਚ ਵਿਕਣ ਨਹੀਂ ਸੀ ਦੇਣਾ, ਆਦਿ?

ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਦੇ ਅੰਦਰਲੀ ਸਥਿਤੀ ਤਾਂ ਸੰਤ ਲੌਂਗੋਵਾਲ ਅਤੇ ਜਥੇਦਾਰ ਟੌਹੜਾ ਵਲੋਂ ਸੰਭਲਦੀ ਨਹੀਂ ਸੀ, ਪਰ ਬਿਨਾ ਸਿੱਟਿਆਂ ਨੂੰ ਵਿਚਾਰਿਆਂ ਪੂਰੇ ਪੰਜਾਬ ਵਿਚ ਅਰਾਜਕਤਾ ਫੈਲਾਉਣ ਦਾ ਸੱਦਾ ਉਨ੍ਹਾਂ ਦੇ ਮਾਰਿਆ ਸੀ। ਇਸ ਸਭ ਕੁਝ ਦੇ ਬਾਵਜੂਦ ਸਰਕਾਰ ਨੂੰ ਸਿੱਖਾਂ ਦੇ ਜਜ਼ਬਾਤ ਦਾ ਪਤਾ ਹੋਣਾ ਚਾਹੀਦਾ ਸੀ ਅਤੇ ਫਿਰ ਵੀ ਫੌਜ ਨਹੀਂ ਭੇਜਣੀ ਚਾਹੀਦੀ ਸੀ, ਪਰ ਕੀ ਅਜਿਹੇ ਅਨੇਕਾਂ ਕਾਰਨਾਂ ਕਰ ਕੇ ਸਰਕਾਰ ਨੇ ਫੌਜ ਦਰਬਾਰ ਸਾਹਿਬ ਭੇਜੀ ਸੀ? ਜਾਂ ਸਿੱਖਾਂ ਨੂੰ ਸਬਕ ਸਿਖਾਉਣ ਲਈ ਸੀ, ਜਿਸ ਤਰ੍ਹਾਂ ਅਜਮੇਰ ਸਿੰਘ, ਪ੍ਰਭਸ਼ਰਨ ਭਰਾ ਜਾਂ ਹੋਰ ਸਿੱਖ ਲੀਡਰ ਜਾਂ ਵਿਦਵਾਨ ਪੇਸ਼ ਕਰਦੇ ਹਨ? ਅਜਮੇਰ ਸਿੰਘ ਅਤੇ ਕਰਮਜੀਤ ਸਿੰਘ ਨੇ ਪਿਛਲੇ 20 ਸਾਲਾਂ ਤੋਂ ਜ਼ਕਰੀਆ ਖਾਨ ਅਤੇ ਅਹਿਮਦ ਸ਼ਾਹ ਅਬਦਾਲੀ ਨਾਲ ਇੰਦਰਾ ਗਾਂਧੀ ਨੂੰ ਤੁਲਨਾਉਣ ਦੀ ਰਟ ਤਾਂ ਲਾਈ ਹੋਈ ਹੈ, ਪਰ ਜੇ ਇਨ੍ਹਾਂ ਅੰਦਰ ਜ਼ਰਾ ਜਿੰਨੀ ਇਮਾਨਦਾਰੀ ਹੈ ਤਾਂ ਦੋਵੇਂ ਜਣੇ ਸਿੱਖ ਨੌਜਵਾਨਾਂ ਦੇ ਨਵੇਂ ਪੋਚ ਨੂੰ ਇਹ ਵੀ ਦੱਸਣ ਕਿ ਕੀ ਕਦੀ ਅਬਦਾਲੀ ਜਾਂ ਜ਼ਕਰੀਏ ਨੇ ਸਿੱਖਾਂ ਨੂੰ ਉਥੋਂ ਕੱਢ ਕੇ ਮਹੀਨੇ ਦੇ ਅੰਦਰ-ਅੰਦਰ ਦੁਬਾਰਾ ਸ੍ਰੀ ਹਰਿਮੰਦਰ ਸਾਹਿਬ ਬਣਵਾ ਕੇ ਦਿੱਤਾ ਸੀ? ਕੀ ਉਹ ਸੱਚੇ ਦਿਲੋਂ ਮੰਨਦੇ ਹਨ ਕਿ ਇੰਦਰਾ ਗਾਂਧੀ ਨੇ ਫੌਜ ਪਵਿੱਤਰ ਧਰਮ ਸਥਾਨ ਨੂੰ ਢਾਹੁਣ

(ਬਾਕੀ ਅਗਲੇ ਸਫੇ 'ਤੇ)

***ਅਜਮੇਰ ਸਿੰਘ ਅਤੇ ਕਰਮਜੀਤ ਸਿੰਘ ਨੇ ਪਿਛਲੇ 20 ਸਾਲਾਂ ਤੋਂ ਜ਼ਕਰੀਆ ਖਾਨ ਅਤੇ ਅਹਿਮਦ ਸ਼ਾਹ ਅਬਦਾਲੀ ਨਾਲ ਇੰਦਰਾ ਗਾਂਧੀ ਨੂੰ ਤੁਲਨਾਉਣ ਦੀ ਰਟ ਤਾਂ ਲਾਈ ਹੋਈ ਹੈ, ਪਰ ਜੇ ਇਨ੍ਹਾਂ ਅੰਦਰ ਜ਼ਰਾ ਜਿੰਨੀ ਇਮਾਨਦਾਰੀ ਹੈ ਤਾਂ ਦੋਵੇਂ ਜਣੇ ਸਿੱਖ ਨੌਜਵਾਨਾਂ ਦੇ ਨਵੇਂ ਪੋਚ ਨੂੰ ਇਹ ਵੀ ਦੱਸਣ ਕਿ ਕੀ ਕਦੀ ਅਬਦਾਲੀ ਜਾਂ ਜ਼ਕਰੀਏ ਨੇ ਸਿੱਖਾਂ ਨੂੰ ਉਥੋਂ ਕੱਢ ਕੇ ਮਹੀਨੇ ਦੇ ਅੰਦਰ-ਅੰਦਰ ਦੁਬਾਰਾ ਸ੍ਰੀ ਹਰਿਮੰਦਰ ਸਾਹਿਬ ਬਣਵਾ ਕੇ ਦਿੱਤਾ ਸੀ? ਕੀ ਉਹ ਸੱਚੇ ਦਿਲੋਂ ਮੰਨਦੇ ਹਨ ਕਿ ਇੰਦਰਾ ਗਾਂਧੀ ਨੇ ਫੌਜ ਪਵਿੱਤਰ ਧਰਮ ਸਥਾਨ ਨੂੰ ਢਾਹੁਣ ਲਈ ਹੀ ਚੜ੍ਹਾਈ ਸੀ? ਜੇ ਸਰਕਾਰ ਦੀ ਮਨਸ਼ਾ ਹਮਲਾ ਕਰਨ ਦੀ ਸੀ ਤਾਂ ਕੀ ਫਿਰ ਭਿੰਡਰਾਂਵਾਲਿਆਂ ਅਤੇ ਬਾਕੀ ਲੀਡਰਾਂ ਨੇ ਸਰਕਾਰ ਨੂੰ ਅਜਿਹਾ ਕਰਨ ਲਈ ਆਪ ਮੌਕਾ ਨਹੀਂ ਦਿੱਤਾ? ਕੀ ਇਹ ਵਿਦਵਾਨ ਦੱਸ ਸਕਦੇ ਹਨ ਕਿ ਉਸ ਵਕਤ ਦੇ ਵਿਦਵਾਨਾਂ ਜਾਂ ਲੀਡਰਾਂ ਨੇ ਹਮਲਾ ਰੁਕਵਾਉਣ ਲਈ ਕੀ ਯਤਨ ਕੀਤੇ? ਨਵੇਂ ਬਣੇ ਖਾਲਿਸਤਾਨੀ ਵਿਦਵਾਨ ਦੁਨੀਆਂ ਨੂੰ ਇਹ ਗੱਲ ਕਿਉਂ ਨਹੀਂ ਦੱਸਦੇ ਕਿ 1978 ਤੋਂ 1984 ਤੱਕ ਅਜਿਹੇ ਕਿਹੜੇ ਹਾਲਾਤ ਸਨ ਕਿ ਸਰਕਾਰ ਨੂੰ ਫੌਜ ਸੱਦਣੀ ਪਈ? 1978 ਤੋਂ ਜੂਨ 1984 ਤੱਕ ਜੋ ਕਤਲੋਗਾਰਤ ਹੋ ਰਹੀ ਸੀ, ਉਸ ਲਈ ਕੌਣ ਜ਼ਿੰਮੇਵਾਰ ਸੀ? ਦਰਬਾਰ ਸਾਹਿਬ ਅੰਦਰ ਵੱਡੇ-ਵੱਡੇ ਹਥਿਆਰ ਕਿਸ ਦੇ ਹੁਕਮਾਂ 'ਤੇ ਆਏ ਸਨ? ਕਿਸ ਦੇ ਹੁਕਮਾਂ 'ਤੇ ਮੋਰਚਾਬੰਦੀ ਕੀਤੀ ਗਈ ਸੀ?***

# 'ਪ੍ਰਚੰਡ ਜਜ਼ਬਿਆਂ ਦੀ ਸਵੇਰ' ਅਤੇ 'ਪ੍ਰਭਸ਼ਰਨ-ਭਰਾ'

## ਪ੍ਰਤੀਕਰਮ

ਅਮਰਜੀਤ ਸਿੰਘ ਮੁਲਤਾਨੀ
multaniny@gmail.com

'ਪੰਜਾਬ ਟਾਈਮਜ਼' ਦੇ 11 ਜੁਲਾਈ 2020 ਦੇ ਅੰਕ ਵਿਚ ਹਜ਼ਾਰਾ ਸਿੰਘ ਮਿਸੀਸਾਗਾ ਨੇ ਪ੍ਰਭਸ਼ਰਨ-ਭਰਾਵਾਂ ਬਾਰੇ ਪੱਤਰਕਾਰ ਕਰਮਜੀਤ ਸਿੰਘ ਚੰਡੀਗੜ੍ਹ ਦੇ ਲੇਖ ਬਾਰੇ ਪ੍ਰਤੀਕਰਮ ਦਿੰਦਿਆਂ ਬਹੁਤ ਸਪਸ਼ਟਤਾ ਨਾਲ ਲਿਖਿਆ ਹੈ ਕਿ ਕਿਵੇਂ ਉਹ ਆਪਣੇ ਲੇਖਾਂ 'ਤੇ ਉਠੇ ਸਵਾਲਾਂ ਦਾ ਉਤਰ ਨਹੀਂ ਦਿੰਦੇ, ਜੋ ਹਰ ਇਕ ਲੇਖਕ ਦਾ ਨੈਤਿਕ ਫਰਜ਼ ਬਣਦਾ ਹੈ। ਜਾਂ ਤਾਂ ਉਹ ਇਹ ਸਮਝਦੇ ਹਨ ਕਿ ਉਨ੍ਹਾਂ ਵੱਲੋਂ ਲਿਖਿਆ ਹੀ ਅੰਤਿਮ ਸੱਚ ਹੈ? ਜਾਂ ਉਹ ਹੋਰਨਾਂ ਲੇਖਕਾਂ ਨੂੰ ਮਾਨਸਿਕ ਜਾਂ ਵਿਦਿਅਕ ਤੌਰ 'ਤੇ ਆਪਣੇ ਆਪ ਤੋਂ ਘੱਟ ਆਂਕਦੇ ਹਨ? ਕੁਝ ਅਜਿਹਾ ਹੀ ਜਾਪਦਾ ਹੈ, ਨਹੀਂ ਤਾਂ ਗੁਰੂਬਾਣੀ ਤਾਂ ਦੁਬਿਧਾ ਦੀ ਅਵਸਥਾ ਵਿਚ ਰਲ-ਮਿਲ ਬੈਠ ਕੇ ਵਿਚਾਰ-ਚਰਚਾ ਕਰਨ ਦੀ ਸਲਾਹ ਦਿੰਦੀ ਹੈ। ਮੇਰੇ ਵਿਚਾਰ ਅਨੁਸਾਰ ਜੇ ਤੁਸੀਂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਮੁੱਦਈ ਹੋ, ਤਾਂ ਤੁਹਾਨੂੰ ਉਪਰੋਕਤ ਤੱਥਾਂ ਦੀ ਮੌਜੂਦਾ ਤੇ ਤਾਜਾ ਵਾਸਤੂ-ਸਥਿਤੀ ਨੂੰ ਹਮੇਸ਼ਾ ਆਪਣੇ ਵਿਚਾਰਾਂ ਦੇ ਕੇਂਦਰ ਵਿਚ ਰੱਖਣਾ ਪਵੇਗਾ।

ਡਾ. ਗੁਰਨਾਮ ਕੌਰ ਨੇ ਵੀ ਆਪਣੀ ਲਿਖਤ ਵਿਚ ਪੰਜਾਬ ਨਾਲ ਵਾਪਰੀ ਭੂਗੋਲਿਕ ਤ੍ਰਾਸਦੀ ਅਤੇ ਮੌਜੂਦਾ 'ਸੂਬੀ' ਵਾਲੀ ਸਥਿਤੀ ਤੇ ਫਿਰ ਸੂਬੀ ਵਿਚ ਵਸੇਬਾ ਕਰਨ ਵਾਲੇ ਪੰਜਾਬੀਆਂ ਵੱਲੋਂ ਹੰਢਾਈਆਂ ਜਾ ਰਹੀਆਂ ਬਹੁਪੱਖੀ ਦੁਸ਼ਵਾਰੀਆਂ ਦਾ ਬੜੀ ਤਰਸੇਵੇਂ ਵਾਲੀ ਹਾਲਤ ਦਾ ਜ਼ਿਕਰ ਕੀਤਾ ਹੈ। ਉਨ੍ਹਾਂ ਨੇ ਪੰਜਾਬ ਦੀ ਮੌਜੂਦਾ ਸਥਿਤੀ ਪ੍ਰਤੀ ਦਰਦਮੰਦ ਅਮਰਜੀਤ ਸਿੰਘ ਗਰੇਵਾਲ ਵਲੋਂ ਪੰਜਾਬ ਦੇ ਪੁਨਰ ਜਾਗਰਣ ਲਈ ਸਭ ਤੋਂ ਅਹਿਮ ਵਿੱਦਿਅਕ ਪੁਨਰ ਜਾਗਰਣ ਬਾਰੇ ਲਿਖੀ ਲੇਖ ਲੜੀ ਰਾਹੀਂ ਦਿੱਤੇ ਸੁਝਾਵਾਂ ਨੂੰ ਵੀ ਰੇਖਾਂਕਿਤ ਕੀਤਾ ਹੈ।

ਡਾ. ਗੁਰਨਾਮ ਕੌਰ ਨੇ ਵੀ ਪੱਤਰਕਾਰ ਕਰਮਜੀਤ ਸਿੰਘ ਵਲੋਂ 'ਪ੍ਰਚੰਡ ਜਜ਼ਬਿਆਂ' ਵਾਲੇ ਆਪਣੇ ਲੇਖ ਬਾਰੇ ਉਠੇ ਪ੍ਰਤੀਕਰਮਾਂ ਦਾ ਉਤਰ ਦਿੱਤੇ ਬਿਨਾ ਹੀ ਪ੍ਰਭਸ਼ਰਨ-ਭਰਾਵਾਂ ਦੇ ਵਿਦਿਅਕ ਦਬਦਬੇ ਅਤੇ ਖਾੜਕੂ ਲਹਿਰ ਪ੍ਰਤੀ ਉਨ੍ਹਾਂ ਦੀ ਵਿਚਾਰਧਾਰਾ ਨੂੰ ਸਿਰਮੌਰ ਸਥਾਪਿਤ ਕਰਦਾ ਲੇਖ ਲਿਖਣਾ ਹੀ ਹਾਂ ਪੱਖੀ ਮੰਨਿਆ। ਉਨ੍ਹਾਂ ਨੇ ਸਿੱਖ ਚਿੰਤਕ ਪ੍ਰੀਤਮ ਸਿੰਘ ਕੁਮੇਦਾਨ ਵਲੋਂ ਉਠਾਏ ਤਕਨੀਕੀ ਸਵਾਲਾਂ ਦਾ ਖਾਲਿਸਤਾਨੀ ਕਰਤਿਆਂ ਵਲੋਂ ਉਤਰ ਨਾ ਦੇਣ 'ਤੇ ਵੀ ਸਵਾਲ ਉਠਾਇਆ ਹੈ।

ਗੁਰੂ ਨਾਨਕ ਸਾਹਿਬ ਨੇ ਕਿਤੇ ਵੀ ਆਪਣੇ ਹੀ ਵਿਚਾਰਾਂ ਨੂੰ ਅੰਤਿਮ ਹੱਲ ਨਹੀਂ ਦੱਸਿਆ, ਨਾ ਹੀ ਉਨ੍ਹਾਂ ਨੇ ਆਪਣੇ ਵਿਚਾਰਾਂ ਨੂੰ ਕਿਸੇ 'ਤੇ ਥੋਪਣ ਦੀ ਗੱਲ ਕਹੀ ਹੈ। ਉਨ੍ਹਾਂ ਨੇ ਹਮੇਸ਼ਾ ਸੱਚ ਦੀ ਗੱਲ ਕੀਤੀ। ਇਹ ਸਚਿਆਰੀਆਂ ਗੱਲਾਂ ਅਤੇ ਗੁਰੂ ਨਾਨਕ ਦੀ ਨਿਰਭੈਅਤਾ ਨੇ ਵੱਡੀ ਗਿਣਤੀ ਵਿਚ ਉਸ ਵਕਤ ਦੇ ਸੁਜੱਗ ਦਿਮਾਗ ਲੋਕਾਂ ਨੂੰ ਧੁਰ ਅੰਦਰੋਂ ਪ੍ਰਭਾਵਿਤ ਕੀਤਾ ਅਤੇ ਉਨ੍ਹਾਂ ਲੋਕਾਂ ਨੇ ਇਨ੍ਹਾਂ ਸਚਿਆਈਆਂ ਨੂੰ ਆਪਣੇ ਜੀਵਨ ਦਾ ਮਾਰਗ ਬਣਾਇਆ ਤੇ ਇੰਜ ਉਹ ਗੁਰੂ ਨਾਨਕ ਦੇ ਪੱਕੇ ਸ਼ਿਸ਼ ਬਣ ਗਏ ਤੇ ਅਲੌਕਾਰੀ 'ਸਿੱਖ ਪੰਥ' ਸਾਜ ਲਿਆ। ਸਾਨੂੰ ਇਹ ਗੱਲ ਹਮੇਸ਼ਾ ਆਪਣੇ ਦਿਮਾਗ ਵਿਚ ਰੱਖਣੀ ਚਾਹੀਦੀ ਹੈ ਕਿ 'ਸੱਚ ਕੀ ਬੇਲਾ' ਲਈ ਗੁਰੂ ਨਾਨਕ ਸਾਹਿਬ ਨੇ ਨਿਰਭਉ ਹੋ ਕੇ ਆਪਣੇ ਵੇਲੇ ਦੇ ਸ਼ਕਤੀਸ਼ਾਲੀ ਹਿੰਦੂ ਅਤੇ ਇਸਲਾਮ ਧਰਮਾਂ ਦੀਆਂ ਮਾਨਵਤਾ-ਵਿਰੋਧੀ ਨੀਤੀਆਂ ਦਾ ਵਿਰੋਧ ਕੀਤਾ, ਪਰ ਆਪਣੇ ਵਿਚਾਰਾਂ ਨੂੰ ਕਦੇ ਵੀ 'ਅਕਾਸ਼ਵਾਣੀ' ਵਜੋਂ ਨਹੀਂ ਪ੍ਰਚਾਰਿਆ; ਪਰ ਵੱਡੀ ਗਿਣਤੀ ਵਿਚ ਉਨ੍ਹਾਂ ਦੇ ਪੈਰੋਕਾਰਾਂ ਨੇ ਉਨ੍ਹਾਂ ਦੇ ਸਹਿਜ ਸੁਭਾਅ ਉਚਾਰੇ ਬੋਲਾਂ ਨੂੰ ਧੁਰ ਕੀ ਬਾਣੀ ਵਾਂਗ ਸਵੀਕਾਰੀਆਂ ਤੇ ਸਤਿਕਾਰਿਆ।

ਗੁਰੂ ਨਾਨਕ ਸਾਹਿਬ ਵੱਲੋਂ ਦਰਸਾਏ ਸੱਚ ਦੇ ਮਾਰਗ 'ਤੇ ਚੱਲਦਿਆਂ "ਮਨਿ ਜੀਤੈ ਜਗੁ ਜੀਤੁ" ਫਲਸਫੇ ਦੀ ਲੋਅ ਵਿਚ ਸਿੱਖ ਚਾਹੁਣ ਤਾਂ ਸੰਸਾਰ ਜੇਤੂ ਬਣ ਸਕਦੇ ਹਨ? ਸ਼ਾਇਦ ਗੁਰੂ ਨਾਨਕ ਸਾਹਿਬ ਦੇ ਅੰਤਰ ਮਨ ਅੰਦਰ ਕੋਈ ਅਜਿਹੀ ਹੀ ਸੋਚ ਵਿਚਾਰ ਹੋਵੇ, ਜਿਸ ਕਰਕੇ ਉਨ੍ਹਾਂ ਨੇ ਆਪਣੀ ਸਰੀਰਕ ਸਮਰੱਥਾ ਅਤੇ ਉਮਰ ਨੂੰ ਧਿਆਨ ਵਿਚ ਰੱਖਦਿਆਂ ਵੱਧ ਤੋਂ ਵੱਧ ਦੇਸ਼ਾਂ ਦੀਆਂ ਯਾਤਰਾਵਾਂ ਕੀਤੀਆਂ ਅਤੇ ਹਰ ਥਾਂ ਉਥੋਂ ਦੇ ਮੂਲ ਨਿਵਾਸੀਆਂ ਨੂੰ ਪ੍ਰਭਾਵਿਤ ਕੀਤਾ ਤੇ ਸ਼ਿਸ਼ ਬਣਾਏ, ਜਿਸ ਦੇ ਪ੍ਰਮਾਣ ਸਿੱਖਾਂ ਸਾਹਮਣੇ ਪ੍ਰਤੱਖ ਹਨ। ਪਰ ਕੀ ਸਿੱਖਾਂ ਨੇ ਕਦੇ ਇਸ ਬਾਰੇ ਵੀ ਵਿਚਾਰਿਆ ਹੈ ਕਿ ਸਾਡੇ ਇਸ਼ਟ ਨੇ ਹਜਾਰਾਂ ਮੀਲਾਂ ਦਾ ਸਫਰ ਕਰਕੇ ਅਨਗਿਣਤ ਦੇਸ਼ਾਂ ਦੀਆਂ ਯਾਤਰਾਵਾਂ ਕਿਉਂ ਕੀਤੀਆਂ? ਜੇ ਸਿੱਖ ਧਰਮ ਨੇ ਪੁਰਾਤਨ ਹਿੰਦੁਸਤਾਨ ਦੀ ਹੱਦ ਅੰਦਰ ਹੀ ਸੀਮਤ ਰਹਿਣਾ ਸੀ ਤਾਂ ਗੁਰੂ ਨਾਨਕ ਸਾਹਿਬ ਨੇ ਸਰੀਰਕ ਯਾਤਨਾਵਾਂ ਸਹਿੰਦਿਆਂ ਹਜ਼ਾਰਾਂ ਮੀਲਾਂ ਦੀਆਂ ਦੁਰਗਮ ਯਾਤਰਾਵਾਂ ਕਿਉਂ ਕੀਤੀਆਂ? ਕਿਉਂ ਹਰ ਉਸ ਦੇਸ਼ ਵਿਚ ਗੁਰੂ ਨਾਨਕ ਦੇ ਚਾਹੁਣ ਵਾਲੇ ਹਨ? ਸਿੱਖਾਂ ਨੇ ਗੁਰੂ ਨਾਨਕ ਦੇ ਧਰਮ ਨਾਲ ਕੀ ਨਿਆਂ ਕੀਤਾ ਹੈ?

ਜੇ ਇਜ਼ਰਾਈਲ ਵਿਚ ਜੰਮਿਆ ਇਸਾਈ ਧਰਮ ਹਜਾਰਾਂ ਮੀਲ ਦੂਰ ਭਾਰਤ ਦੇ ਬੀਆਬਾਨ ਜੰਗਲੀ ਇਲਾਕਿਆਂ ਵਿਚ ਆਦਿਵਾਸੀਆਂ ਵਲੋਂ ਅਪਨਾਇਆ ਜਾ ਸਕਦਾ ਹੈ, ਪਰ ਸਿੱਖ ਧਰਮ ਕੁਝ ਸੌ ਮੀਲ ਦੀ ਯਾਤਰਾ ਕਰਕੇ ਉਨ੍ਹਾਂ ਤੱਕ ਕਿਉਂ ਨਹੀਂ ਪੁੱਜਿਆ? ਇਹ ਸਵਾਲ ਹਰ ਸਿੱਖ ਤੋਂ ਜਵਾਬ ਮੰਗਦਾ ਹੈ, ਪਰ ਸਿੱਖੀ 'ਤੇ ਕਾਬਜ ਮੌਜੂਦਾ ਨਿਜ਼ਾਮ ਨੇ ਆਮ ਸਿੱਖ ਨੂੰ ਮਾਨਸਿਕ ਤੌਰ 'ਤੇ ਇਸ ਪੱਧਰ ਤੱਕ ਸੋਚਣ ਦੇ ਕਾਬਲ ਛੱਡਿਆ ਹੀ ਨਹੀਂ?

ਹਰ ਸੁਜੱਗ ਸਿੱਖ ਨੂੰ ਸਿੱਖ ਹੋਣ ਦੇ ਨਾਤੇ ਆਪਣੇ ਆਪ ਨੂੰ ਹਰ ਉਸ ਅਸਫਲਤਾ ਤੇ ਅਸਫਲਤਾਵਾਂ ਦਾ ਹਿੱਸੇਦਾਰ ਮੰਨਣਾ ਚਾਹੀਦਾ ਹੈ, ਜਿਸ ਕਾਰਨ ਜਗਤ ਗੁਰੂ ਨਾਨਕ ਦਾ ਸਿੱਖ ਧਰਮ ਪਹਿਲਾਂ ਹਿੰਦੁਸਤਾਨ ਅੰਦਰ ਸਿਮਟਿਆ, ਫਿਰ ਪੰਜਾਬ ਵਿਚ ਸੀਮਤ ਰਹਿ ਗਿਆ ਤੇ ਮੌਜੂਦਾ ਦੌਰ ਵਿਚ ਗੁਰੂ ਨਾਨਕ ਦਾ 'ਅਲੌਕਾਰੀ ਸਿੱਖ ਧਰਮ' ਹੋਂਦ ਦੀ ਸ਼ਾਇਦ ਆਖਰੀ ਲੜਾਈ ਲੜ ਰਿਹਾ ਹੈ? ਰੋਜ਼ਾਨਾ ਸਿੱਖ ਧਰਮ 'ਤੇ ਹਮਲਿਆਂ ਦੀਆਂ ਹੀ ਖਬਰਾਂ ਸੁਣਨ ਨੂੰ ਮਿਲਦੀਆਂ ਹਨ, ਜੋ ਹਰ ਸੁਜੱਗ ਸਿੱਖ ਨੂੰ ਟੁੰਬਦੀਆਂ ਹਨ; ਪਰ ਇਹ ਸ਼ਰਮਨਾਕ ਹੈ ਜਾਂ ਮਹਾਬੇਸ਼ਰਮਨਾਕ ਹੈ-ਅੱਜ ਹਰ ਸਿੱਖ ਸਿਰਫ ਆਪਣੇ ਆਪ ਨੂੰ ਅਤੇ ਆਪਣੇ ਜਿਹਿਆਂ ਨੂੰ ਹੀ ਸਿੱਖ ਮੰਨਦਾ ਹੈ ਤੇ ਸਿੱਖੀ ਦਾ ਅਲੰਬਰਦਾਰ ਕਹਾਉਂਦਾ ਹੈ, ਭਾਵੇਂ ਉਨ੍ਹਾਂ ਦੀਆਂ ਇਨ੍ਹਾਂ ਜਿਦਾਂ ਤੇ ਜ਼ਿਦਬਾਜ਼ੀਆਂ ਕਾਰਨ ਕੋਈ ਵੀ ਸਿੱਖ ਬਚੇ ਹੀ ਨਾ? ਇਸ ਦੀ ਕਿਸੇ ਵੀ ਧਿਰ ਨੂੰ ਪਰਵਾਹ ਨਹੀਂ। ਹਾਂ, ਜੇ ਸਿੱਖ ਹੀ ਨਾ ਬਚਿਆ ਤਾਂ ਸਿੱਖ ਧਰਮ ਬਾਰੇ ਕੁਝ ਵੀ ਕਹਿਣ ਦੀ ਲੋੜ ਨਹੀਂ? ਬਚਣਗੇ ਤਾਂ ਇਹ ਅਖੌਤੀ ਪ੍ਰਚੰਡ ਪ੍ਰਗਤੀਵਾਦੀ, ਸੰਘਰਸ਼ਵਾਦੀ ਲੋਕ, ਜਿਨ੍ਹਾਂ ਨੂੰ ਸ਼ਾਇਦ ਕੁਝ ਵੱਡੇ-ਵੱਡੇ ਇਨਾਮ, ਵੱਡੇ-ਵੱਡੇ ਰੁਤਬੇ ਜਰੂਰ ਮਿਲ ਜਾਣਗੇ ਜਾਂ ਵੱਡੀਆਂ-ਵੱਡੀਆਂ ਜਾਇਦਾਦਾਂ ਜਰੂਰ ਪ੍ਰਾਪਤ ਕਰ ਲੈਣਗੇ? ਆਮ ਸਿੱਖ ਦਾ ਤਾਂ ਵਾਹਿਗੁਰੂ ਆਪ ਯਾਨਿ ਗੁਰੂ ਨਾਨਕ ਹੀ ਰਾਖਾ ਹੈ!

# ਸਿੱਖ ਵਿਦਵਾਨ ਭੰਬਲਭੂਸੇ ਦਾ ਸ਼ਿਕਾਰ ਜਾਂ ਬੇਈਮਾਨ?

*(ਪਿਛਲੇ ਸਫੇ ਦੀ ਬਾਕੀ)*

ਲਈ ਹੀ ਚੜ੍ਹਾਈ ਸੀ? ਜੇ ਸਰਕਾਰ ਦੀ ਮਨਸ਼ਾ ਹਮਲਾ ਕਰਨ ਦੀ ਸੀ ਤਾਂ ਕੀ ਫਿਰ ਭਿੰਡਰਾਂਵਾਲਿਆਂ ਅਤੇ ਬਾਕੀ ਲੀਡਰਾਂ ਨੇ ਸਰਕਾਰ ਨੂੰ ਅਜਿਹਾ ਕਰਨ ਲਈ ਆਪ ਮੌਕਾ ਨਹੀਂ ਦਿੱਤਾ? ਕੀ ਇਹ ਵਿਦਵਾਨ ਦੱਸ ਸਕਦੇ ਹਨ ਕਿ ਉਸ ਵਕਤ ਦੇ ਵਿਦਵਾਨਾਂ ਜਾਂ ਲੀਡਰਾਂ ਨੇ ਹਮਲਾ ਰੁਕਵਾਉਣ ਲਈ ਕੀ ਯਤਨ ਕੀਤੇ? ਨਵੇਂ ਬਣੇ ਖਾਲਿਸਤਾਨੀ ਵਿਦਵਾਨ ਦੁਨੀਆਂ ਨੂੰ ਇਹ ਗੱਲ ਕਿਉਂ ਨਹੀਂ ਦੱਸਦੇ ਕਿ 1978 ਤੋਂ 1984 ਤੱਕ ਅਜਿਹੇ ਕਿਹੜੇ ਹਾਲਾਤ ਸਨ ਕਿ ਸਰਕਾਰ ਨੂੰ ਫੌਜ ਸੱਦਣੀ ਪਈ? 1978 ਤੋਂ ਜੂਨ 1984 ਤੱਕ ਜੋ ਕਤਲੋਗਾਰਤ ਹੋ ਰਹੀ ਸੀ, ਉਸ ਲਈ ਕੌਣ ਜ਼ਿੰਮੇਵਾਰ ਸੀ? ਦਰਬਾਰ ਸਾਹਿਬ ਅੰਦਰ ਵੱਡੇ-ਵੱਡੇ ਹਥਿਆਰ ਕਿਸ ਦੇ ਹੁਕਮਾਂ 'ਤੇ ਆਏ ਸਨ? ਕਿਸ ਦੇ ਹੁਕਮਾਂ 'ਤੇ ਮੋਰਚਾਬੰਦੀ ਕੀਤੀ ਗਈ ਸੀ? ਜੇ ਸਰਕਾਰ ਨੇ ਇੱਕ ਸਾਲ ਪਹਿਲਾਂ ਹਮਲੇ ਦੀ ਤਿਆਰੀ ਕਰ ਲਈ ਸੀ ਤਾਂ ਉਸ ਵਕਤ ਤਾਂ ਦਰਬਾਰ ਸਾਹਿਬ ਵਿਚ ਕੋਈ ਹਥਿਆਰ ਨਹੀਂ ਸਨ ਅਤੇ ਨਾ ਹੀ ਕੋਈ ਮੋਰਚਾ ਸੀ; ਫਿਰ ਸਰਕਾਰ ਨੇ ਕਿਸ ਬਹਾਨੇ ਹਮਲਾ ਕਰਨਾ ਸੀ? ਫਿਰ ਕਿਸ ਦੇ ਇਸ਼ਾਰੇ 'ਤੇ ਭਿੰਡਰਾਂਵਾਲਿਆਂ ਨੂੰ ਅਕਾਲ ਤਖਤ ਭੇਜਿਆ ਗਿਆ ਜਾਂ ਅੰਦਰ ਜਾਣ ਲਈ ਮਜਬੂਰ ਕੀਤਾ ਗਿਆ ਜਾਂ ਉਹ ਖੁਦ ਗਿਆ? ਕੀ ਉਸ ਵਕਤ ਦੇ ਸਾਰੇ ਸਿੱਖ ਲੀਡਰ ਤੇ ਖਾੜਕੂ ਸਰਕਾਰ ਵਲੋਂ ਹਮਲਾ ਕਰਨ ਲਈ ਵਰਤੇ ਗਏ ਸਨ? ਕੀ ਇਸ ਦਾ ਮਤਲਬ ਇਹ ਨਹੀਂ ਬਣਦਾ ਕਿ ਉਹ ਖੁਦ ਸਰਕਾਰ ਨੂੰ ਹਮਲਾ ਕਰਨ ਲਈ ਮੌਕਾ ਦੇ ਰਹੇ ਸਨ ਜਾਂ ਉਕਸਾ ਰਹੇ ਸਨ?

ਜੇ ਇਸਲਾਮਿਕ ਦੇਸ਼ਾਂ ਦੀ ਗੱਲ ਲਈਏ ਤਾਂ ਕੀ ਪਾਕਿਸਤਾਨ ਨੇ 2007 ਵਿਚ ਲਾਲ ਮਸਜਿਦ ਵਿਚ ਲੁਕੇ ਤਾਲਿਬਾਨ ਨੂੰ ਕੱਢਣ ਲਈ ਫੌਜ ਦੀ ਵਰਤੋਂ ਨਹੀਂ ਕੀਤੀ ਜਾਂ 1979 ਵਿਚ ਮੱਕੇ ਦੀ ਮਸਜਿਦ ਅੰਦਰ ਲੁਕੇ ਹੋਏ ਹਥਿਆਰਬੰਦ ਇਸਲਾਮਿਕ ਦਹਿਸ਼ਤਗਰਦਾਂ ਦਾ ਸਾਊਦੀ ਅਰਬ ਸਰਕਾਰ ਨੇ ਫਰਾਂਸ ਤੋਂ ਵਿਸ਼ੇਸ਼ ਕਮਾਂਡੋ ਦਸਤੇ ਮੰਗਵਾ ਕੇ ਸਫਾਇਆ ਨਹੀਂ ਕਰਵਾਇਆ ਸੀ? ਸਾਨੂੰ ਇਹ ਗੱਲ ਕਿਉਂ ਸਮਝ ਨਹੀਂ ਆਉਂਦੀ ਕਿ ਦੁਨੀਆਂ ਦੀ ਕੋਈ ਵੀ ਸਰਕਾਰ ਇਸ ਤਰ੍ਹਾਂ ਕਿਸੇ ਵੀ ਹਥਿਆਬੰਦ ਗਰੁੱਪ ਨੂੰ ਇਜਾਜ਼ਤ ਨਹੀਂ ਦਿੰਦੀ ਕਿ ਉਹ ਕਿਸੇ ਧਾਰਮਿਕ ਜਾਂ ਕਿਸੇ ਵੀ ਸਥਾਨ 'ਤੇ ਕਬਜ਼ਾ ਕਰ ਕੇ ਆਪਣੀਆਂ ਖਾੜਕੂ ਕਾਰਵਾਈਆਂ ਚਲਾਉਣ?

ਚਾਹੀਦਾ ਤਾਂ ਇਹ ਸੀ ਕਿ 1984 ਦੇ ਹਮਲੇ ਤੋਂ ਸਿੱਖ ਲੀਡਰਸ਼ਿਪ ਅਤੇ ਵਿਦਵਾਨ ਸਬਕ ਸਿੱਖ ਕੇ ਕੌਮ ਨੂੰ ਕੋਈ ਨਵੀਂ ਸੇਧ ਦਿੰਦੇ, ਸਗੋਂ ਇਨ੍ਹਾਂ ਨੇ ਦਰਬਾਰ ਸਾਹਿਬ ਦੇ ਹਮਲੇ ਕਾਰਨ ਭੜਕੇ ਹੋਏ ਧਾਰਮਿਕ ਜਜ਼ਬਾਤ ਕਾਰਨ ਹਥਿਆਰ ਚੁੱਕ ਰਹੇ ਨੌਜਵਾਨਾਂ ਨੂੰ ਖਾਲਿਸਤਾਨ ਦਾ ਨਾਅਰਾ ਫੜਾ ਕੇ ਮਰਨ ਦੇ ਰਾਹੇ ਤੋਰਿਆ, ਜਿਸ ਦਾ ਨਤੀਜਾ 1984-1995 ਤੱਕ ਦੇ ਕਤਲੇਆਮ ਵਿਚ ਨਿਕਲਿਆ, ਜਿਸ ਵਿਚ ਸਰਕਾਰ ਅਤੇ ਖਾੜਕੂਆਂ ਨੇ ਅੰਨ੍ਹੇਵਾਹ ਹਿੰਸਾ ਦਾ ਸਹਾਰਾ ਲਿਆ ਤੇ ਤਬਾਹੀ ਸਾਰੇ ਪੰਜਾਬ ਦੀ ਹੋਈ। ਅਜਿਹੇ ਵਿਦਵਾਨ ਅਜੇ ਵੀ ਕੋਈ ਸਬਕ ਨਹੀਂ ਸਿੱਖ ਰਹੇ, ਸਗੋਂ ਨੌਜਵਾਨੀ ਨੂੰ ਆਪਣੇ ਸੌੜੇ ਹਿੱਤਾਂ ਲਈ ਭੜਕਾ ਰਹੇ ਹਨ। ਜਵਾਬ ਤਾਂ ਇਸ ਗੱਲ ਵੀ ਦਿੱਤਾ ਜਾਣਾ ਚਾਹੀਦਾ ਸੀ ਕਿ ਜੇ 29 ਅਪਰੈਲ 1986 ਨੂੰ ਸਾਰੀਆਂ ਖਾੜਕੂ ਧਿਰਾਂ ਨੇ ਇੰਡੀਆ ਦਾ ਸੰਵਿਧਾਨ ਰੱਦ ਕਰ ਕੇ ਵੱਖਰੇ ਦੇਸ਼ ਖਾਲਿਸਤਾਨ ਦੀ ਪ੍ਰਾਪਤੀ ਲਈ ਹਥਿਆਰਬੰਦ ਸੰਘਰਸ਼ ਸ਼ੁਰੂ ਕਰ ਦਿੱਤਾ ਸੀ ਤਾਂ ਸਿਮਰਨਜੀਤ ਸਿੰਘ ਮਾਨ, ਅਤਿੰਦਰਪਾਲ ਸਿੰਘ ਖਾਲਿਸਤਾਨੀ, ਬੇਅੰਤ ਸਿੰਘ ਦੀ ਪਤਨੀ ਬਿਮਲ ਕੌਰ ਖਾਲਸਾ, ਧਿਆਨ ਸਿੰਘ ਮੰਡ ਆਦਿ ਨੇ ਕਿਸ ਦੇ ਕਹੇ 'ਤੇ ਭਾਰਤੀ ਸੰਵਿਧਾਨ ਅਧੀਨ ਚੋਣ ਲੜੀ ਸੀ? ਜੇ ਲੋਕਾਂ ਨੇ ਉਨ੍ਹਾਂ ਨੂੰ ਭਾਰੀ ਸਮਰਥਨ ਨਾਲ ਜਿਤਾਇਆ ਸੀ ਤਾਂ ਫਿਰ ਉਨ੍ਹਾਂ ਨੇ ਪਾਰਲੀਮੈਂਟ ਵਿਚ ਜਾ ਕੇ ਖਾਲਿਸਤਾਨ ਦੀ ਮੰਗ ਕਿਉਂ ਨਹੀਂ ਉਠਾਈ?



ਦਲਬੀਰ ਸਿੰਘ ਪੱਤਰਕਾਰ



ਦਲਜੀਤ ਸਿੰਘ ਬਿੱਟੂ



ਜਸਪਾਲ ਸਿੰਘ ਸਿੱਧੂ

ਜਵਾਬ ਤਾਂ ਇਸ ਗੱਲ ਦਾ ਵੀ ਦਿੱਤਾ ਜਾਣਾ ਚਾਹੀਦਾ ਹੈ ਕਿ 1991 ਦੀਆਂ ਪੰਜਾਬ ਅਸੈਂਬਲੀ ਚੋਣਾਂ ਵਿਚ ਜਦੋਂ ਕਾਂਗਰਸ ਵਲੋਂ ਬਾਈਕਾਟ ਸੀ ਅਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਤੇ ਖਾੜਕੂਆਂ ਦੇ ਸਮਰਥਕ ਵੋਟਾਂ ਵਿਚ ਖੜ੍ਹੇ ਸਨ ਤਾਂ ਫੈਡਰੇਸ਼ਨ ਦੇ 20 ਤੋਂ ਵੱਧ ਉਮੀਦਵਾਰਾਂ ਨੂੰ ਮੌਤ ਦੇ ਘਾਟ ਉਤਾਰਨ ਵਾਲੇ ਖਾੜਕੂ ਕੌਣ ਸਨ ਤਾਂ ਕਿ ਵੋਟਾਂ ਨਾ ਹੋਣ? ਫਿਰ ਇਸੇ ਬਹਾਨੇ ਵੋਟਾਂ ਰੱਦ ਵੀ ਕੀਤੀਆਂ ਗਈਆਂ? ਕੀ ਉਹ ਖਾੜਕੂ ਸਰਕਾਰੀ ਸਨ, ਜੋ ਹਰ ਹਾਲਤ ਵਿਚ ਵੋਟਾਂ ਰੱਦ ਕਰਵਾਉਣਾ ਚਾਹੁੰਦੇ ਸਨ? ਜੇ ਉਸ ਵਕਤ ਵੋਟਾਂ ਹੁੰਦੀਆਂ ਤਾਂ ਗਾਰੰਟੀ ਨਾਲ ਫੈਡਰੇਸ਼ਨ ਅਤੇ ਖਾੜਕੂਆਂ ਦੀ ਸਮਰਥਕ ਖਾਲਿਸਤਾਨੀ ਸਰਕਾਰ ਬਣਦੀ। ਜਵਾਬ ਤਾਂ ਇਹ ਵੀ ਦਿੱਤਾ ਜਾਣਾ ਚਾਹੀਦਾ ਹੈ ਕਿ ਫਰਵਰੀ 1992 ਦੀਆਂ ਚੋਣਾਂ ਦਾ ਬਾਈਕਾਟ ਕਿਉਂ ਕੀਤਾ ਗਿਆ ਜਾਂ ਕਰਾਇਆ ਗਿਆ? ਜੇ ਸਿੱਖਾਂ ਦੀਆਂ ਰਵਾਇਤੀ ਤੇ ਖਾੜਕੂ ਧਿਰਾਂ ਨੇ ਖਾੜਕੂਆਂ, ਖਾਸਕਰ ਡਾ. ਸੋਹਣ ਸਿੰਘ ਵਾਲੀ ਪੰਥਕ ਕਮੇਟੀ ਦੇ ਡਰ ਅਧੀਨ ਬਾਈਕਾਟ ਕਰ ਦਿੱਤਾ ਸੀ ਤੇ ਸਿਰਫ ਕਾਂਗਰਸ ਹੀ ਮੈਦਾਨ ਵਿਚ ਸੀ ਤਾਂ ਫਿਰ ਵੋਟਾਂ ਰੋਕਣ ਲਈ 1991 ਵਾਂਗ ਕਾਂਗਰਸ ਦਾ ਇੱਕ ਵੀ ਉਮੀਦਰਵਾਰ ਕਤਲ ਕਿਉਂ ਨਹੀਂ ਹੋਇਆ? ਕਤਲ ਤਾਂ ਦੂਰ, ਕਿਤੇ ਕੋਈ ਹਮਲਾ ਤੱਕ ਨਹੀਂ ਹੋਇਆ?

ਜਵਾਬ ਤਾਂ ਇਹ ਵੀ ਦਿੱਤਾ ਜਾਣਾ ਚਾਹੀਦਾ ਹੈ ਕਿ ਜਿਹੜੇ ਖਾੜਕੂ ਗਰੁੱਪ ਹਥਿਆਰਬੰਦ ਸੰਘਰਸ਼ ਦੇ ਨਾਲ-ਨਾਲ ਭਾਰਤੀ ਸੰਵਿਧਾਨ ਅਧੀਨ ਵੋਟਾਂ ਰਾਹੀਂ ਵੀ ਆਪਣਾ ਸੰਘਰਸ਼ ਜਾਰੀ ਰੱਖਣਾ ਚਾਹੁੰਦੇ ਸਨ, ਉਹ ਤਾਂ ਸਾਰੇ ਗਰੁੱਪ ਪੁਲਿਸ ਨੇ 1992 ਦੀ ਸਰਕਾਰ ਬਣਨ ਦੇ ਇੱਕ ਸਾਲ ਦੇ ਵਿਚ-ਵਿਚ ਹੀ ਖਤਮ ਕਰ ਦਿੱਤੇ ਸਨ? ਪਰ ਜਿਹੜੇ 1991 ਵਿਚ ਵੋਟਾਂ ਪਾਉਣ ਵਾਲਿਆਂ ਨੂੰ ਗੋਲੀਆਂ ਮਾਰਦੇ ਸਨ, 1992 ਦੀਆਂ ਵੋਟਾਂ ਦਾ ਗੋਲੀ ਦੀ ਨੋਕ 'ਤੇ ਬਾਈਕਾਟ ਕਰਾਉਂਦੇ ਸਨ, ਉਨ੍ਹਾਂ ਵਿਚੋਂ ਬਹੁਤ ਅਜੇ ਵੀ ਜਿੰਦਾ ਘੁੰਮ ਰਹੇ ਹਨ? ਜੇ ਪੁਲਿਸ ਛੋਟੇ-ਛੋਟੇ ਖਾੜਕੂਆਂ ਨੂੰ ਫੜ ਕੇ ਝੂਠੇ ਮੁਕਾਬਲਿਆਂ ਵਿਚ ਕਤਲ ਕਰ ਸਕਦੀ ਸੀ ਤਾਂ ਪੰਥਕ ਕਮੇਟੀ ਦੇ ਮੁਖੀ ਡਾ. ਸੋਹਣ ਸਿੰਘ ਅਤੇ ਉਸੇ ਕਮੇਟੀ ਦੇ ਮੁੱਖ ਮੈਂਬਰ ਦਲਜੀਤ ਸਿੰਘ ਬਿੱਟੂ ਨੂੰ ਕਿਉਂ ਬਚਾਇਆ ਗਿਆ ਸੀ? ਇਸੇ ਤਰ੍ਹਾਂ ਹੋਰ ਵੀ ਬਹੁਤ ਅਜਿਹੇ ਸਾਬਕਾ ਖਾੜਕੂ ਅਤੇ ਉਨ੍ਹਾਂ ਦੇ ਸਮਰਥਕ ਵਿਦਵਾਨ ਸ਼ੱਰੇਆਮ ਦੇਸ਼-ਵਿਦੇਸ਼ ਵਿਚ ਘੁੰਮ ਰਹੇ ਹਨ। ਪੁਲਿਸ ਜਾਂ ਸਰਕਾਰ ਉਨ੍ਹਾਂ ਨੂੰ ਵਿਦੇਸ਼ਾਂ ਵਿਚ ਆਉਣ ਲਈ ਪਾਸਪੋਰਟ ਕਿਵੇਂ ਦੇ ਦਿੰਦੀ ਹੈ?

1995 ਤੋਂ ਲੈ ਕੇ ਪਿਛਲੇ 25 ਸਾਲਾਂ ਤੋਂ ਖਾਲਿਸਤਾਨ ਲਈ ਚੱਲਦੀ ਹਥਿਆਰਬੰਦ ਖਾੜਕੂ ਲਹਿਰ ਬੰਦ ਹੈ। ਕੀ ਖਾਲਿਸਤਾਨੀ ਲੀਡਰ ਜਾਂ ਵਿਦਵਾਨ ਦੱਸ ਸਕਦੇ ਹਨ ਕਿ ਪਿਛਲੇ 25 ਸਾਲਾਂ ਵਿਚ ਉਨ੍ਹਾਂ ਨੇ ਖਾਲਿਸਤਾਨ ਬਾਰੇ ਕੋਈ ਠੋਸ ਪਲੈਨ ਪੇਸ਼ ਕੀਤੀ ਹੈ ਕਿ ਖਾਲਿਸਤਾਨ ਕਿਹੋ ਜਿਹਾ ਹੋਵੇਗਾ? ਰੈਫਰੈਂਡਮ ਵਾਲੇ ਸੱਜਣਾਂ ਨੂੰ ਇੱਕ ਬੜੇ ਹੀ ਸੋਝੀਵਾਨ ਸੱਜਣ ਸ. ਪ੍ਰੀਤਮ ਸਿੰਘ ਕੁਮੇਦਾਨ ਨੇ ਸੋਸ਼ਲ ਮੀਡੀਏ ਰਾਹੀਂ ਕੁਝ ਬੜੇ ਸਿੱਧੇ ਸਵਾਲ ਪਾਏ ਹੋਏ ਹਨ। ਖਾਲਿਸਤਾਨ ਦੀਆਂ ਹੱਦਾਂ ਕੀ ਹੋਣਗੀਆਂ? ਉਥੇ ਕਿਹੋ ਜਿਹਾ ਸਿਸਟਮ (ਲੋਕਤੰਤਰੀ, ਫੌਜੀ ਰੂਲ, ਤਾਨਾਸ਼ਾਹੀ ਰੂਲ, ਸਮਾਜਵਾਦੀ, ਸਰਮਾਏਦਾਰੀ, ਧਾਰਮਿਕ ਕੱਟੜਵਾਦ ਆਦਿ) ਲਾਗੂ ਹੋਵੇਗਾ? ਸਿੱਖਾਂ ਤੋਂ ਇਲਾਵਾ ਬਾਕੀ ਕੌਮਾਂ ਦਾ ਉਥੇ ਕੀ ਸਟੈਟਸ ਹੋਵੇਗਾ? ਹੋਰ ਕੌਮਾਂ ਨੂੰ ਤਾਂ ਛੱਡੋ, ਸਿੱਖਾਂ ਵਿਚਲੇ ਛੋਟੇ ਫਿਰਕਿਆਂ ਰਾਧਾ ਸਵਾਮੀ, ਨਾਨਕਸਰੀਏ, ਨਾਮਧਾਰੀਏ, ਨਿਰੰਕਾਰੀ, ਅਸ਼ੂਤੋਸ਼ੀਏ, ਸਰਸੇ ਵਾਲੇ, ਮਿਸ਼ਨਰੀ ਆਦਿ ਨੂੰ ਕੀ ਹੱਕ ਹੋਣਗੇ? ਕੀ ਉਨ੍ਹਾਂ ਦਾ ਹਾਲ ਪਾਕਿਸਤਾਨ ਵਿਚਲੇ ਅਹਿਮਦੀਆਂ ਜਾਂ ਸੁੰਨੀ ਦੇਸ਼ਾਂ ਵਿਚਲੇ ਸ਼ੀਆ ਮੁਸਲਮਾਨਾਂ ਜਿਹਾ ਹੋਵੇਗਾ? ਸਿੱਖਾਂ (ਪਤਾ ਨਹੀਂ ਖਾਲਿਸਤਾਨੀ ਧਿਰਾਂ ਸਿੱਖ ਕਿਸ ਨੂੰ ਮੰਨਣਗੀਆਂ?) ਤੋਂ ਬਿਨਾ ਹਿੰਦੂਆਂ, ਮੁਸਲਮਾਨਾਂ, ਇਸਾਈਆਂ, ਦਲਿਤਾਂ, ਕਾਮਰੇਡਾਂ, ਨਾਸਤਿਕਾਂ ਆਦਿ ਨਾਲ ਕੀ ਹੋਵੇਗਾ ਜਾਂ ਪੰਜਾਬ ਤੋਂ ਬਾਹਰ ਭਾਰਤ ਵਿਚ ਵੱਸਦੇ ਸਿੱਖਾਂ ਨਾਲ ਕੀ ਹੋਵੇਗਾ? ਕੀ ਖਾਲਿਸਤਾਨੀ ਲੀਡਰਸ਼ਿਪ 1947 ਵਰਗੇ ਕਤਲੇਆਮ ਲਈ ਤਿਆਰ ਹੈ?

ਅਸਲ ਵਿਚ ਸਵਾਲ ਇਹ ਹੈ ਕਿ ਜਿਸ ਪੰਜਾਬ ਨੂੰ ਖਾਲਿਸਤਾਨ ਬਣਾਉਣ ਲਈ ਖਾਲਿਸਤਾਨੀ ਧਿਰਾਂ ਯਤਨਸ਼ੀਲ ਹਨ, ਉਸ ਦੇ ਕਿਸਾਨ ਅਤੇ ਮਜ਼ਦੂਰ ਖੁਦਕੁਸ਼ੀਆਂ ਕਰ ਰਹੇ ਹਨ, ਉਨ੍ਹਾਂ ਨੂੰ ਬਚਾਉਣ ਲਈ ਸਰਕਾਰਾਂ ਨੂੰ ਭੰਡਣ ਤੋਂ ਇਲਾਵਾ ਪਿਛਲੇ 25 ਸਾਲਾਂ ਤੋਂ ਕੋਈ ਕਾਰਵਾਈ ਕੀਤੀ ਹੋਵੇ ਤਾਂ ਦੱਸਣ? ਪੰਜਾਬ ਦੀ ਨੌਜਵਾਨੀ ਨਸ਼ਿਆਂ ਵਿਚ ਗਰਕ ਰਹੀ ਹੈ, ਪੰਜਾਬ ਦਾ ਪਾਣੀ ਗੰਦਾ ਹੋ ਰਿਹਾ ਹੈ, ਪੰਜਾਬ ਦਾ ਜ਼ਮੀਨ ਹੇਠਲਾ ਪਾਣੀ ਖਤਮ ਹੋ ਰਿਹਾ ਹੈ। ਮਾਹਰਾਂ ਅਨੁਸਾਰ ਅਗਲੇ 25 ਸਾਲਾਂ ਨੂੰ ਪੰਜਾਬ ਦੀ ਧਰਤੀ ਬੰਜਰ ਬਣ ਸਕਦੀ ਹੈ। ਪੰਜਾਬ ਦੀ ਨੌਜਵਾਨੀ ਬੇਰੁਜ਼ਗਾਰ ਘੁੰਮ ਰਹੀ ਹੈ। ਪੰਜਾਬ ਦੇ ਮਜ਼ਦੂਰ ਤੇ ਕਿਸਾਨ ਆਪਣੇ ਹੱਕਾਂ ਲਈ ਸੰਘਰਸ਼ ਕਰਦੇ ਹਨ ਤਾਂ ਕਦੇ ਕਿਸੇ ਖਾਲਿਸਤਾਨੀ ਧਿਰ ਨੇ ਸਮਰਥਨ ਕੀਤਾ ਹੋਵੇ? ਕੋਈ ਵੀ ਪੰਜਾਬੀ ਨੌਜਵਾਨ ਪੰਜਾਬ ਵਿਚ ਰਹਿਣਾ ਨਹੀਂ ਚਾਹੁੰਦਾ, ਇਥੋਂ ਤੱਕ ਕਿ ਵੱਡੇ ਵੱਡੇ ਖਾਲਿਸਤਾਨੀ ਲੀਡਰਾਂ ਤੇ ਵਿਦਵਾਨਾਂ ਦੇ ਆਪਣੇ ਬੱਚੇ ਵਿਦੇਸ਼ਾਂ ਵਿਚ ਸੈਟ ਹੋ ਗਏ ਹਨ ਜਾਂ ਹੋ ਰਹੇ ਹਨ? ਖਾੜਕੂਆਂ ਦੇ ਪਰਿਵਾਰ ਤੇ ਬੱਚੇ ਵਿਦੇਸ਼ਾਂ ਵਿਚ ਸੈਟ ਹੋ ਰਹੇ ਹਨ? ਕੀ ਖਾਲਿਸਤਾਨੀ ਲੀਡਰਸ਼ਿਪ ਜਾਂ ਵਿਦਵਾਨਾਂ ਕੋਲ ਅਜਿਹੇ ਕਿਸੇ ਮਸਲੇ ਦੇ ਹੱਲ ਲਈ ਕੋਈ ਪਲੈਨ ਹੈ? ਕੀ ਕਦੇ ਇਨ੍ਹਾਂ ਨੇ ਆਪਣੇ ਕਿਸੇ ਪਲੈਟਫਾਰਮ 'ਤੇ ਅਜਿਹੇ ਮਸਲਿਆਂ ਬਾਰੇ ਕੋਈ ਸੰਜੀਦਾ ਵਿਚਾਰ-ਵਟਾਂਦਰਾ ਕੀਤਾ ਹੈ? ਕੀ ਕਦੇ ਖਾਲਿਸਤਾਨ ਦੀਆਂ ਵਿਰੋਧੀ ਧਿਰਾਂ ਨਾਲ ਖਾਲਿਸਤਾਨ ਦੇ ਮਸਲੇ 'ਤੇ ਕਦੇ ਕੋਈ ਬਹਿਸ ਕੀਤੀ ਹੈ? ਸਗੋਂ ਜੇ ਕੋਈ ਸਵਾਲ ਉਠਾਉਂਦਾ ਹੈ ਤਾਂ ਉਸ 'ਤੇ ਕੌਮ ਵਿਰੋਧੀ ਹੋਣ ਦਾ ਦੋਸ਼ ਲਾ ਕੇ ਬਾਹਰ ਦਾ ਰਸਤਾ ਦਿਖਾ ਦਿੱਤਾ ਜਾਂਦਾ ਹੈ।

ਪਿਛਲੇ ਕੁਝ ਮਹੀਨਿਆਂ ਤੋਂ ਸਾਰੀ ਦੁਨੀਆਂ ਕਰੋਨਾ ਦੀ ਮਹਾਮਾਰੀ ਨਾਲ ਜੂਝ ਰਹੀ ਹੈ ਤਾਂ ਪ੍ਰਭਸ਼ਰਨ-ਭਰਾਵਾਂ ਲਈ ਇਹ ਮਸਲਾ ਵੱਡਾ ਬਣਿਆ ਹੋਇਆ ਹੈ ਕਿ ਖਾਲਿਸਤਾਨ ਦਾ ਐਲਾਨ ਅਪਰੈਲ 1986 ਦੀ ਥਾਂ ਜਨਵਰੀ 1986 ਵਿਚ ਕਿਉਂ ਨਹੀਂ ਹੋਇਆ? ਇਸ ਮਸਲੇ 'ਤੇ ਕੋਈ ਚਰਚਾ ਨਹੀਂ ਕਰ ਰਿਹਾ ਕਿ ਸਿੱਖਸ ਫਾਰ ਜਸਟਿਸ ਦੇ ਗੁਰਪਤਵੰਤ ਸਿੰਘ ਪੰਨੂੰ ਵਲੋਂ ਜੋ 2020 ਰੈਫਰੈਂਡਮ ਕਰਾਇਆ ਜਾ ਰਿਹਾ ਹੈ, ਉਸ ਦਾ ਕੀ ਮਤਲਬ ਹੈ? ਜਦੋਂ ਸਾਰੀਆਂ ਖਾਲਿਸਤਾਨੀ ਧਿਰਾਂ ਇੱਕਮਤ ਹਨ ਕਿ ਸੰਤਾਂ ਦੇ ਬਚਨਾਂ ਅਨੁਸਾਰ ਜੂਨ 1984 ਵਿਚ ਹਮਲਾ ਹੋਣ ਨਾਲ ਖਾਲਿਸਤਾਨ ਦੀ ਨੀਂਹ ਰੱਖੀ ਗਈ ਸੀ ਤੇ ਉਸ ਦਾ ਰਸਮੀ ਐਲਾਨ ਪੰਥਕ ਕਮੇਟੀ ਨੇ 29 ਅਪਰੈਲ 1986 ਨੂੰ ਕਰ ਕੇ ਖਾੜਕੂਆਂ ਨੇ ਹਥਿਆਰਬੰਦ ਸੰਘਰਸ਼ ਦਾ ਬਿਗਲ ਵਜਾ ਦਿੱਤਾ ਸੀ ਤਾਂ ਫਿਰ ਰੈਫਰੈਂਡਮ ਦਾ ਕੀ ਮਤਲਬ ਹੈ, ਜਿਸ ਨੂੰ ਸਾਰੀਆਂ ਖਾਲਿਸਤਾਨੀ ਧਿਰਾਂ ਸਮਰਥਨ ਦੇ ਰਹੀਆਂ ਹਨ? ਕੀ ਜੇ ਪੰਜਾਬ ਜਾਂ ਵਿਦੇਸ਼ਾਂ ਵਿਚਲੇ ਸਿੱਖ ਰੈਫਰੈਂਡਮ ਵਿਚ ਖਾਲਿਸਤਾਨ ਦੇ ਵਿਰੋਧ ਵਿਚ ਵੋਟ ਪਾ ਦਿੰਦੇ ਹਨ ਤਾਂ ਕੀ ਫਿਰ ਸਾਰੀਆਂ ਧਿਰਾਂ ਖਾਲਿਸਤਾਨ ਦੀ ਮੰਗ ਛੱਡ ਦੇਣਗੀਆਂ? ਜੇ ਰੈਫਰੈਂਡਮ ਵਿਚ ਨਾਂਹ ਹੋਣ 'ਤੇ ਵੀ ਮੰਗ ਨਹੀਂ ਛੱਡਣੀ ਤਾਂ ਰੈਫਰੈਂਡਮ 2020 ਦੇ ਡਰਾਮੇ ਦਾ ਕੀ ਮਤਲਬ ਹੈ? ਕੀ ਰੈਫਰੈਂਡਮ 'ਚ ਸਿੱਖਾਂ ਤੋਂ ਇਲਾਵਾ ਪੰਜਾਬ ਵਿਚ ਵਸਦੇ ਬਾਕੀ ਲੋਕਾਂ ਨੂੰ ਵੀ ਵੋਟ ਪਾਉਣ ਦਾ ਹੱਕ ਹੈ?

---

**ਸੰਪਾਦਕ, 'ਸਿੱਖ ਵਿਰਸਾ' ਮੈਗਜ਼ੀਨ।*

# ਬੌਧਿਕ ਸਫਰ ਤੇ ਜ਼ਮੀਨੀ ਹਕੀਕਤਾਂ: ਇੱਕ ਦੂਜੇ ਦੇ ਪੂਰਕ ਜਾਂ ਵਿਰੋਧੀ

## ਪ੍ਰਤੀਕਰਮ

***ਖਾਲਿਸਤਾਨ ਦੇ ਐਲਾਨਨਾਮੇ ਬਾਰੇ ਸ਼ੁਰੂ ਹੋਈ ਬਹਿਸ ਹੁਣ ਕਾਫੀ ਅੱਗੇ ਨਿਕਲ ਆਈ ਹੈ। ਇਸ ਬਹਿਸ ਤਹਿਤ ਵੱਖ-ਵੱਖ ਲਿਖਾਰੀਆਂ/ਵਿਦਵਾਨਾਂ ਦੀਆਂ ਲਿਖਤਾਂ ਛਾਪੀਆਂ ਗਈਆਂ। ਇਸ ਵਾਰ ਅਸੀਂ ਪ੍ਰਭਸ਼ਰਨਦੀਪ ਸਿੰਘ ਦੀ ਇਹ ਲਿਖਤ ਛਾਪ ਰਹੇ ਹਾਂ ਜਿਸ ਵਿਚ ਉਨ੍ਹਾਂ ਹਜ਼ਾਰਾ ਸਿੰਘ ਦੇ ਉਠਾਏ ਕੁਝ ਨੁਕਤਿਆਂ ਬਾਰੇ ਗੱਲ ਕਰਨ ਦਾ ਯਤਨ ਕੀਤਾ ਹੈ। ਇਹ ਬਹਿਸ ਚਲਾਉਣ ਦੀ ਸਾਰਥਕਤਾ ਇਹੋ ਬਣਦੀ ਹੈ ਤਾਂ ਕਿ ਕੁਝ ਨਵੇਂ ਵਿਚਾਰ ਸਾਹਮਣੇ ਲਿਆਂਦੇ ਜਾ ਸਕਣ। -ਸੰਪਾਦਕ***

ਸੰਵਾਦ ਸਿਹਤਮੰਦ ਕਸਰਤ ਹੈ, ਜਿਸ ਬਿਨਾ ਕੌਮਾਂ ਦੇ ਵਿਕਾਸ ਵਿਚ ਖੜੋਤ ਆ ਸਕਦੀ ਹੈ ਤੇ ਉਨ੍ਹਾਂ ਦੇ ਸਰੋਕਾਰਾਂ ਦੀ ਸਹੀ ਨੁਮਾਇੰਦਗੀ ਦੀ ਸੰਭਾਵਨਾ ਵੀ ਮੱਧਮ ਪੈ ਸਕਦੀ ਹੈ, ਪਰ ਸੰਵਾਦ ਕਿਸੇ ਇੱਕ ਧਿਰ ਦੇ ਵੱਸ ਵਿਚ ਨਹੀਂ ਹੁੰਦਾ। ਇਸ ਲਈ ਲੋੜੀਂਦਾ ਸਭਿਆਚਾਰ ਹੋਣਾ ਜ਼ਰੂਰੀ ਹੈ। ਸਿਆਸੀ ਨੋਕ-ਝੋਕ ਜਾਂ ਮਿਹਣੋਬਾਜ਼ੀ ਵਿਚ ਸੰਵਾਦ ਵਾਲੀ ਕੋਈ ਗੱਲ ਨਹੀਂ ਹੁੰਦੀ। ਇਹ ਦੋ ਜਾਂ ਵੱਧ ਧਿਰਾਂ ਦਾ ਖੇਡ-ਤਮਾਸ਼ਾ ਹੁੰਦਾ ਹੈ, ਜਿਸ ਤਹਿਤ ਉਹ ਇੱਕ ਦੂਜੇ ਦੀ ਲਾਹ-ਪਾਹ ਰਾਹੀਂ ਆਮ ਲੋਕਾਂ ਦੇ ਬੁਨਿਆਦੀ ਸਰੋਕਾਰਾਂ ਨਾਲ ਖਿਲਵਾੜ ਕਰ ਜਾਂਦੇ ਹਨ। ਇਹ ਬੇਹੱਦ



ਪ੍ਰਭਸ਼ਰਨਦੀਪ ਸਿੰਘ

ਫਜ਼ੂਲ ਤੇ ਘਟੀਆ ਕਸਰਤ ਹੈ। ਬੌਧਿਕ ਸੰਵਾਦ ਇਨ੍ਹਾਂ ਲੀਹਾਂ 'ਤੇ ਨਹੀਂ ਚੱਲਣੇ ਚਾਹੀਦੇ। ਬੌਧਿਕ ਸੰਵਾਦ ਵਿਚ ਇੱਕ ਪੱਧਰ ਦੀ ਨੈਤਿਕਤਾ ਸਦਾ ਬਰਕਰਾਰ ਰਹਿਣੀ ਚਾਹੀਦੀ ਹੈ। ਬੌਧਿਕ ਸੰਵਾਦ ਲਈ ਲੋੜੀਂਦੀ ਤਿਆਰੀ ਅਤੇ ਕੋਈ ਨਵਾਂ ਰਾਹ ਲੱਭਣ ਦੀ ਇੱਛਾ, ਜਾਂ ਚੱਲ ਰਹੇ ਰਾਹਾਂ ਦੀਆਂ ਸੀਮਤਾਈਆਂ ਨੂੰ ਸਮਝਣ ਦੀ ਸੁੱਚੀ ਚਾਹ ਸਦਾ ਲੋੜੀਂਦੀ ਹੈ। ਇਨ੍ਹਾਂ ਬੁਨਿਆਦੀ ਗੱਲਾਂ ਦੀ ਅਣਹੋਂਦ ਵਿਚ ਬੌਧਿਕ ਸੰਵਾਦ ਰਚਾਉਣਾ ਔਖਾ ਹੋ ਜਾਂਦਾ ਹੈ।

ਸ. ਹਜ਼ਾਰਾ ਸਿੰਘ ਨੇ ਮੇਰੀ ਅਤੇ ਮੇਰੇ ਭਰਾ ਦੀ ਬੌਧਿਕ ਕਾਰਜ ਨੂੰ ਸਮਰਪਿਤ ਹੋਣ ਦੀ ਪ੍ਰੇਰਨਾ ਬਾਰੇ ਆਪਣੇ ਕੁਝ ਨਿਰਣੇ ਸਾਂਝੇ ਕੀਤੇ ਹਨ। ਕਿਸੇ ਸਿਆਸੀ ਜਾਂ ਅਕਾਦਮਿਕ ਬਹਿਸ ਵਿਚ ਸ਼ਾਮਲ ਵਿਅਕਤੀਆਂ ਬਾਰੇ ਚੱਲਵੀਆਂ ਟਿੱਪਣੀਆਂ ਦੀ ਥਾਂ ਸਬੰਧਤ ਵਿਸ਼ੇ ਬਾਰੇ ਗੱਲ ਹੋਵੇ ਤਾਂ ਚੰਗੀ ਗੱਲ ਹੈ, ਪਰ ਲਗਦਾ ਹੈ, ਹਜ਼ਾਰਾ ਸਿੰਘ ਦੀ ਬਹਿਸ ਦੇ ਵਿਸ਼ੇ ਬਾਰੇ ਆਪਣੀ ਰਾਇ ਦੇਣ ਨਾਲੋਂ ਸਾਡੇ ਬਾਰੇ ਕੋਈ ਧਾਰਨਾ ਸਥਾਪਤ ਕਰਨ ਵਿਚ ਵੱਧ ਦਿਲਚਸਪੀ ਹੈ। ਸ਼ਾਇਦ ਅਜਿਹਾ ਕਰਨਾ ਉਨ੍ਹਾਂ ਦੀ ਪੁਰਾਣੀ ਪੱਕ ਚੁਕੀ ਆਦਤ ਹੋਵੇ, ਜੋ ਉਨ੍ਹਾਂ ਨੂੰ ਰਾਸ ਆਉਂਦੀ ਰਹੀ ਹੋਵੇ, ਪਰ ਇਸ ਵਾਰ ਉਨ੍ਹਾਂ ਦੀ ਇਲਹਾਮੀ ਦ੍ਰਿਸ਼ਟੀ ਥੋੜ੍ਹਾ ਥਿੜਕ ਗਈ ਜਾਪਦੀ ਹੈ। ਆਪਣਾ ਸਾਜ਼ਿਸ਼ੀ ਸਿਧਾਂਤ ਪ੍ਰਚਾਰਨ ਦੇ ਜੋਸ਼ ਵਿਚ ਉਹ ਕੁਝ ਪ੍ਰਤੱਖ ਦਿਸਦੇ ਤੱਥਾਂ ਜਿਵੇਂ ਸਾਡੇ ਲੰਮੇ ਬੌਧਿਕ ਸਫਰ ਦਾ ਮੂਲ ਖਾਸਾ, ਤੇ ਸਾਡੀਆਂ ਪਹਿਲੀਆਂ ਬਹਿਸਾਂ ਦੇ ਵਿਸ਼ੇ-ਵਸਤੂ ਆਦਿ ਨੂੰ ਧਿਆਨ ਵਿਚ ਰੱਖਣੋਂ ਉੱਕ ਗਏ। ਸਾਜ਼ਿਸ਼ੀ ਸਿਧਾਂਤ ਦੇ ਜੋਸ਼ੀਲੇ ਪ੍ਰਚਾਰਕਾਂ ਦੀ ਹੋਣੀ ਇਹੋ ਹੁੰਦੀ ਹੈ। ਉਹ ਕਿਸੇ ਵਰਤਾਰੇ ਬਾਰੇ ਕਾਹਲੀ ਵਿਚ ਕੋਈ ਸਨਸਨੀਖੇਜ਼ ਸ਼ੋਸ਼ਾ ਕੱਢ ਲਿਆਉਂਦੇ ਹਨ, ਉਸ ਨੂੰ ਹੁਣ ਤੱਕ ਅਣਗੌਲੇ ਰਹੇ ਅਹਿਮ ਤੱਥ ਵਜੋਂ ਪ੍ਰਚਾਰਦੇ ਹਨ, ਤੇ ਖੁਦ ਨੂੰ ਨਮੋਸ਼ੀਜਨਕ ਸਥਿਤੀ ਵਿਚ ਪਾਉਣ ਦਾ ਬੰਦੋਬਸਤ ਕਰ ਲੈਂਦੇ ਹਨ।

ਆਪਣੇ ਖਿਲਾਫ ਫਤਵੇਬਾਜ਼ੀ ਦਾ ਜੁਆਬ ਦੇਣ ਵਿਚ ਭਾਵੇਂ ਸਾਡੀ ਖਾਸ ਦਿਲਚਸਪੀ ਨਹੀਂ, ਪਰ ਮੈਂ ਇਸ ਲੇਖ ਦਾ ਜੁਆਬ ਦੇਣਾ ਚਾਹੁੰਦਾ ਹਾਂ, ਕਿਉਂਕਿ ਹਜ਼ਾਰਾ ਸਿੰਘ ਦੇ ਸਾਜ਼ਿਸ਼ੀ ਸਿਧਾਂਤ ਪਿੱਛੇ ਕੁਝ ਅਹਿਮ ਸੁਆਲ ਪਏ ਹਨ, ਜਿਵੇਂ: ਬੌਧਿਕ ਖੇਤਰ ਨੂੰ ਪ੍ਰਣਾਏ ਬੰਦਿਆਂ ਦੀ ਸਮਾਜਕ ਜਾਂ ਸਿਆਸੀ ਖੇਤਰ ਵਿਚ ਕੀ ਭੂਮਿਕਾ ਹੁੰਦੀ ਹੈ? ਕੀ ਬੌਧਿਕ ਕਾਰਜ ਸੂਖਮ ਫਲਸਫਾਨਾ ਸਿਧਾਂਤਕਾਰੀ ਤੱਕ ਸੀਮਿਤ ਰਹਿਣਾ ਚਾਹੀਦਾ ਹੈ ਜਾਂ ਇਸ ਦਾ ਸਥੂਲ ਵਰਤਾਰੇ ਨਾਲ ਵੀ ਕੋਈ ਨਾਤਾ ਹੋਣਾ ਚਾਹੀਦਾ ਹੈ? ਬੌਧਿਕ ਖੇਤਰ ਵਿਚ ਕੰਮ ਕਰਨ ਵਾਲੇ ਵਿਦਵਾਨਾਂ ਜਾਂ ਵਿਦਿਆਰਥੀਆਂ ਦੀ ਇਤਿਹਾਸਕ ਵਰਤਾਰਿਆਂ ਦੀ ਦਿਸ਼ਾ ਅਤੇ ਦਸ਼ਾ ਬਾਰੇ ਕਿਹੋ-ਜਿਹੀ ਦਖਲਅੰਦਾਜ਼ੀ ਹੋਣੀ ਚਾਹੀਦੀ ਹੈ? ਇਹ ਜ਼ਰੂਰੀ ਨਹੀਂ ਕਿ ਉਪਰੋਕਤ ਸੁਆਲਾਂ ਦੇ ਕੋਈ ਪੱਕੇ ਕਾਇਨਾਤੀ ਜੁਆਬ ਹੋਣ। ਇਨ੍ਹਾਂ ਸੁਆਲਾਂ ਬਾਰੇ ਕਈ ਕਿਸਮ ਦੀਆਂ ਪਹੁੰਚਾਂ ਹੋ ਸਕਦੀਆਂ ਹਨ, ਜੋ ਆਪੋ-ਆਪਣੀ ਥਾਂ ਸਹੀ ਵੀ ਹੋ ਸਕਦੀਆਂ ਹਨ। ਇਸ ਲਈ ਮੈਂ ਨਹੀਂ ਸਮਝਦਾ ਕਿ ਸਾਨੂੰ ਇਨ੍ਹਾਂ ਸੁਆਲਾਂ ਦੇ ਸਥਾਈ ਜਾਂ ਅੰਤਿਮ ਜੁਆਬ ਲੱਭਣੇ ਵੀ ਚਾਹੀਦੇ ਹਨ। ਇਸੇ ਕਰ ਕੇ, ਇਨ੍ਹਾਂ ਸੁਆਲਾਂ ਬਾਰੇ ਮੈਂ ਆਪਣਾ ਨਜ਼ਰੀਆ ਸਾਂਝਾ ਕਰਨਾ ਚਾਹੁੰਦਾ ਹਾਂ, ਜੋ ਮੈਨੂੰ ਹਥਲੇ ਪ੍ਰਸੰਗ ਵਿਚ ਸਾਰਥਕ ਪ੍ਰਤੀਤ ਹੁੰਦਾ ਹੈ।

ਸਾਡੇ ਦੋਹਾਂ ਭਰਾਵਾਂ ਦੇ ਬੌਧਿਕ ਸਫਰ ਦੇ ਦੋ ਪਹਿਲੂ ਇਸ ਬਹਿਸ ਦੇ ਪ੍ਰਸੰਗ ਵਿਚ ਅਹਿਮ ਹਨ: ਪਹਿਲਾ, ਅਸੀਂ ਸਿੱਖਾਂ ਦੀ ਆਜ਼ਾਦੀ ਨਾਲ ਸਰੋਕਾਰ ਰੱਖਣ ਵਾਲੇ ਵਿਦਿਆਰਥੀ ਕਾਰਕੁਨਾਂ ਵਜੋਂ ਆਪਣਾ ਜੀਵਨ ਸ਼ੁਰੂ ਕੀਤਾ; ਦੂਜਾ, ਅਸੀਂ ਰਾਜਨੀਤੀ ਵਿਗਿਆਨ ਜਾਂ ਸਮਾਜ ਵਿਗਿਆਨ ਦੇ ਨਹੀਂ, ਸਾਹਿਤ ਤੇ ਫਲਸਫੇ ਦੇ ਵਿਦਿਆਰਥੀ ਸਾਂ। ਦੂਜੇ ਸ਼ਬਦਾਂ ਵਿਚ, ਇੱਕ ਪਾਸੇ ਅਸੀਂ ਇੱਕ ਇਤਿਹਾਸਕ ਵਰਤਾਰੇ ਦਾ ਹਿੱਸਾ ਸਾਂ, ਦੂਜੇ ਪਾਸੇ ਅਸੀਂ ਜੀਵਨ ਦੀਆਂ ਸੂਖਮ ਰਮਜ਼ਾਂ ਨੂੰ ਜ਼ੁਬਾਨ ਦੇਣ ਵਾਲੀ ਕਵਿਤਾ, ਜ਼ਿੰਦਗੀ ਦੇ ਚਲੰਤ ਰੁਝਾਨਾਂ ਦੇ ਅੰਦਰ ਹੀ ਚੱਲ ਰਹੇ ਵੱਡੇ ਅਮਲਾਂ ਤੇ ਇਤਿਹਾਸਕ ਵਰਤਾਰਿਆਂ ਦਾ ਪ੍ਰਵਾਹ ਪੇਸ਼ ਕਰਨ ਵਾਲੀ ਗਲਪ, ਅਤੇ ਜ਼ਿੰਦਗੀ ਨੂੰ ਸਮਝਣ ਦੇ ਅਮਲਾਂ ਦੇ ਅੰਦਰਲੇ ਸੰਕਟਾਂ ਨੂੰ ਖੋਜਣ ਵਾਲੇ ਫਲਸਫੇ ਦਾ ਅਧਿਐਨ ਕਰ ਰਹੇ ਸਾਂ। ਦਿਸਦੇ ਵਰਤਾਰੇ ਨਾਲ ਸ਼ਿੱਦਤ ਭਰਪੂਰ ਸਾਂਝ ਦੇ ਨਾਲ-ਨਾਲ ਸਾਹਿਤ ਤੇ ਫਲਸਫੇ ਦੇ ਅਧਿਐਨ ਨੇ ਸਾਨੂੰ ਸਮਕਾਲੀ ਸਿਆਸੀ ਅਤੇ ਸਮਾਜਕ ਵਰਤਾਰੇ ਤੋਂ ਲਗਾਤਾਰ ਅਲਹਿਦਗੀ ਵੱਲ ਨੂੰ ਵੀ ਧੱਕਿਆ। ਇਸ ਸਦਕਾ ਪਹਿਲਾਂ ਸਾਡੀ ਸਿਆਸੀ ਅਤੇ ਬੌਧਿਕ ਹਲਕਿਆਂ ਨਾਲ ਛੇਤੀ ਸਾਂਝ ਪੈ ਜਾਂਦੀ, ਤੇ ਫਿਰ, ਬਹੁਤ ਛੇਤੀ, ਇਸੇ ਕਾਰਨ ਸਾਡਾ ਉਨ੍ਹਾਂ ਨਾਲ ਤੋੜ-ਵਿਛੋੜਾ ਹੋ ਜਾਂਦਾ। ਇਹ ਅਨੁਭਵ ਬਹੁਤਾ ਸੁਖਾਵਾਂ ਨਹੀਂ ਸੀ, ਪਰ ਇਹ ਸਾਡੇ ਲਈ ਸਿੱਖਾਂ ਦੇ ਬੌਧਿਕ ਅਤੇ ਸਿਆਸੀ ਹਲਕਿਆਂ ਦੇ ਅੰਦਰਲੇ ਸੰਕਟ ਨੂੰ ਸਮਝਣ ਲਈ ਬਹੁਤ ਸਹਾਈ ਹੋਇਆ। ਸਾਨੂੰ ਵਿਅਕਤੀਆਂ ਤੋਂ ਅਗਾਂਹ ਲੰਘ ਸਿੱਖਾਂ ਦੇ ਬੌਧਿਕ ਅਤੇ ਸਿਆਸੀ ਸਭਿਆਚਾਰ ਦੇ ਸੰਕਟ ਨੂੰ ਸਮਝਣ ਦਾ ਮੌਕਾ ਮਿਲਿਆ। ਮੁੱਕਦੀ ਗੱਲ, ਅਸੀਂ ਨਾਗਾਂ ਨਾਲ ਵਾਹ ਪਾ ਲਿਆ ਤੇ ਉਨ੍ਹਾਂ ਨੂੰ ਥਾਂ-ਟਿਕਾਣੇ ਰੱਖਣ ਦੇ ਬੰਦੋਬਸਤ ਕਰਨ ਲੱਗੇ, ਪਰ ਅਜਿਹਾ ਕਰਦਿਆਂ ਜ਼ਹਿਰ ਸਾਨੂੰ ਵੀ ਚੜ੍ਹਨਾ ਹੀ ਸੀ, ਜਿਸ ਦਾ ਬਿਨਾ ਸ਼ੱਕ ਨੁਕਸਾਨ ਵੀ ਹੋਇਆ।

ਖਾਲਿਸਤਾਨ ਦੀ ਲਹਿਰ ਸਿੱਖਾਂ ਅੰਦਰਲੇ ਦਰਦ ਦਾ ਸ਼ਿੱਦਤ ਭਰਿਆ ਪ੍ਰਗਟਾਵਾ ਸੀ। ਬਹੁਗਿਣਤੀ ਜੁਝਾਰੂ ਬਹੁਤ ਘੱਟ ਉਮਰ ਦੇ ਨੌਜੁਆਨ ਸਨ। ਉਨ੍ਹਾਂ ਨੇ ਬਿਨਾ ਕਿਸੇ ਖਾਸ ਸਿਖਲਾਈ ਜਾਂ ਬਾਹਰੀ ਹਮਾਇਤ ਦੇ ਲਹਿਰ ਨੂੰ ਆਪਣੀ ਸਮਰੱਥਾ ਨਾਲੋਂ ਵੱਧ ਦੇਣ ਦਿੱਤੀ। ਲਹਿਰ ਵਿਚ ਉੱਚੀ ਵਿੱਦਿਅਕ ਯੋਗਤਾ ਵਾਲੇ ਨੌਜੁਆਨਾਂ ਦਾ ਇੱਕ ਵਰਗ ਵੀ ਆਇਆ। ਇਸ ਵਰਗ ਦੇ ਕਈ ਨੌਜੁਆਨਾਂ ਵਿਚ ਬਹੁਤ ਕਮਾਲ ਦੀ ਬੌਧਿਕ ਸਮਰੱਥਾ ਸੀ, ਪਰ ਉਨ੍ਹਾਂ ਦੇ ਪਹਿਲੀ ਉਮਰ ਵਿਚ ਹੀ ਸ਼ਹੀਦ ਹੋ ਜਾਣ ਨਾਲ ਉਹ ਇਸ ਖੇਤਰ ਵਿਚ ਕੋਈ ਦੇਣ ਨਾ ਦੇ ਸਕੇ। ਪੰਜਾਬ ਦੀਆਂ ਯੂਨੀਵਰਸਿਟੀਆਂ ਵਿਚ ਬਹੁਤ ਸਾਰੇ ਸਿੱਖ ਪ੍ਰੋਫੈਸਰ ਸਨ। ਇੱਕਾ-ਦੁੱਕਾ ਮਿਸਾਲਾਂ ਛੱਡ ਕੇ ਇਨ੍ਹਾਂ ਪ੍ਰੋਫੈਸਰਾਂ ਵਿਚ ਨਾ ਕਿਸੇ ਲਹਿਰ ਨੂੰ ਸੇਧ ਦੇਣ ਦੀ ਬੌਧਿਕ ਸਮਰੱਥਾ ਸੀ ਤੇ ਨਾ ਹੀ ਪ੍ਰਤੀਬੱਧਤਾ। ਮੁੱਕਦੀ ਗੱਲ, ਨੌਜੁਆਨ ਇਕੱਲੇ ਹੀ ਜੂਝੇ।

ਜੁਝਾਰੂ ਨੌਜੁਆਨਾਂ ਕੋਲ ਗੁਰਬਾਣੀ ਦਾ ਆਸਰਾ ਸੀ। ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਖੜ੍ਹੀ ਕੀਤੀ ਇਸ ਲਹਿਰ ਦੀ ਵੱਡੀ ਖਾਸੀਅਤ ਹੀ ਇਹ ਸੀ ਕਿ ਇਹ ਸਿੱਖ ਦੇ ਆਤਮਕ ਸਫਰ ਦੀ ਪੁਨਰ-ਸੁਰਜੀਤੀ ਸੀ, ਜੋ ਜੰਗ ਦੀ ਹਮਸਫਰ ਬਣ ਕੇ ਪ੍ਰਗਟ ਹੋਈ। ਸਿੱਟੇ ਵਜੋਂ, ਜੰਗ ਇੱਕੋ ਵੇਲੇ ਬਾਹਰੀ ਅਤੇ ਅੰਦਰੂਨੀ ਦੋਹਾਂ ਪੱਧਰਾਂ 'ਤੇ ਲੜੀ ਜਾ ਰਹੀ ਸੀ। ਜੰਗ ਦੇ ਇਨ੍ਹਾਂ ਵੱਖਰੇ ਪਰ ਸਮਾਨੰਤਰ ਪਸਾਰਾਂ ਨੂੰ ਸਮਝਣ ਲਈ ਸਾਹਿਤ ਅਤੇ ਫਲਸਫੇ ਦਾ ਅਧਿਐਨ ਵੱਡੀ ਅਹਿਮੀਅਤ ਰੱਖਦਾ ਸੀ।

ਇੱਥੇ ਸੁਆਲ ਉੱਠ ਸਕਦਾ ਹੈ ਕਿ ਜਦੋਂ ਸਿੱਖਾਂ ਕੋਲ ਗੁਰਬਾਣੀ ਦਾ ਆਸਰਾ ਸੀ ਤਾਂ ਫਿਰ ਸਾਨੂੰ ਕਵਿਤਾ, ਗਲਪ ਅਤੇ ਫਲਸਫੇ ਜਿਹੇ ਆਸਰਿਆਂ ਦੀ ਕੀ ਲੋੜ ਸੀ? ਇਸ ਪ੍ਰਸੰਗ ਵਿਚ ਇਹ ਸਮਝਣ ਦੀ ਲੋੜ ਹੈ ਕਿ ਸਿੱਖ ਗੁਰਬਾਣੀ ਦੀ ਓਟ ਦੋ ਪੱਧਰਾਂ 'ਤੇ ਲੈਂਦਾ ਹੈ: ਇੱਕ ਤਾਂ ਗੁਰਬਾਣੀ ਦੇ ਪਾਠ ਅਤੇ ਕੀਰਤਨ ਦਾ ਰਸ, ਜੋ ਸਿੱਖ ਨੂੰ ਦੁਨੀਆਂ ਦੇ ਛੋਟੇ ਰਸਾਂ ਤੋਂ ਉਚੇਰਾ ਰੱਖਦਾ ਹੈ ਤੇ ਆਤਮਕ ਤੌਰ 'ਤੇ ਬਲਵਾਨ ਬਣਾਉਂਦਾ ਹੈ; ਦੂਜਾ, ਗੁਰਬਾਣੀ ਤੋਂ ਸਿਆਸੀ ਅਤੇ ਸਮਾਜਕ ਪ੍ਰਸੰਗ ਵਿਚ ਸਿਧਾਂਤਕ ਸੇਧ ਹਾਸਲ ਕਰਨ ਦਾ ਮਕਸਦ। ਪਹਿਲੇ ਪੱਖ ਤੋਂ ਵੇਖੀਏ ਤਾਂ ਸਾਹਿਤ ਜਾਂ ਫਲਸਫੇ ਦੀ ਕੋਈ ਲੋੜ ਨਹੀਂ, ਪਰ ਦੂਜੇ ਪੱਖ ਤੋਂ ਹੈ। ਇਸ ਦਾ ਕਾਰਨ ਹੈ ਕਿ ਗੁਰਬਾਣੀ ਤੋਂ ਸਿਧਾਂਤਕ ਸੇਧ ਲੈਣ ਵੇਲੇ ਅਸੀਂ ਆਪਣੀ ਜਾਂ ਕਿਸੇ ਹੋਰ ਦੀ ਗੁਰਬਾਣੀ ਵਿਆਖਿਆ 'ਤੇ ਨਿਰਭਰ ਕਰਦੇ ਹਾਂ। ਗੁਰਬਾਣੀ ਦੀਆਂ ਅਜੋਕੀਆਂ ਵਿਆਖਿਆਵਾਂ ਆਧੁਨਿਕਵਾਦ ਤੇ ਮਾਰਕਸਵਾਦ ਵਰਗੇ ਪੱਛਮੀ ਫਲਸਫਿਆਂ ਤੋਂ ਪ੍ਰਭਾਵਿਤ ਹਨ। ਇਸ ਲਈ, ਬਹੁਤ ਵਾਰ ਅਸੀਂ ਦਾਅਵਾ ਗੁਰਬਾਣੀ ਦੇ ਸ਼ਬਦ 'ਚੋਂ ਰਾਹ ਹਾਸਲ ਕਰਨ ਦਾ ਕਰਦੇ ਹਾਂ, ਪਰ ਅਚੇਤ ਹੀ ਪਿਛਲੱਗ ਕਿਸੇ ਹੋਰ ਕੱਚੇ ਫਲਸਫੇ ਦੇ ਬਣ ਬਹਿੰਦੇ ਹਾਂ, ਕਿਉਂਕਿ ਆਮ ਤੌਰ 'ਤੇ ਸਾਡੇ ਦ੍ਰਿਸ਼ਟੀਕੋਣ ਵਿਚ ਸਾਡਾ ਆਪਣਾ ਬਹੁਤ ਘੱਟ ਹੁੰਦਾ ਹੈ ਜਾਂ ਕਿਤੇ ਡੂੰਘਾ ਦੱਬਿਆ ਹੋਇਆ ਹੁੰਦਾ ਹੈ, ਜਿਸ ਨੂੰ ਪ੍ਰਗਟ ਕਰਨ ਲਈ ਕਿਸੇ ਵੱਡੇ ਸਿਰਜਣਾਤਮਕ ਅਨੁਭਵ ਦੀ ਲੋੜ ਹੁੰਦੀ ਹੈ। ਅਜਿਹੀਆਂ ਚੁਣੌਤੀਆਂ ਦੇ ਦਰਪੇਸ਼ ਲੀਹ ਤੋਂ ਹਟ ਕੇ ਸੋਚਣ ਲਈ ਅਤੇ ਗੁਰਬਾਣੀ ਦੀ ਆਪਣੀ ਸਮਝ ਨੂੰ ਬਾਹਰੀ ਪ੍ਰਭਾਵਾਂ ਤੋਂ ਮੁਕਤ ਕਰਨ ਲਈ ਕਵਿਤਾ, ਗਲਪ ਅਤੇ ਫਲਸਫੇ ਦਾ ਗਹਿਰਾ ਅਧਿਐਨ ਕਾਫੀ ਮਦਦਗਾਰ ਸਾਬਤ ਹੁੰਦਾ ਹੈ।

1993 ਵਿਚ ਖਾਲਿਸਤਾਨ ਦੀ ਪ੍ਰਾਪਤੀ ਲਈ ਚੱਲ ਰਹੀ ਜੁਝਾਰੂ ਲਹਿਰ ਵਿਚ ਵੱਡੀ ਖੜੋਤ ਆ ਗਈ। ਸਭ ਦੇ ਸਾਹਮਣੇ ਇੱਕੋ ਹੀ ਸੁਆਲ ਸੀ ਕਿ ਆਖਰ ਕੀ ਹੋਇਆ? ਮੈਂ ਇਸ ਸੁਆਲ ਦੇ ਬਹੁਤ ਸਾਰੇ ਸਿੱਧਤ ਜਿਹੇ ਜੁਆਬ ਦਿੱਤੇ ਤੇ ਸੁਣੇ ਪਰ ਇਹ ਸੁਆਲ ਮੁੜ-ਮੁੜ ਮੂਹਰੇ ਆ ਖੜ੍ਹਦਾ ਸੀ। ਸਾਡੀ ਹੋਂਦ ਨਾਲ ਜੁੜੇ ਸੁਆਲ ਕਦੇ ਵੀ ਝੂਠੇ ਜੁਆਬਾਂ ਨਾਲ ਵਰਚਾਏ ਨਹੀਂ ਜਾ ਸਕਦੇ। ਮੈਂ ਭਾਵੇਂ ਅਜੇ ਵੀ ਮੰਨਦਾ ਹਾਂ ਕਿ ਇਸ ਸੁਆਲ ਦੇ ਜ਼ਿਆਦਾ ਗਹਿਰੇ ਜੁਆਬ ਖੋਜਣੇ ਚਾਹੀਦੇ ਹਨ, ਤਾਂ ਵੀ ਮੈਂ ਇਸ ਜੁਆਬ 'ਤੇ ਠਹਿਰ ਜਾਣ ਦਾ ਫੈਸਲਾ ਕੀਤਾ ਕਿ ਸਿੱਖਾਂ ਦੇ ਸੰਘਰਸ਼ ਵਿਚ ਆਈ ਖੜੋਤ ਦਾ ਇੱਕ ਵੱਡਾ ਕਾਰਨ ਉਨ੍ਹਾਂ ਦੀ ਸਾਹਿਤਕ ਅਤੇ ਬੌਧਿਕ ਖੇਤਰਾਂ ਵਿਚ ਗੈਰਹਾਜ਼ਰੀ ਹੈ। ਬੌਧਿਕ ਖੇਤਰ ਦੀ ਅਹਿਮੀਅਤ ਇਸ ਲਈ ਹੈ ਕਿ ਅਜੋਕੇ ਜਗਤ ਵਿਚ ਹਕੂਮਤਾਂ ਕੋਲ ਲੋਕਾਂ ਦੇ ਅੰਤਰਮਨ ਨੂੰ ਕਾਬੂ ਕਰ ਉਨ੍ਹਾਂ ਦੀਆਂ ਇੱਛਾਵਾਂ ਅਤੇ ਸੋਚਾਂ ਨੂੰ ਦਿਸ਼ਾ ਦੇਣ ਵਾਲੇ ਸਾਧਨ ਹਨ। ਇਹ ਸਾਧਨ ਸਾਮਰਾਜੀ ਬਿਰਤਾਂਤਾਂ ਦੀ ਉਪਜ ਹਨ। ਹਕੂਮਤ ਖਿਲਾਫ ਕਿਸੇ ਵੀ ਲੜਾਈ ਦਾ ਬੁਨਿਆਦੀ ਆਧਾਰ ਉਸ ਲੜਾਈ ਦੇ ਹੱਕ ਵਿਚ ਮਜ਼ਬੂਤ ਜਨਤਕ ਮੁਹਾਜ਼ ਦਾ ਹੋਣਾ ਹੈ। ਸਰਕਾਰਾਂ ਜਨਤਕ ਰਾਇ ਆਪਣੇ ਹੱਕ ਵਿਚ ਰੱਖਣ ਲਈ ਲੋਕ-ਮਨ ਨੂੰ ਸਾਮ, ਦਾਮ, ਦੰਡ ਅਤੇ ਭੇਦ ਵਰਗੇ ਅਨੇਕ ਹੀਲਿਆਂ ਨਾਲ ਕਾਬੂ ਰੱਖਣ ਦੀ ਕੋਸ਼ਿਸ਼ ਕਰਦੀਆਂ ਹਨ। ਸਿੱਖਾਂ ਦੀ ਲੜਾਈ ਸਰਕਾਰ ਨਾਲੋਂ ਵੱਧ ਵੱਡੀ ਹਸਤੀ ਨਾਲ ਸੀ; ਹਿੰਦੁਸਤਾਨ ਦੇ ਲਿਬਰਲ ਅਤੇ ਖੱਬੇ-ਪੱਖੀ ਆਪਣੇ ਪੱਧਰ 'ਤੇ ਹੀ ਪੂਰੀ ਤਨਦੇਹੀ ਨਾਲ ਸਿੱਖਾਂ ਦੇ ਸੰਘਰਸ਼ ਦੀ ਪ੍ਰਸੰਗਿਕਤਾ 'ਤੇ ਸੁਆਲ ਖੜ੍ਹੇ ਕਰਨ ਲੱਗੇ ਹੋਏ ਸਨ।

ਅਜਿਹੀ ਸਥਿਤੀ ਵਿਚ ਸਾਡੇ ਲਈ ਬੌਧਿਕ ਕਾਰਜ ਦਾ ਅਰਥ ਸੀ ਸਰਕਾਰੀ ਤੇ ਗੈਰ-ਸਰਕਾਰੀ ਧਿਰਾਂ ਵਲੋਂ ਤੋਰੇ ਜਾ ਰਹੇ ਹਿੰਦੁਸਤਾਨੀ ਸਾਮਰਾਜੀ ਬਿਰਤਾਂਤ ਦੇ ਮੂਲ ਨੂੰ ਸਮਝਣਾ ਤੇ ਉਸ ਦੀ ਸਪੱਸ਼ਟ ਵਿਆਖਿਆ ਕਰਨੀ। ਬਿਨਾ ਸ਼ੱਕ, ਹਿੰਦੁਸਤਾਨੀ ਸਾਮਰਾਜੀ ਬਿਰਤਾਂਤ ਦਾ ਮੂਲ ਆਧਾਰ ਹਿੰਦੂ ਬ੍ਰਾਹਮਣਵਾਦੀ ਪਰੰਪਰਾ ਵਿਚ ਹੈ, ਪਰ ਇਸ ਦਾ ਮੌਜੂਦਾ ਰੂਪ ਯੂਰਪੀ ਬਸਤੀਵਾਦੀ ਬਿਰਤਾਂਤਾਂ ਦੇ ਆਸਰੇ ਬਿਨਾ ਅਗਾਂਹ ਵਧਣਾ ਸੰਭਵ ਨਹੀਂ ਸੀ। ਯੂਰਪੀ ਬਸਤੀਵਾਦੀ ਬਿਰਤਾਂਤ ਹੇਗਲ ਦੇ ਫਲਸਫੇ ਵਿਚੋਂ ਨਿਕਲੇ ਜਰਮਨ ਆਦਰਸ਼ਵਾਦ ਅਤੇ ਪੂਰਬਵਾਦ ਦੀ ਜ਼ਮੀਨ 'ਤੇ ਵਿਕਸਿਤ ਹੋਏ। ਇਸ ਤੋਂ ਬਾਅਦ ਮਨੁੱਖਵਾਦ ਤੇ ਸੈਕੂਲਰਵਾਦ ਬਸਤੀਵਾਦੀ ਬਿਰਤਾਂਤਾਂ ਦੀ ਕਾਇਨਾਤੀ ਦਾਅਵੇਦਾਰੀ ਦਾ ਸਾਧਨ ਬਣੇ। ਸਾਡੇ ਸਾਹਮਣੇ ਮੁੱਖ ਚੁਣੌਤੀ ਸੀ ਹੇਗਲ, ਬਸਤੀਵਾਦ ਅਤੇ ਹਿੰਦੂ ਸਾਮਰਾਜਵਾਦ ਨੂੰ ਸਹੀ ਪ੍ਰਸੰਗ ਵਿਚ ਵੇਖਣਾ। ਇਹ ਟੀਚਾ ਸਰ ਕਰਨ ਲਈ ਸਾਨੂੰ ਉਨ੍ਹੀਵੀਂ ਅਤੇ ਵੀਹਵੀਂ ਸਦੀ ਦੇ ਪੱਛਮੀ ਫਲਸਫੇ ਦੇ ਵਿਧੀਵਤ ਅਧਿਐਨ ਦੇ ਨਾਲ-ਨਾਲ ਭਾਰਤੀ ਪਰੰਪਰਾ ਨੂੰ ਬਾਰੀਕੀ ਵਿਚ ਸਮਝਣ ਦੀ ਲੋੜ ਸੀ। ਅਸੀਂ ਆਪਣੇ ਜੀਵਨ ਇਸ ਖੇਤਰ ਨੂੰ ਸਮਰਪਿਤ ਕੀਤੇ ਤੇ ਲੋੜੀਂਦੀ ਬੌਧਿਕ ਸਿਖਲਾਈ ਹਾਸਲ ਕਰਨ ਦੀ ਕੋਸ਼ਿਸ਼ ਕੀਤੀ। ਇਸ ਕਾਰਜ ਲਈ ਸਾਨੂੰ ਆਪਣੀਆਂ ਜ਼ਿੰਦਗੀਆਂ ਦਾ ਵੱਡਾ ਹਿੱਸਾ ਲਾਉਣਾ ਪਿਆ, ਜਿਸ ਦਾ ਸਾਡੇ ਨਿੱਜੀ ਜੀਵਨਾਂ 'ਤੇ ਕਾਫੀ ਅਸਰ ਵੀ ਪਿਆ। ਇਸ ਅਰਸੇ ਦੌਰਾਨ ਅਸੀਂ ਲਿਖਣ ਦੀ ਥਾਂ ਅਧਿਐਨ ਨੂੰ ਹੀ ਤਰਜੀਹ ਦਿੱਤੀ ਹੈ। ਸਾਡਾ ਮਕਸਦ ਜਨਤਕ ਖੇਤਰ ਵਿਚ ਬਤੌਰ ਵਿਦਵਾਨ ਆਪਣੀ ਪਛਾਣ ਬਣਾਉਣਾ ਹੀ ਹੁੰਦਾ ਤਾਂ ਅਸੀਂ ਵੀ ਸਾਧਾਰਨ ਸਿਆਸੀ ਵਿਸ਼ਲੇਸ਼ਣ ਵਾਲੀਆਂ ਕੁਝ ਕਿਤਾਬਾਂ ਲਿਖ ਕੇ ਛਪਵਾ ਸਕਦੇ ਸੀ, ਪਰ ਸ. ਹਜ਼ਾਰਾ ਸਿੰਘ ਲਈ ਇਹ ਗੱਲ ਮਾਇਨਾ ਨਹੀਂ ਰੱਖਦੀ, ਕਿਉਂਕਿ ਉਨ੍ਹਾਂ ਦਾ ਮਕਸਦ ਸਾਡੇ ਬੌਧਿਕ ਕਾਰਜ ਦੀ ਗੱਲ ਕਰਨਾ ਨਹੀਂ, ਸਗੋਂ ਸਾਡੇ ਬਾਰੇ ਇਹ ਧਾਰਨਾ ਸਥਾਪਤ ਕਰਨੀ ਹੈ ਕਿ ਅਸੀਂ ਸਾਰੀ ਬਹਿਸ ਆਪਣੀ ਜਨਤਕ ਪੱਧਰ 'ਤੇ ਜਾਣ-ਪਛਾਣ ਕਰਵਾਉਣ ਲਈ ਹੀ ਛੇੜੀ ਹੈ। ਜਿਵੇਂ ਇਸ ਤੋਂ ਪਹਿਲਾਂ ਅਸੀਂ ਕਦੇ ਕਿਸੇ ਬਹਿਸ ਵਿਚ ਹਿੱਸਾ ਹੀ ਨਾ ਲਿਆ ਹੋਵੇ। ਇਹ ਬੇਹੱਦ ਅਫਸੋਸਨਾਕ ਹੈ। ਇਸ ਲਈ ਨਹੀਂ ਕਿ ਇਸ ਨਾਲ ਸਾਡੇ ਦੋਹਾਂ ਭਰਾਵਾਂ ਨਾਲ ਨਾਇਨਸਾਫੀ ਹੋ ਰਹੀ ਹੈ ਜਾਂ ਮੈਂ ਸਮਝਦਾ ਹਾਂ ਕਿ ਸਾਨੂੰ ਕਿਸੇ ਜ਼ਿਆਦਾ ਸੰਤੁਲਿਤ ਰਾਇ ਦੀ ਲੋੜ ਹੈ, ਪਰ ਇਸ ਲਈ ਕਿ ਅਜਿਹੀ ਤਿਕੜਮਬਾਜ਼ੀ ਬਹਿਸ ਦਾ ਕੋਈ ਮਿਆਰ ਨਹੀਂ ਰਹਿਣ ਦਿੰਦੀ। ਹਜ਼ਾਰਾ ਸਿੰਘ ਵਰਗੇ ਬੰਦੇ, ਆਪਣੀ ਬਹੁਤੀ ਉਮਰ ਲੰਘਾ ਕੇ ਵੀ, ਇਸ ਪੱਧਰ 'ਤੇ ਵਿਚਰਦੇ ਹਨ ਕਿ ਆਪਣੇ ਸਿਆਸੀ ਜਾਂ ਵਿਚਾਰਧਾਰਕ ਵਿਰੋਧੀ ਨੂੰ ਕਿਸੇ ਵੀ ਹੀਲੇ ਥੱਲੇ ਲਾਹੁਣਾ ਜਾਇਜ਼ ਹੈ; ਜੇ ਅਗਲੇ ਦੇ ਵਿਚਾਰਾਂ ਨੂੰ ਚੁਣੌਤੀ ਦੇਣ ਦੀ ਸਮਰੱਥਾ ਨਹੀਂ ਰੱਖਦੇ ਤਾਂ ਉਸ ਦੀ ਕਿਰਦਾਰਕੁਸ਼ੀ ਕਰ ਕੇ ਉਸ ਦੇ ਵਿਚਾਰਾਂ ਨੂੰ ਅਪ੍ਰਸੰਗਿਕ ਬਣਾਉਣ ਦੀ ਕੋਸ਼ਿਸ਼ ਕਰੋ। ਹੋਰ ਤਾਂ ਹੋਰ ਹਜ਼ਾਰਾ ਸਿੰਘ ਹੁਰਾਂ ਨੇ ਮੇਰੇ ਖਿਲਾਫ ਗੁਰਦਰਸ਼ਨ ਸਿੰਘ ਢਿੱਲੋਂ ਵਰਗੇ ਬੰਦੇ ਵਲੋਂ ਫੈਲਾਈਆਂ ਜਾ ਰਹੀਆਂ ਅਫਵਾਹਾਂ ਨੂੰ ਵੀ ਵਰਤ ਲਿਆ। ਸਿਆਸੀ ਸੰਵਾਦ ਨੂੰ ਇਸ ਕਿਸਮ ਦੀ ਅਨੈਤਿਕ ਲੜਾਈ ਵਿਚ ਬਦਲ ਦੇਣਾ ਮੰਦਭਾਗਾ ਹੈ। ਅਜਿਹਾ ਰਵੱਈਆ ਗੈਰ-ਅਕਾਦਮਿਕ ਤੇ ਗੈਰ-ਸੰਜੀਦਾ ਪਹੁੰਚ ਦੀ ਉਪਜ ਹੈ, ਜਿਸ ਵਿਚ ਸ਼ਾਮਲ ਬੰਦਿਆਂ ਨੂੰ ਇਸ ਕਿਸਮ ਦੀਆਂ ਹਰਕਤਾਂ ਕਰਨ 'ਤੇ ਕੋਈ ਨਮੋਸ਼ੀ ਮਹਿਸੂਸ ਨਹੀਂ ਹੁੰਦੀ। ਇਹ ਸਭਿਆਚਾਰਕ ਪ੍ਰਦੂਸ਼ਣ ਹੈ। ਕਿਸੇ ਵੀ ਅਰਥ-ਭਰਪੂਰ ਸੰਵਾਦ ਦੀ ਸ਼ੁਰੂਆਤ ਲਈ ਪਹਿਲਾਂ ਇਸ ਪ੍ਰਦੂਸ਼ਣ ਤੋਂ ਨਿਜਾਤ ਪਾਉਣੀ ਜ਼ਰੂਰੀ ਹੈ।

ਇੱਥੇ ਸੁਆਲ ਪੈਦਾ ਹੁੰਦਾ ਹੈ ਕਿ ਜੇ ਅਸੀਂ ਦੋਵੇਂ ਭਰਾ ਬੌਧਿਕ ਕਾਰਜ ਪ੍ਰਤੀ ਇੰਨੇ ਸੰਜੀਦਾ ਹਾਂ ਤਾਂ ਅਸੀਂ ਚਲੰਤ ਮੁੱਦਿਆਂ ਪ੍ਰਤੀ ਕੁਝ ਖਾਸ ਵਿਅਕਤੀਆਂ ਦੀ ਪਹੁੰਚ ਬਾਰੇ ਬਹਿਸਾਂ ਵਿਚ ਪੈ ਕੇ ਆਪਣਾ ਵਕਤ ਜ਼ਾਇਆ ਕਿਉਂ ਕਰਦੇ ਹਾਂ? ਇਸ ਸੁਆਲ ਦਾ ਜੁਆਬ ਸਿੱਖਾਂ ਦੀ ਮੌਜੂਦਾ ਹੋਣੀ ਨਾਲ ਜੁੜਿਆ ਹੋਇਆ ਹੈ, ਜਿਸ ਬਾਰੇ ਹਜ਼ਾਰਾ ਸਿੰਘ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ ਹਨ।

ਸ. ਹਜ਼ਾਰਾ ਸਿੰਘ ਮੁਤਾਬਕ, ਖਾਲਿਸਤਾਨ ਦੀ ਲੜਾਈ ਸਿੱਖ 6 ਜੂਨ 1984 ਨੂੰ ਹੀ ਹਾਰ ਗਏ ਤੇ ਉਸ ਪਿਛੋਂ ਇਸ ਲੜਾਈ ਦਾ ਕਦੇ ਕੋਈ ਭਵਿੱਖ ਨਹੀਂ ਸੀ। ਸਾਡੀ ਸਮਝ ਮੁਤਾਬਕ ਹਿੰਦੁਸਤਾਨ ਨੂੰ ਅੰਦਰੂਨੀ ਇਕਸੁਰਤਾ ਵਾਲੇ, ਆਜ਼ਾਦ ਸਵੈ-ਨਿਰਭਰ ਆਰਥਕਤਾ ਵਾਲੇ, ਸੰਘੀ ਢਾਂਚੇ ਵਜੋਂ ਸਥਾਪਤ ਕਰਨ ਦੀ ਲੜਾਈ ਭਾਰਤੀ ਹਕੂਮਤ 6 ਜੂਨ 1984 ਨੂੰ ਹਾਰ ਗਈ। 1991 ਵਿਚ ਗੈਟ ਸੰਧੀ 'ਤੇ ਦਸਤਖਤ ਕਰ ਕੇ ਭਾਰਤੀ ਹੁਕਮਰਾਨਾਂ ਨੇ ਆਪਣੇ ਹਥਿਆਰ ਪੱਕੇ ਤੌਰ 'ਤੇ ਸੁੱਟ ਦਿੱਤੇ। ਅੱਜ ਹਿੰਦੁਸਤਾਨ ਵਿਦੇਸ਼ੀ ਨਿਵੇਸ਼ ਸਿਰ 'ਤੇ ਸਾਹ ਵਰੋਲਦੀ ਆਰਥਕਤਾ ਵਾਲਾ ਮੁਲਕ ਹੈ, ਜਿਸ ਦਾ ਕੋਈ ਭਵਿੱਖ ਨਹੀਂ। ਅਜਿਹੀ ਸਥਿਤੀ ਵਿਚ ਸਿੱਖਾਂ ਲਈ ਸਭ ਤੋਂ ਅਹਿਮ ਗੱਲ ਹੈ ਆਜ਼ਾਦ ਪ੍ਰਭੂਸੱਤਾ ਸੰਪੰਨ ਮੁਲਕ ਖਾਲਿਸਤਾਨ ਹਾਸਲ ਕਰਨ ਦੇ ਸੁਪਨੇ ਨੂੰ ਆਬਾਦ ਰੱਖਣਾ। ਅਸੀਂ ਅਜਮੇਰ ਸਿੰਘ ਵਲੋਂ ਖਾਲਿਸਤਾਨ ਦੇ ਵਿਰੋਧ ਬਾਰੇ ਸਿਰਫ ਉਸ ਨਾਲ ਅਸਹਿਮਤ ਹੋਣ ਕਰ ਕੇ ਬਹਿਸ ਨਹੀਂ ਛੇੜੀ। ਸਾਨੂੰ ਅਜਮੇਰ ਸਿੰਘ ਦੇ ਮਨਸੂਬੇ ਇਸ ਲਈ ਘਾਤਕ ਜਾਪਦੇ ਹਨ ਕਿ ਉਹ ਖਾਲਿਸਤਾਨੀ ਧਿਰਾਂ ਨੂੰ ਕਿਸੇ ਵਕਤੀ ਪੈਂਤੜੇ ਦੇ ਝਾਂਸੇ ਨਾਲ ਭਰਮਾ ਕੇ ਉਨ੍ਹਾਂ ਨੂੰ ਖਾਲਿਸਤਾਨ ਦੇ ਨਿਸ਼ਾਨੇ ਤੋਂ ਪਰ੍ਹੇ ਲਿਜਾਣ ਦੀ ਕੋਸ਼ਿਸ਼ ਕਰ ਰਿਹਾ ਹੈ; ਅਜਮੇਰ ਸਿੰਘ ਨੁਮਾਇੰਦਾ ਖਾਲਿਸਤਾਨੀ ਧਿਰਾਂ ਦੇ ਅੰਦਰੋਂ ਖਾਲਿਸਤਾਨ ਦਾ ਸੁਪਨਾ ਹੀ ਖਤਮ ਕਰਨ 'ਤੇ ਤੁਲਿਆ ਹੋਇਆ ਹੈ। ਇਸ ਠੀਕ ਹੈ ਕਿ ਅਜਮੇਰ ਸਿੰਘ ਖਾਲਿਸਤਾਨ ਦੇ ਹਾਮੀ ਸਾਰੇ ਸਿੱਖਾਂ ਨੂੰ ਆਪਣੀਆਂ ਲਿਖਤਾਂ ਜਾਂ ਤਕਰੀਰਾਂ ਨਾਲ ਨਹੀਂ ਬਦਲ ਸਕਦਾ, ਪਰ ਇਤਿਹਾਸਕ ਫੈਸਲਿਆਂ ਵਿਚ ਆਮ ਲੋਕਾਂ ਦੀ ਰਾਇ ਘੱਟ ਮਾਇਨਾ ਰੱਖਦੀ ਹੈ ਤੇ ਨੁਮਾਇੰਦਾ ਜਥੇਬੰਦੀਆਂ ਜਾਂ ਸਿਆਸੀ ਪਾਰਟੀਆਂ ਦੀ ਜ਼ਿਆਦਾ। ਇਸ ਲਈ ਅਜਮੇਰ ਸਿੰਘ ਦਾ ਵਾਰ ਅਸਲ ਵਿਚ ਕਾਫੀ ਘਾਤਕ ਹੈ। ਸਿੱਖਾਂ ਦੀਆਂ ਨੁਮਾਇੰਦਾ ਜਥੇਬੰਦੀਆਂ ਵਿਚੋਂ ਖਾਲਿਸਤਾਨ ਦਾ ਸੁਪਨਾ ਖਤਮ ਹੋ ਜਾਣ ਨਾਲ ਸਾਡੀ ਸੂਖਮ ਸਿਧਾਂਤਕਾਰੀ ਦਾ ਵੀ ਬਹੁਤਾ ਫਾਇਦਾ ਨਹੀਂ ਹੋ ਸਕਦਾ। ਇਸ ਲਈ ਬਹੁਤ ਵਾਰ ਕਈ ਫਰਜ਼ ਨਾ ਚਾਹੁੰਦਿਆਂ ਵੀ ਨਿਭਾਉਣੇ ਪੈਂਦੇ ਹਨ। ਆਪਣੇ ਘਰ ਵਿਚ ਜਮ੍ਹਾਂ ਹੋਇਆ ਕੂੜਾ ਹੂੰਝ ਕੇ ਬਾਹਰ ਸੁੱਟਣਾ ਸ਼ਾਇਦ ਕਿਸੇ ਦਾ ਮਨਭਾਉਂਦਾ ਕੰਮ ਨਾ ਹੋਵੇ, ਪਰ ਇਹ ਅਜਿਹਾ ਕੰਮ ਹੈ ਜਿਸ ਨੂੰ ਕਰੇ ਬਿਨਾ ਸਰ ਨਹੀਂ ਸਕਦਾ।

ਇਸ ਤੋਂ ਬਿਨਾ ਹਰਜੀਤ ਦਿਓਲ ਤੇ ਅਮਰਜੀਤ ਸਿੰਘ ਮੁਲਤਾਨੀ ਦੀਆਂ ਟਿੱਪਣੀਆਂ ਵੀ ਛਪੀਆਂ ਹਨ। ਹਰਜੀਤ ਦਿਓਲ ਦਾ ਇਹ ਦੋਸ਼ ਗਲਤ ਹੈ ਕਿ ਅਸੀਂ ਬਹਿਸ ਵਿਚ ਜਾਂ ਸੁਆਲਾਂ ਦੇ ਜੁਆਬ ਦੇਣ ਵਿਚ ਦਿਲਚਸਪੀ ਨਹੀਂ ਵਿਖਾਉਂਦੇ। ਅਸੀਂ 'ਪੰਜਾਬ ਟਾਈਮਜ਼' ਵਿਚ ਵੱਖ-ਵੱਖ ਸਮਿਆਂ 'ਤੇ ਡਾ. ਬਲਕਾਰ ਸਿੰਘ, ਅਮਰਜੀਤ ਸਿੰਘ ਪਰਾਗ, ਗੁਰਦਿਆਲ ਸਿੰਘ ਬੱਲ ਅਤੇ ਅਵਤਾਰ ਸਿੰਘ (ਫਗਵਾੜਾ) ਨਾਲ ਵੱਖ-ਵੱਖ ਵਿਸ਼ਿਆਂ 'ਤੇ ਸੰਵਾਦ ਰਚਾਇਆ ਹੈ, ਪਰ ਕਈ ਵਾਰ ਲਿਖਤਾਂ ਬਹੁਤੀਆਂ ਪੇਤਲੀਆਂ ਹੁੰਦੀਆਂ ਹਨ ਤੇ ਘਸੇ-ਪਿਟੇ ਵਿਚਾਰਾਂ ਦੇ ਦੁਹਰਾਅ ਨਾਲ ਭਰੀਆਂ ਹੁੰਦੀਆਂ ਹਨ। ਅਜਿਹੀਆਂ ਲਿਖਤਾਂ ਸੰਵਾਦ ਲਈ ਲੋੜੀਂਦੀ ਪ੍ਰੇਰਨਾ ਨਹੀਂ ਬਣਦੀਆਂ। ਪੰਜਾਬੀ ਦੇ ਲਿਖਾਰੀਆਂ ਵਿਚ ਇਹ ਸਮੱਸਿਆ ਆਮ ਵੇਖਣ ਵਿਚ ਆਉਂਦੀ ਹੈ ਕਿ ਉਹ ਆਪਣੇ ਪੱਧਰ 'ਤੇ ਅਧਿਐਨ ਕਰਨ ਦੀ ਥਾਂ ਸੁਣੇ-ਸੁਣਾਏ ਨੁਕਤਿਆਂ ਨੂੰ ਹੀ ਆਪਣਾ ਨਿੱਜੀ ਇਲਹਾਮ ਬਣਾ ਕੇ ਲਿਖਦੇ ਰਹਿੰਦੇ ਹਨ। ਅਜਿਹੇ ਲੇਖਕ ਜੋ ਪਾਠਕ ਬਣਨ ਤੋਂ ਇਨਕਾਰੀ ਹਨ, ਪੰਜਾਬੀ ਸਾਹਿਤ ਅਤੇ ਬੌਧਿਕਤਾ ਦੀ ਮੌਜੂਦਾ ਦਸ਼ਾ ਲਈ ਮੁੱਖ ਤੌਰ 'ਤੇ ਜ਼ਿੰਮੇਵਾਰ ਹਨ।

ਇਹ ਜ਼ਰੂਰੀ ਹੈ ਕਿ ਅਸੀਂ ਸਿੱਖਾਂ ਦੀ ਮੌਜੂਦਾ ਦਸ਼ਾ ਦੇ ਮਸਲੇ ਨੂੰ ਮਹਿਜ਼ ਫਤਵੇਬਾਜ਼ੀ ਨਾਲ ਨਾ ਨਜਿੱਠੀਏ। ਸਿੱਖਾਂ ਦੀ ਮੌਜੂਦਾ ਦਸ਼ਾ ਹਿੰਦੁਸਤਾਨੀ ਹਾਕਮਾਂ ਦੀਆਂ ਸਿੱਖ-ਵਿਰੋਧੀ ਨੀਤੀਆਂ ਦਾ ਨਤੀਜਾ ਹੈ। ਇਨ੍ਹਾਂ ਨੀਤੀਆਂ ਦੀ ਨਿਸ਼ਾਨਦੇਹੀ ਕਰ ਕੇ ਇਨ੍ਹਾਂ ਬਾਰੇ ਗੱਲ ਕਰਨੀ ਜ਼ਰੂਰੀ ਹੈ। ਸਿੱਖਾਂ ਨੇ ਹਿੰਦੁਸਤਾਨ ਦੇ ਨਾਲ ਰਹਿ ਕੇ ਇਨਸਾਫ ਹਾਸਲ ਕਰਨ ਦਾ ਭਰਮ ਕੋਈ ਛੇ-ਸੱਤ ਦਹਾਕਿਆਂ ਤੱਕ ਪਾਲ ਲਿਆ ਹੈ। ਸਾਨੂੰ ਆਪਣੀ ਕਿਸਮਤ ਨਾਲ ਹੁਣ ਹੋਰ ਤਜਰਬੇ ਕਰਨ ਦੀ ਕੋਈ ਲੋੜ ਨਹੀਂ। ਸਿੱਖ ਸਿਆਸੀ ਧਿਰਾਂ ਨੂੰ ਖਾਲਿਸਤਾਨ ਦਾ ਸੁਪਨਾ ਆਬਾਦ ਰੱਖਣਾ ਚਾਹੀਦਾ ਹੈ। ਸਿੱਖ ਨੌਜੁਆਨਾਂ ਵਿਚੋਂ ਵਿਦਵਾਨਾਂ ਅਤੇ ਸਾਹਿਤਕਾਰਾਂ ਦੇ ਨਵੇਂ ਪੋਚ ਪੈਦਾ ਹੋਣੇ ਚਾਹੀਦੇ ਹਨ। ਖੱਬੇ-ਪੱਖੀ ਅਤੇ ਲਿਬਰਲ ਸਿੱਖਾਂ ਨੂੰ ਹਿੰਦੁਸਤਾਨੀ ਸਥਾਪਤੀ ਅੱਗੇ ਕਿਸੇ ਵੀ ਹੀਲੇ ਚੰਗੇ ਬਣਨ ਦੀ ਜ਼ਿੱਦ ਛੱਡ ਦੇਣੀ ਚਾਹੀਦੀ ਹੈ, ਝੂਠ ਅਤੇ ਤਿਕੜਮਬਾਜ਼ੀ ਰਾਹੀਂ ਕੀਤੇ ਆਪਣੇ ਗੁਮਰਾਹਕੁਨ ਪ੍ਰਚਾਰ ਦਾ ਗੁਨਾਹ ਕਬੂਲ ਕਰ ਕੇ ਉਸ ਲਈ ਮੁਆਫੀ ਮੰਗਣੀ ਚਾਹੀਦੀ ਹੈ ਤੇ ਅਗਾਂਹ ਨੂੰ ਆਪਣੇ ਲੋਕਾਂ ਲਈ ਹਾਅ ਦਾ ਨਾਅਰਾ ਮਾਰਨ ਦੀ ਹਿੰਮਤ ਆਪਣੇ ਅੰਦਰ ਪੈਦਾ ਕਰਨੀ ਚਾਹੀਦੀ ਹੈ। ਸਾਮਰਾਜ ਬਣਦੇ ਅਤੇ ਢਹਿੰਦੇ ਰਹਿੰਦੇ ਹਨ, ਪਰ ਜਿਉਂਦੇ ਸੁਪਨਿਆਂ ਨੇ ਧਰਤੀ 'ਤੇ ਆਬਾਦ ਹੋਣਾ ਹੀ ਹੋਣਾ ਹੈ।

ਗੁਰਬਾਣੀ ਵਿਆਖਿਆ

# ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ

ਡਾ. ਗੋਬਿੰਦਰ ਸਿੰਘ ਸਮਰਾਓ
ਫੋਨ: 408-634-2310

ਸਿੱਖੀ ਸਿੱਖਣ ਦਾ ਸਿਧਾਂਤ ਹੈ। ਇਹ ਪ੍ਰੀਖਣ ਰਾਹੀਂ ਕਸ਼ੀਦ ਕੇ ਗਿਆਨ ਹਾਸਲ ਕਰਨ ਦੀ ਵਿਧੀ ਹੈ। ਇਹ ਪੁਰਾਣੇ ਧਰਮਾਂ, ਗਰੰਥਾਂ ਤੇ ਫਲਸਫਿਆਂ ਤੋਂ ਪੜ੍ਹ ਕੇ ਮੰਨਣ ਦਾ ਸਿਧਾਂਤ ਨਹੀਂ। ਇਹ ਅਨੁਭਵ ਆਧਾਰਿਤ ਅਤੇ ਤਜ਼ਰਬੇ ਤੋਂ ਨਵਿਆਈ ਸਾਧਨਾ ਦਾ ਸਿਧਾਂਤ ਹੈ। ਇਹ ਸਾਧਨਾ ਗੱਲੀਂ ਬਾਤੀਂ ਦੱਸੀ ਨਹੀਂ ਜਾ ਸਕਦੀ, ਵੇਚੀ ਨਹੀਂ ਜਾ ਸਕਦੀ, ਖਰੀਦੀ ਨਹੀਂ ਜਾ ਸਕਦੀ; ਸਿਰਫ ਸਿੱਖੀ, ਸਿੱਖਾਈ ਤੇ ਕਮਾਈ ਜਾ ਸਕਦੀ ਹੈ। ਇਹ ਕਲਪਨਾ ਕਰਨ ਜਿਹੀ ਦਿਮਾਗੀ ਕਵਾਇਤ ਨਹੀਂ, ਹੱਥਾਂ 'ਤੇ ਸਰ੍ਹੋਂ ਜਮਾਉਣ ਜਿਹੀ ਕਰਾਮਾਤ ਨਹੀਂ, ਸਗੋਂ ਹੱਥੀਂ ਕਰਨ ਵਾਲੀ ਕਿਰਤ ਜਿਹੀ ਕ੍ਰਿਆ ਹੈ। ਇਹ ਮੰਤਰ ਪੜ੍ਹ ਕੇ ਜਾਂ ਸਿਰੋਪਾਓ ਦੇ ਕੇ ਜਾਂ ਕੰਨ ਵਿਚ ਫੂਕ ਮਾਰ ਕੇ ਦੱਸਣ ਜਿਹੀ ਗੱਲ ਨਹੀਂ, ਸਗੋਂ ਵੇਖ ਕੇ, ਕਰ ਕੇ, ਸੋਚ ਕੇ ਤੇ ਪਰਖ ਕੇ ਅਪਨਾਈ ਜਾਣ ਵਾਲੀ ਸਮਝ ਹੈ। ਇਹ ਟੁੱਟ-ਫੁੱਟ (Piece-meal) ਗਿਆਨ ਨਹੀਂ, ਸਗੋਂ ਕੁਦਰਤ 'ਚੋਂ ਉਪਜਦੀ ਕੁਦਰਤ ਦੀ ਵਿਆਪਕ ਸਮਝ ਹੈ। ਇਸ ਦੇ ਗਿਆਨ ਵਿਚੋਂ ਕੁਝ ਰੱਖਿਆ ਤੇ ਕੁਝ ਛੱਡਿਆ ਨਹੀਂ ਜਾ ਸਕਦਾ, ਇਹ ਸਾਰੇ ਦਾ ਸਾਰਾ ਪਰਖ ਦੀਆਂ ਤੰਦਾਂ ਨਾਲ ਗੁੰਦਿਆ ਹੋਇਆ ਹੈ ਤੇ ਸਾਰੇ ਦਾ ਸਾਰਾ ਹੀ ਸਵੀਕਾਰ ਕਰਨਾ ਪੈਂਦਾ ਹੈ। ਇਹ ਗਿਆਨ ਕਈ ਗਿਆਨਾਂ ਦਾ ਮਿਲਗੋਭਾ ਨਹੀਂ, ਸਗੋਂ ਖਰਾ, ਨਿਰੋਲ, ਖਾਲਸ ਹੈ ਤੇ ਖੋਟ ਰਹਿਤ ਹੈ। ਖੋਟ ਰਹਿਤ ਇਸ ਲਈ ਨਹੀਂ ਕਿ ਇਹ ਕਿਤੋਂ ਉਪਰੋਂ ਜਾਂ ਬਾਹਰੋਂ ਬਣ ਕੇ ਆਇਆ ਹੈ ਜਾਂ ਕਿਸੇ ਦੇ ਬੋਲਾਂ ਨੇ ਇਸ ਨੂੰ ਪਵਿੱਤਰ ਬਣਾਇਆ ਹੈ, ਸਗੋਂ ਇਸ ਲਈ ਕਿ ਇਸ ਦੀ ਪਰਖ ਪੜਚੋਲ ਤੇ ਅਜਮਾਇਸ਼ ਵਾਰ ਵਾਰ ਹੁੰਦੀ ਹੈ।

ਸਿੱਖੀ ਸਮਝ ਅਨੁਭਵ ਰਾਹੀਂ ਕਮਾਉਣੀ ਪੈਂਦੀ ਤੇ ਦੇਖ ਪਰਖ ਕੇ ਅਜਮਾਉਣੀ ਪੈਂਦੀ ਹੈ, ਇਸੇ ਲਈ ਇਹ ਮੰਨਣ ਦੀ ਥਾਂ ਸਿੱਖਣ ਨਾਲ ਵਧੇਰੇ ਸਬੰਧ ਰੱਖਦੀ ਹੈ। ਮੰਨਣ ਨੂੰ ਸਿੱਖਣਾ ਨਹੀਂ, ਸਗੋਂ ਬਿਨਾ ਸੋਚੇ ਸਮਝੇ ਅਨੁਸਰਣ ਕਰਨਾ ਕਹਿੰਦੇ ਹਨ। ਮੰਨਣਾ ਕਿਸੇ ਗੁਰੂ, ਉਸਤਾਦ, ਪੀਰ, ਮੁਰਸ਼ਿਦ, ਮੂਰਤੀ, ਮੂਰਤ, ਕਿਤਾਬ, ਗ੍ਰੰਥ, ਸਾਧ, ਸੰਤ, ਪਾਠ ਪੁਜਾਰੀ ਜਾਂ ਈਸਟ ਅੱਗੇ ਸਮਰਪਣ ਕਰਨਾ ਹੈ ਤੇ ਉਸ ਈਸਟ ਨੂੰ ਖੁਸ਼ ਕਰਨ ਲਈ ਦੱਸੇ ਕਰਮ ਕਾਂਡ ਕਰਨਾ ਹੈ। ਇੱਦਾਂ ਕਰਨਾ ਸਿੱਖੀ ਨਹੀਂ, ਘੱਟੋ ਘੱਟ ਗੁਰੂ ਨਾਨਕ ਦੀ ਸਿੱਖੀ ਤਾਂ ਬਿਲਕੁਲ ਨਹੀਂ। ਉਨ੍ਹਾਂ ਨੇ ਨਾ ਕਦੇ ਇੱਦਾਂ ਕੀਤਾ, ਨਾ ਕਰਨ ਨੂੰ ਕਿਹਾ ਤੇ ਨਾ ਉਹ ਕਦੇ ਵਿਰੋਧ ਕਰਨ ਤੋਂ ਰੁਕੇ। ਆਪਣੀ ਇਸ ਵਿਲੱਖਣ ਸੋਚ ਦੀ ਪਛਾਣ ਉਨ੍ਹਾਂ ਨੇ ਜਨੇਊ ਪਹਿਨਣ ਤੋਂ ਇਨਕਾਰ ਕਰ ਕੇ ਦੇ ਦਿੱਤੀ। ਉਨ੍ਹਾਂ ਨੇ ਕਦੇ ਕਿਸੇ ਦੇਵੀ-ਦੇਵਤੇ, ਰੱਬ, ਪਰਮਾਤਮਾ, ਅੱਲਾਹ ਜਾਂ ਕਿਸੇ ਹੋਰ ਕਲਪਿਤ ਪ੍ਰਿਤਪਾਲਕ ਵਿਚ ਵਿਸ਼ਵਾਸ ਧਾਰ ਕੇ ਉਸ ਦੀ ਅਰਾਧਨਾ ਨਹੀਂ ਕੀਤੀ। ਉਹ ਮੱਕੇ, ਹਰਿਦੁਆਰ, ਜਗਨਨਾਥ ਪੁਰੀ ਆਦਿ ਬਹੁਤ ਸਾਰੇ ਪੂਜਾ ਸਥਾਨਾਂ 'ਤੇ ਗਏ, ਪਰ ਉਥੇ ਕਿਸੇ ਈਸਟ ਦੀ ਪੂਜਾ ਨਹੀਂ ਕੀਤੀ ਤੇ ਨਾ ਹੀ ਕਿਸੇ ਨੂੰ ਪ੍ਰਸੰਨ ਕਰਨ ਦੀ ਕੋਸਿਸ਼ ਕੀਤੀ। ਸਗੋਂ ਉਨ੍ਹਾਂ ਨੇ ਸਭ ਥਾਂਵਾਂ 'ਤੇ ਪਾਠ ਪੂਜਾ ਦੀ ਮਰਿਆਦਾ ਨੂੰ ਵਾਧੂ ਕਾਰਜ ਦੱਸਿਆ।

ਗੁਰੂ ਸਾਹਿਬ ਅਨੁਸਾਰ ਹਰ ਇਕ ਸਿੱਖ ਨੇ ਆਪਣਾ ਦੁਆਲਾ ਆਪ ਪੇਖਣਾ ਹੈ, ਆਪ ਪਰਖਣਾ ਹੈ ਤੇ ਆਪ ਆਪਣਾ ਅਨੁਭਵ ਦੂਜਿਆਂ ਨਾਲ ਸਾਂਝਾ ਕਰਨਾ ਹੈ, ਭਾਵ ਸੰਗਤ ਸਾਹਮਣੇ ਰੱਖਣਾ ਹੈ। ਇਸ ਉਤੇ ਦਾਈਏ ਨਹੀਂ ਲਾਉਣੇ, ਵੋਟਾਂ ਨਹੀਂ ਪਾਉਣੀਆਂ, ਧੜੇ ਨਹੀਂ ਬਣਾਉਣੇ ਤੇ ਬਾਹੂਬਲ ਨਹੀਂ ਦਿਖਾਉਣਾ, ਸਗੋਂ ਵਿਚਾਰ-ਵਟਾਂਦਰੇ ਤੇ ਵਿਵੇਕੀ ਦਲੀਲਾਂ ਰਾਹੀਂ ਕੁਦਰਤੀ ਨਿਯਮ ਪਛਾਣਨੇ ਹਨ। "ਜੋ ਤੁਧੁ ਭਾਵੈ ਸਾਈ ਭਲੀ ਕਾਰ" ਦੇ ਮਹਾਵਾਕ ਅਨੁਸਾਰ ਕੁਦਰਤ ਦੀਆਂ ਪ੍ਰਵਿਰਤੀਆਂ ਦੇ ਪੱਕੇ ਨਿਯਮ ਲੱਭਣੇ ਹਨ ਤੇ ਉਨ੍ਹਾਂ ਅਨੁਸਾਰ ਅਮਲ ਕਰਨਾ ਹੈ। ਇਹ ਮਹਾਵਾਕ ਉਚਾਰਿਆ ਹੀ ਉਨ੍ਹਾਂ ਸਥਿਤੀਆਂ ਲਈ ਗਿਆ ਹੈ, ਜਿੱਥੇ ਨਿਰਣੇ ਮਨੁੱਖੀ ਵਸ ਵਿਚ ਨਾ ਹੋਣ। ਇਹ ਸਥਿਤੀਆਂ ਸਿਰ ਨਿਵਿਆ ਕੇ ਮੱਥੇ ਰਗੜਨ ਲਈ ਨਹੀਂ ਪ੍ਰੇਰਦੀਆਂ, ਸਗੋਂ ਕੁਦਰਤ ਦੀ ਕਾਰਜ-ਸ਼ੈਲੀ ਨੂੰ ਪੇਖ ਪਰਖ ਕੇ ਹੁਕਮ ਪਛਾਣਨ ਲਈ ਵੰਗਾਰਦੀਆਂ ਹਨ। ਇਹ ਪ੍ਰਕ੍ਰਿਆ ਕਦੇ ਖਤਮ ਹੋਣ ਵਾਲੀ ਨਹੀਂ, ਸਗੋਂ "ਗਗਨ ਮੈ ਥਾਲੁ" ਦੀ ਆਰਤੀ ਵਾਂਗ ਨਿਰੰਤਰ ਚਲਦੀ ਰਹਿਣ ਵਾਲੀ ਹੈ। ਇਸ ਵਿਚ ਇਕ ਨੂੰ ਦੂਜੇ ਦੇ ਲੜ ਲੱਗਣ ਦਾ ਪ੍ਰਾਵਧਾਨ ਨਹੀਂ, ਸਗੋਂ ਸੱਚ ਨਾਲ ਪ੍ਰਣਾਏ ਜਾਣ ਦਾ ਵਿਧਾਨ ਹੈ। ਇਹ ਪ੍ਰਕ੍ਰਿਆ ਸੱਚ ਦੀ ਸੇਧ ਦਰਸਾਉਂਦੀ ਹੈ ਭਾਵ ਇਹ ਸੱਚ ਤੀਕ ਅਪੜਨ ਦਾ ਰਾਹ ਦੱਸਦੀ ਹੈ। ਇਸ ਨੂੰ ਸਮਝਣਾ, ਇਸ 'ਤੇ ਅਮਲ ਕਰਨਾ ਤੇ ਇਸ ਦੀ ਪ੍ਰਮੁੱਖਤਾ ਬਣਾਈ ਰੱਖਣਾ ਹੀ ਸਿੱਖੀ ਦਾ ਸਿਧਾਂਤ ਹੈ।

ਸਿੱਖੀ ਸਿਧਾਂਤ ਵਿਚ ਸਿੱਖੀ ਸੰਕਲਪਾਂ ਤੇ ਅਮਲਾਂ ਨਾਲ ਸਬੰਧਤ ਸ਼ਬਦਾਵਲੀ ਨੂੰ ਸਮਝਣਾ ਤੇ ਸਿੱਖਣਾ ਵੀ ਜਰੂਰੀ ਹੈ। ਜੇ ਕੋਈ ਵਿਦਵਾਨ ਇਸ ਅਮਲ ਜਾਂ ਅਮਲੀ ਸ਼ਬਦਾਵਲੀ ਨੂੰ ਹੀ ਵਿਸ਼ਵਾਸ ਦਾ ਵਿਸ਼ਾ ਬਣਾਵੇ, ਉਹ ਵੀ ਗਲਤ ਹੈ। ਗਲਤ ਇਸ ਲਈ ਕਿ ਜਿਸ ਚੀਜ਼ ਨੂੰ ਦੂਜੇ ਮਤਾਂ ਅਨੁਸਾਰ ਯਕੀਨ ਜਾਂ ਵਿਸ਼ਵਾਸ (Belief or faith) ਕਿਹਾ ਜਾਂਦਾ ਹੈ, ਉਹ ਸਿੱਖੀ ਦੀ ਅਮਲੀ ਸ਼ਬਦਾਵਲੀ ਵਿਚ ਪ੍ਰਵਾਨ ਜਾਂ ਸਵੀਕਾਰ (Accept or acknowledge) ਕਰਨਾ ਹੈ। ਅਮਲੀ ਸ਼ਬਦਾਵਲੀ (Practical terminology) ਦਾ ਸੋਮਾ ਵੀ ਅਮਲੀ ਹੈ, ਦੈਵੀ (Divine) ਨਹੀਂ। ਇਸ ਅਨੁਸਾਰ ਸਵੀਕਾਰ ਕਰਨਾ ਅੰਧਵਿਸ਼ਵਾਸੀ ਹੋ ਕੇ ਮੰਨਣਾ ਨਹੀਂ, ਸਗੋਂ ਦੇਖ ਪਰਖ ਕੇ ਸੱਚਾਈ ਪਖੋਂ ਸਵੀਕਾਰ ਕਰਨਾ ਹੈ। ਮਿਸਾਲ ਵਜੋਂ ਜੇ ਕਿਸੇ ਪੌਦੇ ਨੂੰ ਪਾਣੀ ਨਾ ਦਿਓ ਤਾਂ ਉਹ ਮਰ ਜਾਵੇਗਾ, ਭਾਵ ਕੋਈ ਸ਼ਕਤੀ ਇਸ ਨੂੰ ਬਚਾ ਨਹੀਂ ਪਾਵੇਗੀ। ਇਸ ਗੱਲ ਨੂੰ ਕੋਈ ਵੀ ਅਜਮਾਵੇ, ਸਿੱਟਾ ਇਹੀ ਨਿਕਲੇਗਾ। ਸਿੱਖ ਕੇ ਹਾਸਲ ਕੀਤਾ ਇਹ ਗਿਆਨ ਸਵੀਕਾਰ ਕਰਨ ਵਾਲਾ ਹੈ। ਜੇ ਕੋਈ ਉਸ ਪੌਦੇ ਨੂੰ ਮੰਤਰ ਪਾਠਾਂ ਰਾਹੀਂ ਹਰਿਆਉਣ ਦੀ ਕੋਸ਼ਿਸ਼ ਕਰੇ, ਉਹ ਸਿੱਖੀ ਨਹੀਂ, ਅੰਧਵਿਸ਼ਵਾਸ ਹੈ।

ਸਿੱਖੀ ਵਿਚ ਮੰਨਣ ਜਾਂ ਨਾ-ਮੰਨਣ ਦੀ ਕੋਈ ਛੂਟ (Choice) ਨਹੀਂ, ਕਿਉਂਕਿ ਸਾਹਮਣੇ ਅਜਮਾਈ ਗੱਲ ਨੂੰ ਹਰ ਹਾਲਤ ਵਿਚ ਪ੍ਰਵਾਨ ਕਰਨਾ ਹੀ ਹੈ। ਇਸ ਲਈ ਸਿੱਖੀ ਕਿਸੇ ਨੂੰ ਘੇਰ ਕੇ, ਪ੍ਰਚਾਰ ਕਰ ਕੇ, ਲਾਲਚ ਦੇ ਕੇ, ਝੂਠ ਬੋਲ ਕੇ ਜਾਂ ਡਰਾ ਕੇ ਨਾਲ ਜੋੜਨ ਦਾ ਨਾਂ ਨਹੀਂ। ਇਹ ਤਾਂ ਅਨੁਭਵ ਤੇ ਸੱਚ ਨਾਲ ਪ੍ਰਤੀਬੱਧਤਾ ਪੈਦਾ ਕਰਨ ਦਾ ਅਮਲ ਹੈ। ਇਹ ਕਿਸੇ ਦਾ "ਦੱਸਿਆ ਸੱਚ" ਮੰਨਣ ਦਾ ਨਾਂ ਨਹੀਂ, ਸਗੋਂ ਅਜਮਾਏ ਹੋਏ ਸੱਚ ਨੂੰ ਅੰਗੀਕਾਰ ਕਰਨ ਦਾ ਨਾਂ ਹੈ। ਅਜਮਾਇਸ਼ ਦੇ ਸਿੱਟੇ ਵੀ ਸਿੱਖ ਨੇ ਆਪ ਕੱਢਣੇ ਹਨ, ਆਪ ਪ੍ਰਵਾਨ ਕਰਨੇ ਹਨ ਤੇ ਅਗਾਂਹ ਲਈ ਫੈਸਲੇ ਵੀ ਆਪ ਹੀ ਲੈਣੇ ਹਨ। ਉਸ ਲਈ ਅਗਾਊਂ ਫੈਸਲੇ ਕੋਈ ਹੋਰ ਨਹੀਂ ਲੈ ਸਕਦਾ। ਉਸ ਕੋਲ ਨਿਰਪੱਖ ਸਰਵੇਖਣ ਤੇ ਮੰਨੇ (ਮਨਨ) ਦੀਆਂ ਤਾਕਤਾਂ (Capabilities) ਹਨ, ਜਿਨ੍ਹਾਂ ਦੀ ਵਰਤੋਂ ਨਾਲ ਉਹ ਸਹੀ ਗਲਤ ਦਾ ਫਰਕ ਲੱਭ ਸਕਦਾ ਹੈ। ਆਪਣੇ ਅੰਦਰ ਦੀਆਂ ਇਨ੍ਹਾਂ ਤਾਕਤਾਂ ਨੂੰ ਸੁਤੰਤਰ ਤੇ ਮਜ਼ਬੂਤ ਕਰਨਾ ਸਿੱਖ ਦਾ ਪਹਿਲਾ ਕਾਰਜ ਹੈ। ਅਜਿਹੇ ਸਿੱਖ ਨੂੰ ਕੋਈ ਨਹੀਂ ਨਿਗਲ ਸਕਦਾ, ਹਿੰਦੂਵਾਦ ਦਾ ਅਜ਼ਗਰ ਵੀ ਨਹੀਂ।

ਜੇ ਸਿੱਖੀ ਵਿਚ ਮੰਨਣ ਦੀ ਧਾਰਨਾ ਹੈ ਹੀ ਨਹੀਂ, ਫਿਰ ਇਸ ਵਿਚ "ਯਕੀਨ" ਜਾਂ ਵਿਸ਼ਵਾਸ ਕਰਨ ਦੀ ਧਾਰਨਾ ਕਿਥੋਂ ਆਈ? ਹੋ ਸਕਦਾ ਹੈ ਪੜੌਸੀ ਧਰਮਾਂ ਵਿਚੋਂ ਆਈ ਹੋਵੇ। ਹੋ ਸਕਦਾ ਹੈ ਸਿੱਖਾਂ ਨੇ ਜਪੁਜੀ ਨੂੰ ਗੁਰੂ ਦਾ ਫੁਰਮਾਨ ਸਮਝ ਕੇ ਇਸ ਵਿਚ ਦਰਜ ਹਰ ਗੱਲ ਨੂੰ ਬਿਨਾ ਸਮਝੇ ਹੀ ਚੰਗਾ ਕਹਿਣਾ ਸ਼ੁਰੂ ਕਰ ਦਿੱਤਾ ਹੋਵੇ। ਹੋ ਸਕਦਾ ਹੈ ਕਿ ਉਨ੍ਹਾਂ ਨੇ 'ਸੁਣੀਐ, 'ਮੰਨੇ' ਤੇ 'ਪੰਚ' ਜਿਹੇ ਸ਼ਬਦਾਂ ਨੂੰ ਗੌਰ ਨਾਲ ਨਾ ਵਿਚਾਰਿਆ ਹੋਵੇ। ਸਿੱਖੀ ਵਿਚ ਤਾਂ ਤਰਕ ਤੇ ਵਿਵੇਕ ਰਾਹੀਂ ਸੁਣੀਆਂ-ਸੁਣਾਈਆਂ ਧਾਰਨਾਵਾਂ ਬਾਰੇ ਨਿਰਣਾ ਕਰਨ ਦੀ ਗੱਲ ਕਹੀ ਹੈ, ਨਾ ਕੇ ਉਨ੍ਹਾਂ ਨੂੰ ਪੱਕਾ ਨਿਰਣਾ ਮੰਨ ਕੇ ਵਿਸ਼ਵਾਸ ਕਰਨ ਦੀ। ਪ੍ਰਸਥਿਤੀਆਂ ਬਦਲਣ ਨਾਲ ਕਿਸੇ ਪੁਰਾਣੇ ਨਿਰਣੇ ਦੀ ਕੀਮਤ ਘੱਟ ਵੱਧ ਸਕਦੀ ਹੈ ਜਾਂ ਖਤਮ ਹੋ ਸਕਦੀ ਹੈ। ਪ੍ਰਸਥਿਤੀਆਂ ਬਦਲਣ ਨਾਲ ਨਿਰਣੇ ਦਾ ਮਹਤੱਵ ਵੀ ਬਦਲ ਸਕਦਾ ਹੈ ਤੇ ਬਾਣੀ ਝੂਠੀ ਸਾਬਤ ਹੋ ਸਕਦੀ ਹੈ। ਸੋ ਇਕ ਨਿਰਣੇ ਨੂੰ ਸਦਾ ਲਈ ਸੱਚ ਨਹੀਂ ਮੰਨਿਆ ਜਾ ਸਕਦਾ, ਪਰ ਇਸ ਬਦਲਾਓ ਨਾਲ ਸੱਚ, ਸੱਚ ਦੀ ਖੋਜ-ਵਿਧੀ ਤੇ ਸਿਧਾਂਤ ਨਹੀਂ ਬਦਲਦੇ। ਮਿਸਾਲ ਵਜੋਂ ਘੋੜੇ ਦੇ ਦੰਦ ਦੇਖ ਕੇ ਉਸ ਦੀ ਉਮਰ ਪਤਾ ਕਰਨਾ ਇਕ ਅਜਮਾਈ ਵਿਧੀ ਹੈ, ਜੋ ਸਵੀਕਾਰ ਕਰਨ ਯੋਗ ਹੈ; ਪਰ ਕਿੰਨੇ ਦੰਦ ਡਿਗਣ ਪਿਛੋਂ ਘੋੜਾ ਖਰੀਦਣਾ ਜਾਂ ਵੇਚਣਾ ਨਹੀਂ ਚਾਹੀਦਾ, ਇਸ ਬਾਰੇ ਪੱਕੀ ਸੀਮਾ ਨਿਰਧਾਰਤ ਨਹੀਂ ਕੀਤੀ ਜਾ ਸਕਦੀ। ਇਹ ਨਿਰਣਾ ਹਰ ਸਿੱਖ ਨੇ ਆਪ ਕਰਨਾ ਹੈ। ਸੋ ਸਿੱਖੀ ਵਿਚ ਵਚਨ-ਬੱਧਤਾ ਨਿਰਣੇ ਨਾਲ ਨਹੀਂ, ਨਿਰਣੇ ਦੇ ਸਿਧਾਂਤ ਨਾਲ ਹੈ।

ਗੁਰੂ ਸਾਹਿਬ ਇਹ ਗੱਲ ਚੰਗੀ ਤਰ੍ਹਾਂ ਸਮਝਦੇ ਸਨ ਅਤੇ ਇਸ 'ਤੇ ਅਮਲ ਕਰਨ ਦੀ ਸਿੱਖਿਆ ਵੀ ਦਿੰਦੇ ਸਨ। ਅਜੋਕੇ ਸਿੱਖ ਵਿਦਵਾਨ ਤੇ ਸਿੱਖ ਸ਼ਰਧਾਲੂ ਵੀ ਇਸ ਫਰਕ ਨੂੰ ਜਾਣਦੇ ਤਾਂ ਹੋਣਗੇ, ਪਰ ਇਸ ਨਾਲ ਸਹਿਮਤ ਨਹੀਂ ਹੁੰਦੇ। ਭਾਵ ਉਹ ਗੁਰੂ ਸਾਹਿਬ ਦੇ ਤਰਕਾਂ ਨਾਲ ਸਹਿਮਤੀ ਪ੍ਰਗਟਾਉਂਦੇ ਤਾਂ ਹਨ, ਪਰ ਛੇਤੀ ਹੀ ਵਿਪਰੀਤ ਸੋਚ ਦਾ ਸ਼ਿਕਾਰ ਹੋ ਜਾਂਦੇ ਹਨ। ਉਨ੍ਹਾਂ ਨੂੰ ਬਾਣੀ ਦੇ ਹਰ ਵਾਕ ਵਿਚ ਗੁਰੂ ਸਾਹਿਬ ਦਾ ਭਗਤੀ ਭਾਵ ਵਾਲਾ ਲਿਵ ਲੱਗਿਆ ਚਿਹਰਾ ਦਿਖਾਈ ਦਿੰਦਾ ਹੈ, ਸਚਿਆਰਾ ਹੋਣ ਦੀ ਤਾਂਘ ਵਿਚ ਹੱਕ ਸੱਚ ਦਾ ਹੋਕਾ ਦੇਣ ਵਾਲੇ ਕਿਰਦਾਰ ਦਾ ਨਹੀਂ। ਉਹ ਉਨ੍ਹਾਂ ਨੂੰ ਹਰ ਸੁਖ ਸੁਵਿਧਾ ਦਾ ਸ੍ਰੋਤ ਮੰਨਦੇ ਹਨ ਤੇ ਉਹ ਉਨ੍ਹਾਂ ਦਾ ਮਿਹਰ ਭਰਿਆ ਹੱਥ ਹਮੇਸ਼ਾ ਆਪਣੇ ਸਿਰ 'ਤੇ ਟਿਕਿਆ ਦੇਖਣ ਦੇ ਅਭਿਲਾਸ਼ੀ ਹਨ। ਉਨ੍ਹਾਂ ਲਈ ਸਤਿ, ਵਿਧੀ, ਪ੍ਰਮਾਣ, ਸੇਧ ਤੇ ਗਿਆਨ ਕੋਈ ਮਤਲਬ ਨਹੀਂ ਰੱਖਦੇ। ਉਨ੍ਹਾਂ ਦਾ ਜੇ ਕੋਈ ਮਤਲਬ ਹੈ ਤਾਂ ਉਹ ਪਰਮਾਤਮਾ, ਨਾਮ, ਨਦਰ, ਅਰਦਾਸ, ਕਿਰਪਾ, ਦਾਤ ਆਦਿ ਨਾਲ ਹੈ।

> **ਗੁਰੂ ਸਾਹਿਬ ਦੀ ਇਹ ਪਉੜੀ ਬਹੁਤ ਹੀ ਡੂੰਘੇ ਸੰਦੇਸ਼ ਵਾਲੀ ਹੈ। ਪੁਜਾਰੀ ਲੋਕ ਕੁਝ ਵੀ ਕਹਿਣ, ਉਹ ਇਸ ਦਾ ਮਹੱਤਵ ਨਹੀਂ ਜਾਣ ਸਕਦੇ। ਉਹ ਭਗਤੀ ਭਾਵ ਨਾਲ "ਪਰਮਾਤਮਾ" ਵਿਚ ਲੀਨ ਹੋਣ ਦੀਆਂ ਗੱਲਾਂ ਕਰਦੇ ਹਨ, ਪਰ ਕਰ ਕੇ ਹਾਲੇ ਤੀਕ ਕੁਝ ਨਹੀਂ ਦਿਖਾ ਸਕੇ। ਉਹ ਦੂਜਿਆਂ ਲਈ ਮਾਇਆ ਦੇ ਤਿਆਗ ਦਾ ਪ੍ਰਚਾਰ ਕਰਦੇ ਹਨ, ਪਰ ਆਪ ਮਾਇਆ ਲਈ ਇਕ ਦੂਜੇ ਦੇ ਪੈਰ ਮਿੱਧਦੇ ਫਿਰਦੇ ਹਨ।**

ਉਨ੍ਹਾਂ ਨੂੰ ਆਪਣੇ ਮਨੋਰਥ ਦੀ ਇੰਨੀ ਤਿੱਖੀ ਪਛਾਣ ਹੈ ਕਿ ਉਹ ਇਸ ਦੀ ਪ੍ਰਾਪਤੀ ਤੋਂ ਮਾਸਾ ਨਹੀਂ ਖੁੰਝਦੇ। ਇਥੋਂ ਤੀਕ ਕਿ ਗੁਰਬਾਣੀ ਦੀ ਵਿਆਖਿਆ ਕਰਨ ਵੇਲੇ ਵੀ ਇਹੀ ਮੰਤਵ ਉਨ੍ਹਾਂ ਦੀ ਸੋਚ 'ਤੇ ਭਾਰੂ ਰਹਿੰਦਾ ਹੈ। ਪ੍ਰਮਾਣ ਲਈ ਅਜਿਹੇ ਵਿਦਵਾਨਾਂ ਦੀ ਜਪੁਜੀ ਦੀ 23ਵੀਂ ਪਉੜੀ ਦੀ ਕੀਤੀ ਵਿਆਖਿਆ ਮਿਸਾਲਾਂ ਸਮੇਤ ਹੇਠਾਂ ਅੰਕਿਤ ਹੈ,

ਸਾਲਾਹੀ ਸਾਲਾਹਿ
ਏਤੀ ਸੁਰਤਿ ਨ ਪਾਈਆ॥
ਨਦੀਆ ਅਤੈ ਵਾਹ
ਪਵਹਿ ਸਮੁੰਦਿ ਨ ਜਾਣੀਅਹਿ॥
ਸਮੁੰਦ ਸਾਹ ਸੁਲਤਾਨ
ਗਿਰਹਾ ਸੇਤੀ ਮਾਲੁ ਧਨੁ॥
ਕੀੜੀ ਤੁਲਿ ਨ ਹੋਵਨੀ
ਜੇ ਤਿਸੁ ਮਨਹੁ ਨ ਵੀਸਰਹਿ॥੨੩॥

ਇਹ ਪਉੜੀ ਪਿਛਲੀਆਂ ਪਉੜੀਆਂ ਦੇ ਤਰਕ ਨੂੰ ਅੱਗੇ ਤੋਰਦੀ ਹੈ। ਗੁਰੂ ਸਾਹਿਬ ਪਹਿਲਾਂ ਦੱਸ ਚੁਕੇ ਹਨ ਕਿ ਕੁਦਰਤ ਦਾ ਵਿਸਥਾਰ ਇੰਨਾ ਅਸੀਮ ਹੈ ਕਿ ਇਸ ਦੇ ਅਥਾਹ ਪਸਾਰੇ ਦਾ ਹਿਸਾਬ ਕਿਤਾਬ ਲਾਉਣਾ ਅਸੰਭਵ ਹੈ। ਇਸ ਦੇ ਆਦਿ ਅੰਤ ਬਾਰੇ ਵੀ ਕੁਝ ਨਹੀਂ ਕਿਹਾ ਜਾ ਸਕਦਾ ਕਿਉਂਕਿ ਇਸ ਤਰ੍ਹਾਂ ਦੇ ਤੱਥ ਹੀ ਉਪਲਭਦ ਨਹੀਂ। ਇਸ ਲਈ ਇਨ੍ਹਾਂ ਗੱਲਾਂ ਦਾ ਪਤਾ ਇਸ ਦੇ ਸਿਰਜਣਹਾਰ ਨੂੰ ਹੀ ਹੈ ਭਾਵ ਇਸ ਦੇ ਸੰਕੇਤ ਇਸ ਦੀ ਸਿਰਜਣਾ ਦੇ ਵਿਚ ਹੀ ਕਿਤੇ ਅੰਕਿਤ ਹੋਏ ਹੋ ਸਕਦੇ ਹਨ। ਇਸ ਪਉੜੀ ਵਿਚ ਉਹ ਅੱਗੇ ਫੁਰਮਾਉਂਦੇ ਹਨ ਕਿ ਜੋ ਸਾਲਾਹੀ ਇਸ ਦਾ ਮੁੱਲ ਪਾਉਂਦੇ ਹਨ, ਉਨ੍ਹਾਂ ਨੇ ਇੰਨੀ ਸੁਰਤ ਭਾਵ ਕਾਬਲੀਅਤ ਨਹੀਂ ਪਾਈ ਕਿ ਉਹ ਇਹ ਕੰਮ ਕਰ ਸਕਣ। ਭਾਵ ਹਿਸਾਬ-ਕਿਤਾਬ ਰਾਹੀਂ ਇਸ ਕੁਦਰਤ ਦਾ ਮੁਲੰਕਣ ਕਰਨ ਵਾਲਿਆਂ ਕੋਲ ਉਸ ਕਿਸਮ ਦੀ ਸੋਝੀ, ਸਮਝ ਜਾਂ ਅਕਲ ਨਹੀਂ, ਜੋ ਇਸ ਦਾ ਲੱਖਣ ਲਾਉਣ ਲਈ ਲੋੜੀਂਦੀ ਹੈ। ਇਸ ਅਤਿ ਮਹਾਨ ਕੁਦਰਤੀ ਪਸਾਰੇ ਸਾਹਮਣੇ ਸ਼ਹਿਨਸ਼ਾਹਾਂ ਦੇ ਕੀਮਤੀ ਪਦਾਰਥਾਂ ਦੇ ਉਹ ਪਹਾੜਾਂ ਜਿੱਡੇ ਅੰਬਾਰ, ਜਿਨ੍ਹਾਂ ਦੀ ਮਹਾਨਤਾ ਉਨ੍ਹਾਂ ਦੇ ਮਨੋਂ ਕੱਢਿਆਂ ਨਹੀਂ ਨਿਕਲਦੀ, ਕੀੜੀ ਸਮਾਨ ਵੀ ਨਹੀਂ ਹਨ। ਇਹ ਉਹ ਮਹਾਂਸਾਗਰ ਹੈ, ਜਿਸ ਵਿਚ ਪੈ ਕੇ ਤਾਂ ਵੱਡੇ ਵੱਡੇ ਦਰਿਆਵਾਂ ਤੇ ਨਦੀਆਂ ਦਾ ਕੋਈ ਪਤਾ ਨਹੀਂ ਚਲਦਾ।

ਇਸ ਵਿਆਖਿਆ ਵਿਚ ਸਾਲਾਹੀ ਦਾ ਅਰਥ ਸਲਾਹ ਦੇਣ ਵਾਲਾ ਜਾਂ ਪ੍ਰਸ਼ੰਸਾ ਕਰਨ ਵਾਲਾ ਨਹੀਂ, ਸਗੋਂ ਕਈ ਤਰ੍ਹਾਂ ਦੇ ਮਾਪ-ਦੰਡ ਵਰਤ ਕੇ ਕੀਮਤ ਪਾਉਣ ਵਾਲਾ (Appraiser) ਹੈ। ਗੁਰੂ ਸਾਹਿਬ ਅਨੁਸਾਰ ਸਾਲਾਹੀ ਉਹ ਵਿਦਵਾਨ, ਮਹਾਂਪੁਰਖ ਜਾਂ ਜਿਗਿਆਸੂ ਭਗਤ ਹਨ, ਜੋ ਸ੍ਰਿਸ਼ਟੀ ਦਾ ਹਿਸਾਬ ਕਿਤਾਬ ਲਾ ਕੇ ਇਸ ਦਾ ਅੰਦਾਜ਼ਨ ਵਿਸਤਾਰ ਲੱਭਣ ਦੀ ਕੋਸਿਸ਼ ਕਰਦੇ ਹਨ। ਪਰ ਉਹ ਚਾਹੇ ਕੁਝ ਵੀ ਕਰਨ, ਅਜਿਹਾ ਨਹੀਂ ਕਰ ਸਕਦੇ, ਕਿਉਂਕਿ ਉਨ੍ਹਾਂ ਦੀ ਸਮਝ-ਬੂਝ, ਸੋਚ-ਉਡਾਰੀ ਤੇ ਲੱਖਣ ਦਾ ਘੇਰਾ ਬਹੁਤ ਸੀਮਤ ਹੈ। ਇਸ ਦਾਇਰੇ ਤੋਂ ਬਾਹਰ ਦੀਆਂ ਗੱਲਾਂ ਦੇ ਸਬੰਧ, ਭਾਵ ਕਾਰਨ ਤੇ ਸਿੱਟੇ ਦੇ ਰਿਸ਼ਤੇ, ਉਨ੍ਹਾਂ ਦੀ ਸਮਝ ਵਿਚ ਨਹੀਂ ਆਉਂਦੇ। ਇਸ ਲਈ ਆਪਣੀ ਅਲਪ-ਬੁੱਧੀ ਨਾਲ ਉਹ ਕੁਦਰਤ ਦਾ ਜਿਨ੍ਹਾਂ ਚੀਜ਼ਾਂ ਨਾਲ ਟਾਕਰਾ ਕਰ ਕੇ ਇਸ ਦੀ ਮਹਾਨਤਾ ਦੱਸਦੇ ਹਨ, ਉਹ ਇਸ ਦੀ ਅਸਲੀਅਤ ਸਾਹਮਣੇ ਕੀਟ-ਪਤੰਗਿਆਂ ਤੋਂ ਵੱਧ ਕੁਝ ਨਹੀਂ। ਪਦਾਰਥ ਦੇ ਜਿਹੜੇ ਪਰਬਤੀ ਅੰਬਾਰਾਂ ਨੂੰ ਦੇਖ ਕੇ ਉਹ ਅਸ਼-ਅਸ਼ ਕਰ ਉਠਦੇ ਹਨ ਭਾਵ ਆਪਣੇ ਮਨ ਵਿਚ ਅਤਿ ਵੱਡੇ ਸਮਝਦੇ ਹਨ, ਉਹ ਤਾਂ ਕੁਦਰਤ ਦੇ ਅਸਲ ਪਸਾਰੇ ਸਾਹਮਣੇ ਕੀੜੀ ਤੁਲ ਵੀ ਨਹੀਂ। ਬ੍ਰਹਿਮੰਡ ਦੀ ਸਥਿਤੀ ਤਾਂ ਉਨ੍ਹਾਂ ਮਹਾਸਾਗਰਾਂ ਦੇ ਕਿਸੇ ਸਮਰਾਟ ਮਹਾਸਾਗਰ ਤੋਂ ਵੀ ਵੱਧ ਕੇ ਹੈ, ਜਿਨ੍ਹਾਂ ਵਿਚ ਛੋਟੇ-ਵੱਡੇ ਨਦੀਆਂ ਨਾਲੇ ਡਿੱਗ ਕੇ ਥਾਂ ਹੀ ਜਜ਼ਬ ਹੋਈ ਜਾਂਦੇ ਹਨ।

ਇਸ ਵਿਆਖਿਆ ਪੱਖੋਂ ਇਹ ਪਉੜੀ ਅਜੋਕੇ ਸਕੂਲ ਵਿਚ ਪੜ੍ਹਾਏ ਜਾਂਦੇ ਭੁਗੋਲ ਦੇ ਕਿਸੇ ਪਾਠ ਵਾਂਗ ਸਰਲ ਅਤੇ ਅਰਥ ਭਰਪੂਰ ਹੈ। ਇਹ ਗਿਆਨ-ਵਰਧਕ ਹੈ ਤੇ ਪਾਠਕਾਂ ਨੂੰ ਖੋਜ ਲਈ ਪ੍ਰੇਰਦੀ ਹੈ। ਪਰ ਅਜੋਕੇ ਸਿੱਖ ਵਿਦਵਾਨ, ਪੁਜਾਰੀ ਤੇ ਪ੍ਰਚਾਰਕ ਇਸ ਨੂੰ ਆਮ ਸ਼ਰਧਾਲੂਆਂ ਕੋਲ ਅਧਿਆਤਮਵਾਦ ਦੀ ਅਜਿਹੀ ਪੁੱਠ ਦੇ ਕੇ ਪੇਸ਼ ਕਰਦੇ ਹਨ ਕਿ ਉਨ੍ਹਾਂ ਨੂੰ ਇਸ ਵਿਚ ਪੂਜਾ ਪਾਠ ਤੋਂ ਬਿਨਾ ਕੁਝ ਹੋਰ ਨਜ਼ਰ ਨਹੀਂ ਆਉਂਦਾ। ਇਸ ਦਾ ਸਬੂਤ ਜਪੁਜੀ ਦੇ ਉਹ ਅਣਗਿਣਤ ਟੀਕੇ ਹਨ, ਜੋ ਇਨ੍ਹਾਂ ਵਿਦਵਾਨਾਂ ਨੇ ਕੀਤੇ ਹਨ। ਇਨ੍ਹਾਂ ਵਿਚੋਂ ਦੋ ਦੀ ਮਿਸਾਲ ਹੇਠ ਦਰਜ ਹੈ।

ਸੰਤ ਤੇਜਾ ਸਿੰਘ ਦੀ ਵਿਆਖਿਆ ਅੰਗਰੇਜ਼ੀ ਵਿਚ ਹੈ, ਜਿਸ ਦਾ ਅਨੁਵਾਦ ਇਸ ਤਰ੍ਹਾਂ ਹੈ, "ਉਸ ਦੇ ਸ਼ਰਧਾਲੂ ਤੇ ਭਗਤ ਉਸ ਦੀਆਂ ਸਿਫਤਾਂ ਗਾਉਂਦੇ ਹਨ ਤੇ ਰੂਹਾਨੀਅਤ ਵਿਚ ਇਵੇਂ ਸਮਾ ਜਾਂਦੇ ਹਨ ਜਿਵੇਂ ਨਦੀ ਨਾਲੇ ਸਮੁੰਦਰ ਵਿਚ ਸਮਾ ਕੇ ਆਪਣੀ ਹੋਂਦ ਖੋ ਦਿੰਦੇ ਹਨ, ਪਰ ਸਾਗਰ ਦੀ ਮਹਾਨਤਾ ਨੂੰ ਨਹੀਂ ਸਮਝ ਸਕਦੇ। ਜਿਵੇਂ ਪਾਣੀ ਦਾ ਤੁਪਕਾ ਸਾਗਰ ਵਿਚ ਡਿਗ ਕੇ ਇਸ ਵਿਚ ਸਮਾ ਜਾਂਦਾ ਹੈ ਤੇ ਇਸ ਦਾ ਹਿੱਸਾ ਬਣ ਜਾਂਦਾ ਹੈ, ਪਰ ਸਮੁੰਦਰ ਦੀ ਮਹਾਨਤਾ ਨਹੀਂ ਦੱਸ ਸਕਦਾ, ਉਸੇ ਢੰਗ ਨਾਲ ਉਸ ਦੇ ਭਗਤ ਤੇ ਸ਼ਰਧਾਲੂ ਵੱਡੇ ਬ੍ਰਹਿਮੰਡ ਦਾ ਹਿੱਸਾ ਬਣ ਜਾਂਦੇ ਹਨ, ਪਰ ਉਹ ਉਸ ਦੀ ਵਡਿਆਈ ਕਰਨ ਲਈ ਸ਼ਬਦ ਨਹੀਂ ਲੱਭ ਸਕਦੇ। ਬ੍ਰਹਮ ਦਾ ਅਪਾਰ ਪਸਾਰਾ ਇਕ ਵੱਡੇ ਸਾਗਰ ਵਾਂਗ ਹੈ। ਜੋ ਉਸ ਦਾ ਸਿਮਰਨ ਕਰਦੇ ਹਨ ਤੇ ਉਸ ਦਾ ਨਾਮ ਧਿਆਉਂਦੇ ਹਨ, ਉਹ ਉਸ ਨਾਲ ਇੱਕ-ਮਿੱਕ ਹੋ ਜਾਂਦੇ ਹਨ। ਦੂਜੇ ਪਾਸੇ ਜਿਨ੍ਹਾਂ ਕੋਲ ਪਹਾੜ ਜਿੱਡੇ ਸੋਨੇ ਚਾਂਦੀ ਦੇ ਅੰਬਾਰ ਹਨ, ਉਹ ਉਸ ਕੀੜੀ (ਨਿਮਾਣੀ ਸ਼ਰਧਾਲੂ) ਦੇ ਬਰਾਬਰ ਵੀ ਨਹੀਂ, ਜੋ ਉਸ ਦੇ ਨਾਮ ਨੂੰ ਹਮੇਸ਼ਾ ਆਪਣੇ ਮਨ ਵਿਚ ਰੱਖਦੀ ਹੈ।"

ਗਿਆਨੀ ਠਾਕੁਰ ਸਿੰਘ ਪਟਿਆਲੇ ਵਾਲੇ ਤੇ ਭਾਈ ਪਿੰਦਰਪਾਲ ਸਿੰਘ ਇਸ ਦੀ ਵਿਆਖਿਆ ਕਰਦੇ ਲਿਖਦੇ ਹਨ, "ਵਾਹਿਗੁਰੂ ਦੀ ਹਰ ਵਕਤ ਸਿਫਤਿ-ਸਾਲਾਹ ਕਰਦੇ ਰਹਿਣ ਵਾਲੇ ਭਗਤ ਜਨਾਂ ਨੂੰ ਵੀ ਇਤਨੀ ਸਮਝ ਪ੍ਰਾਪਤ ਨਹੀਂ ਹੁੰਦੀ ਕਿ ਉਹ ਵਾਹਿਗੁਰੂ ਕਿੰਨਾ ਕੁ ਵੱਡਾ ਹੈ, ਪਰ ਉਸ ਪ੍ਰਭੂ ਦੀ ਸਿਫਤਿ-ਸਾਲਾਹ ਕਰਨ ਵਾਲੇ ਭਗਤ ਜਨ ਉਸ ਦਾ ਨਾਮ ਜਪਦੇ ਜਪਦੇ ਅਕਾਲ ਪੁਰਖ ਦੇ ਵਿਚੇ ਹੀ ਲੀਨ ਹੋ ਜਾਂਦੇ ਹਨ। ਜਿਵੇਂ ਨਦੀਆਂ ਤੇ (ਵਾਹ) ਨਾਲੇ ਸਮੁੰਦਰ ਦੀ ਭਾਲ ਕਰਦੇ ਕਰਦੇ ਅਖੀਰ ਸਮੁੰਦਰ ਦੇ ਵਿਚ ਹੀ ਸਮਾ ਜਾਂਦੇ ਹਨ ਅਤੇ ਸਮੁੰਦਰ ਦਾ ਹੀ ਰੂਪ ਹੋ ਜਾਂਦੇ ਹਨ। ਉਹ ਨਦੀਆਂ ਅਤੇ ਨਾਲੇ ਸਮੁੰਦਰ ਦੀ ਅੰਤ ਨਹੀਂ ਪਾ ਸਕਦੇ ਕਿ ਸਮੁੰਦਰ ਕਿੰਨਾ ਕੁ ਵੱਡਾ ਅਤੇ ਡੂੰਘਾ ਹੈ। (ਸਮੁੰਦ ਸਾਹ) ਸਮੁੰਦਰਾਂ ਦੇ ਸ਼ਾਹ ਤੇ (ਸੁਲਤਾਨ) ਧਰਤੀ ਦੇ ਰਾਜੇ, ਜਿਨ੍ਹਾਂ ਦੇ ਕੋਲ (ਗਿਰਹਾ ਸੇਤੀ) ਪਹਾੜਾਂ ਜੇਡੇ ਧਨ-ਦੌਲਤ, ਹੀਰੇ-ਜਵਾਹਰਾਤ ਅਤੇ ਹੋਰ ਪਦਾਰਥਾਂ ਦੇ ਢੇਰ ਹੋਣ। ਜੇ ਉਹ ਪਰਮਾਤਮਾ ਦਾ ਨਾਮ ਨਹੀਂ ਜਪਦੇ ਅਤੇ ਰਾਜਾ ਹੋਣ ਦੇ ਹੰਕਾਰ ਵਿਚ ਰਹਿੰਦੇ ਹਨ, ਉਹ ਜੋ ਪੰਚ ਜਨ ਪ੍ਰਵਾਨ ਹੋ ਚੁਕੇ ਹਨ, ਉਨ੍ਹਾਂ ਨਾਮ ਜਪਣ ਵਾਲਿਆਂ ਦੀ ਨਜ਼ਰ ਵਿਚ ਕੀੜੀ ਦੇ ਬਰਾਬਰ ਵੀ ਨਹੀਂ ਹੁੰਦੇ।"

ਇਨ੍ਹਾਂ ਦੋਹਾਂ ਵਿਆਖਿਆਵਾਂ ਦੇ ਕੁਝ ਸਾਂਝੇ ਨੁਕਤੇ ਇਸ ਤਰ੍ਹਾਂ ਹਨ: ਭਗਤਜਨ ਵਾਹਿਗੁਰੂ ਦੀਆਂ ਸਿਫਤਾਂ ਕਰਦੇ ਹਨ; ਉਹ ਉਸ ਦੀ ਥਾਹ ਨਹੀਂ ਪਾ ਸਕਦੇ; ਵਾਹਿਗੁਰੂ ਦਾ ਨਾਮ ਜਪਣ ਵਾਲੇ ਉਸ ਵਿਚ ਉਵੇਂ ਲੀਨ ਹੋ ਜਾਂਦੇ ਹਨ, ਜਿਵੇਂ ਸਮੁੰਦਰ ਵਿਚ ਦਰਿਆ ਹੋ ਜਾਂਦੇ ਹਨ; ਕੀੜੀ ਨਾਮ ਨੂੰ ਹਮੇਸ਼ਾ ਆਪਣੇ ਮਨ ਵਿਚ ਯਾਦ ਰੱਖਦੀ ਹੈ। ਸੋਨੇ ਚਾਂਦੀ ਦੇ ਅੰਬਾਰ ਵਾਲੇ ਤੇ ਅਭਿਮਾਨੀ ਸੁਲਤਾਨ ਪਰਮਾਤਮਾ ਦੀ ਨਜ਼ਰ ਵਿਚ ਕੀੜੀ ਬਰਾਬਰ ਵੀ ਨਹੀਂ ਹੁੰਦੇ। ਇਨ੍ਹਾਂ ਨੁਕਤਿਆਂ ਦਾ ਭਾਵ ਅਰਥ ਹੈ ਕਿ ਪਰਮਾਤਮਾ ਬਹੁਤ ਵੱਡਾ ਹੈ; ਉਸ ਦਾ ਨਾਮ ਜਪ ਕੇ ਉਸ ਵਿਚ ਲੀਨ ਹੋ ਜਾਓ; ਦੁਨਿਆਵੀ ਦੌਲਤਾਂ ਪਿੱਛੇ ਨਾ ਜਾਓ; ਇਨ੍ਹਾਂ ਦੀ ਕੀਮਤ ਕੀੜੀ ਜਿੰਨੀ ਵੀ ਨਹੀਂ, ਜੋ ਛੋਟੀ ਹੋਣ ਦੇ ਬਾਵਜੂਦ ਨਾਮ ਜਪਦੀ ਹੈ ਅਤੇ ਜੇ ਇੱਦਾਂ ਨਹੀਂ ਕਰੋਗੇ ਤਾਂ ਪਰਮਾਤਮਾ ਨੂੰ ਨਹੀਂ ਮਿਲ ਸਕੋਗੇ।

ਇਨ੍ਹਾਂ ਵਿਆਖਿਆਵਾਂ ਨੂੰ ਸੁਣ ਕੇ ਸ਼ਰਧਾਲੂ ਨਾਮ ਜਪਣਾ ਸ਼ੁਰੂ ਕਰਨਗੇ, ਦੁਨਿਆਵੀ ਫਰਜ਼ਾਂ ਦਾ ਤਿਆਗ ਕਰਨਗੇ ਅਤੇ ਲੋਭ ਲਾਲਚ ਛੱਡ ਕੇ ਪੁਜਾਰੀਆਂ ਨੂੰ ਖੁਲ੍ਹੇ ਚੜ੍ਹਾਵੇ ਦੇਣਗੇ। ਇਸ ਤਰ੍ਹਾਂ ਉਹ ਤੇ ਉਨ੍ਹਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ "ਸਾਲਾਹੀ" ਨਹੀਂ ਬਣਨਗੀਆਂ ਭਾਵ ਤਰਕ, ਵਿਗਿਆਨ, ਖੋਜ ਆਦਿ ਤੋਂ ਦੂਰ ਰਹਿਣਗੀਆਂ। ਅਜਿਹੇ ਸ਼ਰਧਾਲੂਆਂ ਦੀਆਂ ਅਗਲੀਆਂ ਪੱਕੇ ਤੌਰ 'ਤੇ ਕੀੜੀਆਂ ਵਾਂਗ ਨਾਮ ਜਪਦੀਆਂ ਰਹਿਣਗੀਆਂ ਤੇ ਉਨ੍ਹਾਂ ਦਾ ਮਨੋਰਥ ਪੂਰਾ ਹੁੰਦਾ ਰਹੇਗਾ। ਇਹ ਵਿਆਖਿਆ ਹਰ ਤਰ੍ਹਾਂ ਨਾਲ ਪੁਜਾਰੀ ਵਰਗ ਦੇ ਹਿੱਤਾਂ ਨੂੰ ਪੂਰਨ ਵਾਲੀ ਹੈ।

ਪਰ ਗੁਰੂ ਸਾਹਿਬ ਦੀ ਇਹ ਪਉੜੀ ਬਹੁਤ ਹੀ ਡੂੰਘੇ ਸੰਦੇਸ਼ ਵਾਲੀ ਹੈ। ਪੁਜਾਰੀ ਲੋਕ ਕੁਝ ਵੀ ਕਹਿਣ, ਉਹ ਇਸ ਦਾ ਮਹੱਤਵ ਨਹੀਂ ਜਾਣ ਸਕਦੇ। ਉਹ ਭਗਤੀ ਭਾਵ ਨਾਲ "ਪਰਮਾਤਮਾ" ਵਿਚ ਲੀਨ ਹੋਣ ਦੀਆਂ ਗੱਲਾਂ ਕਰਦੇ ਹਨ, ਪਰ ਕਰ ਕੇ ਹਾਲੇ ਤੀਕ ਕੁਝ ਨਹੀਂ ਦਿਖਾ ਸਕੇ। ਉਹ ਦੂਜਿਆਂ ਲਈ ਮਾਇਆ ਦੇ ਤਿਆਗ ਦਾ ਪ੍ਰਚਾਰ ਕਰਦੇ ਹਨ, ਪਰ ਆਪ ਮਾਇਆ ਲਈ ਇਕ ਦੂਜੇ ਦੇ ਪੈਰ ਮਿੱਧਦੇ ਫਿਰਦੇ ਹਨ। ਜਿਸ ਲੋਕ ਵਿਚ ਵਸਦੇ ਹਨ, ਉਹ ਭ੍ਰਿਸ਼ਟਾਚਾਰ ਤੇ ਕੁਰਹਿਤਾਂ ਵਿਚ ਡੁੱਬਿਆ ਪਿਆ ਹੈ, ਪ੍ਰਚਾਰ ਕਰਨ ਲਈ ਉਹ ਵਿਦੇਸ਼ ਜਾਂਦੇ ਹਨ। ਦੂਜਿਆਂ ਲਈ ਅਧਿਆਤਮ ਦੀਆਂ ਬਾਤਾਂ ਪਾਉਂਦੇ ਹਨ, ਆਪ ਪੜ੍ਹ ਤੇ ਗਾ ਕੇ ਬਾਣੀ ਵੇਚਣ ਦਾ ਧੰਦਾ ਕਰਦੇ ਹਨ। ਤਰਕ ਵਿਚਾਰ ਤੋਂ ਦੂਰ ਭੱਜਦੇ ਹਨ ਤੇ ਮਿੱਥ ਕਥਾਵਾਂ ਸੁਣਾ ਕੇ ਡੰਗ ਟਪਾਉਂਦੇ ਹਨ।

ਇਸ ਪਉੜੀ ਦਾ ਮਹਤੱਵ "ਏਤੀ ਸੁਰਤਿ ਨ ਪਾਈਆ" ਵਾਲੇ ਕਥਨ ਵਿਚ ਛੁਪਿਆ ਹੋਇਆ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਸਾਲਾਹੀ ਕੋਲ ਉਹ ਸੁਰਤ ਸੋਝੀ ਹੈ ਹੀ ਨਹੀਂ, ਜਿਸ ਨਾਲ ਉਹ ਇਹ ਕੰਮ ਕਰ ਸਕੇ। ਉਸ ਦੀਆਂ ਸਮਰੱਥਾਵਾਂ ਆਪਣੀ ਹੋਂਦ ਦੇ ਦਾਇਰੇ ਕਾਰਨ ਇੰਨੀਆਂ ਸੀਮਤ ਹਨ ਕਿ ਉਹ ਲੋੜ ਦੇ ਕਾਰਜ ਹੀ ਕਰ ਸਕਦਾ ਹੈ। ਸਾਰੇ ਕਾਰਜ, ਖਾਸ ਤੌਰ 'ਤੇ ਆਪਣੇ ਅਤੇ ਆਪਣੀ ਜਨਮਦਾਤੀ ਕੁਦਰਤ ਦੇ ਪਿਛੋਕੜ ਦੀ ਜਾਣਕਾਰੀ ਨਾਲ ਸਬੰਧਤ, ਉਸ ਦੀ ਪਹੁੰਚ ਤੋਂ ਬਾਹਰ ਹਨ। ਜਿਵੇਂ ਕਿਸੇ ਜੰਤਰ ਨੂੰ ਵਰਤਣ ਲਈ ਉਸ ਦੇ ਬਾਹਰ ਲੱਗੇ ਕੁਝ ਬਟਨਾਂ ਨਾਲ ਉਸ ਦੀ ਅੰਦਰੂਨੀ ਬਣਤਰ ਤੇ ਕਾਰਜ-ਯੋਗਤਾ ਨਾਲ ਛੇੜ ਛਾੜ ਨਹੀਂ ਕੀਤੀ ਜਾ ਸਕਦੀ ਤੇ ਉਸ ਦੀ ਕਾਰਜ-ਵਿਧੀ ਨਹੀਂ ਸਮਝੀ ਜਾ ਸਕਦੀ, ਉਵੇਂ ਹੀ ਮਨੁੱਖ ਕੋਲ ਸਿਰਫ ਕੁਝ ਹੀ ਗਿਆਨ ਇੰਦਰੀਆਂ ਹਨ, ਜਿਨ੍ਹਾਂ ਨਾਲ ਸੀਮਤ ਕੰਮ ਹੀ ਕੀਤੇ ਜਾ ਸਕਦੇ ਹਨ, ਪਰ ਕੁਦਰਤ ਦੇ ਅੰਦਰੂਨੀ ਭੇਦ ਨਹੀਂ ਜਾਣੇ ਜਾ ਸਕਦੇ। ਕੰਪਿਊਟਰ ਦੇ ਕੀ-ਬੋਰਡ ਤੋਂ ਸਾਧਾਰਨ ਮਨੁੱਖ ਵੀ ਟਾਈਪ ਕਰ ਦੇਵੇਗਾ, ਪਰ ਇਸ ਅੰਦਰ ਚਲਦੀ ਕਲ-ਬੋਲੀ (Machine Language) ਦੀ ਸਮਝ ਸਿਰਫ ਇੰਜੀਨੀਅਰਾਂ ਨੂੰ ਹੀ ਹੈ। ਇਸੇ ਤਰ੍ਹਾਂ ਕੁਦਰਤ ਦੀਆਂ ਅਣਗਿਣਤ ਪਰਤਾਂ ਹਨ, ਜਿਨ੍ਹਾਂ ਸਭ ਦੀ ਸੋਝੀ ਮਨੁੱਖੀ ਗਿਆਨ ਇੰਦਰੀਆਂ ਨਾਲ ਨਹੀਂ ਪੈਂਦੀ। ਜਿਵੇਂ ਮਨੁੱਖੀ ਕੰਨ ਕੋਲ ਵਾਤਾਵਰਣ ਵਿਚ ਚਲਦੇ ਕਰੋੜਾਂ ਰੇਡੀਓ ਤੇ ਟੀ. ਵੀ. ਪ੍ਰੋਗਰਾਮਾਂ ਨੂੰ ਸੁਣਨ ਦੀ ਯੋਗਤਾ ਨਹੀਂ ਤੇ ਇਹ ਸਿਰਫ ਖੋਜ ਕੀਤੇ ਜੰਤਰਾਂ ਰਾਹੀਂ ਮਾਣੇ ਜਾ

(ਬਾਕੀ ਅਗਲੇ ਸਫੇ 'ਤੇ)

## ਗੁਰਬਾਣੀ ਗਿਆਨ

# ਅਹੰ ਬ੍ਰਹਮੰ ਅਸਮੀਂ

ਸੇਵਕ ਸਿੰਘ ਕੋਟਕਪੂਰਾ
ਫੋਨ: 661-444-3657

ਅਹੰ ਬ੍ਰਹਮੰ ਅਸਮੀਂ ਦਾ ਅਰਥ ਹੈ, ਮੈਂ ਹੀ ਬ੍ਰਹਮ ਭਾਵ ਈਸ਼ਵਰ ਹਾਂ। ਪਹਿਲੀ ਨਜ਼ਰੇ ਦੇਖਿਆਂ ਲਗਦਾ ਹੈ ਕਿ ਬਹੁਤ ਹੀ ਹੰਕਾਰ ਪੂਰਨ ਵਚਨ ਹੈ। ਅਹੰ, 'ਮੈਂ ਹਾਂ' ਦਾ ਅਰਥ ਦਿੰਦਾ ਹੈ। ਹੁਣ ਸਵਾਲ ਇਹ ਹੈ ਕਿ 'ਮੈਂ ਕੌਣ ਹਾਂ', ਇਹ ਕਿਸ ਦਾ ਸੂਚਕ ਹੈ? ਜੇ ਇਹ ਸਰੀਰ ਨਾਲ ਸਬੰਧਿਤ ਹੈ ਅਤੇ ਕਹਿਣ ਵਾਲਾ ਆਪਣੇ ਆਪ ਨੂੰ ਸਰੀਰ ਮੰਨ ਰਿਹਾ ਹੈ ਤਾਂ ਇਹ ਹੰਕਾਰ ਹੈ। ਆਮ ਵਿਅਕਤੀ ਤਾਂ ਆਪਣੇ ਸਰੀਰ ਅਤੇ ਅਪਣੇ ਨਾਮ ਨੂੰ ਹੀ 'ਮੈਂ' ਮੰਨਦਾ ਹੈ। ਉਸ ਨੂੰ ਇਸ ਤੋਂ ਇਲਾਵਾ ਕਿਸੇ ਹੋਰ ਮੈਂ ਦੀ ਸਮਝ ਨਹੀਂ ਹੈ। ਜੇ ਕਿਸੇ ਵੀ ਵਿਅਕਤੀ ਨੂੰ ਪੁੱਛੋ, ਉਹ ਕਹੇਗਾ-ਇਹ ਮੇਰਾ ਹੱਥ ਹੈ, ਇਹ ਮੇਰਾ ਪੈਰ ਹੈ, ਇਹ ਮੇਰਾ ਸਰੀਰ ਹੈ। ਇਹ ਮੇਰੀ ਬੁੱਧੀ ਹੈ। ਇਹ ਮੇਰਾ ਮਨ ਹੈ। ਇਹ ਮੇਰਾ ਪੁੱਤਰ, ਮੇਰੀ ਪਤਨੀ ਅਤੇ ਇਹ ਮੇਰਾ ਪਰਿਵਾਰ ਹੈ। ਸੋ, ਜੋ ਮੇਰਾ ਹੈ, ਉਹ ਮੈਂ ਨਹੀਂ ਹੋ ਸਕਦਾ। ਜਾਂ ਤਾਂ ਉਹ ਮੈਂ ਹੋ ਸਕਦਾ ਹੈ ਜਾਂ ਉਹ ਮੇਰਾ ਹੋ ਸਕਦਾ ਹੈ। ਇਹ ਬਿਲਕੁਲ ਸੰਭਵ ਨਹੀਂ ਕਿ ਇਕੋ ਵੇਲੇ ਕੋਈ 'ਮੈਂ' ਵੀ ਹੋਵੇ ਅਤੇ 'ਮੇਰਾ' ਵੀ ਹੋਵੇ।

ਹੁਣ ਉਸ ਨੂੰ ਇਹ ਪੁਛਿਆ ਜਾਵੇ ਕਿ ਜਿਸ ਦਾ ਇਹ ਸਭ ਕੁਝ ਹੈ, ਉਹ ਕੌਣ ਹੈ। ਉਹ ਇਕ ਦਮ ਹੀ ਉਤਰ ਦੇਵੇਗਾ, ਜੋ ਤੁਹਾਡੇ ਸਾਹਮਣੇ ਖੜਾ ਹੈ, ਉਹ ਹੀ ਤਾਂ ਮੈਂ ਹਾਂ; ਪਰ ਤੁਸੀਂ ਤਾਂ ਇਸ ਸਰੀਰ ਨੂੰ ਮੇਰਾ ਕਹਿ ਚੁਕੇ ਹੋ, ਫਿਰ ਸਰੀਰ ਤੁਸੀਂ ਕਿਵੇਂ ਹੋ? ਅਸੀਂ ਤਾਂ ਸਰੀਰ ਨੂੰ ਹੀ ਮੈਂ ਮੰਨਦੇ ਹਾਂ ਅਤੇ ਇਸੇ ਰਾਹੀਂ ਹੀ ਸੰਸਾਰ ਵਿਚ ਵਿਚਰਦੇ ਹਾਂ। ਇਸ ਸਰੀਰ ਤੋਂ ਬਿਨਾ ਤਾਂ ਸਾਨੂੰ ਕਿਸੇ ਹੋਰ ਬਾਰੇ ਪਤਾ ਹੀ ਨਹੀਂ। ਸਾਰੇ ਹੀ ਸਬੰਧ ਸਰੀਰ ਕਰਕੇ ਹਨ ਅਤੇ ਸਰੀਰ ਰਾਹੀਂ ਹੀ ਸੰਸਾਰ ਨਾਲ ਜੁੜੇ ਹੋਏ ਹਾਂ। ਇਸ ਤੋਂ ਇਲਾਵਾ ਤਾਂ ਅਸੀਂ ਹੋਰ ਨੂੰ ਨਹੀਂ ਜਾਣਦੇ। ਇਸ ਤੋਂ ਬਿਨਾ ਮੇਰੀ ਕੋਈ ਪਛਾਣ ਹੀ ਨਹੀਂ ਹੈ। ਇਸੇ ਸਰੀਰ ਦਾ ਹੀ ਕੋਈ ਨਾਮ ਹੈ, ਇਸ ਸਰੀਰ ਕਰਕੇ ਹੀ ਮੇਰੀ ਪਛਾਣ ਹੈ। ਇਹ ਸਰੀਰ ਹੀ ਮੇਰੀ ਹੋਂਦ ਦਾ ਲਖਾਇਕ ਹੈ। ਇਸ ਤੋਂ ਬਿਨਾ ਤਾਂ ਮੇਰਾ ਹੋਣਾ ਕੋਈ ਅਰਥ ਨਹੀਂ ਰੱਖਦਾ। ਸੋ, ਜੋ ਵੀ ਸੰਸਾਰ ਵਿਚ ਪ੍ਰਾਪਤ ਕੀਤਾ ਹੈ, ਇਸੇ ਸਰੀਰ ਰਾਹੀਂ ਹੀ ਪ੍ਰਾਪਤ ਕੀਤਾ ਹੈ।

ਸਾਰੇ ਹੀ ਸਬੰਧ ਇਸ ਸਰੀਰ ਕਰਕੇ ਅਤੇ ਸਰੀਰ ਨਾਲ ਹੀ ਹਨ। ਸਰੀਰ ਖਤਮ ਹੋਣ ਨਾਲ ਸਭ ਕੁਝ ਖਤਮ ਹੋ ਜਾਂਦਾ ਹੈ। ਫਿਰ ਤੂੰ ਕੌਣ ਤੇ ਮੈਂ ਕੌਣ? ਸਭ ਕੁਝ ਇਥੇ ਹੀ ਧਰਿਆ ਧਰਾਇਆ ਰਹਿ ਜਾਂਦਾ ਹੈ। ਇਕ ਸੈਕੰਡ ਵਿਚ ਹੀ ਸਭ ਕੁਝ ਪਰਾਇਆ। ਭਾਵੇਂ ਧਨ ਪਦਾਰਥ ਦੇ ਕਿੱਡੇ ਵੀ ਵੱਡੇ ਅੰਬਾਰ ਖੜੇ ਕੀਤੇ ਹੋਣ, ਸਭ ਦੇਖਦੇ ਹੀ ਦੇਖਦੇ ਪਰਾਏ ਹੋ ਜਾਂਦੇ ਹਨ। ਕੋਈ ਜ਼ੋਰ ਨਹੀਂ, ਕੋਈ ਉਜਰ ਨਹੀਂ। ਜਿਨ੍ਹਾਂ ਨੂੰ ਮੇਰਾ ਕਹਿੰਦਾ ਸੀ, ਉਹ ਇਕ ਦਮ ਪਰਾਇਆ। ਕੀ ਪੁੱਤਰ, ਕੀ ਪਤਨੀ, ਸਾਰੇ ਸਕੇ ਸਬੰਧੀ ਸਭ ਕਹਿਣ ਲੱਗ ਪੈਂਦੇ ਹਨ ਕਿ ਇਸ ਨੂੰ ਜਲਦੀ ਹੀ ਸਮੇਟ ਦਿਓ ਨਹੀਂ ਤਾਂ ਮੁਸ਼ਕ ਮਾਰਨ ਲੱਗ ਜਾਵੇਗਾ।

ਕੀ ਇਹ ਹੀ ਮੈਂ ਸੀ? ਕੀ ਮੇਰੀ ਇਹ ਪਛਾਣ ਝੂਠੀ ਤਾਂ ਨਹੀਂ ਸੀ? ਜਿਨ੍ਹਾਂ ਨੂੰ ਮੈਂ ਆਪਣਾ ਸਮਝਦਾ ਰਿਹਾ, ਹੁਣ ਮੈਂ ਉਨ੍ਹਾਂ ਦਾ ਕੁਝ ਵੀ ਨਹੀਂ ਲਗਦਾ। ਕੀ ਤਬਦੀਲੀ ਆਈ ਗਈ ਕਿ ਹੁਣ ਸਭ ਕੁਝ ਬਦਲ ਗਿਆ। ਇਸ ਸਰੀਰ ਨੂੰ ਮੈਂ ਮੰਨ ਕੇ ਕੁਝ ਗਲਤ ਤਾਂ ਨਹੀਂ ਹੁੰਦਾ ਰਿਹਾ ਸੀ। ਇਸ ਨੂੰ ਅਤੇ ਇਸ ਦੇ ਸਬੰਧੀਆਂ ਨੂੰ ਖੁਸ਼ ਕਰਨ ਲਈ ਹੀ ਮੈਂ ਸਭ ਝੂਠ, ਤੁਫਾਨ ਕਿਉਂ ਬੋਲਦਾ ਰਿਹਾ? ਇਨ੍ਹਾਂ ਨੂੰ ਖੁਸ਼ ਕਰਨ ਲਈ ਕੀ ਕੀ ਨਹੀਂ ਕੀਤਾ? ਉਹ ਸਭ ਕੁਝ ਮੁੱਠੀ 'ਚੋਂ ਰੇਤ ਵਾਂਗ ਕਿਉਂ ਕਿਰ ਗਿਆ? ਵੱਡੇ ਵੱਡੇ ਅੰਬਾਰ ਅਤੇ ਅਡੰਬਰ ਖੜੇ ਕੀਤੇ, ਉਹ ਇਕ ਪਲ ਵਿਚ ਹੀ ਪਰਾਏ ਹੋ ਗਏ। ਪਲ ਵਿਚ ਹੀ ਉਨ੍ਹਾਂ ਦੇ ਨਵੇਂ ਮਾਲਕ ਖੜੇ ਹੋ ਗਏ। ਕੀ ਇਹ ਮੇਰਾ ਹੰਕਾਰ ਤਾਂ ਨਹੀਂ ਸੀ, ਜਿਸ ਦੀ ਪੂਰਤੀ ਲਈ ਮਰਦਾ ਖਪਦਾ ਰਿਹਾ? ਪਤਾ ਨਹੀਂ ਕਿੰਨੇ ਗੁਨਾਹ ਅਤੇ ਪਾਪ ਇਹ ਸਭ ਕੁਝ ਇੱਕਠਾ ਕਰਨ ਲਈ ਕੀਤੇ। ਕਿੰਨੀ ਕੁ ਬੇਇਨਸਾਫੀਆਂ ਅਤੇ ਧੱਕੇ ਕੀਤੇ।

ਗੁਰੂ ਗੋਬਿੰਦ ਸਿੰਘ ਅੰਮ੍ਰਿਤ ਦੇ ਸਵੱਯੇ ਵਿਚ ਫੁਰਮਾਉਂਦੇ ਹਨ,

ਮਾਨਵ ਇੰਦ੍ਰ ਗਜਿੰਦ੍ਰ ਨਰਾਧਪ
ਜੌਨ ਤ੍ਰਿਲੋਕ ਕੋ ਰਾਜ ਕਰੈਗੇ॥
ਕੋਟਿ ਇਸ਼ਨਾਨ ਗਜਾਦਿਕ ਦਾਨ
ਅਨੇਕ ਸੁਅੰਬਰ ਸਾਜ਼ ਬਰੈਂਗੇ॥
ਬ੍ਰਹਮ ਮਹੇਸਰ ਬਿਸ਼ਨ ਸਚੀਪਤਿ
ਅੰਤ ਫਸੇ ਜਮ ਫਾਸ ਪਰੈਂਗੇ॥
ਜੇ ਨਰ ਸ੍ਰੀ ਪਤਿ ਕੇ ਪ੍ਰਸ ਹੈਂ
ਪਗ ਤੇ ਨਰ ਫੇਰ ਨਾ ਦੇਹ ਧਰੈਂਗੇ॥੨੮॥

ਭਾਵ ਇਸ ਸਰੀਰ ਨੂੰ ਹੀ ਮੈਂ ਮੰਨ ਕੇ ਹੰਕਾਰ ਵੱਸ ਹੋ ਕੇ ਜੋ ਜੋ ਅਡੰਬਰ ਖੜੇ ਕੀਤੇ, ਉਨ੍ਹਾਂ ਨਾਲ ਹੰਕਾਰ ਦੀ ਪੂਰਤੀ ਤਾਂ ਹੁੰਦੀ ਰਹੀ, ਪਰ ਜੋ ਕਰਨਾ ਸੀ, ਜੋ ਸਮਝਣਾ ਸੀ, ਉਹ ਨਹੀਂ ਹੋ ਸਕਿਆ। ਇਸ ਸਰੀਰ ਵਿਚ ਜੋ ਵਸਦਾ ਸੀ, ਜਿਸ ਕਰਕੇ ਮੈਂ/ਮੇਰੀ ਦਾ ਜੰਜਾਲ ਖੜਾ ਕੀਤਾ, ਉਹ ਕਿਸ ਕੰਮ ਆਇਆ! ਇਸ ਸੰਸਾਰ ਦਾ ਪਰਛਾਵਾਂ ਜੋ ਮਨ ਅਤੇ ਬੁੱਧੀ ਰਾਹੀਂ ਬਣਦਾ ਰਿਹਾ, ਉਸ ਨੂੰ ਹੀ ਅਸਲੀ ਸੰਸਾਰ ਸਮਝਦਾ ਰਿਹਾ। ਦੇਖੋ, ਜਿਸ ਨਾਲ ਸਾਡਾ ਸਬੰਧ ਨਹੀਂ ਹੈ, ਉਸ ਬਾਰੇ ਅਸੀਂ ਭਾਵੁਕ ਨਹੀਂ ਹੁੰਦੇ, ਭਾਵੇਂ ਸਾਡੇ ਸਾਹਮਣੇ ਹੀ ਕੋਈ ਵੱਡਾ ਹਾਦਸਾ ਵੀ ਕਿਉਂ ਨਾ ਹੋਇਆ ਹੋਵੇ, ਪਰ ਜੇ ਸਾਡੇ ਨਾਲ ਸਬੰਧਿਤ ਨਹੀਂ ਤਾਂ ਘੱਟ ਹੀ ਪੀੜ ਲਗਦੀ ਹੈ। ਜੇ ਆਪਣੇ ਕਿਸੇ ਸਬੰਧੀ ਬਾਰੇ ਕੋਈ ਅਫਵਾਹ ਹੀ ਸੁਣ ਲਈਏ ਤਾਂ ਜਾਨ ਹੀ ਨਿਕਲ ਜਾਂਦੀ ਹੈ। ਇਹ ਮੋਹ, ਮਮਤਾ ਆਪਣਾ-ਪਰਾਇਆ ਸਭ ਹੰਕਾਰ ਕਰਕੇ ਮਹਿਸੂਸ ਹੁੰਦਾ ਹੈ। ਇਹ ਆਸਕਤੀ ਜਾਂ ਲਗਾਓ ਕਰਕੇ ਹੀ ਕੋਈ ਆਪਣਾ, ਪਰਾਇਆ ਅਤੇ ਚੰਗਾ ਜਾਂ ਬੁਰਾ ਲਗਦਾ ਹੈ। ਇਸ ਸੰਸਾਰ ਦਾ ਪਰਛਾਂਵਾਂ ਜੋ ਅੰਦਰ ਬਣਿਆ ਹੈ, ਉਹ ਹੀ ਸੰਸਾਰ ਪ੍ਰਤੀਤ ਹੁੰਦਾ ਹੈ। ਬਾਕੀ ਦੇ ਸੰਸਾਰ ਨਾਲ ਵਿਅਕਤੀ ਦਾ ਕੋਈ ਸਬੰਧ ਜਾਂ ਲਗਾਓ ਨਹੀਂ ਹੁੰਦਾ।

ਸਾਰੇ ਹੀ ਸਬੰਧ ਇਸ ਸਰੀਰ ਕਰਕੇ ਅਤੇ ਸਰੀਰ ਨਾਲ ਹੀ ਹਨ। ਸਰੀਰ ਖਤਮ ਹੋਣ ਨਾਲ ਸਭ ਕੁਝ ਖਤਮ ਹੋ ਜਾਂਦਾ ਹੈ। ਫਿਰ ਤੂੰ ਕੌਣ ਤੇ ਮੈਂ ਕੌਣ? ਸਭ ਕੁਝ ਇਥੇ ਹੀ ਧਰਿਆ ਧਰਾਇਆ ਰਹਿ ਜਾਂਦਾ ਹੈ। ਇਕ ਸੈਕੰਡ ਵਿਚ ਹੀ ਸਭ ਕੁਝ ਪਰਾਇਆ। ਭਾਵੇਂ ਧਨ ਪਦਾਰਥ ਦੇ ਕਿੱਡੇ ਵੀ ਵੱਡੇ ਅੰਬਾਰ ਖੜੇ ਕੀਤੇ ਹੋਣ, ਸਭ ਦੇਖਦੇ ਹੀ ਦੇਖਦੇ ਪਰਾਏ ਹੋ ਜਾਂਦੇ ਹਨ। ਕੋਈ ਜ਼ੋਰ ਨਹੀਂ, ਕੋਈ ਉਜਰ ਨਹੀਂ। ਜਿਨ੍ਹਾਂ ਨੂੰ ਮੇਰਾ ਕਹਿੰਦਾ ਸੀ, ਉਹ ਇਕ ਦਮ ਪਰਾਇਆ। ਕੀ ਪੁੱਤਰ, ਕੀ ਪਤਨੀ, ਸਾਰੇ ਸਕੇ ਸਬੰਧੀ ਸਭ ਕਹਿਣ ਲੱਗ ਪੈਂਦੇ ਹਨ ਕਿ ਇਸ ਨੂੰ ਜਲਦੀ ਹੀ ਸਮੇਟ ਦਿਓ ਨਹੀਂ ਤਾਂ ਮੁਸ਼ਕ ਮਾਰਨ ਲੱਗ ਜਾਵੇਗਾ।

ਹੁਣ ਉਲਝਣ ਇਹ ਖੜੀ ਹੋ ਗਈ ਕਿ ਮੈਂ ਕੌਣ ਹਾਂ? ਸਰੀਰ ਮੈਂ ਹਾਂ, ਜਾਂ ਕੋਈ ਹੋਰ। ਕੌਣ ਹੈ, ਜੋ ਮੇਰਾ ਕਹਿ ਰਿਹਾ ਹੈ? ਉਸ ਦੀ ਪਛਾਣ ਕੀ ਹੈ? ਇਹ ਮੈਂ ਜਾਂ ਹਉਮੈ ਕੀ ਹੈ? ਇਹ ਕਿਵੇਂ ਅਤੇ ਕਿਥੋਂ ਪੈਦਾ ਹੁੰਦੀ ਹੈ? ਮਨੁੱਖ ਸੰਸਾਰ ਵਿਚ ਕਿਵੇਂ ਫਸਦਾ ਹੈ? ਇਸ ਤੋਂ ਮੁਕਤ ਹੋਣ ਦਾ ਕੀ ਢੰਗ ਜਾਂ ਸਾਧਨ ਹੈ? ਇਸ ਦਾ ਉਤਰ ਗੁਰੂ ਅੰਗਦ ਦੇਵ ਜੀ ਦੇ ਰਹੇ ਹਨ,

ਮਹਲਾ ੨
ਹਉਮੈ ਏਹਾ ਜਾਤਿ ਹੈ
ਹਉਮੈ ਕਰਮ ਕਮਾਹਿ॥
ਹਉਮੈ ਏਈ ਬੰਧਨਾ
ਫਿਰਿ ਫਿਰਿ ਜੋਨੀ ਪਾਹਿ॥
ਹਉਮੈ ਕਿਥਹੁ ਊਪਜੈ
ਕਿਤੁ ਸੰਜਮਿ ਇਹ ਜਾਇ॥
ਹਉਮੈ ਏਹੋ ਹੁਕਮੁ ਹੈ
ਪਇਐ ਕਿਰਤਿ ਫਿਰਾਹਿ॥
ਹਉਮੈ ਦੀਰਘ ਰੋਗ ਹੈ
ਦਾਰੂ ਭੀ ਇਸੁ ਮਾਹਿ॥
ਕਿਰਪਾ ਕਰੇ ਜੇ ਆਪਣੀ
ਤਾ ਗੁਰ ਕਾ ਸਬਦੁ ਕਮਾਹਿ॥
ਨਾਨਕੁ ਕਹੈ ਸੁਣਹੁ ਜਨਹੁ
ਇਤੁ ਸੰਜਮਿ ਦੁਖ ਜਾਹਿ॥੨॥

ਇਸ ਸਰੀਰ ਵਿਚ ਜੋ ਆਤਮਾ ਹੈ, ਉਹ ਪਰਮਾਤਮਾ ਰੂਪੀ ਨੂਰ ਦਾ ਕਿਣਕਾ ਮਾਤਰ ਹੀ ਹੈ। ਜੋ ਸਰੀਰ ਵਿਚ ਵਸਦਾ ਹੈ, ਇਸੇ ਕਾਰਨ ਹੀ ਵਿਅਕਤੀ ਨੂੰ ਪੁਰਸ਼ ਕਿਹਾ ਹੈ। ਭਾਵ ਸਰੀਰ ਰੂਪੀ ਪੁਰੀ ਵਿਚ ਵੱਸਣ ਵਾਲਾ। ਇਸੇ ਨੂਰ ਦੇ ਕਿਣਕੇ ਕਾਰਨ ਇਹ ਸਥੂਲ ਸਰੀਰ ਸੰਸਾਰ ਨਾਲ ਜੁੜਦਾ ਹੈ ਅਤੇ ਇਸ ਵਿਚ ਪ੍ਰਵਿਰਤ ਹੁੰਦਾ ਹੈ ਅਤੇ ਕਰਮ ਕਰਦਾ ਹੈ। ਜਦੋਂ ਇਹ ਆਤਮਾ ਸਰੀਰ ਤੋਂ ਵੱਖ ਹੋ ਜਾਂਦੀ ਹੈ ਤਾਂ ਇਹ ਸਰੀਰ ਕੋਈ ਵੀ ਹਰਕਤ ਨਹੀਂ ਕਰ ਸਕਦਾ। ਜਦੋਂ ਇਹ ਆਤਮਾ ਬੁੱਧੀ ਅਤੇ ਮਨ ਦਾ ਸੰਗ ਕਰਕੇ ਇਨ੍ਹਾਂ ਨੂੰ ਕ੍ਰਿਆਸ਼ੀਲ ਕਰਦੀ ਹੈ ਤਾਂ ਹੀ ਇਹ ਸਰੀਰ ਹਰਕਤ ਵਿਚ ਆਉਂਦਾ ਹੈ ਤੇ ਸਾਰੀਆਂ ਇੰਦਰੀਆਂ ਆਪੋ ਆਪਣੇ ਕੰਮ ਕਰਨ ਲੱਗ ਪੈਂਦੀਆਂ ਹਨ। ਪੁਰਸ਼ ਅਤੇ ਪ੍ਰਕਿਰਤੀ ਦੇ ਸੰਜੋਗ ਤੋਂ ਹੀ ਵਿਅਕਤੀ ਪ੍ਰਗਟ ਹੁੰਦਾ ਹੈ। ਪੰਜ ਤੱਤਾਂ, ਪੰਜ ਗਿਆਨ ਇੰਦਰੀਆਂ, ਪੰਜ ਕਰਮ ਇੰਦਰੀਆਂ, ਸ਼ਬਦ, ਸਪਰਸ਼, ਰੂਪ, ਰਸ ਤੇ ਗੰਧ ਅਤੇ ਇਨ੍ਹਾਂ ਦਾ ਕਾਰਨ ਮਨ, ਬੁੱਧੀ ਤੋਂ ਬਣਿਆ ਇਹ ਸਰੀਰ ਹੀ ਆਤਮਾ ਦਾ ਘਰ ਹੈ। ਇਸੇ ਤੋਂ ਹੀ ਸ਼ਕਤੀ ਪ੍ਰਾਪਤ ਕਰ ਕੇ ਇਹ ਸਰੀਰ ਸੰਸਾਰ ਵਿਚ ਵਿਚਾਰਦਾ ਅਤੇ ਕਰਮ ਕਰਦਾ ਹੈ।

ਸੋ, ਜੇ ਵਿਅਕਤੀ ਆਪਣੇ ਆਪ ਸਰੀਰ ਮੰਨ ਕੇ ਕਰਮ ਕਰਦਾ ਹੈ ਤਾਂ ਇਹ ਹੰਕਾਰ ਹੈ, ਪਰ ਜੇ ਉਸ ਨੂੰ ਸਮਝ ਆ ਜਾਵੇ ਅਤੇ ਗੁਰੂ ਦੀ ਮੱਤ ਲੈ ਕੇ ਆਪਣੇ ਆਪ ਨੂੰ ਜਾਣ ਲਵੇ ਕਿ ਮੈਂ ਸਰੀਰ ਰਾਹੀਂ ਸਗੋਂ ਆਤਮਾ ਹਾਂ, ਜੋ ਪਰਮਾਤਮਾ ਦੀ ਅੰਸ਼ ਅਤੇ ਉਸ ਦਾ ਹੀ ਰੂਪ ਹੈ ਤਾਂ ਇਸ ਦਾ ਸੰਸਾਰ ਵਿਚ ਆਉਣਾ ਸਫਲ ਹੋ ਜਾਂਦਾ ਹੈ। ਇਹ ਆਪਣੀ ਅਸਲ ਹੋਂਦ ਨੂੰ ਸਮਝ ਲਵੇ ਤਾਂ ਇਹੋ ਹਉਮੈ ਰੂਪੀ ਰੋਗ ਹੀ ਦਾਰੂ ਬਣ ਜਾਂਦਾ ਹੈ। ਇਸੇ ਬਾਹਰੀ ਹੋਂਦ ਜਾਂ ਅਸਤਿਤਵ ਨੂੰ ਹੀ ਜੇ ਭਰਮਿਆ ਹੋਇਆ ਆਪਣੇ ਆਪ ਨੂੰ ਸਰੀਰ ਹੀ ਸਮਝਦਾ ਹੈ ਤਾਂ ਇਹ ਰੋਗ ਹੈ, ਜੇ ਆਪਣੇ ਅਸਲ ਰੂਪ ਨੂੰ ਪਛਾਣ ਲੈਂਦਾ ਹੈ ਤਾਂ ਇਹ ਹੀ ਦਵਾ ਬਣ ਜਾਂਦੀ ਹੈ ਤੇ ਮੁਕਤੀ ਰੂਪੀ ਫਲ ਨੂੰ ਪ੍ਰਾਪਤ ਕਰ ਲੈਂਦਾ ਹੈ।

ਜੋ ਵੀ ਅਸੀਂ ਕਿਸੇ ਵੀ ਘਟਨਾ, ਪਦਾਰਥ ਜਾਂ ਵਿਅਕਤੀ ਬਾਰੇ ਸਮਝ ਬਣਾਉਂਦੇ ਹਾਂ, ਉਸ ਨੂੰ ਜਾਣਕਾਰੀ ਜਾਂ ਸਮਝ ਨੂੰ ਗਿਆਨ ਕਿਹਾ ਗਿਆ ਹੈ। ਇਹ ਸਹੀ ਵੀ ਹੋ ਸਕਦੀ ਹੈ ਜਾਂ ਗਲਤ ਵੀ ਹੋ ਸਕਦੀ ਹੈ, ਪਰ ਉਸ ਦੇ ਸਹੀ ਹੋਣ ਦੀ ਜ਼ਿਦ ਬਹੁਤ ਬਾਰੀਕ ਕਿਸਮ ਦਾ ਹੰਕਾਰ ਹੈ। ਇਸ ਦੀ ਵਿਅਕਤੀ ਨੂੰ ਸਮਝ ਨਹੀਂ ਆਉਂਦੀ ਤੇ ਇਸ ਤੋਂ ਛੁਟਣਾ ਕਿਸੇ ਸੂਰਬੀਰ ਦੇ ਹਿੱਸੇ ਹੀ ਆਉਂਦਾ ਹੈ। ਇਹ ਸਭ ਤੋਂ ਬਲਵਾਨ ਅਤੇ ਸੂਖਮ ਬੰਧਨ ਹੈ। ਇਸ ਤੋਂ ਜੋ ਮੁਕਤ ਹੋ ਗਿਆ, ਉਹ ਹੀ ਨਿਰਵਾਨ ਪਦ ਦਾ ਅਧਿਕਾਰੀ ਹੈ। ਉਹ ਮੁਕਤ ਪੁਰਸ਼ ਹੀ 'ਅਹੰ ਬ੍ਰਹਮੰ ਅਸਮੀ' ਕਹਿਣ ਦਾ ਹੱਕਦਾਰ ਹੈ। ਜਿਵੇਂ ਮਨਸੂਰ, ਜੋ ਅਨ ਅਲ ਹੱਕ ਦਾ ਐਲਾਨ ਕਰਦਾ ਸੀ, ਨੇ ਸਿਰ ਲੱਥਣ ਪਿਛੋਂ ਹੀ ਪੂਰਾ ਕਲਮਾ ਪੜ੍ਹਿਆ ਸੀ। ਇਸੇ ਅਵਸਥਾ ਵਿਚ ਹੀ ਸਥਿੱਤ ਹੋ ਕੇ ਸ੍ਰੀ ਕ੍ਰਿਸ਼ਨ ਜੀ ਨੇ ਅਰਜਨ ਨੂੰ ਕਿਹਾ ਸੀ ਕਿ ਤੂੰ ਸਾਰੀਆਂ ਕਾਮਨਾਵਾਂ, ਕਰਮਾਂ ਦੇ ਫਲ ਤਿਆਗ ਕਰਕੇ ਅਤੇ ਆਸਰੇ ਛੱਡ ਕੇ ਮੇਰੀ ਸ਼ਰਣ ਆ, ਮੈਂ ਤੇਰੀ ਰਖਿਆ ਕਰਾਂਗਾ ਤੇ ਤੈਨੂੰ ਮੁਕਤ ਕਰ ਦੇਵਾਂਗਾ। ਸੋ, ਹੁਣ ਇਸ ਵਿਸ਼ੇ ਨੂੰ ਗੁਰੂ ਅਰਜਨ ਦੇਵ ਜੀ ਦੀ ਬਾਣੀ ਸੁਖਮਨੀ ਸਾਹਿਬ ਦੀ ਨੌਵੀਂ ਅਸ਼ਟਪਦੀ ਦੀ ਪਉੜੀ ਨਾਲ ਸਮੇਟਦੇ ਹਾਂ,

ਸੋ ਪੰਡਿਤੁ ਜੋ ਮਨੁ ਪਰਬੋਧੈ॥
ਰਾਮ ਨਾਮੁ ਆਤਮ ਮਹਿ ਸੋਧੈ॥
ਰਾਮ ਨਾਮ ਸਾਰੁ ਰਸੁ ਪੀਵੈ॥
ਉਸ ਪੰਡਿਤ ਕੈ ਉਪਦੇਸਿ ਜਗੁ ਜੀਵੈ॥
ਹਰਿ ਕੀ ਕਥਾ ਹਿਰਦੈ ਬਸਾਵੈ॥
ਸੋ ਪੰਡਿਤੁ ਫਿਰਿ ਜੋਨਿ ਨ ਆਵੈ॥
ਬੇਦ ਪੁਰਾਨ ਸਿਮ੍ਰਿਤਿ ਬੂਝੈ ਮੂਲ॥
ਸੂਖਮ ਮਹਿ ਜਾਨੈ ਅਸਥੂਲੁ॥
ਚਹੁ ਵਰਨਾ ਕਉ ਦੇ ਉਪਦੇਸੁ॥
ਨਾਨਕ ਉਸ ਪੰਡਿਤ ਕਉ ਸਦਾ ਅਦੇਸੁ॥੪॥

## ...ਏਤੀ ਸੁਰਤਿ ਨ ਪਾਈਆ

*(ਪਿਛਲੇ ਸਫੇ ਦੀ ਬਾਕੀ)*

ਸਕਦੇ ਹਨ, ਤਿਵੇਂ ਹੀ ਕੁਦਰਤ ਨੂੰ ਸਮਝਣ ਲਈ ਵੀ ਵਿਗਿਆਨਕ ਖੋਜ ਦੀ ਲੋੜ ਹੈ। ਇਸ ਲਈ ਧਾਰਮਿਕ ਅਸਥਾਨਾਂ 'ਤੇ ਬੈਠੇ ਸਾਲਾਹੀ ਜਿਸ ਵਿਸ਼ੇ ਨੂੰ ਸਮਝਾਉਣ ਦਾ ਵਿਖਾਵਾ ਕਰ ਰਹੇ ਹਨ, ਉਹ ਉਨ੍ਹਾਂ ਦੀ ਸਮਰੱਥਾ ਵਿਚ ਹੈ ਹੀ ਨਹੀਂ। ਇਸ ਕਾਰਜ ਲਈ ਉਨ੍ਹਾਂ ਨੂੰ ਵਿਗਿਆਨਕ ਖੋਜ ਨਾਲ ਜੁੜਨਾ ਹੀ ਪਵੇਗਾ। ਪਰ ਅਜੋਕੇ ਸਿੱਖ ਸਾਲਾਹੀਆਂ ਦਾ ਹਾਲ ਇਹ ਹੈ ਕਿ ਇਨ੍ਹਾਂ ਦਾ ਗਿਆਨ ਵਿਗਿਆਨ ਹਾਲੇ 15ਵੀਂ ਸਦੀ 'ਤੇ ਹੀ ਅਟਕਿਆ ਹੋਇਆ ਹੈ। ਇਸ ਦਾ ਸਬੂਤ ਇਹ ਹੈ ਕਿ ਈਸਾਈ ਪਾਦਰੀਆਂ ਨੇ ਪਿਛਲੇ ਪੰਜ ਸੌ ਸਾਲਾਂ ਵਿਚ, ਫਾਦਰ ਗ੍ਰੀਗਰ ਮੈਂਡਲ (Gregor Mendel) ਦੀ ਜੈਨੇਟਿਕਸ (Genetics) ਦੀ ਖੋਜ ਜਿਹੀਆਂ, ਪੰਜ ਸੌ ਤੋਂ ਵੱਧ ਅਹਿਮ ਵਿਗਿਆਨਕ ਖੋਜਾਂ ਕਰ ਦਿਖਾਈਆਂ ਹਨ, ਪਰ ਸਿੱਖ ਪੁਜਾਰੀਆਂ ਦੇ ਨਾਂ ਅਜਿਹੀ ਇਕ ਵੀ ਉਪਲਬਧੀ ਨਹੀਂ!

# ਵਿਆਕਰਣ ਦਾ ਦਰਜਾ ਗੁਰਬਾਣੀ ਦੇ ਫਲਸਫੇ ਤੋਂ ਉੱਚਾ ਨਹੀਂ

## ਪ੍ਰਤੀਕਰਮ-ਦਰ-ਪ੍ਰਤੀਕਰਮ

**ਮਾਣਯੋਗ ਸੰਪਾਦਕ ਸਾਹਿਬ,**

ਪੰਜਾਬ ਟਾਈਮਜ਼ ਦੇ 13 ਜੂਨ 2020 ਦੇ ਅੰਕ ਵਿਚ ਜਪੁਜੀ ਸਾਹਿਬ 'ਤੇ ਚੱਲ ਰਹੀ ਡਾ. ਗੋਬਿੰਦਰ ਸਿੰਘ ਸਮਰਾਓ ਦੀ ਵਿਆਖਿਆ ਪੜ੍ਹੀ। 27 ਜੂਨ 2020 ਦੇ ਅੰਕ ਵਿਚ ਪ੍ਰੋ. ਕਸ਼ਮੀਰਾ ਸਿੰਘ ਦਾ ਲੇਖ ਉਸ ਦੇ ਵਿਰੋਧ ਵਿਚ ਛਪਿਆ। ਇਸੇ ਅੰਕ 'ਚ ਹਰਸ਼ਿੰਦਰ ਸਿੰਘ ਸੰਧੂ ਦਾ ਆਰਟੀਕਲ 'ਗੁਰਬਾਣੀ ਤੇ ਮੁਹਾਵਰੇ' ਪੜ੍ਹਿਆ। 11 ਜੁਲਾਈ 2020 ਦੇ ਅੰਕ ਵਿਚ ਇਸ ਲੇਖ ਦੇ ਵਿਰੁਧ ਵੀ ਕਸ਼ਮੀਰਾ ਸਿੰਘ ਦੀ ਹੀ ਟਿੱਪਣੀ ਛਪੀ। ਦੋਵੇਂ ਟਿੱਪਣੀਆਂ 'ਸੰਪਾਦਕ ਦੀ ਡਾਕ' ਕਾਲਮ ਹੇਠਾਂ ਸਨ।

ਡਾ. ਸਮਰਾਓ ਆਪਣੇ ਲੇਖਾਂ ਵਿਚ ਜਪੁਜੀ ਸਾਹਿਬ ਦੇ ਫਲਸਫੇ ਦੀ ਇਕ ਵਿਸ਼ਾਲ ਤਸਵੀਰ ਦਿਖਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਹਰਸ਼ਿੰਦਰ ਸਿੰਘ ਆਪਣੇ ਲੇਖ ਰਾਹੀਂ ਗੁਰਬਾਣੀ ਦੀ ਸਰਲਤਾ, ਮਹਾਨਤਾ ਤੇ ਨਿੱਤ ਵਰਤੋਂ ਦੀ ਗੱਲ ਕਰ ਰਹੇ ਹਨ। ਉਨ੍ਹਾਂ ਦੇ ਖਿਆਲ ਅਨੁਸਾਰ ਵਿਆਕਰਣ ਤਾਂ ਦੂਰ ਦੀ ਗੱਲ ਹੈ, ਨਿੱਤ ਦੀ ਮੂੰਹ ਚੜ੍ਹੀ ਬੋਲੀ ਕਰਕੇ ਗੁਰਬਾਣੀ ਦੀ ਪੂਰੀ ਤੁਕ ਹੀ ਤਬਦੀਲ ਹੋ ਜਾਂਦੀ ਹੈ (ਰੁਖੀ ਸੁੱਕੀ ਖਾ ਕੇ ਠੰਡਾ ਪਾਣੀ ਪੀ)।

ਪ੍ਰੋ. ਕਸ਼ਮੀਰਾ ਸਿੰਘ ਸਿਰਫ ਬਿੰਦੀਆਂ-ਟਿੱਪੀਆਂ ਦੇ ਚੱਕਰ ਵਿਚ ਫਸੇ, ਖੂਹ ਦੇ ਡੱਡੂ ਵਾਂਗ ਘੁੰਮ ਰਹੇ ਹਨ। ਉਹ ਕਿਸੇ ਲੇਖ ਵਿਚਲੇ ਉਦੇਸ਼ ਜਾਂ ਸਿੱਖੀ ਫਿਲਸਫੇ ਦੇ ਵਿਸ਼ਾਲ ਦਾਇਰੇ ਵੱਲ ਝਾਤ ਮਾਰਨ ਦੇ ਸਮਰੱਥ ਨਹੀਂ।

ਡਾ. ਸਮਰਾਓ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਹਿਸਟਰੀ ਦੇ ਪ੍ਰੋਫੈਸਰ ਰਹਿ ਚੁਕੇ ਹਨ। ਖੋਜੀ ਤੇ ਵਿਦਵਾਨ ਹਨ। ਉਨ੍ਹਾਂ ਵਲੋਂ ਕੀਤੀ ਵਿਆਖਿਆ ਤੋਂ ਅਨੇਕਾਂ ਮਨੁੱਖ ਲਾਭ ਉਠਾ ਰਹੇ ਹਨ।

'ਅਖਾਣ ਤੇ ਮੁਹਾਵਰੇ' ਦੇ ਲੇਖਕ ਹਰਸ਼ਿੰਦਰ ਸਿੰਘ ਸੰਧੂ ਇਕ ਵੱਡੇ ਵਪਾਰੀ, ਦਾਨੀ ਤੇ ਵਿਦਵਾਨ ਪੁਰਸ਼ ਹਨ। ਸੰਗਤਾਂ ਦੀ ਲੋੜ ਨੂੰ ਮੁੱਖ ਰਖਦਿਆਂ ਉਨ੍ਹਾਂ ਕੁਝ ਕੁ ਗਿਣਤੀ ਦੇ ਸਾਥੀਆਂ ਨਾਲ ਰਲ ਕੇ ਵਾਸ਼ਿੰਗਟਨ ਦੇ ਸ਼ਹਿਰ ਆਬਰਨ ਵਿਚ ਇਕ ਗੁਰਦੁਆਰੇ ਦੀ ਇਮਾਰਤ ਖੜੀ ਕੀਤੀ, ਜਿਸ ਦਾ ਪ੍ਰਬੰਧ ਉਹ ਇਮਾਨਦਾਰੀ ਨਾਲ ਚਲਾ ਰਹੇ ਹਨ। ਲੇਖਕ ਦਾ ਆਪਣੇ ਲਈ ਵਰਤਿਆ ਸ਼ਬਦ 'ਸੇਵਾਦਾਰ' ਦਾ ਭਾਵ ਕਸ਼ਮੀਰਾ ਸਿੰਘ 'ਗ੍ਰੰਥੀ ਜਾਂ ਰਾਗੀ' ਹੀ ਸਮਝ ਰਹੇ ਹਨ। ਸ. ਸੰਧੂ ਦੇ ਲੇਖ ਵਿਚ ਇਕ ਵੱਡਾ ਸੁਨੇਹਾ ਹੈ। ਆਪਣੀ ਯਾਦ ਸ਼ਕਤੀ ਨਾਲ ਗੁਰਬਾਣੀ ਵਿਚੋਂ ਚੁਣੇ ਸਾਰੇ ਮੁਹਾਵਰੇ ਉਨ੍ਹਾਂ ਇਕ ਲੜੀ ਵਿਚ ਪਰੋ ਕੇ ਸਾਹਮਣੇ ਰੱਖੇ ਹਨ।

ਕਸ਼ਮੀਰਾ ਸਿੰਘ ਦਿੱਤੇ ਹੋਏ ਸੁਨੇਹੇ ਨੂੰ ਬਿੰਦੀਆਂ-ਟਿੱਪੀਆਂ ਵਿਚ ਲੁਕਾਉਣ ਦਾ ਯਤਨ ਕਰ ਰਹੇ ਹਨ। ਸ਼ੁੱਧ ਉਚਾਰਨ ਜਾਂ ਵਿਆਕਰਣ ਦਾ ਦਰਜਾ ਗੁਰਬਾਣੀ ਦੇ ਫਲਸਫੇ ਤੋਂ ਉੱਚਾ ਨਹੀਂ ਹੋ ਸਕਦਾ। ਅੱਜ ਗੁਰੂ ਗ੍ਰੰਥ ਸਾਹਿਬ ਨੂੰ ਰੋਮਨ ਲਿਪੀਬੱਧ ਕਰ ਕੇ ਇਸ ਦਾ ਤਜਰਮਾ ਜਰਮਨ, ਰੂਸੀ, ਜਾਪਾਨੀ, ਉੜੀਆ, ਕੰਨੜ, ਤੈਲਗੂ, ਮਲਯਾਲਮ ਤੇ ਕਈ ਹੋਰ ਭਾਸ਼ਾਵਾਂ ਵਿਚ ਵੀ ਹੋ ਗਿਆ ਹੈ। ਕੀ ਕਸ਼ਮੀਰਾ ਸਿੰਘ ਸੰਥਿਆ ਦੀ ਇਕਸਾਰਤਾ ਕਾਇਮ ਰੱਖ ਸਕਦੇ ਹਨ? ਸਾਹਿਤ ਵਿਚ ਆਲੋਚਨਾ ਕਰਨ ਦੇ ਕੁਝ ਨਿਯਮ ਹੁੰਦੇ ਹਨ। ਉਨ੍ਹਾਂ ਵਿਚ ਹਉਮੈ ਕਦਾਚਿਤ ਨਹੀਂ ਹੈ।

*-ਬਲਿਹਾਰ ਸਿੰਘ ਲੇਹਲ*
*(ਸਿਆਟਲ)*
*ਫੋਨ: 206-244-4663*

**ਸਤਿਕਾਰਯੋਗ ਸੰਪਾਦਕ ਜੀ,**

ਬਹੁਤ ਬਹੁਤ ਧੰਨਵਾਦ ਕਿ ਤੁਸੀ 'ਪੰਜਾਬ ਟਾਈਮਜ਼' ਹਰ ਹਫਤੇ ਪੰਜਾਬੀਆਂ ਤਕ ਪਹੁੰਚਾਉਂਦੇ ਹੋ। ਮੈਂ ਖਬਰਾਂ ਤੋਂ ਜ਼ਿਆਦਾ ਲੇਖ ਪੜ੍ਹਦੀ ਹਾਂ। ਇਸ ਅਖਬਾਰ ਵਰਗੇ ਲੇਖ ਮੈਨੂੰ ਅੱਜ ਤਕ ਹੋਰ ਕਿਤੋਂ ਨਹੀਂ ਮਿਲੇ। ਚੰਗੇ, ਜੀਵਨ ਉਸਾਰੂ ਲੇਖਾਂ ਨੂੰ ਮੈਂ ਸਾਂਭ ਕੇ ਰੱਖਦੀ ਹਾਂ।

ਇਸ ਤਰ੍ਹਾਂ ਹੀ ਇਕ ਲੇਖ ਪੜ੍ਹਿਆ, 'ਗੁਰਬਾਣੀ ਤੇ ਮੁਹਾਵਰੇ', ਜੋ 27 ਜੂਨ ਦੀ ਅਖਬਾਰ ਵਿਚ ਛਪਿਆ ਹੈ। ਮੈਂ ਕਾਫੀ ਮੁਹਾਵਰਿਆਂ ਤੋਂ ਅੱਗੇ ਵਾਕਿਫ ਸਾਂ, ਪਰ ਕਦੇ ਵਰਤੋਂ ਵਿਚ ਨਹੀਂ ਲਿਆਂਦੇ ਸਨ। ਇਹ ਲੇਖ ਪੜ੍ਹਨ ਪਿਛੋਂ ਮੈਨੂੰ ਮੁਹਾਵਰੇ ਵਰਤਣ ਦੀ ਆਦਤ ਪੈ ਗਈ ਹੈ; ਜ਼ਿਆਦਾ ਕਰ ਕੇ ਆਪਣੇ ਆਪ ਨੂੰ ਸਮਝਾਉਣ ਲਈ। ਕਰੋਨਾ ਕਰ ਕੇ ਨੌਕਰੀ ਚਲੀ ਗਈ ਹੈ, ਪਰ ਇਸ ਲੇਖ ਨੇ 'ਨਾਨਕ ਚਿੰਤਾ ਮਤਿ ਕਰੋ' ਦੇ ਮੁਹਾਵਰੇ ਨਾਲ ਮਨ ਦਾ ਡਿਪਰੈਸ਼ਨ ਦੂਰ ਕਰ ਦਿੱਤਾ ਹੈ। ਇਸ ਤਰ੍ਹਾਂ ਹੋਰ ਮੁਹਾਵਰੇ, 'ਸਭਨਾ ਕਾ ਦਰਿ ਲੇਖਾ ਹੋਇ; ਮਿਠਤੁ ਨੀਵੀ ਨਾਨਕਾ', ਯਾਦ ਆਉਣ ਕਰਕੇ ਆਪਣੇ ਜੀਵਨ ਵਿਚ ਕੁਝ ਤਬਦੀਲੀ ਮਹਿਸੂਸ ਕਰਦੀ ਹਾਂ।

ਪੰਜਾਬ ਟਾਈਮਜ਼ ਦੇ 11 ਜੁਲਾਈ ਦੇ ਅੰਕ ਵਿਚ ਪ੍ਰੋ. ਕਸ਼ਮੀਰਾ ਸਿੰਘ ਦਾ ਪੱਤਰ ਛਪਿਆ ਹੈ, ਜਿਸ ਵਿਚ ਲਗਾਂ-ਮਾਤਰਾ ਦੀਆਂ ਗਲਤੀਆਂ ਕੱਢੀਆਂ ਹਨ। ਉਨ੍ਹਾਂ ਅਨੁਸਾਰ ਗੁਰਬਾਣੀ ਦੇ ਸਤਿਕਾਰ ਲਈ, ਇਹ ਜਰੂਰੀ ਹਨ। ਪਰ ਮੈਨੂੰ ਇਸ ਲੇਖ ਲਈ ਕਸ਼ਮੀਰਾ ਸਿੰਘ ਦਾ ਪ੍ਰਤੀਕਰਮ ਦੇਖ ਕੇ ਬਹੁਤ ਹੈਰਾਨੀ ਹੋਈ। ਯਕੀਨਨ ਉਨ੍ਹਾਂ ਨੂੰ ਇਨ੍ਹਾਂ ਤੁਕਾਂ ਦੇ ਪੰਨੇ ਯਾਦ ਨਹੀਂ ਹੋਣੇ। ਉਸ ਨੇ ਪੰਨਾ ਨੰਬਰ ਲੱਭਣ ਦੀ ਮਿਹਨਤ ਕੀਤੀ, ਪਰ ਕਿਸੇ ਪਾਠਕ ਨੂੰ ਉਸ ਦੀ ਕੀਤੀ ਮਿਹਨਤ ਦਾ ਕੀ ਲਾਭ ਹੋਇਆ? ਜੇ ਉਹ ਲੇਖਕ ਨੂੰ ਹੀ ਗਲਤੀਆਂ ਦੱਸਣਾ ਚਾਹੁੰਦਾ ਸੀ, ਤਾਂ ਟੈਲੀਫੋਨ ਰਾਹੀਂ ਵੀ ਦੱਸ ਸਕਦਾ ਸੀ। ਲੇਖਕ ਨੇ ਆਪਣਾ ਫੋਨ ਨੰਬਰ ਨਾਲ ਦਿੱਤਾ ਹੈ।

ਮੈਂ ਕਸ਼ਮੀਰਾ ਸਿੰਘ ਦੇ ਦਿੱਤੇ ਫੋਨ: 801-414-0171 'ਤੇ ਬਹੁਤ ਵਾਰ ਕਾਲ ਕੀਤੀ, ਪਰ ਉਨ੍ਹਾਂ ਨੇ ਫੋਨ ਨਹੀਂ ਚੁੱਕਿਆ। ਸੋ ਮੈਨੂੰ ਪੱਤਰ ਲਿਖਣ ਲਈ ਮਜ਼ਬੂਰ ਹੋਣਾ ਪਿਆ।

ਕੱਲ ਨੂੰ ਪ੍ਰੋ. ਕਸ਼ਮੀਰਾ ਸਿੰਘ ਇਹ ਦਾਅਵਾ ਕਰਨਗੇ ਕਿ ਕਿਸੇ ਨੇ ਮੁਹਾਵਰਾ ਬੋਲਣ ਲੱਗਿਆਂ ਵਿਸਰਾਮ ਚਿੰਨ੍ਹਾਂ ਦਾ ਧਿਆਨ ਨਹੀਂ ਰੱਖਿਆ; ਸੋ ਅਰਥ, ਅਨਰਥ ਹੋ ਗਏ।


ਕਸ਼ਮੀਰਾ ਸਿੰਘ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਲੇਖਕ ਉਹ ਲਿਖ ਰਿਹਾ ਹੈ, ਜੋ ਅਸੀਂ ਸੁਣਦੇ ਹਾਂ। ਉਹ ਲਿਖਦਾ ਹੈ ਕਿ ਇਹ ਸੁਣਨ-ਸੁਣਾਉਣ ਨਾਲ ਪੀੜ੍ਹੀ-ਦਰ-ਪੀੜ੍ਹੀ ਅੱਗੇ ਵਧਦੇ ਹਨ। ਮੈਂ ਕਈ ਵਾਰ ਆਪਣੇ ਬਜੁਰਗਾਂ ਤੋਂ 'ਮੰਡਲ' ਦੀ ਜਾਂ 'ਮੰਡਪ' ਸ਼ਬਦ ਸੁਣਿਆ ਹੈ। ਲੇਖਕ ਤਾਂ ਖੁਦ ਸਹੀ ਮੌਕੇ 'ਤੇ ਸਹੀ ਉਚਾਰਨ ਕਰਨ ਦਾ ਸੁਝਾਅ ਦੇ ਰਿਹਾ ਹੈ।

ਗੁਰੂ ਨਾਨਕ ਕਾਲ ਵੇਲੇ ਇਹ ਵੱਡੀ ਸਮਸਿਆ ਸੀ ਕਿ ਬ੍ਰਾਹਮਣ ਲੋਕ ਆਪਣੇ ਧਰਮ ਦੇ ਔਖੇ ਸਲੋਕਾਂ ਨੂੰ ਯਾਦ ਕਰ ਕੇ, ਸਹੀ ਉਚਾਰਨ ਕਰਨ ਵਿਚ ਆਪਣਾ ਮਾਣ ਸਮਝਦੇ ਸਨ ਤੇ ਉਚੇ ਆਚਰਣ ਵਾਲੇ ਜੀਵਨ ਤੋਂ ਭਟਕੇ ਹੋਏ ਸਨ। ਮੇਰੇ ਖਿਆਲ ਅਨੁਸਾਰ ਜੀਵਨ ਦੇ ਮਿਆਰ ਨੂੰ ਉਚਾ ਚੁੱਕਣ ਲਈ ਲਿਖਣਾ ਹੀ ਸਾਰਥਕ ਹੈ। ਭੁੱਲ-ਚੁੱਕ ਦੀ ਖਿਮਾ।

***-ਰਵਿੰਦਰ ਕੌਰ***
***R_kaur1970@yahoo.com***

# ਲੋੜੈ ਦਾਖ ਬਿਜਉਰੀਆਂ... !

ਸਾਡੇ ਸੱਭਿਆਚਾਰ 'ਚ ਪਰਿਵਾਰਕ ਰਿਸ਼ਤੇ ਇੱਕ ਬਹੁਤ ਹੀ ਗੁੰਝਲਦਾਰ ਸ਼ੈਅ ਹਨ। ਵੱਡੀ ਬਹੁਗਿਣਤੀ ਲੋਕ ਆਪਣੇ ਖ਼ੁਦ ਦੇ ਕਿਰਦਾਰ ਦੇ ਉਲਟ ਆਪਣੇ ਰਿਸ਼ਤੇਦਾਰਾਂ, ਖ਼ਾਸਕਰ ਆਪਣੀ ਔਲਾਦ ਤੋਂ ਆਸ ਰੱਖਦੇ ਹਨ। ਆਪਣੇ ਬਜ਼ੁਰਗ ਮਾਂ-ਬਾਪ, ਸੱਸ-ਸਹੁਰੇ ਦੀ ਬੇਕਦਰੀ ਕਰਨ ਵਾਲੇ ਆਪਣੇ ਪੁੱਤਰ ਤੋਂ 'ਸਰਵਣ' ਬਣਨ ਦੀ ਆਸ ਰੱਖਦੇ ਹਨ। ਅਕਸਰ ਕਿਹਾ ਜਾਂਦੈ ਕਿ ਪੁੱਤ ਕਪੁੱਤ ਹੋ ਸਕਦੇ ਹਨ, ਮਾਪੇ ਕੁਮਾਪੇ ਨਹੀਂ ਹੁੰਦੇ! ਇਹ ਅਖੌਤ ਕਿੰਨੀ ਕੁ ਦੇਰ ਸਹੀ ਸਿੱਧ ਹੁੰਦੀ ਰਹੀ ਹੋਵੇਗੀ, ਕਿਹਾ ਨਹੀਂ ਜਾ ਸਕਦਾ, ਪਰ ਸੱਚ ਇਹੋ ਹੈ ਕਿ ਰਿਸ਼ਤਿਆਂ ਦੀ ਸੂਰਤ ਤੇ ਸੀਰਤ ਮਾਲਕੀ ਦਾ ਹੱਕ ਹੀ ਤੈਅ ਕਰਦਾ ਹੈ। ਇਸ ਹੱਕ ਨੂੰ ਜਦ ਵੀ ਖੋਰਾ ਲਗਦਾ ਪ੍ਰਤੀਤ ਹੁੰਦਾ ਹੈ ਤਾਂ ਰਿਸ਼ਤਿਆਂ ਦੀ



**ਇੰਦਰਜੀਤ ਚੁਗਾਵਾਂ**
ਫੋਨ: 559-779-9805

ਵੱਖਰੀ ਹੀ ਤਸਵੀਰ ਸਾਹਮਣੇ ਆਉਂਦੀ ਹੈ, ਜਿਸ ਨੂੰ ਉਹੀ ਮਹਿਸੂਸ ਕਰ ਸਕਦਾ ਹੈ, ਜੋ ਹਾਲਾਤ ਦੀ ਚੱਕੀ 'ਚ ਪਿਸ ਰਿਹਾ ਹੁੰਦਾ ਹੈ। ਉਹ ਕਿਸੇ ਨੂੰ ਕੁਝ ਦੱਸ ਵੀ ਨਹੀਂ ਸਕਦਾ ਜਾਂ ਇਸ ਪੱਖੋਂ ਸ਼ਰਮਾ ਜਾਂਦਾ ਹੈ ਕਿ ਲੋਕ ਕੀ ਕਹਿਣਗੇ! ਇਹ ਉਹ ਪਲ ਹੁੰਦੇ ਹਨ, ਜਦ ਮਾਪੇ, ਮਾਪੇ ਨਾ ਹੋ ਕੇ ਮਾਲਕ ਬਣ ਕੇ ਸਾਹਮਣੇ ਆਉਂਦੇ ਹਨ!

ਮਾਲਕੀ ਦਾ ਇਹ ਹੱਕ ਸਿਰਫ ਆਪਣੀ ਪਸੰਦ ਦੇ ਰਿਸ਼ਤੇ ਨੂੰ ਹੀ ਪ੍ਰਵਾਨ ਕਰਦਾ ਹੈ, ਉਸ ਨੂੰ ਰਿਸ਼ਤੇ ਦਾ ਅਸਲ ਵਜੂਦ ਭਾਉਂਦਾ ਨਹੀਂ। ਜਦ ਵੀ ਉਹ ਰਿਸ਼ਤਾ ਸਹਿਵਨ ਹੀ ਆਪਣੇ ਹੱਕ ਦੀ ਗੱਲ ਕਰ ਬੈਠਦਾ ਹੈ ਤਾਂ ਤੂਫਾਨ ਉਠ ਖੜਦਾ ਹੈ। ਆਮ ਕਰਕੇ ਇਹ ਸਮੱਸਿਆ ਔਰਤ ਦੇ ਵਜੂਦ ਨਾਲ ਜੁੜੀ ਹੁੰਦੀ ਹੈ।

ਇਹ ਗੱਲ ਆਮ ਕਰਕੇ ਹੀ ਸੁਣੀ ਜਾਂਦੀ ਹੈ ਕਿ ਅਸੀਂ ਤਾਂ ਆਪਣੀ ਨੂੰਹ ਨੂੰ ਆਪਣੀ ਧੀ ਬਣਾ ਕੇ ਰੱਖਿਆ ਹੋਇਐ! ਪਹਿਲੀ ਨਜ਼ਰੇ ਇਸ ਕਥਨ 'ਚ ਕੋਈ ਬੁਰਾਈ ਨਹੀਂ ਜਾਪਦੀ, ਬੇਗਾਨੀ ਨੂੰ ਆਪਣੀ ਸਮਝਣ 'ਚ ਤਾਂ ਵਡੱਪਣ ਹੀ ਹੋਣਾ ਚਾਹੀਦੈ, ਪਰ ਜ਼ਰਾ ਹਟ ਕੇ ਸੋਚੋ ਤਾਂ! ਜੇ ਤੁਹਾਡੇ ਪੁੱਤ ਦੀ ਪਤਨੀ, ਤੁਹਾਡੀ ਨੂੰਹ, ਨੂੰਹ ਬਣ ਕੇ ਰਹੇ ਤਾਂ ਇਸ ਵਿਚ ਕੀ ਹਰਜ ਹੈ? ਨਹੀਂ, ਨੂੰਹ ਬਣ ਕੇ ਰਹਿਣ ਦਾ ਮਤਲਬ ਹੈ ਕਿ ਆਪਣਾ ਹੱਕ ਮੰਗਣਾ, ਘਰ 'ਚ ਆਪਣੇ ਲਈ ਬਣਦੀ ਥਾਂ ਮੰਗਣਾ! ਇਹ ਕਿਵੇਂ ਹੋ ਸਕਦੈ ਭਲਾ? ਤੁਸੀਂ ਤਾਂ ਘਰ 'ਚ ਜਗ੍ਹਾ ਦੇਵੋਗੇ ਤਾਂ ਸਿਰਫ ਆਪਣੀ ਧੀ ਨੂੰ, ਨੂੰਹ ਕੌਣ ਹੁੰਦੀ ਹੈ ਜਗ੍ਹਾ ਮੰਗਣ ਵਾਲੀ?

ਗਲਤ ਫਹਿਮੀ 'ਚ ਨਾ ਰਹਿਣਾ! ਧੀ ਲਈ ਵੀ ਓਨੀ ਦੇਰ ਹੀ ਜਗ੍ਹਾ ਹੈ, ਜਿੰਨੀ ਦੇਰ ਉਹ ਤੁਹਾਡੀ ਛਤਰ-ਛਾਇਆ ਹੇਠ ਰਹੇਗੀ! ਉਸ ਨੇ ਵੀ ਜਦ ਜ਼ਰਾ ਜਿੰਨਾ ਸਿਰ ਤੁਹਾਡੀ ਛੱਤਰੀ 'ਚੋਂ ਬਾਹਰ ਕੱਢਿਆ ਤਾਂ ਜਗ੍ਹਾ ਉਸ ਲਈ ਵੀ ਨਹੀਂ ਬਚੇਗੀ! 'ਅਣਖ ਦੀ ਖਾਤਰ ਕੁਰਬਾਨ' ਕਰ ਦਿੱਤੀ ਜਾਵੇਗੀ ਉਹ! ਫੇਰ ਆਤਮਾ ਦੀ ਸ਼ਾਂਤੀ ਦੀ ਅਰਦਾਸ ਤੇ ਉਸ ਪਿਛੋਂ ਸਭ ਕੁਝ ਸ਼ਾਂਤ! ਅਜਿਹੇ 'ਅਣਖੀਲੇ ਮਾਪੇ' ਸਾਡੇ 'ਨਾਇਕ' ਵੀ ਬਣ ਜਾਂਦੇ ਹਨ ਅਕਸਰ। ਉਹ ਸੱਤਾ ਦੀ ਲਾਠੀ ਨਾਲ ਇਸਤਰੀ ਦਲ ਦੇ ਮੁਖੀਏ ਬਣਦੇ ਹਨ। ਸੱਤਾ ਜੇਲ੍ਹ ਅੰਦਰ ਵੀ ਉਨ੍ਹਾਂ ਨੂੰ ਪੂਰਾ ਸੁੱਖ ਸਹੂਲਤ ਦਿੰਦੀ ਹੈ। ਦੋ-ਚਾਰ ਦਿਨ ਦੇ ਸ਼ੋਰ ਪਿਛੋਂ ਸਾਡਾ ਵੱਡਾ ਹਿੱਸਾ ਇਸ ਵਰਤਾਰੇ ਨੂੰ 'ਰੱਬ ਦੀ ਰਜ਼ਾ' ਵਾਂਗ ਪ੍ਰਵਾਨ ਕਰਕੇ ਆਖਦਾ ਪ੍ਰਤੀਤ ਹੁੰਦਾ ਹੈ, "ਵਿਗੜੀ ਔਲਾਦ ਦਾ ਇਹੋ ਹਸ਼ਰ ਹੋਣਾ ਚਾਹੀਦੈ।"

ਮੇਰਾ ਇੱਕ ਦੋਸਤ ਪ੍ਰਗਤੀਸ਼ੀਲ ਵਿਚਾਰਧਾਰਾ ਨੂੰ ਪ੍ਰਣਾਇਆ ਹੋਇਆ ਹੈ। ਉਸ ਦੇ ਬੇਟੇ ਦੇ ਇੱਕ ਲੜਕੀ ਨਾਲ ਪ੍ਰੇਮ-ਸਬੰਧ ਸਨ। ਉਸ ਨੂੰ ਵੀ ਕੋਈ ਇਤਰਾਜ਼ ਨਹੀਂ ਸੀ। ਉਸ ਨੇ ਖ਼ੁਦ ਪਹਿਲ ਕਰਕੇ ਲੜਕੀ ਦੇ ਬਾਪ ਨਾਲ ਗੱਲ ਕੀਤੀ ਕਿ ਆਪਾਂ ਨੂੰ ਇਨ੍ਹਾਂ ਦਾ ਵਿਆਹ ਕਰ ਦੇਣਾ ਚਾਹੀਦੈ। ਉਹ ਦਿਨ ਵੀ ਆ ਗਿਆ, ਜਦ ਇਸ ਰਿਸ਼ਤੇ ਨੂੰ ਪੱਕਾ ਕਰਨ ਲਈ ਲੜਕੀ ਵਾਲਿਆਂ ਦੇ ਘਰ ਪੁੱਜ ਗਏ। ਸਭ ਕੁਝ ਖੁਸ਼ੀ ਖੁਸ਼ੀ ਸਿਰੇ ਚੜ੍ਹ ਗਿਆ ਤਾਂ ਤੁਰਨ ਲੱਗਿਆਂ ਉਸ ਲੜਕੀ ਨੂੰ ਗਲ ਲਾ ਕੇ ਮੇਰਾ ਦੋਸਤ ਕਹਿਣ ਲੱਗਾ, "ਧੀ ਬਣ ਕੇ ਆਈਂ ਰਾਜੇ! ਧੀਆਂ ਵਾਂਗ ਰੱਖਾਂਗੇ, ਮਾਂ-ਬਾਪ ਦੀ ਕਮੀ ਮਹਿਸੂਸ ਨਹੀਂ ਹੋਣ ਦਿਆਂਗੇ!"

ਰਸਤੇ 'ਚ ਮੈਂ ਉਸ ਦੀ ਇਸ ਗੱਲ 'ਤੇ ਇਤਰਾਜ਼ ਜਤਾਇਆ, ਪਰ ਗੱਲ ਉਸ ਦੀ ਸਮਝ 'ਚ ਨਾ ਪਈ! ਮੈਂ ਉਸ ਨੂੰ ਸਮਝਾਇਆ ਕਿ ਤੇਰੇ ਕਥਨ ਪਿੱਛੇ ਕੋਈ ਮੰਦਭਾਵਨਾ ਨਹੀਂ ਹੈ, ਪਰ ਉਸ ਦਾ ਅਰਥ ਇਹ ਹੈ ਕਿ ਧੀ ਤੋਂ ਬਿਨਾ ਤੇਰੇ ਘਰ 'ਚ ਹੋਰ ਕਿਸੇ ਦੂਜੇ ਲਈ ਕੋਈ ਜਗ੍ਹਾ ਨਹੀਂ! ਦੂਜੇ ਅਰਥਾਂ 'ਚ ਇਹ ਕਿ ਅਸੀਂ ਇਹ ਮੰਨ ਕੇ ਚੱਲਦੇ ਹਾਂ ਕਿ ਨੂੰਹ ਕਿਸੇ ਵੀ ਹਾਲ 'ਚ ਚੰਗੀ ਨਹੀਂ ਹੋ ਸਕਦੀ। ਮਾਂ-ਬਾਪ ਦੀ ਕਮੀ ਮਹਿਸੂਸ ਨਾ ਹੋਣ ਦੇਣ ਦਾ ਅਸਲ ਅਰਥ ਇਹ ਹੁੰਦੈ ਕਿ ਸਾਡੀ ਮਰਜ਼ੀ ਮੁਤਾਬਕ ਨੂੰਹ ਚੱਲੇਗੀ ਤਾਂ ਸਭ ਠੀਕ, ਨਹੀਂ ਤਾਂ ਆਪਣੇ ਮਾਂ-ਬਾਪ ਨੂੰ ਯਾਦ ਵੀ ਨਹੀਂ ਕਰ ਸਕੇਗੀ, ਗੱਲ ਕਰਨੀ ਤਾਂ ਦੂਰ!

ਮੇਰਾ ਦੋਸਤ ਸੀ, ਮੈਂ ਉਸ ਨੂੰ ਆਪਣੀ ਗੱਲ ਸਮਝਾਉਣ 'ਚ ਸਫਲ ਵੀ ਹੋ ਗਿਆ ਤੇ ਉਸ ਨੇ ਇਹ ਗੱਲ ਵੀ ਫਰਾਖਦਿਲੀ ਨਾਲ ਕਹੀ, "ਯਾਰ, ਇਸ ਪਹਿਲੂ ਤੋਂ ਕਦੇ ਸੋਚਿਆ ਹੀ ਨਹੀਂ ਸੀ।" ਪਰ ਕਿੰਨੇ ਲੋਕ ਹਨ, ਜੋ ਇਸ ਵੱਡੀ ਖਾਮੀ ਨੂੰ ਬਿਨਾ ਸੰਕੋਚ ਮੰਨਣ ਦਾ ਹੌਸਲਾ ਰੱਖਦੇ ਹੋਣ?

ਮੇਰਾ ਇੱਕ ਦੋਸਤ ਹੈ, ਉਮਰ 'ਚ ਕਾਫੀ ਛੋਟਾ, ਪਰ ਬਹੁਤ ਹੀ ਸੰਜੀਦਾ। ਜੇ ਉਹ ਚਾਹੁੰਦਾ ਤਾਂ ਆਪਣੀ ਪਸੰਦ ਦੀ ਲੜਕੀ ਨਾਲ ਵਿਆਹ ਕਰਵਾ ਸਕਦਾ ਸੀ, ਪਰ ਨਹੀਂ! ਮਾਪਿਆਂ ਦੀ ਪਸੰਦ ਨਾਲ ਵਿਆਹ ਕਰਵਾਇਆ। ਉਸ ਦਾ ਵਿਆਹੁਤਾ ਜੀਵਨ ਮਸਾਂ ਸਾਲ ਕੁ ਹੀ ਸੁੱਖੀਂ-ਸਾਂਦੀਂ ਲੰਘਿਆ ਤੇ ਫੇਰ ਖਿੱਚੋ-ਤਾਣ ਸ਼ੁਰੂ ਹੋ ਗਈ। ਮੀਆਂ-ਬੀਵੀ 'ਚ ਨਹੀਂ, ਮਾਪਿਆਂ ਨਾਲ! ਕਾਰਨ, ਬੱਚਾ ਨਹੀਂ ਸੀ ਹੋ ਰਿਹਾ! ਆਪ ਪਸੰਦ ਕਰਕੇ ਲਿਆਂਦੀ ਨੂੰਹ 'ਚ ਹੁਣ ਨੁਕਸ ਹੀ ਨੁਕਸ ਸਨ! ਕਦੇ ਕਹਿਣ ਕਿ ਇਹ ਮੋਟੀ ਬਹੁਤ ਐ, ਇਹਦੇ ਬੱਚਾ ਕਿੱਥੋਂ ਹੋ ਜਾਊ! ਕਦੇ ਕਹਿਣ ਕਿ ਇਹਦੀ ਮੱਤ ਬਹੁਤ ਮੋਟੀ ਐ! ਮੈਨੂੰ ਹੈਰਾਨੀ ਤੇ ਪ੍ਰੇਸ਼ਾਨੀ ਹੋ ਰਹੀ ਸੀ ਕਿ ਉਸ ਦਾ ਬਾਪ ਇੱਕ ਪੜ੍ਹਿਆ ਲਿਖਿਆ ਆਦਮੀ, ਜੋ ਰੇਡੀਓ ਸਟੇਸ਼ਨ 'ਤੇ ਨੌਕਰੀ ਕਰ ਚੁਕਾ ਹੈ, ਇਸ ਤਰ੍ਹਾਂ ਕਿਵੇਂ ਕਰ ਸਕਦਾ ਹੈ! ਉਸ 'ਤੇ ਤਲਾਕ ਲਈ ਜ਼ੋਰ ਪੈਣ ਲੱਗਾ, ਪਰ ਉਹ ਨਹੀਂ ਮੰਨਿਆ! ਮੁੰਡੇ ਦਾ ਕਹਿਣਾ ਸੀ ਕਿ ਨੁਕਸ ਮੇਰੇ 'ਚ ਵੀ ਤਾਂ ਹੋ ਸਕਦੈ। ਇਹ ਕੋਈ ਵੱਡਾ ਮੁੱਦਾ ਨਹੀਂ। ਅਸੀਂ ਇਲਾਜ ਵੀ ਕਰਵਾ ਸਕਦੇ ਹਾਂ, ਪਰ ਮਾਂ-ਬਾਪ ਨੇ ਉਸ ਦਾ ਜਿਉਣਾ ਮੁਹਾਲ ਕਰਕੇ ਰੱਖ ਦਿੱਤਾ। ਭੈਣਾਂ ਵੀ ਮਾਪਿਆਂ ਨਾਲ ਸਨ। ਇੱਕੋ ਜ਼ਿੱਦ ਕਿ ਉਸ ਨੂੰ ਛੱਡ! ਇਸ ਤਣਾਓ ਭਰੇ ਮਾਹੌਲ ਕਾਰਨ ਮੇਰਾ ਦੋਸਤ ਸ਼ੂਗਰ ਦਾ ਮਰੀਜ਼ ਹੋ ਗਿਆ। ਮਾਂ-ਬਾਪ ਨੂੰ ਪਤਾ ਵੀ ਲੱਗ ਗਿਆ ਉਸ ਦੀ ਬਿਮਾਰੀ ਦਾ, ਪਰ ਇੱਕ ਵਾਰ ਵੀ ਉਸ ਪ੍ਰਤੀ ਫਿਕਰਮੰਦੀ ਜਾਹਰ ਨਹੀਂ ਕੀਤੀ! ਉਨ੍ਹਾਂ ਤਾਂ ਲੱਤ ਬਲਿਓਂ ਲੰਘਾਉਣਾ ਸੀ, ਪੁੱਤ ਐ ਤਾਂ ਕੀ ਹੋਇਆ ਘਰ ਤਾਂ ਸਾਡਾ ਈ ਐ!

ਮੇਰੇ ਦੋਸਤ ਨੇ ਆਪਣੀ ਪਤਨੀ ਤਾਂ ਨਹੀਂ ਛੱਡੀ, ਆਪਣੇ ਮਾਂ-ਬਾਪ ਦਾ ਘਰ ਛੱਡ ਦਿੱਤਾ! ਆਪਣੇ ਦਮ 'ਤੇ ਛੋਟਾ ਜਿਹਾ



ਮਕਾਨ ਲੈ ਕੇ ਰਹਿਣ ਲੱਗ ਪਏ। ਪੜ੍ਹੀ-ਲਿਖੀ ਹੋਣ ਕਾਰਨ ਉਸ ਦੀ ਪਤਨੀ ਨੇ ਬੂਟੀਕ ਤੇ ਬਿਊਟੀਸ਼ਨ ਦਾ ਕੰਮ ਸ਼ੁਰੂ ਕਿਆ ਤੇ ਆਲੇ-ਦੁਆਲੇ ਆਪਣੀ ਥਾਂ ਬਣਾ ਲਈ। ਖੁਸ਼ੀ ਵਾਲੀ ਗੱਲ ਇਹ ਕਿ ਤਣਾਓ-ਮੁਕਤ ਮਾਹੌਲ 'ਚ ਵੱਖਰੇ ਹੋ ਕੇ ਰਹਿਣ ਦੇ ਦੋ ਸਾਲ ਦੇ ਅੰਦਰ-ਅੰਦਰ ਉਨ੍ਹਾਂ ਦੀ ਝੋਲੀ ਇੱਕ ਬਹੁਤ ਹੀ ਪਿਆਰੀ ਧੀ ਨੇ ਭਰ ਦਿੱਤੀ! ਪਰ ਮਾਂ-ਬਾਪ ਅਜੇ ਵੀ ਨਾ ਪਿੰਘਲੇ। ਇਸ ਸਮੁੱਚੇ ਤਣਾਓ ਭਰੇ ਮਾਹੌਲ 'ਚ ਮੈਂ ਆਪਣੇ ਇਸ ਮਿੱਤਰ ਦੇ ਮੂੰਹੋਂ ਇੱਕ ਵਾਰ ਵੀ ਆਪਣੇ ਮਾਪਿਆਂ ਖਿਲਾਫ ਕੋਈ ਮੰਦਾ ਲਫਜ਼ ਨਹੀਂ ਸੁਣਿਆ! ਇਹੋ ਆਖਦੈ ਹਰ ਵਾਰ, "ਉਨ੍ਹਾਂ ਦੀ ਮਰਜ਼ੀ ਭਾਜੀ, ਹੁਣ ਮਾਪਿਆਂ ਨਾਲ ਕਿਹੜਾ ਲੜਨੈ! ਮੈਂ ਤਾਂ ਆਪਣਾ ਹਿੱਸਾ ਵੀ ਤਿਆਗ ਦਿੱਤੈ। ਖੁਸ਼ ਰਹਿਣ ਬਸ!" ਇੱਥੇ ਕਿਸ ਰਿਸ਼ਤੇ ਅੱਗੇ "ਕ" ਲਾਇਆ ਜਾਵੇ?

ਸਮੱਸਿਆ ਦੀ ਸਾਰੀ ਜੜ੍ਹ ਦਰਅਸਲ ਮਾਲਕੀ ਦਾ ਹੱਕ ਹੀ ਹੈ। ਹੋਣਾ ਤਾਂ ਇਹ ਚਾਹੀਦੈ ਕਿ ਹਰ ਰਿਸ਼ਤੇ ਨੂੰ ਉਸ ਦੀ ਬਣਦੀ ਜਗ੍ਹਾ ਦਿੱਤੀ ਜਾਵੇ, ਕਿਸੇ ਵੀ ਰਿਸ਼ਤੇ 'ਤੇ ਆਪਣਾ ਹੀ ਹੱਕ ਨਾ ਜਤਾਇਆ ਜਾਵੇ। ਤੁਹਾਡੇ ਹੀ ਬੱਚੇ ਹਨ, ਉਨ੍ਹਾਂ ਨੂੰ ਪਾਲਣਾ ਤੁਹਾਡੀ ਜ਼ਿੰਮੇਵਾਰੀ ਹੈ, ਪਰ ਇਹ ਕਦੇ ਵੀ ਨਾ ਸੋਚੋ ਕਿ ਉਹ ਤੁਹਾਡੇ ਵਾਂਗ ਹੀ ਸੋਚਣ!

ਆਪਣੇ ਰਿਸ਼ਤਿਆਂ 'ਚ 'ਅਸਹਿਮਤੀ' ਲਈ ਜਗ੍ਹਾ ਜ਼ਰੂਰ ਰੱਖੋ! ਅਜਿਹਾ ਕਰਨ ਨਾਲ ਅਸੁਖਾਵੇਂ ਮੌਕਿਆਂ ਤੋਂ ਬਚ ਸਕਦੇ ਓ, ਕਿਉਂਕਿ ਤੁਸੀਂ ਪਹਿਲਾਂ ਹੀ ਆਪਣੇ ਆਪ ਨੂੰ ਤਿਆਰ ਕੀਤਾ ਹੋਇਐ ਕਿ ਤੁਹਾਡੀ ਗੱਲ ਮੰਨੀ ਜਾਣੀ ਜ਼ਰੂਰੀ ਨਹੀਂ! ਤੁਹਾਡੇ ਘਰ ਦਾ ਮਾਹੌਲ ਇਸ ਕਰਕੇ ਨਹੀਂ ਵਿਗੜੇਗਾ ਕਿ ਤੁਹਾਡੇ ਘਰ ਨੂੰਹ ਆਈ ਹੈ, ਉਹ ਤੁਹਾਡੇ ਲੜਕੇ ਕਰਕੇ ਵਿਗੜੇਗਾ, ਜੋ ਤੁਹਾਡੀ ਪੈਦਾਵਾਰ ਹੈ। ਉਸ ਕੋਲ ਤੁਹਾਡੇ ਦਿੱਤੇ ਸੰਸਕਾਰ ਹਨ, ਨੂੰਹ ਦੇ ਆਉਂਦਿਆਂ ਹੀ ਜੇ ਉਹ ਬਦਲ ਗਿਆ ਹੈ ਤਾਂ ਕਸੂਰ ਨੂੰਹ ਦਾ ਨਹੀਂ। ਉਸ 'ਤੇ ਤੁਹਾਡੀ ਸ਼ਖਸੀਅਤ ਦਾ ਪਰਛਾਵਾਂ ਹੈ!

ਜਿਹੋ ਜਿਹਾ ਵਿਹਾਰ ਤੁਸੀਂ ਆਪਣੇ ਮਾਂ-ਬਾਪ ਨਾਲ ਕਰਦੇ ਰਹੇ ਓ, ਆਪਣੇ ਬੱਚੇ ਤੋਂ ਉਸ ਤੋਂ ਵੱਖਰੇ ਦੀ ਆਸ ਨਾ ਰੱਖੋ!

ਬਿਹਤਰੀ ਇਸੇ ਵਿਚ ਹੈ ਕਿ ਆਪਣੇ ਬੱਚਿਆਂ ਨਾਲ ਵਕਤ ਗੁਜ਼ਾਰੋ! ਉਨ੍ਹਾਂ ਦੀ ਸੁਣੋ, ਉਨ੍ਹਾਂ ਦੀਆਂ ਨਿੱਕੀਆਂ ਨਿੱਕੀਆਂ ਖੁਸ਼ੀਆਂ ਵਿਚ ਸ਼ਾਮਲ ਹੋਵੋ! ਧੀ-ਪੁੱਤ 'ਚ ਫਰਕ ਕਰਕੇ ਉਨ੍ਹਾਂ ਨੂੰ ਇੱਕ-ਦੂਜੇ ਦੇ ਸ਼ਰੀਕ ਨਾ ਬਣਾਓ! ਆਪਣੇ ਧੀਆਂ-ਪੁੱਤਰਾਂ ਨੂੰ ਘਰ ਵਿਚ ਆਪਣੀ ਮਾਂ, ਦਾਦਾ-ਦਾਦੀ, ਭੈਣਾਂ-ਭਰਾਵਾਂ ਨਾਲ ਆਦਰ-ਮਾਣ ਨਾਲ ਪੇਸ਼ ਆਉਣਾ ਸਿਖਾਓ ਤਾਂ ਕਿ ਉਹ ਘਰੋਂ ਬਾਹਰ ਇੱਕ ਵਧੀਆ ਇਨਸਾਨ ਦੇ ਰੂਪ 'ਚ ਵਿਚਰਨ!

ਪਰਿਵਾਰ ਦੀ ਹਰ ਸਮੱਸਿਆ ਦੇ ਹੱਲ 'ਚ ਆਪਣੇ ਧੀਆਂ-ਪੁੱਤਰਾਂ ਨੂੰ ਜ਼ਰੂਰ ਸ਼ਾਮਲ ਕਰੋ! ਉਨ੍ਹਾਂ ਨੂੰ ਜ਼ਿੰਮੇਵਾਰੀਆਂ ਵੰਡੋ, ਸੰਕਟ-ਨਿਵਾਰਨ ਦੀ ਜੁਗਤ ਸਿਖਾਓ ਤੇ ਉਨ੍ਹਾਂ ਤੋਂ ਵੀ ਸਮੇਂ ਦੇ ਹਾਣ ਦੀਆਂ ਨਵੀਆਂ ਜੁਗਤਾਂ ਸਿੱਖੋ! ਅਜਿਹਾ ਕਰਨ ਨਾਲ ਰਿਸ਼ਤਿਆਂ ਦੀ ਪਾਕੀਜ਼ਗੀ ਤਾਂ ਬਣੀ ਹੀ ਰਹੇਗੀ, ਇਨ੍ਹਾਂ ਦੀਆਂ ਨਸਾਂ 'ਚ ਸਿਹਤਮੰਦ ਸੰਵੇਦਨਾ ਦਾ ਸੰਚਾਰ ਵੀ ਹੋਵੇਗਾ!

ਧੀਆਂ ਨੂੰ ਘਰ 'ਚ ਉਨ੍ਹਾਂ ਦੀ ਬਣਦੀ ਥਾਂ ਦਿਓ, ਉਨ੍ਹਾਂ ਨੂੰ ਜ਼ਰੂਰ ਪੜ੍ਹਾਓ ਤੇ ਆਤਮ-ਨਿਰਭਰ ਬਣਨਾ ਸਿਖਾਓ, ਤਾਂ ਜੋ ਸਮਾਂ ਆਉਣ 'ਤੇ ਬੇਚਾਰੀਆਂ ਬਣਨ ਦੀ ਥਾਂ ਹਾਲਾਤ ਦਾ ਸਵੈ-ਭਰੋਸੇ ਨਾਲ ਸਾਹਮਣਾ ਕਰ ਸਕਣ!

ਮੁੱਕਦੀ ਗੱਲ ਕਿ ਰਿਸ਼ਤਿਆਂ ਦੇ ਮਾਲਕ ਨਹੀਂ, ਰਿਸ਼ਤਿਆਂ ਦੇ ਪਾਲਕ ਬਣੋ! ਆਪਣੇ ਕਿਰਦਾਰ ਤੋਂ ਉਲਟ ਆਪਣੀ ਔਲਾਦ ਤੋਂ ਆਸ ਕਰਨਾ ਬਾਬਾ ਫਰੀਦ ਦੇ ਇਸ ਕਥਨ ਵਾਂਗ ਹੀ ਹੈ, "ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ॥"

# ਸੋਚ ਦਾ ਡਿੱਗਦਾ ਪੱਧਰ

ਬਿਨਾ ਸੋਚੇ ਟਿੱਪਣੀਆਂ ਕਰਨ ਵਾਲੇ ਜਾਂ ਹਰ ਕਿਸੇ ਵਿਚ ਨੁਕਸ ਕੱਢਣ ਵਾਲੇ ਲੋਕ ਤਾਂ ਸ਼ਾਇਦ ਹਮੇਸ਼ਾ ਤੋਂ ਹੀ ਮੌਜੂਦ ਸਨ, ਪਰ ਸੋਸ਼ਲ ਮੀਡੀਆ ਦੇ ਦੌਰ ਨੇ ਉਨ੍ਹਾਂ ਨੂੰ ਬਹੁਤ ਵੱਡਾ ਪਲੇਟਫਾਰਮ ਮੁਹੱਈਆ ਕਰਵਾ ਦਿੱਤਾ ਹੈ। ਬੇਸ਼ੱਕ ਲੋਕਤੰਤਰ ਵਿਚ ਹਰੇਕ ਕੋਲ ਸੋਚ ਦੀ ਆਜ਼ਾਦੀ ਹੈ ਅਤੇ ਹਰੇਕ ਨੂੰ ਆਪਣਾ ਪੱਖ ਰੱਖਣ ਦਾ ਹੱਕ ਹੈ, ਪਰ ਆਪਣਾ ਪੱਖ ਰੱਖਣ ਵਾਸਤੇ ਵਰਤੀ ਗਈ ਸ਼ਬਦਾਵਲੀ ਸਾਡੀ ਸੋਚ ਦਾ ਪੱਧਰ ਤੈਅ ਕਰਦੀ ਹੈ। ਥੋੜਾ ਕੁ ਸਮਾਂ ਹੀ ਸੋਸ਼ਲ ਮੀਡੀਆ 'ਤੇ ਲਾ ਕੇ ਇਸ ਪੱਧਰ ਦਾ ਨਿਰੀਖਣ ਕੀਤਾ ਜਾ ਸਕਦਾ ਹੈ। ਅਸੀਂ ਭਾਵੇਂ ਕਿੰਨੇ ਵੀ ਰੁੱਝੇ ਹੋਈਏ, ਪਰਿਵਾਰ ਵਾਸਤੇ ਸਮਾਂ ਮਿਲੇ ਜਾਂ ਨਾ ਮਿਲੇ, ਪਰ ਸੋਸ਼ਲ

**ਪ੍ਰਿੰ. ਕੰਵਲਪ੍ਰੀਤ ਕੌਰ ਪੰਨੂ**

ਮੀਡੀਆ ਸਾਡੀ ਜ਼ਿੰਦਗੀ ਦੀ ਇੱਕ ਲੋੜ ਬਣ ਗਿਆ ਹੈ।

ਗਾਇਕ ਪ੍ਰੀਤ ਹਰਪਾਲ ਦੀ ਇਕ ਵੀਡੀਓ ਬਹੁਤ ਵਾਇਰਲ ਹੋ ਗਈ, ਜਿਸ ਵਿਚ ਉਹ ਗਾ ਰਿਹਾ ਸੀ, "ਨਵੀਂ ਭਸੂੜੀ ਪਾ'ਤੀ ਬਾਬੇ ਨਾਨਕ ਨੇ, ਕਰੋਨਾ-ਕਰੋਨਾ ਕਰਾ'ਤੀ ਬਾਬੇ ਨਾਨਕ ਨੇ।" ਹਾਲੇ ਵੀਡੀਓ ਪਾਈ ਨੂੰ ਸ਼ਾਇਦ ਕੁਝ ਹੀ ਸਮਾਂ ਹੋਇਆ ਹੋਵੇਗਾ ਕਿ ਲੋਕਾਂ ਨੇ ਉਸ 'ਤੇ ਆਪਣੀ ਭੜਾਸ ਕੱਢਣੀ ਸ਼ੁਰੂ ਕਰ ਦਿੱਤੀ। ਚਲੋ ਮੰਨ ਲਿਆ ਜਾਵੇ ਕਿ ਪ੍ਰੀਤ ਹਰਪਾਲ ਨੇ ਗਲਤ ਗਾਇਆ ਤੇ ਇਸ ਦੇ ਨਾਲ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੀ, ਪਰ ਕੀ ਬਾਬਾ ਨਾਨਕ ਚਾਹੇਗਾ ਕਿ ਉਸ ਦੇ ਬੰਦੇ ਇੰਨੀ ਘਟੀਆ ਸ਼ਬਦਾਵਲੀ ਵਰਤਣ। ਪਤਾ ਨਹੀਂ ਕਿ ਸੋਚ ਦਾ ਪੱਧਰ ਕਿਉਂ ਇੰਨਾ ਗਿਰ ਜਾਂਦਾ ਹੈ ਕਿ ਅਸੀਂ ਸੋਚਦੇ ਹੀ ਨਹੀਂ, ਲਿਖ ਕੀ ਰਹੇ ਹਾਂ ਤੇ ਜਿਸ ਬਾਰੇ ਲਿਖ ਰਹੇ ਹਾਂ, ਉਸ 'ਤੇ ਕੀ ਅਸਰ ਹੋਵੇਗਾ!

ਲੱਗਦੇ ਹੱਥ ਕੁਝ ਮੀਡੀਆ ਅਦਾਰਿਆਂ ਦੀ ਜ਼ਿੰਮੇਵਾਰੀ 'ਤੇ ਵੀ ਨਿਗ੍ਹਾ ਮਾਰ ਲਈਏ। ਜੋ ਕੁਝ ਪੜ੍ਹਨ-ਸੁਣਨ ਨੂੰ ਮਿਲਿਆ, ਉਹ ਇਹ ਕਿ ਪ੍ਰੀਤ ਹਰਪਾਲ ਨੇ ਜਦ ਵੇਖਿਆ ਕਿ ਲੋਕ ਗਲਤ ਟਿੱਪਣੀਆਂ ਕਰ ਰਹੇ ਹਨ, ਉਸ ਨੇ ਵੀਡੀਓ ਨੂੰ ਸੋਸ਼ਲ ਮੀਡੀਆ ਤੋਂ ਹਟਾ ਦਿੱਤਾ, ਪਰ ਕੁਝ ਚੈਨਲਾਂ 'ਤੇ ਇਹ ਵੀਡੀਓ ਪੂਰਾ ਮਿਰਚ ਮਸਾਲਾ ਲਾ ਕੇ ਟਿੱਪਣੀਆਂ ਦੇ ਨਾਲ ਵਿਖਾਈ ਗਈ, ਜਿਵੇਂ ਪੰਜਾਬ ਵਿਚ ਸਭ ਮਸਲੇ ਹੱਲ ਹੋ ਗਏ ਹੋਣ ਤੇ ਸਿਰਫ ਆਹ ਇੱਕ ਮਸਲਾ ਅਧੂਰਾ ਬਚਿਆ ਹੋਵੇ। ਜਦੋਂ ਚੈਨਲ ਵਾਲੇ ਸਿਰਲੇਖ ਹੀ ਕੁਝ ਇੰਦਾਂ ਦਾ ਲਿਖਣਗੇ ਕਿ "ਗਾਇਕ ਪ੍ਰੀਤ ਹਰਪਾਲ ਦੀ ਕਰਤੂਤ; ਗੁਰੂ ਨਾਨਕ ਦੇਵ ਜੀ 'ਤੇ ਕੀਤੀ ਗਲਤ ਟਿੱਪਣੀ", ਤਾਂ ਸਾਡੀ ਨੌਜਵਾਨ ਪੀੜ੍ਹੀ, ਜੋ ਪਹਿਲੇ ਹੀ ਕੁਝ ਸੋਚਣ, ਵਿਚਾਰਨ ਤੋਂ ਹੀ ਬਿਨਾ ਮੰਦੀ ਸ਼ਬਦਾਵਲੀ ਸ਼ੁਰੂ ਕਰ ਦਿੰਦੀ ਹੈ, ਉਨ੍ਹਾਂ ਨੂੰ ਹੋਰ ਭੜਕਾਉਣ ਵਿਚ ਇਹੋ ਜਿਹੇ ਸਿਰਲੇਖ ਵੀ ਜ਼ਿੰਮੇਵਾਰ ਹੁੰਦੇ ਹਨ। ਜਦੋਂ ਤੋਂ ਕਰੋਨਾ ਵਾਇਰਸ ਆਇਆ, ਵੱਡੀ ਗਿਣਤੀ ਵਿਚ ਲੋਕਾਂ ਨੇ ਇਸ ਨੂੰ ਕੁਦਰਤ ਨਾਲ ਜੋੜਿਆ। ਭਾਵੇਂ ਕਹਿਣ ਦੇ ਤਰੀਕੇ ਵੱਖ-ਵੱਖ ਸਨ, ਪਰ ਨਿਚੋੜ ਇਹੀ ਨਿਕਲਦੇ ਸੀ ਕਿ "ਅਸੀਂ ਜੋ ਕੁਦਰਤ ਨਾਲ ਖਿਲਵਾੜ ਕੀਤਾ, ਉਸ ਦਾ ਨਤੀਜਾ ਭੁਗਤ ਰਹੇ ਹਾਂ ਅਤੇ ਕੁਦਰਤ ਨੇ ਸਾਨੂੰ ਅੰਦਰ ਬੰਦ ਕਰ ਦਿੱਤਾ ਹੈ।" ਮੇਰੀ ਸਮਝ ਮੁਤਾਬਿਕ ਪ੍ਰੀਤ ਹਰਪਾਲ ਨੇ ਵੀ ਬਾਕੀ ਲੋਕਾਂ ਵਾਂਗ ਕੁਝ ਇੰਦਾਂ ਹੀ ਕਹਿ ਦਿੱਤਾ ਤੇ ਇੱਕ ਮਸਲਾ ਖੜਾ ਹੋ ਗਿਆ। ਗੱਲ ਫਿਰ ਸਾਡੀ ਸੋਚ ਦੇ ਪੱਧਰ 'ਤੇ ਆ ਮੁੱਕਦੀ ਹੈ।

ਹੁਣ ਜੇ ਮੰਦੀ ਸ਼ਬਦਾਵਲੀ ਦੀ ਗੱਲ ਚੱਲੀ ਹੈ ਤਾਂ ਅਸੀਂ ਕੇ. ਐਸ. ਮੱਖਣ ਦੀ ਵੀ ਗੱਲ ਕਰ ਹੀ ਲਈਏ। ਇਹ ਗਾਇਕ ਵੀ ਵੱਖ-ਵੱਖ ਸਮੇਂ 'ਤੇ ਚਰਚਾ ਵਿਚ ਰਹਿੰਦਾ ਹੈ। ਉਸ ਨੇ ਜੋ ਵੀ ਕੀਤਾ, ਉਹ ਸਹੀ ਹੈ ਜਾਂ ਗਲਤ, ਉਸ 'ਤੇ ਪ੍ਰਤੀਕ੍ਰਿਆ ਦੇਣੀ ਬਣਦੀ ਹੈ, ਪਰ ਪ੍ਰਤੀਕ੍ਰਿਆ ਦਿੰਦੇ ਸਮੇਂ ਆਪਣਾ ਮਿਆਰ ਤਾਂ ਨੀਵਾਂ ਨਾ ਕਰੋ। ਅਸੀਂ ਇਨਸਾਨ ਹੈ ਤੇ ਇਨਸਾਨੀਅਤ ਦੇ ਨਾਤੇ ਸਾਡੀਆਂ ਵੀ ਕੁਝ ਤਾਂ ਜ਼ਿੰਮੇਵਾਰੀਆਂ ਬਣਦੀਆਂ ਨੇ! ਸਾਡੇ ਸਮਾਜ ਵਿਚ ਮੰਨਿਆ ਜਾਂਦਾ ਹੈ ਕਿ ਇਨਸਾਨ ਗਲਤੀਆਂ ਦਾ ਪੁਤਲਾ ਹੈ। ਇਸ ਕਰਕੇ ਜੇ ਕਿਸੇ ਤੋਂ ਕੋਈ ਗਲਤੀ ਹੋ ਜਾਵੇ ਤਾਂ ਕੀ ਉਸ ਨੂੰ ਕੋਈ ਚੰਗੀ ਸ਼ਬਦਾਵਲੀ ਵਿਚ ਸੁਝਾਅ ਦੇ ਕੇ ਸੁਧਾਰਨ ਲਈ ਪ੍ਰੇਰਿਤ ਕਰਨਾ ਸਾਡਾ ਫਰਜ਼ ਹੈ ਜਾਂ ਇਹ ਠੀਕ ਹੋਵੇਗਾ ਕਿ ਅਸੀਂ ਉਸ ਨੂੰ ਗਾਲ੍ਹਾਂ ਕੱਢ-ਕੱਢ ਜਾਂ ਦੋਸ਼ ਲਾ-ਲਾ ਕੇ ਇੰਨਾ ਕੁ ਨਿਰਾਸ਼ ਕਰ ਦੇਈਏ ਕਿ ਉਹ ਕੁਝ ਗਲਤ ਕਰ ਬੈਠੇ। ਇੰਨਾ ਕੁ ਤਾਂ ਯਾਦ ਰੱਖਣਾ ਚਾਹੀਦਾ ਹੈ ਕਿ ਗਲਤੀਆਂ ਤਾਂ ਅਸੀਂ ਸਾਰੇ ਹੀ ਕਰਦੇ ਹਾਂ। ਅਸੀਂ ਆਪਣੀ ਗਲਤੀ ਲਈ ਤਾਂ ਖੁਦ ਹੀ ਵਕੀਲ ਬਣ ਜਾਂਦੇ ਹਾਂ, ਪਰ ਦੂਜੇ ਦੀ ਗਲਤੀ ਲਈ ਜੱਜ ਬਣ ਕੇ ਫੈਸਲਾ ਸੁਣਾਉਣ ਲੱਗ ਪੈਂਦੇ ਹਾਂ।

ਅੱਜ-ਕੱਲ੍ਹ ਜ਼ਿੰਦਗੀ ਇੰਨੀ ਕੁ ਰੁਝੇਵਿਆਂ ਭਰੀ ਅਤੇ ਤਣਾਅਪੂਰਨ ਹੈ ਕਿ ਆਪਣਿਆਂ ਵਾਸਤੇ ਸਮਾਂ ਨਹੀਂ ਹੈ। ਕਈ ਵਾਰ ਤਾਂ ਲਗਦਾ ਕਿ ਹਰ ਬੰਦਾ ਇੰਨਾ ਦੁਖੀ ਹੈ ਕਿ ਉਹ ਦੂਜਿਆਂ 'ਤੇ ਹੀ ਭੜਾਸ ਕੱਢਦਾ ਹੈ ਤੇ ਕੋਈ ਵਿਵਾਦਾਂ ਨਾਲ ਜੁੜਿਆ ਮੁੱਦਾ ਉਨ੍ਹਾਂ ਨੂੰ ਮੌਕਾ ਦੇ ਦਿੰਦਾ ਹੈ, ਰੱਜ ਕੇ ਭੜਾਸ ਕੱਢਣ ਲਈ। ਇਕ ਹੋਰ ਮਿਸਾਲ ਦੇਣੀ ਬਣਦੀ ਹੈ। ਪਿਛਲੇ ਦਿਨੀਂ ਗਾਇਕ ਦਲਜੀਤ ਢਿੱਲੋਂ ਅਤੇ ਅੰਬਰ ਦੀ ਆਪਸੀ ਲੜਾਈ ਵਿਚ ਲੋਕਾਂ ਨੇ ਬਹੁਤ ਵਧ-ਚੜ੍ਹ ਕੇ ਹਿੱਸਾ ਲਿਆ। ਸਿਰਫ ਕੁਝ ਕੁ ਹੀ ਟਿੱਪਣੀਆਂ ਮਿਲੀਆਂ, ਜਿਸ ਵਿਚ ਕੁਝ ਚੰਗੀ ਸੋਚ ਵਾਲੇ ਲੋਕਾਂ ਨੇ ਮਸਲਾ ਘਰ ਅੰਦਰ ਬੈਠ ਕੇ ਸੁਲਝਾਉਣ ਦੀ ਸਲਾਹ ਦਿੱਤੀ, ਪਰ ਬਹੁਤਿਆਂ ਨੇ ਆਪਣੇ ਫੈਸਲੇ ਹੀ ਸੁਣਾ ਦਿੱਤੇ। ਹੁਣ ਤੁਸੀਂ ਸੋਚੋ ਕਿ ਲੜਾਈ ਕਿਸ ਘਰ ਵਿਚ ਨਹੀਂ ਹੁੰਦੀ? ਸਮੱਸਿਆਵਾਂ ਕਿੱਥੇ ਨਹੀਂ ਹਨ? ਐਵੇਂ ਕਿਸੇ ਦੀ ਗੱਲ ਨੂੰ ਇੰਨਾ ਵਧਾ ਦੇਣਾ ਠੀਕ ਨਹੀਂ।



ਗਾਇਕ ਪ੍ਰੀਤ ਹਰਪਾਲ ਅਕਾਲ ਤਖਤ ਵਿਖੇ ਪੱਤਰ ਸੌਂਪ ਕੇ ਮੁਆਫੀ ਮੰਗਦਾ ਹੋਇਆ

ਜਿਵੇਂ ਹਰ ਛੋਟੇ-ਵੱਡੇ ਮਸਲੇ ਬਾਰੇ ਸੋਸ਼ਲ ਮੀਡੀਆ 'ਤੇ ਇਕ ਜੰਗ ਛਿੜ ਜਾਂਦੀ ਹੈ, ਇਸ 'ਤੇ ਫਿਲਮ 'ਮੁੰਨਾ ਭਾਈ ਐਮ. ਬੀ. ਬੀ. ਐਸ.' ਵਿਚ ਬੋਲਿਆ ਸੁਨੀਲ ਦੱਤ ਦਾ ਇਕ ਸੰਵਾਦ ਖੂਬ ਢੁਕਦਾ ਹੈ, ਜਿਸ ਵਿਚ ਸਟੇਸ਼ਨ 'ਤੇ ਉਨ੍ਹਾਂ ਦੀ ਜੇਬ ਵਿਚੋਂ ਕੋਈ ਬਟੂਆ ਚੋਰੀ ਕਰਨ ਲਗਦਾ ਤਾਂ ਸਭ ਉਸ ਚੋਰ ਨੂੰ ਕੁੱਟਣ ਲੱਗ ਪੈਂਦੇ ਹਨ, ਇਸ 'ਤੇ ਸੁਨੀਲ ਦੱਤ ਬੋਲਦੇ ਹਨ, "ਇਹ ਸਾਡੇ ਦੇਸ਼ ਦੀ ਜਨਤਾ ਹੈ, ਕੋਈ ਆਪਣੀ ਬੀਵੀ ਨਾਲ ਲੜ ਕੇ ਆਇਆ, ਕਿਸੇ ਦਾ ਬੇਟਾ ਉਸ ਦੀ ਗੱਲ ਨਹੀਂ ਸੁਣਦਾ, ਕਿਸੇ ਨੂੰ ਆਪਣੇ ਗੁਆਂਢੀ ਦੀ ਤਰੱਕੀ ਤੋਂ ਸਾੜਾ ਹੈ, ਕੋਈ ਮਕਾਨ ਮਾਲਕ ਦੇ ਮਿਹਣੇ ਸੁਣ ਕੇ ਆਇਆ, ਸਰਕਾਰ ਦੇ ਭ੍ਰਿਸ਼ਟਾਚਾਰ ਤੋਂ ਲੈ ਕੇ ਕ੍ਰਿਕਟ ਟੀਮ ਦੀ ਹਾਰ ਤੱਕ ਹਰ ਗੱਲ 'ਤੇ ਨਾਰਾਜ਼ਗੀ ਹੈ, ਪਰ ਕਿਸੇ ਦੇ ਮੂੰਹ ਵਿਚੋਂ ਅਵਾਜ਼ ਨਹੀਂ ਨਿਕਲਦੀ, ਇਹ ਸਾਰਾ ਗੁੱਸਾ ਤੇਰੇ 'ਤੇ ਕੱਢਣਗੇ।" ਸਾਨੂੰ ਸਿਰਫ ਇਕ ਮੁੱਦਾ ਚਾਹੀਦਾ ਹੁੰਦਾ। ਟਿੱਪਣੀ ਕਰਨਾ ਅਤੇ ਆਪਣੀ ਪ੍ਰਤੀਕ੍ਰਿਆ ਦੇਣੀ ਮਾੜੀ ਗੱਲ ਨਹੀਂ; ਮਾੜਾ ਹੈ, ਮੰਦੀ ਸ਼ਬਦਾਵਲੀ ਦੀ ਵਰਤੋਂ।

ਪਿਛਲੇ ਕੁਝ ਸਮੇਂ ਤੋਂ ਕੁਝ ਇਮਾਨਦਾਰ, ਨਿਡਰ, ਸੱਚੇ ਤੇ ਕਾਬਲ ਪੱਤਰਕਾਰਾਂ ਖਿਲਾਫ ਵੀ ਕੁਝ ਮੰਦੇ ਲਫਜ਼ ਪੜ੍ਹ ਕੇ ਦਿਲ ਬਹੁਤ ਦੁਖੀ ਹੋਇਆ। ਕੁਝ ਗਿਣਤੀ ਦੇ ਹੀ ਲੋਕ ਹਨ, ਜੋ ਸੱਚ ਨੂੰ ਸਾਹਮਣੇ ਲੈ ਕੇ ਆਉਂਦੇ ਹਨ ਤੇ ਜੇ ਅਸੀਂ ਉਨ੍ਹਾਂ 'ਤੇ ਵੀ ਗਲਤ ਟਿੱਪਣੀਆਂ ਕਰਾਂਗੇ ਤਾਂ ਸ਼ਾਇਦ ਅਸੀਂ ਉਨ੍ਹਾਂ ਦੇ ਚੰਗਾ ਕੰਮ ਕਰਨ ਵਿਚ ਰੁਕਾਵਟ ਬਣ ਜਾਈਏ। ਲੋੜ ਹੈ, ਆਪਣੇ ਅੰਦਰ ਝਾਤੀ ਮਾਰਨ ਦੀ। ਸ਼ਾਇਦ ਅਸੀਂ ਆਪਣਾ ਇਤਿਹਾਸ ਭੁੱਲੀ ਬੈਠੇ ਹਾਂ ਕਿ ਅਸੀਂ ਪੰਜਾਬੀ ਸੂਰਬੀਰ, ਯੋਧਿਆਂ ਦੀ ਕੌਮ ਹਾਂ, ਜੋ ਹਰ ਰੋਜ਼ 'ਮਨ ਨੀਵਾਂ ਤੇ ਮੱਤ ਉਚੀ' ਦੀ ਅਰਦਾਸ ਕਰਦੇ ਹਾਂ। ਆਓ, ਆਪਣੇ ਗੁਰੂਆਂ ਦੀ ਸਿੱਖਿਆ ਨੂੰ ਚੇਤੇ ਕਰੀਏ, ਆਪਣਾ ਇਤਿਹਾਸ ਪੜ੍ਹੀਏ ਤੇ ਵਿਚਾਰ ਕੇ ਆਪਣੇ ਆਪ ਨੂੰ ਉਚੀ ਮੱਤ ਵਾਲੇ ਬਣਾਈਏ।

# ਲੋਕ ਕਵੀ ਬਲਵੰਤ ਸਿੰਘ 'ਗਜਰਾਜ' ਦੇ 'ਐਂਟੀਕ੍ਰਪਸ਼ਨ ਬੋਰਡ' ਜਿਹੇ ਬੋਲ

"ਮੇਰਾ ਦੇਸ਼ ਬਹਿਸ਼ਤੋਂ ਚੰਗਾ,
ਜਿੱਥੇ ਘਰ-ਘਰ ਵਿਚ ਨਵਾਬੀ।
ਬੰਦੇ ਸੋਹਣੇ, ਮਿੱਠੀ ਬੋਲੀ,
ਬੋਲਣ ਨਿੱਤ ਪੰਜਾਬੀ।"

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਗੌਰਵ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕਰਦੇ ਇਹ ਸ਼ਾਨਾਂਮੱਤੇ ਸ਼ਬਦ ਉਸ ਪ੍ਰਸਿੱਧ ਲੋਕ ਕਵੀ ਬਲਵੰਤ ਸਿੰਘ ਗਜਰਾਜ (1890-1970) ਦੀ ਰਚਨਾ ਹਨ, ਜਿਸ ਨੇ ਬਾਬੂ ਫਿਰੋਜ਼ ਦੀਨ ਸ਼ਰਫ, ਉਸਤਾਦ ਗਾਮ, ਗਿਆਨੀ ਰਘਬੀਰ ਸਿੰਘ ਬੀਰ ਅਤੇ ਗਿਆਨੀ ਗੁਰਮੁਖ ਸਿੰਘ ਮੁਸਾਫਰ ਜੈਸੇ ਮੰਨੇ-ਪ੍ਰਮੰਨੇ ਕਵੀਆਂ ਦੀ ਸੰਗਤ ਵਿਚ 55 ਸਾਲ ਤੋਂ ਵੀ ਵੱਧ ਸਮਾਂ ਸਟੇਜ ਰਾਹੀਂ ਪੰਜਾਬੀ ਬੋਲੀ ਦੀ ਭਰਪੂਰ ਸੇਵਾ ਕੀਤੀ। ਉਤਮ ਦਰਜੇ ਦੀ ਇਸ ਸੇਵਾ ਕਰਕੇ ਉਨ੍ਹਾਂ ਨੂੰ ਵਿਸ਼ਾਲ ਕਵੀ ਦਰਬਾਰਾਂ ਵਿਚ ਸੋਨੇ ਦੇ ਕਈ ਤਮਗੇ, 'ਕਵੀ ਰਾਜ' ਅਤੇ 'ਪੰਜਾਬੀ ਬੁਲਬੁਲ'



ਰੂਪਇੰਦਰ ਸਿੰਘ (ਫੀਲਖਾਨਾ)
ਫੋਨ: 91-78891-86603

ਜੈਸੀਆਂ ਮਹਾਨ ਉਪਾਧੀਆਂ ਤੋਂ ਇਲਾਵਾ 1955 ਵਿਚ ਮਹਿਕਮਾ ਪੰਜਾਬੀ, ਪੈਪਸੂ ਸਰਕਾਰ ਵੱਲੋਂ 'ਸ਼੍ਰੋਮਣੀ ਸਾਹਿਤਕਾਰ' ਦੇ ਪੁਰਸਕਾਰ ਨਾਲ ਵੀ ਸਨਮਾਨਿਆ ਗਿਆ। ਉਹ ਪਟਿਆਲਾ ਰਿਆਸਤ ਦੇ ਸ਼ਾਹੀ ਦਰਬਾਰ ਦੇ ਵੀ 'ਰਾਜ-ਕਵੀ' ਸਨ।

ਸ. ਗਜਰਾਜ ਨੇ ਆਪਣੀ ਰਚਨਾ ਰਾਹੀਂ ਸਮਾਜ ਦੇ ਹਰ ਰੰਗ ਨੂੰ ਬੜੇ ਢੁਕਵੇਂ ਰਸ ਵਿਚ ਬੜੀ ਪ੍ਰਬੀਨਤਾ ਨਾਲ ਪੇਸ਼ ਕੀਤਾ। ਠੇਠ ਮੁਹਾਵਰੇਦਾਰ ਬੋਲੀ ਵਿਚ ਉਨ੍ਹਾਂ ਦੇ ਆਖੇ ਗਏ ਸ਼ਬਦ ਸਰੋਤਿਆਂ ਦੇ ਦਿਲਾਂ 'ਤੇ ਸਿੱਧਾ ਅਸਰ ਕਰਦੇ। ਸਮਾਜ ਵਿਰੋਧੀ ਤੱਤਾਂ ਦਾ ਭਾਂਡਾ ਚੌਰਾਹੇ ਭੰਨਣ ਵਾਲੇ ਅਤੇ ਭ੍ਰਿਸ਼ਟਾਚਾਰੀ, ਅਮੀਰਾਂ, ਵਜ਼ੀਰਾਂ ਤੇ ਅਫਸਰਾਂ ਦੀ ਚੰਗੀ ਤਰ੍ਹਾਂ ਖੁੰਭ ਠੱਪਣ ਵਾਲੇ ਉਨ੍ਹਾਂ ਦੇ ਬੋਲ ਲੋਕਾਂ ਨੂੰ ਬਹੁਤ ਪਸੰਦ ਸਨ। ਉਨ੍ਹਾਂ ਵੱਲੋਂ ਰਸਦਾਇਕ ਢੰਗ ਨਾਲ ਬਿਆਨੇ ਗਏ ਸੱਚੇ-ਸੁੱਚੇ ਬੋਲ ਬੜੇ ਸਹਿਜੇ ਹੀ ਲੋਕਾਂ ਦੇ ਚੇਤੇ ਵਿਚ ਵੱਸ ਜਾਇਆ ਕਰਦੇ। ਚੋਣਾਂ ਮੌਕੇ ਨੇਤਾ ਚੁਣਨ ਤੋਂ ਪਹਿਲਾਂ ਲੋਕਾਂ ਨੂੰ ਖਬਰਦਾਰ ਕਰਦਿਆਂ ਉਹ ਲਿਖਦੇ ਹਨ,

ਵਾਰ ਝੱਲਣੇ ਪੈਂਦੇ ਦੁਲੱਤਿਆਂ ਦੇ,
ਜੇਕਰ ਕੁਰਸੀ ਬਹਾਲੀਏ ਖੋਤਿਆਂ ਨੂੰ।
ਭਾਵੇਂ ਮੱਕੇ ਮਦੀਨੇ 'ਚ ਫਿਰਨ ਭਾਉਂਦੇ,
ਹਾਜੀ ਕਿਹਾ ਨਹੀਂ ਕਿਸੇ ਨੇ ਬੋਤਿਆਂ ਨੂੰ।
ਸਿੰਮਲ ਰੁੱਖ ਨਹੀਂ ਕਿਸੇ ਨੂੰ ਫਲ ਦਿੰਦੇ,
ਚੰਗੇ ਲੱਗਦੇ ਨੇ ਦੂਰੋਂ ਖਲੋਤਿਆਂ ਨੂੰ।
ਇਕ ਮਿੰਟ ਅੰਦਰ ਅੱਖਾਂ ਫੇਰ ਲੈਂਦੇ,
ਭਾਵੇਂ ਲੱਖ ਚੂਰੀ ਚਾਰੋ ਤੋਤਿਆਂ ਨੂੰ।

ਆਪਣੀ ਨਾਲਾਇਕੀ ਕਾਰਨ ਇਕ ਸ਼ੋਭਾਮਈ ਕੁਰਸੀ ਦੀ ਸ਼ਾਨ ਨੂੰ ਫਿੱਕਾ ਕਰਨ ਵਾਲੇ ਅਮੀਰ-ਵਜ਼ੀਰ 'ਤੇ ਨਿਸ਼ਾਨਾ ਸਾਧਦਿਆਂ ਉਨ੍ਹਾਂ ਕੁਝ ਅਜਿਹੀ ਸ਼ਾਬਦਿਕ ਦੀ ਬੰਬਾਰੀ ਕਰਦਿਆਂ ਭੋਰਾ ਢਿੱਲ ਨਹੀਂ ਸੀ ਕੀਤੀ,

ਮੂਰਖ ਬੈਠਾ ਤਖਤ 'ਤੇ, ਪਿਆ ਢੋਲ ਵਜਾਵੇ।
ਰਾਜ-ਕਾਜ ਕੀ ਜਾਣਦਾ,
ਪਿਆ ਕਲੀਆਂ ਲਾਵੇ।
ਬਾਂਦਰ ਦਾ ਬਾਂਦਰ ਰਹੇ, ਸੌ ਤੀਰਥ ਨ੍ਹਾਵੇ।
ਗਧਾ ਨਾ ਹਾਜੀ ਹੋਂਵਦਾ, ਚਾਹੇ ਮੱਕੇ ਜਾਵੇ।
ਗੰਗਾ ਰਿੱਛ ਨੁਵਾਈਐ, ਪਿਆ ਖੌਰੂ ਪਾਵੇ।

ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ ਨੇ ਆਪ ਬਾਰੇ ਇਕ ਵਾਰ ਠੀਕ ਹੀ ਲਿਖਿਆ ਸੀ, "ਮੈਂ ਨਿਰਸੰਦੇਹ ਆਖ ਸਕਦਾ ਹਾਂ ਕਿ ਗਜਰਾਜ ਜੀ ਸਾਡੀਆਂ ਫੁਲਕੀਆਂ ਰਿਆਸਤਾਂ ਦਾ ਮਾਨ ਅਤੇ ਪੂਰਨ ਸਨਮਾਨਯੋਗ ਹਨ। ਕਰਤਾਰ ਕਿਰਪਾ ਕਰਕੇ ਇਸ ਸਤਯ-ਪ੍ਰੇਮੀ ਕਵੀ ਨੂੰ ਵੱਡੀ ਉਮਰ ਤੇ ਸੁਖ ਸੰਪਦਾ ਪ੍ਰਦਾਨ ਕਰੇ।" ਸਚਮੁੱਚ ਹੀ ਸ. ਗਜਰਾਜ ਬੜੇ ਆਜ਼ਾਦ ਤਬੀਅਤ, ਸੱਚੇ-ਸੁੱਚੇ, ਸਾਫਗੋ ਤੇ ਦਲੇਰ ਪੁਰਸ਼ ਸਨ। ਭ੍ਰਿਸ਼ਟਾਚਾਰੀ ਤੇ ਦੰਭੀ ਤਾਂ ਉਨ੍ਹਾਂ ਨੂੰ ਜ਼ਹਿਰ ਦਿਖਾਈ ਦਿੰਦੇ ਸਨ ਅਤੇ ਅਜਿਹੇ ਲੋਕਾਂ ਦੀ ਤੁਰੰਤ ਦਿਬਰੀ-ਟਾਈਟ ਕਰਨ ਵਿਚ ਉਹ ਬਹੁਤ ਤਸੱਲੀ ਮਹਿਸੂਸ ਕਰਦੇ ਸਨ। 'ਜਾਗ੍ਰਤੀ' ਦੇ ਜੂਨ 1965 ਦੇ ਅੰਕ (ਪੰਨਾ-15) ਵਿਚ ਉਨ੍ਹਾਂ ਦੇ ਇਸੇ ਗੁਣ ਸਬੰਧੀ ਸ਼੍ਰੋਮਣੀ ਪੱਤਰਕਾਰ ਤੇ ਆਪਣੇ ਸਮੇਂ ਦੇ ਮੰਨੇ-ਪ੍ਰਮੰਨੇ ਵਿਅੰਗਕਾਰ ਸ. ਸੂਬਾ ਸਿੰਘ ਇਉਂ ਲਿਖਦੇ ਹਨ, "ਉਹ ਧੱਕਾ, ਸੀਨਾਜ਼ੋਰੀ, ਪਾਖੰਡ, ਦੰਭ, ਲਿਹਾਜ਼ਕਾਰੀਆਂ ਅਤੇ ਵੱਢੀਖੋਰੀਆਂ ਨੂੰ ਜਰ ਹੀ ਨਹੀਂ ਸਕਦੇ। ਉਹ ਅਜਿਹੇ ਲੋਕਾਂ ਨੂੰ ਵੇਖਦਿਆਂ ਸਾਰ ਹੀ ਐਸੀ ਚੋਟ ਕਰਨਗੇ ਕਿ ਸੱਟ ਖਾਣ ਵਾਲਾ 6 ਮਹੀਨੇ ਖੋਪਰੀ ਮਲਦਾ ਤੇ ਲਹੂ ਥੁੱਕਦਾ ਫਿਰੇ।"



ਇਕ ਵਾਰੀ ਪਟਿਆਲੇ ਦੇ ਕਿਸੇ ਟਰੈਫਿਕ ਸੁਪਰਡੈਂਟ, ਜੋ ਜਾਤ ਦਾ ਸੱਕਾ ਸੀ, ਨੇ ਆਪਣੀਆਂ ਜ਼ਿਆਦਤੀਆਂ ਨਾਲ ਲੋਕਾਂ ਦੇ ਨੱਕ ਵਿਚ ਦਮ ਕਰ ਦਿੱਤਾ ਸੀ। ਜਿਉਂ ਹੀ ਸ. ਗਜਰਾਜ ਨੂੰ ਇਸ ਬਾਰੇ ਜਾਣਕਾਰੀ ਹੋਈ, ਉਸੇ ਵਕਤ ਇਹ ਮਾਰਖੋਰੀ ਤੁਕਬੰਦੀ ਕਰਕੇ ਉਸ ਭੂਸਰੇ ਹੋਏ ਅਫਸਰ ਦੀ ਸੂਰਤ ਟਿਕਾਣੇ ਲਿਆ ਦਿੱਤੀ,

ਹੁਣ ਤੇ ਮਾਸ਼ਕੀ ਵੀ ਆਕੜਖਾਨ ਹੋ ਗਏ,
ਭੁੱਲ ਗਏ ਨੇ ਮਸ਼ਕਾਂ ਦੇ ਧੱਕਿਆਂ ਨੂੰ।
ਜੈਸਾ ਗੁੰਡਾ ਸੀ, ਵੈਸਾ ਹੀ ਕੰਮ ਮਿਲਿਆ,



ਫੜ੍ਹੋ ਤਾਂਗੇ, ਰਿਕਸ਼ੇ ਤੇ ਯੱਕਿਆਂ ਨੂੰ।
ਭਲਾ ਬਾਂਦਰ ਨੂੰ ਟੋਪੀ ਬਨਾਤ ਦੀ ਕੀ,
ਕੁਰਸੀ ਸਜਦੀ ਨਹੀਂ ਚੋਰਾਂ ਉਚੱਕਿਆਂ ਨੂੰ।
ਹੁਣ ਤਾਂ ਪਟਿਆਲੇ 'ਚ
ਰਹਿਣਾ ਦੁਸ਼ਵਾਰ ਹੋ ਗਿਆ,
ਸੁਪਰਡੰਟੀਆਂ ਮਿਲ ਗਈਆਂ ਸੱਕਿਆਂ ਨੂੰ।

ਸ. ਗਜਰਾਜ ਦੇ ਜੀਵਨ ਸਬੰਧੀ ਸੰਨ 1955 ਵਿਚ ਮਹਿਕਮਾ ਪੰਜਾਬੀ ਪਟਿਆਲਾ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਪੁਸਤਕ ਦੇ ਕਰਤਾ ਪ੍ਰੋ. ਪਿਆਰਾ ਸਿੰਘ ਪਦਮ ਅਨੁਸਾਰ, "ਅਜਿਹੀ ਰਚਨਾ ਦੀ ਕੀਮਤ ਤਾਂ ਭਾਵੇਂ ਵਕਤੀ ਹੀ ਹੁੰਦੀ ਹੈ, ਪਰ ਇਕ ਵਾਰ ਤਾਂ ਧਮਾਕੇਦਾਰ ਗੋਲਾ ਬਣ ਕੇ ਵਰ੍ਹਦੀ ਤੇ ਦੋਖੀ ਸੁਧਾਰ ਲਈ 'ਐਂਟੀਕ੍ਰਪਸ਼ਨ ਬੋਰਡ' ਜਿਹਾ ਕੰਮ ਕਰਦੀ ਹੈ।"

ਇਕ ਵਾਰ ਕਿਸੇ ਜ਼ਰੂਰੀ ਕੰਮ ਲਈ ਸ. ਗਜਰਾਜ ਕਿਸੇ ਦਫਤਰ ਪੁੱਜੇ। ਅਫਸਰ ਢੂੰਡਿਆਂ ਨਹੀਂ ਸੀ ਦਿਸ ਰਿਹਾ ਅਤੇ ਉਸ ਦਾ ਕਮਰਾ ਬੰਦ ਪਿਆ ਸੀ। ਛੋਟੇ ਤੋਂ ਲੈ ਕੇ ਵੱਡੇ ਤੱਕ ਸਭ ਕਰਮਚਾਰੀ ਅਫਸਰ ਦੀ ਅਣਹੋਂਦ ਦਾ ਲਾਭ ਉਠਾਉਂਦਿਆਂ ਕੰਮ ਤਿਆਗ ਕੇ ਕੰਟੀਨ ਵਿਚ ਗੱਪਾਂ ਹੱਕਣ ਲੱਗੇ ਹੋਏ ਸਨ। ਸ. ਗਜਰਾਜ ਨੇ ਇੰਨੇ ਸਮੇਂ ਵਿਚ ਕੁਝ ਤੁਕਾਂ ਸਿਰਜ ਲਈਆਂ, ਜੋ ਲੇਟ ਲਤੀਫ ਅਫਸਰ ਦੇ ਆਉਂਦਿਆਂ ਹੀ ਗੋਲੀਆਂ ਵਾਂਗ ਉਸ ਉਤੇ ਵਰ੍ਹਾਉਣੀਆਂ ਸ਼ੁਰੂ ਕਰ ਦਿੱਤੀਆਂ,

ਬੂਹੇ ਢੋਅ ਦੇ, ਬਾਰੀ ਲਾ ਦੇ,
ਵਾਰੀ ਵਾਰੀ ਸਾਰੇ ਲਾ ਦੇ।
ਚਾਨਣ ਵਾਲਾ ਲੈਂਪ ਬੁਝਾ ਦੇ,
ਰੌਸ਼ਨਦਾਨੀ ਪਰਦੇ ਪਾ ਦੇ।
ਅੰਨ੍ਹੀ ਨਗਰੀ ਦਾ ਇਹ ਦਫਤਰ,
ਨਾ ਕੋਈ ਨੌਕਰ, ਨਾ ਕੋਈ ਅਫਸਰ।

ਆਜ਼ਾਦੀ ਮਿਲਣ ਉਪਰੰਤ ਦਿੱਲੀ ਵਿਖੇ ਲਾਲ ਕਿਲੇ 'ਤੇ ਮਨਾਈ ਜਾ ਰਹੀ ਵਰ੍ਹੇਗੰਢ ਦੇ ਮੌਕੇ ਆਯੋਜਿਤ ਵਿਸ਼ਾਲ ਤ੍ਰੈ-ਭਾਸ਼ੀ ਕਵੀ ਦਰਬਾਰ ਵਿਚ ਵੱਡੇ-ਵੱਡੇ ਲੀਡਰਾਂ ਦੀ ਹਾਜ਼ਰੀ ਵਿਚ ਸ. ਗਜਰਾਜ ਨੇ ਆਪਣੀ ਕਵਿਤਾ 'ਆਜ਼ਾਦੀ ਦੀ ਹੀਰ' ਪੜ੍ਹੀ ਅਤੇ ਸਭ ਨੂੰ ਉਨ੍ਹਾਂ ਦੇ ਅਸਲੀ ਚਿਹਰੇ ਦਿਖਾਉਂਦਿਆਂ ਭੋਰਾ ਸੰਕੋਚ ਨਾ ਕੀਤਾ। ਕਵਿਤਾ ਦੇ ਸਿਰਫ ਦੋ ਬੰਦ ਹੀ ਪੇਸ਼ ਕੀਤੇ ਜਾ ਰਹੇ ਹਨ,

ਆਜ਼ਾਦ ਰਾਂਝਿਓ
ਖੁਸ਼ੀ ਦੇ ਗੀਤ ਗਾਓ,
ਤੁਹਾਨੂੰ ਉਡ ਕੇ
ਆਜ਼ਾਦੀ ਦੀ ਹੀਰ ਮਿਲ ਗਈ।
ਜਿਵੇਂ ਭਾਈ ਨੂੰ
ਉਡ ਕੇ ਮਿਲੇ ਕੁਣਕਾ,
ਭੁੱਖੇ ਬਾਹਮਣ ਨੂੰ
ਜਿਸ ਤਰ੍ਹਾਂ ਖੀਰ ਮਿਲ ਗਈ।
ਕਈ ਮਾਂਵਾਂ ਦੇ
ਪੁੱਤਰ ਸ਼ਹੀਦ ਹੋ ਗਏ,
ਮਾਰੀ ਸ਼ੇਰਾਂ ਦੀ
ਕਿਸੇ ਨੂੰ ਜਗੀਰ ਮਿਲ ਗਈ।
ਦੇਸ਼ ਭਗਤਾਂ ਨੂੰ ਮਿਲੇ, ਕੁਝ ਨਾ ਵੀ ਮਿਲੇ,
ਪਰ ਪਰਮਟ ਭਗਤਾਂ ਨੂੰ
ਉਡ ਕੇ ਤਕਦੀਰ ਮਿਲ ਗਈ।
ਆਜ਼ਾਦੀ ਚਾਹੁੰਦੀ ਏ ਦੇਸ਼ ਪਰਵਾਨਿਆਂ ਨੂੰ,
ਇਹ ਨਹੀਂ ਚਾਹੁੰਦੀ
ਇਹ ਭੁੰਡਾਂ ਭੰਡਾਰਿਆਂ ਨੂੰ।
ਆਜ਼ਾਦੀ ਚਾਹੁੰਦੀ ਏ
ਮਿੱਠਿਆਂ ਚਸ਼ਮਿਆਂ ਨੂੰ,
ਇਹ ਨਹੀਂ ਚਾਹੁੰਦੀ ਸਮੁੰਦਰਾਂ ਖਾਰਿਆਂ ਨੂੰ।
ਸਿੱਖ-ਹਿੰਦੂ ਦਾ ਮੇਲ ਮਿਲਾਪ ਚਾਹੁੰਦੀ,
ਪਿਆਰ ਕਰਦੀ ਏ ਦੋਵੇਂ ਪਿਆਰਿਆਂ ਨੂੰ।
ਫਿਰਕਾਪ੍ਰਸਤੀ ਦੇ ਭਾਂਬੜ ਬਾਲਦੇ ਜੋ,
ਨਫਰਤ ਕਰਦੀ ਏ ਉਨ੍ਹਾਂ ਨਕਾਰਿਆਂ ਨੂੰ।

ਆਪਣੀ ਇਕ ਕਵਿਤਾ 'ਵਤਨ ਦੇ ਬਣਾਵਟੀ ਆਸ਼ਕ' ਵਿਚ ਉਹ ਸੱਚਾਈ ਬਿਆਨਦਿਆਂ ਲਿਖਦੇ ਹਨ,

ਪਰਮਿਟ ਦੇ ਆਸ਼ਕ ਲੱਖਾਂ ਨੇ
ਦੇਸ਼ ਭਗਤ ਕੋਈ ਕੋਈ ਏ,
ਭੈੜੇ ਤੋਂ ਭੈੜੇ ਅਫਸਰ ਨੂੰ
ਹੁਣ ਧੌਣ ਝੁਕਾਉਣੀ ਪੈਂਦੀ ਏ।
ਨਾ ਕੁੱਲੀ, ਗੁੱਲੀ, ਜੁੱਲੀ ਸੀ

**50ਵੀਂ ਬਰਸੀ 'ਤੇ ਵਿਸ਼ੇਸ਼**

ਅੱਜ ਕੋਠੀਆਂ, ਮੋਟਰ ਕਾਰਾਂ ਨੇ,
ਕੱਲ੍ਹ ਕੀ ਸੀ ਇਹ, ਅੱਜ ਹੋ ਗਏ ਕੀ?
ਇਹ ਗੱਲ ਛੁਪਾਉਣੀ ਪੈਂਦੀ ਏ।
ਜੋ ਦੇਸ਼ ਵਤਨ ਦੇ ਆਸ਼ਕ ਸਨ
ਉਹ ਫਾਂਸੀ ਉਤੇ ਝੂਟ ਗਏ,
ਇਹ ਆਜ਼ਾਦੀ ਉਨ੍ਹਾਂ ਦੀ ਬਰਕਤ ਏ
ਇਹ ਗੱਲ ਸੁਣਾਉਣੀ ਪੈਂਦੀ ਏ।
ਪਰਵਾਨਿਆਂ ਨੂੰ ਕੋਈ ਪੁੱਛਦਾ ਨਹੀਂ
ਭੂੰਡਾਂ ਦੇ ਜਾਦੂ ਚੱਲਦੇ ਹਨ,
ਰਿਸ਼ਵਤਖੋਰੀ-ਚੋਰੀ ਵੀ
ਇਨ੍ਹਾਂ ਦੀ ਦਬਾਉਣੀ ਪੈਂਦੀ ਏ।
ਗੁੱਟਾਂ ਵਿਚ ਝਗੜੇ, ਦੰਗੇ ਨੇ
ਪਏ ਪੱਗੋਂ ਹੱਥੀ ਹੁੰਦੇ ਨੇ,
'ਗਜਰਾਜ' ਉਨ੍ਹਾਂ ਵਿਚ ਜਾਣਾ ਕੀ
ਜਿੱਥੇ ਪੱਗ ਲੁਹਾਉਣੀ ਪੈਂਦੀ ਏ।

ਭਾਵੇਂ ਕੇਂਦਰ ਤੱਕ ਦੇ ਪ੍ਰਮੁੱਖ ਕਾਂਗਰਸੀ ਨੇਤਾ ਸ. ਗਜਰਾਜ ਦੇ ਚੰਗੇ ਮਿੱਤਰਾਂ ਵਿਚੋਂ ਸਨ, ਪਰ ਉਹ ਸੱਚ ਨੂੰ ਯਾਰੀ-ਦੋਸਤੀ ਨਾਲੋਂ ਉਚਾ ਸਥਾਨ ਦਿੰਦੇ ਸਨ। ਇਸੇ ਕਰਕੇ ਸਮਾਂ ਬੀਤਣ ਨਾਲ ਕਾਂਗਰਸੀਆਂ ਵਿਚ ਪਰਵੇਸ਼ ਕਰਨ ਪਿਛੋਂ ਪਾਖੰਡ ਤੋਂ ਪਰਦਾ ਸਰਕਾਉਂਦਿਆਂ ਆਪਣੀ ਕਵਿਤਾ 'ਉਚੀ ਦੁਕਾਨ, ਫਿੱਕਾ ਪਕਵਾਨ' ਵਿਚ ਲਿਖਦੇ ਹਨ,

ਇਕ ਟੰਗ ਦੇ ਭਾਰ ਖਲੋਤਾ,
ਬਗਲਾ ਤੱਕਿਆ ਨਹੀਂ ਕਿਨਾਰੇ।
ਲੋਕ ਸਮਝਣ ਇਹ ਭਗਤੀ ਕਰਦਾ,
ਇਹ ਨਹੀਂ ਪਤਾ ਕਿ ਮੱਛੀਆਂ ਮਾਰੇ।
ਮੱਛੀ ਆਈ, ਚੁੰਝ ਦੱਬੀ,
ਉਡਿਆ, ਉਡ ਕੇ ਓਸ ਕਿਨਾਰੇ।
ਬਗਲਿਆਂ ਦੀਆਂ ਡਾਰਾਂ ਆ ਰਲੀਆਂ,
ਹੰਸਾਂ ਦੀ ਨਾ ਰਹੀ ਪਛਾਣ।
ਲੱਲੀ-ਛੱਲੀ ਪੰਜ ਕਲਿਆਣ,
ਲੱਗ ਪਏ ਸਾਰੇ ਖੱਦਰ ਪਾਉਣ।
ਦੂਰੋਂ ਦੇਸ਼ ਭਗਤ ਪਿਆ ਜਾਪੇ,
ਵਿਚੋਂ ਨਿਰੀ ਕਪਟ ਦੀ ਖਾਣ।
ਵਾਹ ਪਿਆ ਤੇ ਦੇਖ ਲਿਆ,
ਉਚੀ ਦੁਕਾਨ ਤੇ ਫਿਕਾ ਪਕਵਾਨ।

ਅਲਬੇਲੀ ਤਬੀਅਤ ਹੋਣ ਕਰਕੇ ਸ. ਗਜਰਾਜ ਰਿਆਸਤੀ ਅਹਿਲਕਾਰਾਂ ਦੀ ਘੱਟ ਪਰਵਾਹ ਕਰਦੇ ਸਨ ਤੇ ਇਸੇ ਲਈ ਅਫਸਰਾਂ ਦੀ ਕਰੋਪੀ ਦਾ ਸ਼ਿਕਾਰ ਹੋ ਜਾਣ ਕਾਰਨ ਇਕ ਵਾਰ ਉਨ੍ਹਾਂ ਨੂੰ ਛੇ ਮਹੀਨੇ ਲਈ ਜੇਲ੍ਹ ਦੀ ਹਵਾ ਵੀ ਫੱਕਣੀ ਪਈ, ਪਰ ਉਨ੍ਹਾਂ ਨੇ ਆਪਣੀ ਉਸ ਆਜ਼ਾਦ-ਤਬੀਅਤ ਨੂੰ ਤਿਆਗਿਆ ਨਹੀਂ, ਸਗੋਂ ਬਰਕਰਾਰ ਰੱਖਿਆ, ਜੋ ਉਨ੍ਹਾਂ ਦੀਆਂ ਇਨ੍ਹਾਂ ਸਤਰਾਂ ਤੋਂ ਪਰਗਟ ਹੁੰਦਾ ਹੈ,

ਸ਼ੇਰਾਂ ਦੀ ਭਬਕਾਰ ਨਹੀਂ ਜਾਂਦੀ,
ਬੱਧੇ ਹੋਣ ਜ਼ੰਜੀਰਾਂ ਦੇ ਵਿਚ।
ਜੇਲ੍ਹ ਫਾਂਸੀਆਂ ਧੁਰ ਤੋਂ ਲਿਖੀਆਂ,
ਮਰਦਾਂ ਦੀਆਂ ਤਕਦੀਰਾਂ ਦੇ ਵਿਚ।
ਸਿੱਖੀ ਫਲਦੀ ਫੁੱਲਦੀ ਆਈ,
ਤਲਵਾਰਾਂ ਤੇ ਤੀਰਾਂ ਦੇ ਵਿਚ।
ਮੁਗਲ ਵੀ ਇਸ ਨੂੰ ਖਾ ਨਹੀਂ ਸਕੇ,
ਲੱਖਾਂ ਹੀ ਤਦਬੀਰਾਂ ਦੇ ਵਿਚ।

ਸਦਾ ਹੀ ਸ਼ੇਰਾਂ ਵਾਂਗੂ ਦਹਾੜਦਾ ਤੇ ਭ੍ਰਿਸ਼ਟਾਚਾਰੀਆਂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕਾਉਂਦਾ ਇਹ ਨਿਧੜਕ ਤੇ ਨਿਡਰ ਕਵੀ 14 ਜੁਲਾਈ 1970 ਨੂੰ ਸਦਾ ਲਈ ਅਕਾਲ ਪੁਰਖ ਵਾਹਿਗੁਰੂ ਦੇ ਚਰਨਾਂ ਵਿਚ ਜਾ ਬੈਠਾ।

## ਕੈਨੇਡਾ ਦਾ ਬੰਬੀਹਾ ਬੋਲੇ

ਅੱਜ ਕੱਲ ਕੈਨੇਡਾ ਦੀਆਂ ਚਿੱਟੇ-ਗਲੇ ਦੀਆਂ
ਚਿੜੀਆਂ ਤਿੰਨ-ਸੁਰੀ ਅਵਾਜ਼ ਵਿਚ, ਬੰਬੀਹੇ ਵਾਂਗ
ਇੱਕ ਜਿੱਤ ਦਾ ਗੀਤ ਗਾ ਰਹੀਆਂ ਹਨ:
ਓ ਮੇਰੇ ਰਸੀਲੇ ਕੈਨ-ਏ-ਡਾ, ਕੈਨ-ਏ-ਡਾ, ਕੈਨ-ਏ-ਡਾ,
ਕੈਨੇਡੀਅਨ ਪਪੀਹਾ ਬੋਲੇ ਸੁਣ-ਜਾ, ਸੁਣ-ਜਾ, ਸੁਣ-ਜਾ।
ਕੈਨੇਡਾ ਨੇ ਕਿਵੇਂ ਕਰੋਨਾ ਮਾਰ'ਤਾ, ਮਾਰ'ਤਾ, ਮਾਰ'ਤਾ!
ਓ ਅਮਰੀਕਾ ਤੂੰ ਵੀ ਸਮਝ-ਜਾ, ਸਮਝ-ਜਾ, ਸਮਝ-ਜਾ
ਗਵਾਂਢੀਆਂ ਤੋਂ ਕੁਛ ਸਿੱਖ-ਜਾ, ਸਿੱਖ-ਜਾ, ਸਿੱਖ-ਜਾ,
ਓ ਮੇਰੇ ਰਸੀਲੇ ਕੈਨ-ਏ-ਡਾ, ਕੈਨ-ਏ-ਡਾ, ਕੈਨ-ਏ-ਡਾ!

ਕੈਨੇਡਾ ਨੇ ਕਰੋਨਾ ਦਿੱਤੀ ਮਾਰ,
ਨੀਂ ਬੰਬੀਹਾ ਬੋਲੇ, ਕੈਨੇਡਾ ਦਾ ਬੰਬੀਹਾ ਬੋਲੇ!
ਕੈਨੇਡਾ ਦੇ ਲੋਕ ਸਮਝਦਾਰ
ਉਪਰੋਂ ਅਕਲਮੰਦ ਸਰਕਾਰ
ਮਹੀਨੇ ਲੱਗੇ ਨੇ ਸਾਰੇ ਚਾਰ,
ਨੀਂ ਬੰਬੀਹਾ ਬੋਲੇ,
ਕੈਨੇਡਾ ਨੇ ਕਰੋਨਾ ਦਿੱਤੀ ਮਾਰ
ਨੀਂ ਬੰਬੀਹਾ ਬੋਲੇ, ਬੋਲੇ ਜੀ ਬੰਬੀਹਾ ਬੋਲੇ!

ਸਭਨਾਂ ਫੇਸ ਮਾਸਕ ਅਸੀਂ ਸੀਤਾ
ਦੱਖਣੀ ਬਾਰਡਰ ਬੰਦ ਵੀ ਕੀਤਾ
ਕਿਉਂਕਿ ਗਵਾਂਢੀ ਬੇ-ਪਰਤੀਤਾ
ਐਵੇਂ ਬੋਲੇ ਠੇਕੇਦਾਰ,
ਨੀਂ ਬੰਬੀਹਾ ਬੋਲੇ,
ਕੈਨੇਡਾ ਨੇ ਕਰੋਨਾ ਦਿੱਤੀ ਮਾਰ
ਨੀਂ ਬੰਬੀਹਾ ਬੋਲੇ, ਬੋਲੇ ਜੀ ਬੰਬੀਹਾ ਬੋਲੇ!

ਅਮਰੀਕਾ ਨੂੰ ਸਮਝ ਨਾ ਕੋਈ ਆਈ
ਵਾਗਡੋਰ ਸੰਭਾਲੀ ਇੱਕ ਸ਼ੁਦਾਈ
ਇਹਨੂੰ ਸਾਇੰਸ ਸਮਝ ਨਾ ਆਈ
ਖੁਦੀ 'ਚ ਖੋਇਆ ਏ ਖੁਦਦਾਰ,
ਨੀਂ ਬੰਬੀਹਾ ਬੋਲੇ,
ਕੈਨੇਡਾ ਨੇ ਕਰੋਨਾ ਦਿੱਤੀ ਮਾਰ
ਨੀਂ ਬੰਬੀਹਾ ਬੋਲੇ, ਬੋਲੇ ਨੀਂ ਬੰਬੀਹਾ ਬੋਲੇ!

ਅਜੇ ਵੀ ਸਮਝੋ ਮਾਸਕ ਜ਼ਰੂਰੀ
ਰੱਖਣ ਜੇ ਦੋ ਮੀਟਰ ਦੀ ਦੂਰੀ
ਛੇਤੀ ਖੋਲ੍ਹਣ ਦੀ ਕੀ ਮਜਬੂਰੀ
ਗਵਾਂਢੋਂ ਮੰਗੋ ਹਲੀਮੀ ਉਧਾਰ,
ਨੀਂ ਬੰਬੀਹਾ ਬੋਲੇ,
ਕੈਨੇਡਾ ਨੇ ਕਰੋਨਾ ਦਿੱਤੀ ਮਾਰ
ਨੀਂ ਬੰਬੀਹਾ ਬੋਲੇ, ਕੈਨੇਡਾ ਦਾ ਬੰਬੀਹਾ ਬੋਲੇ!

-ਕਰਮ ਲੁਧਿਆਣਵੀ (ਹਿਊਸਟਨ)
ਫੋਨ: 832-766-8742

# ਕਿੰਨੂ





ਚਰਨਜੀਤ ਸਿੰਘ ਪੰਨੂ

ਇੱਕ ਦਿਨ ਬਾਨੋ ਨੂੰ ਕਲਾਸ ਵਿਚੋਂ ਗੈਰਹਾਜ਼ਰ ਵੇਖ ਕੇ ਸੁਖਰਾਜ ਦਾ ਮਨ ਤਰਲੋਮੱਛੀ ਹੋਣ ਲੱਗਾ। ਉਸ ਦੀਆਂ ਨਜ਼ਰਾਂ ਚੁੱਪ ਚਾਪ ਉਸ ਦੀ ਤਲਾਸ਼ ਕਰਨ ਲੱਗੀਆਂ। ਭਾਵੇਂ ਇੱਕ ਦੋ ਹੋਰ ਕੁੜੀਆਂ ਦੇ ਡੈਸਕ ਵੀ ਖਾਲੀ ਸਨ, ਪਰ ਉਹ ਗਮਗੀਨ ਮੁਦਰਾ ਵਿਚ ਅੰਦਰ ਹੀ ਅੰਦਰ ਬਾਨੋ ਬਾਰੇ ਫਿਕਰਮੰਦ ਹੋ ਰਿਹਾ ਸੀ।

"ਚੰਨਾ ਤੈਨੂੰ ਮੈਡਮ ਸੱਦਦੀ ਆ।" ਜੀਤੇ ਨੇ ਆ ਉਸ ਦਾ ਮੋਢਾ ਹਲੂਣ ਦਿੱਤਾ।

"ਕਿਉਂ! ਕੀ ਗੱਲ? ਮੈਨੂੰ ਮੈਡਮ ਨੇ ਕਿਉਂ ਬੁਲਾਇਆ?" ਨਵੀਂ ਚਿੰਤਾ ਨੇ ਉਸ ਨੂੰ ਆਣ ਘੇਰਿਆ।

"ਬਾਨੋ ਓਧਰ ਬਿਮਾਰ ਹੈ, ਗੰਭੀਰ ਹਾਲਤ ਹੈ ਉਸ ਦੀ, ਵੇਖ ਲਾ ਜਾ ਕੇ।" ਜੀਤੋ ਦਾ ਟੁਣਕੇ ਜਿਹਾ ਜੁਆਬ ਉਸ ਨੂੰ ਹੋਰ ਪ੍ਰੇਸ਼ਾਨ ਕਰ ਗਿਆ।

ਉਸ ਨੇ ਡਰਦੇ ਡਰਦੇ ਲੇਡੀਜ਼ ਸਟਾਫ-ਰੂਮ ਵਿਚ ਪੈਰ ਪਾਇਆ। ਬਾਨੋ ਅੱਖਾਂ ਮੀਟੀ ਥੱਲੇ ਦਰੀ 'ਤੇ ਲੇਟੀ ਹੋਈ ਸੀ। ਬੀਰੋ, ਬੌਬੀ ਤੇ ਸ਼ਾਮੋ ਸਰਹਾਣੇ ਬੈਠੀਆਂ ਉਸ ਨੂੰ ਘੁੱਟ ਰਹੀਆਂ ਸਨ। ਮੈਡਮ ਉਸ ਨੂੰ ਸਿਰ ਪਿੱਠ ਪਲੋਸ ਕੇ ਦਿਲਾਸਾ ਦੇ ਰਹੀ ਸੀ।

ਸੁਖਰਾਜ ਦੀ ਬਿੜਕ ਨਾਲ ਉਸ ਨੇ ਅੱਖਾਂ ਖੋਲ੍ਹੀਆਂ ਤੇ ਭਰ ਲਈਆਂ। ਦੂਜੀਆਂ ਨੇ ਵੀ ਆਪਣੀਆਂ ਤਰ ਹੋਈਆਂ ਅੱਖਾਂ ਚੁੰਨੀਆਂ ਨਾਲ ਸਾਫ ਕੀਤੀਆਂ। ਜਾਪਦਾ ਸੀ ਉਹ ਸਾਰੀਆਂ ਡੂੰਘੇ ਫਿਕਰਾਂ ਵਿਚੋਂ ਲੰਘ ਰਹੀਆਂ ਸਨ।

"ਇਸ ਦੇ ਪੇਟ ਦਰਦ ਹੈ। ਕਈ ਵੇਰਾਂ ਬੇਹੋਸ਼ ਹੋਈ ਹੈ ਸਵੇਰ ਦੀ। ਗਸ਼ੀ ਪੈ ਰਹੀ ਹੈ ਇਸ ਨੂੰ। ਇਹਨੂੰ ਕੋਈ ਅਵੱਲੀ ਬਿਮਾਰੀ ਹੈ। ਪੀਰੀਅਡ ਨਹੀਂ ਆਏ, ਹੋ ਸਕਦਾ ਇਹ ਸਭ ਕੁਝ ਇਸ ਕਾਰਨ ਹੋਵੇ।" ਮੈਡਮ ਨੇ ਫਸਟ-ਏਡ ਦੀ ਕਿੱਟ ਵੱਲ ਧਿਆਨ ਦਿਵਾਉਂਦਿਆਂ ਇਕੋ ਸਾਹੇ ਉਸ ਨੂੰ ਉਲਝਾ ਦਿੱਤਾ।

"ਕੁੱਝ ਗੋਲੀਆਂ ਦਿੱਤੀਆਂ ਹਨ, ਇਹ ਠੀਕ ਹੋ ਜਾਵੇਗੀ।"

"ਪਰ ਮੈਨੂੰ ਕੀ? ਮੈਨੂੰ ਕਿਉਂ ਬੁਲਾਇਆ! ਮੈਂ ਤਾਂ ਕਦੇ ਕੋਈ ਪੀਰੀਅਡ ਮਿੱਸ ਨਹੀਂ ਕੀਤਾ। ਵੇਖ ਲਓ ਰਜਿਸਟਰ! ਮੈਂ ਲਾਏ ਨੇ ਸਾਰੇ, ਮੈਨੂੰ ਇਹਦੇ ਪੀਰਡਾਂ ਨਾਲ ਕੀ? ਮੇਰੀ ਗਵਾਂਢਣ ਹੋਣ ਨਾਤੇ ਥੋੜ੍ਹੀ ਬਹੁਤ ਹਮਦਰਦੀ ਹੈ। ਜੇ ਇਸ ਨੇ ਪੀਰਡ ਨਹੀਂ ਲਾਏ ਤਾਂ ਮੈਂ ਜ਼ਿੰਮੇਵਾਰ ਥੋੜ੍ਹਾ ਹਾਂ! ਮੈਂ ਇਸ ਦਾ ਬਾਡੀਗਾਰਡ ਕਦੰਤ ਨਹੀਂ!" ਉਹ ਇਨ੍ਹਾਂ ਅਲਾਮਤਾਂ ਤੋਂ ਅਣਜਾਣ ਸ਼ਸ਼ੋਪੰਜ ਭੌਰ-ਭੌਰਾ ਹੋ ਗਿਆ।

"ਤੂੰ ਤਾਂ ਪੀਰਡ ਠੀਕ ਲਾਇਆ ਹੈ ਬੁਨ੍ਹਿਆਂ! ਤੇਰੀ ਗੱਲ ਨਹੀਂ। ਇਸ ਨੂੰ ਕੁੜੀਆਂ ਵਾਲਾ ਮਾਸਕ ਧਰਮ ਸ਼ੁਰੂ ਹੋਣ ਵਾਲਾ ਹੈ। ਇਹ ਕੋਈ ਗੰਭੀਰ ਬਿਮਾਰੀ ਨਹੀਂ, ਕੁਦਰਤੀ ਪ੍ਰਕ੍ਰਿਆ ਹੈ। ਅੰਦਰ ਵੱਟ ਪੈ ਰਹੇ ਨੇ ਇਸ ਦੇ। ਹੋ ਸਕਦਾ ਨਾਲ ਕੋਈ ਹੋਰ ਵੀ ਮੈਡੀਕਲ ਪ੍ਰਾਬਲਮ ਹੋਵੇ। ਤੈਨੂੰ ਇਸ ਲਈ ਬੁਲਾਇਆ ਹੈ ਕਿ ਤੂੰ ਇਸ ਨੂੰ ਸਹਾਰੇ ਨਾਲ ਸਹੀ ਸਲਾਮਤ ਘਰ ਪਹੁੰਚਾ ਦੇਹ। ਇਸ ਨੂੰ ਲੈ ਕੇ ਭਾਵੇਂ ਪਹਿਲਾਂ ਹੀ ਚਲਾ ਜਾਵੀਂ।" ਮਾਸਟਰਨੀ ਦੇ ਸ਼ਬਦ ਸੁਣ ਕੁ ਹੋਰ ਕੁੜੀਆਂ ਨੇ ਮੂੰਹ ਵਿਚ ਚੁੰਨੀਆਂ ਚਿੱਥ ਲਈਆਂ, ਜਿਵੇਂ ਉਸ ਦਾ ਮੌਜੂ ਉਡਾਇਆ ਹੋਵੇ।

ਉਹ ਘਬਰਾ ਗਿਆ। ਉਸ ਨੇ ਸੁਣਿਆ ਸੀ, ਜਵਾਨ ਕੁੜੀਆਂ ਨੂੰ ਭੂਤ ਪ੍ਰੇਤ ਬੜੀ ਜਲਦੀ ਚੰਬੜ ਜਾਂਦੇ ਨੇ ਤੇ ਖਾਸ ਕਰਕੇ ਉਨ੍ਹਾਂ ਦਾ ਗਵਾਂਢੀ ਹਾਸ਼ਮ ਤਾਂ ਕਿਸੇ ਦਾ ਵੀ ਜਰਾ ਲਿਹਾਜ਼ ਨਹੀਂ ਕਰਦਾ। ਹੋ ਸਕਦਾ ਇਹਨੇ ਉਥੇ ਕੋਈ ਅਣਗਹਿਲੀ ਅਵੱਗਿਆ ਕਰ ਦਿੱਤੀ ਹੋਵੇ; ਪਰ ਦੂਜੀਆਂ ਵੀ ਤਾਂ ਉਸ ਦੇ ਲਾਗੇ ਹੀ ਹਨ, ਉਨ੍ਹਾਂ ਨੂੰ ਨਹੀਂ ਚੰਬੜਿਆ!" ਕਈ ਸਵਾਲ ਜਵਾਬ ਸੁਖਰਾਜ ਦੇ ਜ਼ਿਹਨ 'ਚੋਂ ਗੁਜਰ ਗਏ।

"ਬਿਮਾਰੀ ਇਹਨੂੰ ਹੋਣ ਵਾਲੀ ਹੈ ਤਾਂ ਮੈਂ ਕਿਹੜਾ ਡਾਕਟਰ ਆਂ!...ਮੇਰਾ ਇਸ ਨਾਲ ਕੀ ਵਾਸਤਾ!" ਸੁੱਖ ਨੂੰ ਉਸ ਦੀ ਬਿਮਾਰੀ ਦਾ ਰਹੱਸ ਸਮਝ ਨਹੀਂ ਆਇਆ।

"ਭੁੱਖੀ ਹੈ ਸਵੇਰ ਦੀ ਇਹ। ਇਸ ਨੇ ਸਵੇਰ ਦਾ ਕੁਝ ਨਹੀਂ ਖਾਧਾ। ਪੁੱਛੋ ਇਹਨੂੰ, ਕੀ ਖਾਧਾ ਹੈ ਇਸ ਨੇ?" ਉਸ ਨੇ ਦੁਰਗੀ ਟੀਚਰ ਨੂੰ ਇਕੋ ਸਾਹੇ ਕਹਿ ਦਿੱਤਾ। ਉਸ ਨੂੰ ਯਾਦ ਆਇਆ, ਅੱਜ ਤਾਂ ਉਹ ਵੀ ਘਰੋਂ ਪਰੌਂਠੇ ਨਹੀਂ ਲਿਆਇਆ। ਹੁਣ ਕੀ ਕੀਤਾ ਜਾਵੇ! ਕੰਟੀਨ ਤੋਂ ਬਿਸਕੁਟ ਪਕੌੜੇ? ਨਹੀਂ ਨਹੀਂ ਇਸ ਵਾਸਤੇ ਵੀ ਸ਼ਾਇਦ ਮਾਸਟਰਨੀ ਨਾ ਮੰਨੇ। ਉਹ ਨਿੰਮੋਝੂਣਾ ਜਿਹਾ ਹੁੰਦਾ ਖੜ੍ਹਾ ਰਿਹਾ। ਹੁਣ ਤੱਕ ਮਰੀਜ਼ ਕੁਝ ਸਹਿਲ ਹੋ ਚੁਕਾ ਸੀ।

ਉਸ ਦੇ ਮਨ ਵਿਚ ਫੁਰਨਾ ਫੁਰਿਆ। ਬਾਹਰ ਨਿਕਲ ਤੁਰਿਆ। ਬਰਾਂਡੇ 'ਚੋਂ ਲੰਘਦੇ ਉਸ ਨੇ ਵੇਖਿਆ ਸਟਾਫ ਰੂਮ ਵਿਚ ਹੈਡਮਾਸਟਰ ਦੀ ਹਰਮੀਤ ਬੰਗਲਾ ਮਾਸਟਰ ਦੇ ਮੂੰਹ ਬੁਰਕੀ ਤੁੰਨਦੀ ਹਿੱਚ ਹਿੱਚ ਕਰ ਰਹੀ ਹੈ ਤੇ ਉਹ ਛੀ ਛੀ ਕਰਦਾ ਮੂੰਹ ਪਿੱਛੇ ਭੁਵਾਂ ਰਿਹਾ ਹੈ। ਉਸ ਦੇ ਮਨ ਵਿਚ ਵਿਦਰੋਹ ਭੜਕ ਪਿਆ। ਪਲ ਦੀ ਪਲ ਉਸ ਦੇ ਮਨ ਵਿਚ ਆਇਆ ਕਿ ਇਹ ਟਿਫਨ ਖੋਹ ਕੇ ਕਿਸੇ ਭੁੱਖੇ ਲੋੜਵੰਦ ਦੇ ਮੂੰਹ ਪਾਵੇ ਤੇ ਅੱਜ ਦੀ ਸਭ ਤੋਂ ਵੱਧ ਲੋੜਵੰਦ ਬਾਨੋ ਹੀ ਤਾਂ ਹੈ। ਪਰ ਹੈਡਮਾਸਟਰ ਦੀ ਕੁੱਟ-ਮਾਰ ਤੇ ਸਕੂਲ ਨਿਕਾਲੇ ਦਾ ਡਰ ਉਸ ਅੱਗੇ ਵਾੜ ਬਣ ਗਿਆ।

ਉਸ ਨੇ ਜੇਬ ਟੋਹੀ, ਇੱਕ ਆਨਾ ਤੇ ਇੱਕ ਦੁਆਨੀ ਛਣਕ ਰਹੀ ਸੀ। ਫੁਰਤੀ ਨਾਲ ਉਹ ਪ੍ਰੇਮ ਪਕੌੜਿਆਂ ਵਾਲੇ ਕੋਲ ਗਿਆ। ਨਹੀਂ, ਨਹੀਂ! ਉਹ ਤਾਂ ਅੱਗੇ ਹੀ ਬਿਮਾਰ ਹੈ। ਪੇਟ ਦਰਦ ਹੈ ਉਸ ਦੇ, ਤੇ ਪ੍ਰੇਮ ਦੇ ਘਟੀਆ ਤੇਲ ਵਾਲੇ ਪਕੌੜੇ ਉਹਨੂੰ ਹੋਰ ਖਰਾਬ ਕਰਨਗੇ। ਉਹ ਉਪਰ ਦੀ ਝਕਾਨੀ ਮਾਰ ਕੇ ਨੇੜੇ ਹੀ ਘੁੱਕੇਵਾਲੀ ਪਿੰਡ ਦੇ ਕਿੰਨੂਆਂ ਦੇ ਬਾਗ ਵੱਲ ਨਿਕਲ ਤੁਰਿਆ। ਤਿੰਨ ਆਨੇ ਦੇ ਕਿੰਨੂ ਵੀ ਤਾਂ ਤਿੰਨ ਆ ਜਾਣੇ ਨੇ। ਮੋਟੇ ਮੋਟੇ ਲਾਲ ਲਾਲ ਸੰਧੂਰੀ ਭਾਅ ਮਾਰਦੇ ਲਿਸ਼ਕਦੇ ਕਿੰਨੂ ਲਮਕਦੇ ਵੇਖ ਕੇ ਉਸ ਦੇ ਮੂੰਹ ਪਾਣੀ ਭਰ ਆਇਆ। ਆਸੇ-ਪਾਸੇ ਨਜ਼ਰ ਦੁੜਾਈ। ਇੱਥੇ ਕੋਈ ਨਹੀਂ ਸੀ, ਕੋਈ ਵੀ ਤਾਂ ਨਹੀਂ ਸੀ ਦਿਸਦਾ ਨੇੜੇ ਤੇੜੇ ਏਨੇ ਵੱਡੇ ਬਾਗ ਦਾ ਰਖਵਾਲਾ।

"ਮਾਲੀ! ਓ ਮਾਲੀ! ਬਾਬਾ ਜੀ! ਭਾਊ...!" ਉਸ ਨੇ ਵਾਰ ਵਾਰ ਉਚੀ ਦੇਣੀ ਅਵਾਜ਼ ਲਾਈ। ਅੱਗੋਂ ਕੋਈ ਹੁੰਗਾਰਾ ਨਾ ਆਇਆ। ਉਹ ਚਾਹੁੰਦਾ ਸੀ, ਤਿੰਨ ਆਨਿਆਂ ਦੇ ਤਿੰਨ ਕਿੰਨੂ ਲੈ ਜਾਏਗਾ ਤੇ ਬਾਨੋ ਨੂੰ ਖੁਆਏਗਾ ਜਾਂ ਇਨ੍ਹਾਂ ਦਾ ਰਸ ਉਸ ਨੂੰ ਪਿਆਏਗਾ, ਪਰ ਪੈਸੇ ਕਿਸ ਨੂੰ ਦੇਵੇ? ਉਹ ਸ਼ਸ਼ੋਪੰਜ ਵਿਚ ਪੈ ਗਿਆ। ਪਿੱਛੇ ਵੀ ਹੰਗਾਮੀ ਹਾਲਤ ਵਾਂਗ ਜਲਦੀ ਮੁੜਨ ਦਾ ਮਾਮਲਾ ਸੀ। ਮਲਕੜੇ ਜਿਹੇ ਉਸ ਦੇ ਹੱਥ ਕਿੰਨੂਆਂ ਵੱਲ ਵਧੇ ਤੇ ਦੋ, ਤਿੰਨ, ਚਾਰ ਤੋੜ ਕੇ ਉਸ ਨੇ ਝੱਗੇ ਦੀ ਝੋਲੀ ਬਣਾ ਕੇ ਪਾ ਲਏ। ਬਾਹਰ ਨਿਕਲਦੇ ਵੇਖ ਕੇ ਮਾਲੀ ਨੇ ਦੌੜ ਕੇ ਆ ਕੇ ਦਬੋਚ ਲਿਆ। ਭੱਜਣ ਨੂੰ ਉਸ ਦਾ ਦਿਲ ਨਾ ਕੀਤਾ, ਉਹ ਚੋਰ ਥੋੜ੍ਹਾ ਸੀ। ਉਸ ਨੇ ਸੋਚਿਆ, ਉਹ ਸਕੂਲ ਦੀ ਵੈਲਫੇਅਰ ਕਮੇਟੀ ਮੈਂਬਰ ਹੋਣ ਦਾ ਧੌਂਸ ਦੇ ਕੇ ਮਾਲੀ 'ਤੇ ਰੋਹਬ ਪਾ ਲਏਗਾ, ਪਰ 'ਨਹੀਂ ਨਹੀਂ ਇਹ ਤਾਂ ਹੋਰ ਵੀ ਮਾੜੀ ਗੱਲ ਹੋਊ। ਵੈਲਫੇਅਰ ਕਮੇਟੀ ਦਾ ਨੁਮਾਇੰਦਾ ਚੋਰੀ ਕਰਦਾ ਫੜਿਆ ਗਿਆ! ਕਿੰਨੀ ਤੋਏ ਤੋਏ, ਦੁਰੇ ਦੁਰੇ ਹੋਊ। ਉਸ ਨੇ ਫਿਰ ਕਿਸੇ ਪਾਸੇ ਮੂੰਹ ਦਿਖਾਉਣ ਜੋਗਾ ਨਹੀਂ ਰਹਿਣਾ। ਹੈਡਮਾਸਟਰ, ਜਿਸ ਨੇ ਲੀਡਰ ਬਣਾਉਣ ਖਾਤਰ ਉਸ ਤੇ ਏਨਾ ਭਰੋਸਾ ਕੀਤਾ, ਦੇ ਮਨ 'ਤੇ ਕੀ ਬੀਤੇਗੀ!' ਉਸ ਨੇ ਖਿੜੇ ਮੱਥੇ ਚੋਰੀ ਦਾ ਜ਼ਿੰਮਾ ਲੈਣ ਦਾ ਮਨ ਬਣਾ ਲਿਆ।

"ਹੱਛਾ! ਤਾਂ ਤੂੰ ਹੈਂ! ਜੋ ਹਰ ਰੋਜ਼ ਚੋਰੀ ਕਰਦਾ ਇੱਥੇ। ਮੈਂ ਕਿੰਨੇ ਦਿਨਾਂ ਤੋਂ ਤੇਰੀ ਤਲਾਸ਼ ਕਰ ਰਿਹਾ ਹਾਂ।"

'ਤੂੰ ਵੀ ਮੇਰੀ ਤਲਾਸ਼ ਕਰਨ ਲੱਗਾ! ਮੇਰੀ ਤਲਾਸ਼ ਵਿਚ ਤਾਂ ਹੋਰ ਕਈ ਰੱਬ ਦੇ ਪਿਆਰੇ ਹੇਰਵਾ ਕਰਨ ਲੱਗੇ ਮੰਜਾ ਮੱਲ ਬੈਠੇ ਨੇ।' ਉਸ ਨੇ ਮਨ ਹੀ ਮਨ ਜੁਆਬ ਦਿੱਤਾ।

"ਨਹੀਂ! ਨਹੀਂ ਮੈਂ ਚੋਰੀ ਨਹੀਂ ਕਰਦਾ। ਮੈਂ ਤਾਂ ਅੱਜ ਹੀ ਆਇਆਂ ਇੱਥੇ ਪਹਿਲੀ ਵਾਰ, ਮੈਥੋਂ ਪੈਸੇ ਲੈ ਲੈ।" ਉਸ ਨੇ ਸਿੱਕੇ ਕੱਢ ਕੇ ਉਧਰ ਵਗਾਏ।

"ਨਹੀਂ ਪੁੱਤਰਾ! ਪੈਸੇ ਨਹੀਂ ਲੈਣੇ; ਸੌ ਦਿਨ ਚੋਰ ਦਾ ਇੱਕ ਦਿਨ ਸਾਧ ਦਾ। ਇੱਥੋਂ ਕੋਈ ਰੋਜ ਕਿੰਨੂ ਤੋੜਦਾ, ਅੱਜ ਤੂੰ ਕਾਬੂ ਆ ਗਿਆਂ, ਮੇਰੇ ਵਾਸਤੇ ਤਾਂ ਤੂੰ ਹੀ ਮੇਰਾ ਪੱਕਾ ਚੋਰ ਹੈਂ। ਮੈਂ ਤੈਨੂੰ ਨਹੀਂ ਛੱਡਣਾ। ਹੈਡਮਾਸਟਰ ਕੋਲ ਲੈ ਜਾਊਂ, ਛਿੱਤਰ ਪੌਲਾ ਫਿਰਾਊਂ, ਪੁਲਿਸ ਨੂੰ ਫੜਾਊਂ...।"

"ਨਾ, ਨਾ...ਯਾਰ ਬਾਬਾ! ਇਹ ਸ਼ਰੀਫਮਾਰ ਕੰਮ ਨਾ ਕਰੀਂ, ਮੈਂ ਚੋਰ ਬਿਲਕੁਲ ਨਹੀਂ! ਮੈਥੋਂ ਪੈਸੇ ਲੈ ਲੈ। ਹੋਰ ਜੋ ਮਰਜ਼ੀ ਜੁਰਮਾਨਾ ਕਰ ਦੇਹ, ਡੰਨ ਲਾ ਦੇਹ, ਮੈਂ ਭਰਨ ਨੂੰ ਤਿਆਰ ਹਾਂ। ਆਹ ਵੇਖ! ਮੇਰੇ ਕੋਲ ਤਿੰਨ ਆਨੇ ਹੈਗੇ ਨੇ।"

"ਹੱਛਾ! ਤਾਂ ਫਿਰ ਬੈਠਕਾਂ ਮਾਰ ਪੰਜਾਹ।" ਹੰਢੇ ਵਰਤੇ ਮਾਲੀ ਨੂੰ ਉਸ ਦੀ ਮਾਸੂਮੀਅਤ 'ਤੇ ਤਰਸ ਆ ਗਿਆ।

"ਪੰਜਾਹ! ਧੰਨਵਾਦ। ਬੈਠਕਾਂ ਤਾਂ ਕਹੇਂ ਤਾਂ ਮੈਂ ਹਜ਼ਾਰ ਮਾਰ ਦੇਊਂ।" ਉਸ ਦਾ ਹੌਸਲਾ ਵਾਪਸ ਪਰਤਿਆ।

ਉਹ ਬੈਠਕਾਂ ਮਾਰਨ ਲੱਗਾ। ਬੜੇ ਧੀਰਜ ਨਾਲ ਉਹ ਪੰਜਾਹ ਟੱਪ ਕੇ ਇਕਵੰਜਾ, ਬਵੰਜਾ, ਤਰਵੰਜਾ, ਚੁਰੰਜਾ, ਪਚਵੰਜਾ ਤੱਕ ਪਹੁੰਚਿਆ।

"ਬੱਸ ਬੱਸ ਪੁੱਤ ਬੱਸ! ਸ਼ਾਬਾਸ਼। ਲੈ ਦੋ ਹੋਰ ਲੈ ਜਾਹ।" ਬੁੱਢੇ ਮਾਲੀ ਨੇ ਉਸ ਦੀ ਪਿੱਠ ਥਪਕਦੇ ਸ਼ਰਾਫਤ ਦੀ ਕਦਰ ਕੀਤੀ। ਉਹ ਉਸ ਨੂੰ ਬੜਾ ਪਿਆਰਾ ਲੱਗਾ।

"ਸੁਣ ਬੇਟਾ! ਜਦੋਂ ਤੇਰਾ ਜੀ ਕਰੇ ਆ ਜਾਇਆ ਕਰ, ਆ ਕੇ ਖਾ ਜਾਇਆ ਕਰ ਮਨ ਚਾਹੇ, ਤੈਨੂੰ ਖੁੱਲ੍ਹੀ ਛੁੱਟੀ।" ਉਸ ਨੂੰ ਛਾਤੀ ਨਾਲ ਘੁੱਟ ਲਿਆ।

ਮਾਲੀ ਦੇ ਬੋਲਾਂ ਨੇ ਉਸ ਦੇ ਜ਼ਖਮੀ ਹੋਏ ਆਤਮ ਵਿਸ਼ਵਾਸ 'ਤੇ ਮਲ੍ਹਮ ਲਾ ਦਿੱਤੀ। ਉਹ ਸਰਪਟ ਦੌੜਿਆ ਭਾਵੇਂ ਸਕੂਲ ਬਹੁਤ ਦੂਰ ਨਹੀਂ ਸੀ, ਪਰ ਦੇਰ ਜ਼ਰੂਰ ਹੋ ਗਈ ਸੀ। ਕਿੰਨੂ ਉਸ ਨੇ ਮੈਡਮ ਦੇ ਸਾਹਮਣੇ ਢੇਰੀ ਕਰ ਦਿੱਤੇ, "ਮੈਡਮ ਕਿੰਨੂ ਖਾਓ, ਤੁਸੀਂ ਵੀ ਤੇ ਇਹਨੂੰ ਵੀ ਖੁਆਓ। ਇਹ ਇਸ ਦੀ ਬਿਮਾਰੀ ਦਾ ਇਲਾਜ ਹੈ।"

ਗੁਲਬਾਨੋ ਹੁਣ ਤੱਕ ਉਠ ਕੇ ਬੈਠ ਚੁਕੀ ਸੀ, 'ਕੇਰਾਂ ਫਿਰ ਫਿੱਸ ਪਈ। ਦੂਜੀਆਂ ਸਹੇਲੀਆਂ ਨੇ ਵੀ ਸੁਮਕੇ ਮਾਰ ਕੇ ਅੱਖਾਂ ਪੂੰਝੀਆਂ ਤੇ ਇੱਕ ਇੱਕ ਫੜ ਕੇ ਛਿੱਲਣ ਲੱਗ ਪਈਆਂ।

"ਬੈਠ ਜਾਹ ਤੂੰ ਵੀ ਖਾ ਲੈ, ਤੈਨੂੰ ਯਾਦ ਕਰਦੀ ਤੇਰਾ ਫਿਕਰ ਕਰਦੀ ਸੀ। ਆਪੇ ਖੁਆ ਇਸ ਨੂੰ। ਇੱਕ ਵੇਰਾਂ ਤੇ ਮੁੜ ਆਈ ਹੈ ਅਗਲੇ ਜਹਾਨੋਂ।" ਮਾਸਟਰਨੀ ਨੇ ਟਿੱਚਰ ਭਰੀ ਰਮਜ਼ ਨਾਲ ਉਸ ਨੂੰ ਸਮਝਾ ਦਿੱਤਾ ਕਿ ਦਾਲ ਵਿਚ ਕੁਝ ਕਾਲਾ ਹੈ ਤੇ ਇਹ ਪਿਆਰ ਦੀ ਪਹਿਲੀ ਝਲਕ ਹੈ। ਬਾਨੋ ਨੇ ਡਲ੍ਹਕਦੀਆਂ ਅੱਖਾਂ ਝਮਕੀਆਂ ਜਿਵੇਂ ਕਹਿ ਰਹੀ ਹੋਵੇ, 'ਤੁਮ ਹੀ ਨੇ ਦਰਦ ਦੀਆ ਹੈ, ਤੁਮ ਹੀ ਦਵਾ ਦੇਨਾ।' ਉਸ ਲਈ ਇਹ ਨਵੀਂ ਨਿਆਮਤ ਸੀ।

ਉਹ ਉਥੇ ਖੜ੍ਹਾ ਨਾ ਹੋ ਸਕਿਆ। ਝੱਗੇ ਨਾਲ ਮੂੰਹ, ਅੱਖਾਂ ਪੂੰਝਦਾ ਮੁੜ ਅੱਧ-ਵਰਿੱਤਾ ਜਿਹਾ ਹੋ ਕੇ ਕਲਾਸ ਵਿਚ ਜਾ ਬੈਠਾ।

## ਪਾਠਕਾਂ ਦੀ ਗੱਲ

# ਖੁਦਕੁਸ਼ੀਆਂ ਨਾ ਕਰ ਸਕਣ ਕੋਈ ਸਮੱਸਿਆ ਹੱਲ



ਹਰਗੁਣਪ੍ਰੀਤ ਸਿੰਘ, ਪਟਿਆਲਾ
ਫੋਨ: 91-94636-19353

ਸਾਡਾ ਜੀਵਨ ਬਹੁਤ ਸੰਘਰਸ਼ਸ਼ੀਲ ਹੋਣ ਦੇ ਨਾਲ-ਨਾਲ ਬਹੁਤ ਖੂਬਸੂਰਤ ਵੀ ਹੈ। ਜੇ ਇੱਥੇ ਦੁਖ ਹੈ ਤਾਂ ਸੁਖ ਵੀ ਹੈ, ਜੇ ਰਾਤ ਹੈ ਤਾਂ ਸਵੇਰ ਵੀ ਹੈ ਅਤੇ ਜੇ ਖਟਾਸ ਹੈ ਤਾਂ ਮਿਠਾਸ ਵੀ ਹੈ। ਜ਼ਿੰਦਗੀ ਦੇ ਹਰ ਚੰਗੇ-ਮਾੜੇ ਰੰਗ ਨੂੰ ਖੁਸ਼ੀ-ਖੁਸ਼ੀ ਹੰਢਾਉਣ ਨਾਲ ਹੀ ਮਨੁੱਖ ਦਾ ਸੰਪੂਰਨ ਵਿਕਾਸ ਸੰਭਵ ਹੁੰਦਾ ਹੈ, ਪਰ ਕਈ ਵਾਰ ਇਨਸਾਨ ਕਿਸੇ ਅਸਫਲਤਾ ਜਾਂ ਅਣਸੁਖਾਵੀਂ ਘਟਨਾ ਕਾਰਨ ਇੰਨੀ ਘੋਰ ਨਿਰਾਸ਼ਾ ਵਿਚ ਚਲਾ ਜਾਂਦਾ ਹੈ ਕਿ ਉਹ ਖੁਦਕੁਸ਼ੀ ਕਰਨ ਲਈ ਵੀ ਤਿਆਰ ਹੋ ਜਾਂਦਾ ਹੈ ਅਤੇ ਆਪਣੀ ਕੀਮਤੀ ਜਾਨ ਤੋਂ ਹੱਥ ਧੋ ਬੈਠਦਾ ਹੈ।

ਵਰਲਡ ਹੈਲਥ ਆਰਗੇਨਾਈਜ਼ੇਸ਼ਨ ਦੀ ਪਿਛਲੇ ਸਾਲ ਦੀ ਰਿਪੋਰਟ ਅਨੁਸਾਰ ਸੰਸਾਰ ਭਰ ਵਿਚ ਹੁੰਦੀਆਂ ਕੁੱਲ ਮਨੁੱਖੀ ਮੌਤਾਂ ਵਿਚੋਂ 1.4 ਫੀਸਦੀ ਮੌਤਾਂ ਸਿਰਫ ਖੁਦਕੁਸ਼ੀਆਂ ਕਾਰਨ ਹੀ ਹੁੰਦੀਆਂ ਹਨ ਅਤੇ ਵਿਸ਼ਵ ਭਰ ਦੀਆਂ ਮੌਤਾਂ ਦੇ ਵੱਖ-ਵੱਖ ਕਾਰਨਾਂ ਵਿਚੋਂ 18ਵਾਂ ਸਭ ਤੋਂ ਵੱਡਾ ਕਾਰਨ ਖੁਦਕੁਸ਼ੀਆਂ ਹੀ ਹਨ। ਦੁਨੀਆਂ ਵਿਚ ਹਰ 40 ਸਕਿੰਟਾਂ ਵਿਚ ਇੱਕ ਮੌਤ ਖੁਦਕੁਸ਼ੀ ਕਾਰਨ ਹੋਣਾ ਬਹੁਤ ਹੀ ਹੈਰਾਨ ਕਰਨ ਵਾਲੀ ਗੱਲ ਹੈ। ਖੁਦਕੁਸ਼ੀ ਭਾਵੇਂ ਕਰਜ਼ੇ ਦੇ ਬੋਝ ਥੱਲੇ ਦੱਬੇ ਕਿਸੇ ਗਰੀਬ ਵਿਅਕਤੀ ਦੀ ਹੋਵੇ ਜਾਂ ਫਿਰ ਕੋਈ ਵਿਹਾਰਕ ਜਾਂ ਵਪਾਰਕ ਨੁਕਸਾਨ ਕਾਰਨ ਤਣਾਓ ਵਿਚ ਆਏ ਕਿਸੇ ਅਮੀਰ ਵਿਅਕਤੀ ਦੀ ਹੋਵੇ, ਉਨ੍ਹਾਂ ਦੇ ਮਰਨ ਨਾਲ ਹੀ ਉਨ੍ਹਾਂ ਦੇ ਪਰਿਵਾਰਾਂ, ਰਿਸ਼ੇਤਦਾਰਾਂ ਅਤੇ ਮਿੱਤਰਾਂ ਦੇ ਸੁਪਨਿਆਂ ਤੇ ਆਸਾਂ ਦੀ ਵੀ ਮੌਤ ਹੋ ਜਾਂਦੀ ਹੈ।

ਮਨੁੱਖ ਨੂੰ ਹਰ ਸਮੇਂ ਆਪਣੀ ਸਮਰੱਥਾ, ਹਿੰਮਤ ਅਤੇ ਹਾਲਾਤ ਅਨੁਸਾਰ ਨਿਰੰਤਰ ਯਤਨ ਕਰਦੇ ਰਹਿਣਾ ਚਾਹੀਦਾ ਹੈ, ਪਰ ਆਪਣੇ ਆਪ ਕੋਲੋਂ ਜਾਂ ਦੂਜਿਆਂ ਕੋਲੋਂ ਲੋੜੋਂ ਵੱਧ ਉਮੀਦ ਰੱਖ ਕੇ ਗੰਭੀਰ ਤਣਾਓ ਅਤੇ ਘੋਰ ਨਿਰਾਸ਼ਾ ਦਾ ਸ਼ਿਕਾਰ ਹੋ ਜਾਣਾ ਕੋਈ ਸਿਆਣਪ ਵਾਲੀ ਗੱਲ ਨਹੀਂ। ਖੁਦਕੁਸ਼ੀਆਂ ਦੀ ਰੋਕਥਾਮ ਲਈ ਸਾਨੂੰ ਆਪਣੀ ਸਰੀਰਕ ਅਤੇ ਮਾਨਸਿਕ ਤੰਦਰੁਸਤੀ-ਦੋਹਾਂ ਵੱਲ ਬਰਾਬਰ ਧਿਆਨ ਦੇਣ ਦੀ ਲੋੜ ਹੈ। ਅਜੋਕੇ ਪੂੰਜੀਵਾਦੀ ਅਤੇ ਪਦਾਰਥਵਾਦੀ ਸਮਾਜ ਵਿਚ ਰੋਜ਼ਾਨਾ ਪੈਦਾ ਹੋਣ ਵਾਲੀਆਂ ਚਿੰਤਾਵਾਂ ਅਤੇ ਬੇਚੈਨੀਆਂ ਨੂੰ ਜਿੱਥੇ ਅਸੀਂ ਆਪਣੇ ਘਰ-ਪਰਿਵਾਰ ਅਤੇ ਮਿੱਤਰ-ਸਨੇਹੀਆਂ ਨਾਲ ਸਾਂਝਾ ਕਰ ਸਕਦੇ ਹਾਂ, ਉਥੇ ਨਾਲ ਹੀ ਮਨੋਵਿਗਿਆਨੀਆਂ ਅਤੇ ਕਾਊਂਸਲਰਾਂ ਤੋਂ ਵੀ ਸਮੇਂ ਸਿਰ ਯੋਗ ਇਲਾਜ ਕਰਵਾ ਕੇ ਆਪਣਾ ਡਿਪਰੈਸ਼ਨ ਦੂਰ ਕਰ ਸਕਦੇ ਹਾਂ।

ਜਦੋਂ ਵੀ ਕੋਈ ਵਿਅਕਤੀ ਸਾਡੇ ਉਤੇ ਪੂਰਾ ਭਰੋਸਾ ਕਰਕੇ ਸਾਡੇ ਨਾਲ ਆਪਣਾ ਦੁੱਖ ਸਾਂਝਾ ਕਰਦਾ ਹੈ ਤਾਂ ਉਸ ਨੂੰ ਮਜ਼ਾਕ ਵਿਚ ਨਾ ਲੈਂਦਿਆਂ ਜਿੱਥੇ ਪੂਰੀ ਹਮਦਰਦੀ ਅਤੇ ਧਿਆਨ ਨਾਲ ਉਸ ਨੂੰ ਸੁਣਨਾ ਚਾਹੀਦਾ ਹੈ, ਉਥੇ ਨਾਲ ਹੀ ਆਪਣੀ ਸਮਝ ਮੁਤਾਬਿਕ ਉਸ ਦੀ ਸਮੱਸਿਆ ਦਾ ਹੱਲ ਕੱਢਣ ਦਾ ਯਤਨ ਕਰਨਾ ਚਾਹੀਦਾ ਹੈ। ਉਸ ਨੂੰ ਹਰ ਸਮੇਂ ਚੜ੍ਹਦੀਕਲਾ ਵਿਚ ਰਹਿਣ ਦੀ ਪ੍ਰੇਰਨਾ ਦੇਣੀ ਚਾਹੀਦੀ ਹੈ, ਕਿਉਂਕਿ ਇਹ ਆਮ ਦੇਖਣ ਵਿਚ ਆਉਂਦਾ ਹੈ ਕਿ ਕਿਸੇ ਦੁਖਿਆਰੇ ਵਿਅਕਤੀ ਨਾਲ ਸਿਰਫ ਉਸ ਦਾ ਦਰਦ ਸਾਂਝਾ ਕਰਨ ਨਾਲ ਹੀ ਉਸ ਵਿਅਕਤੀ ਦਾ ਅੱਧਾ ਦੁੱਖ ਖਤਮ ਹੋ ਜਾਂਦਾ ਹੈ।

ਸੰਸਾਰ ਵਿਚ ਕੋਈ ਵੀ ਵਿਅਕਤੀ ਸੌ ਪ੍ਰਤੀਸ਼ਤ ਸੰਪੂਰਨਤਾਵਾਦੀ ਨਹੀਂ ਹੋ ਸਕਦਾ, ਪਰ ਅਸੀਂ ਬਹੁਤੀ ਵਾਰ ਖੁਦ ਆਪਣੇ ਆਪ ਨੂੰ ਅਤੇ ਹੋਰਾਂ ਨੂੰ 'ਪਰਫੈਕਟ' ਬਣਾਉਣ ਦੇ ਚੱਕਰ ਵਿਚ ਬੇਲੋੜੇ ਫਿਕਰਾਂ ਅਤੇ ਚਿੰਤਾਵਾਂ ਨੂੰ ਸਹੇੜ ਲੈਂਦੇ ਹਾਂ, ਜਦਕਿ ਆਪਣੀਆਂ ਛੋਟੀਆਂ-ਛੋਟੀਆਂ ਖੁਸ਼ੀਆਂ ਅਤੇ ਸਫਲਤਾਵਾਂ ਨੂੰ ਬਿਲਕੁਲ ਅੱਖੋਂ ਪਰੋਖੇ ਕਰ ਦਿੰਦੇ ਹਾਂ। ਜਿਸ ਪ੍ਰਕਾਰ ਕੁਦਰਤੀ ਤੌਰ ਉਤੇ ਕਿਸੇ ਇੱਕ ਰੁੱਖ 'ਤੇ ਅੰਬ, ਅਮਰੂਦ, ਸੇਬ, ਅਨਾਰ ਅਤੇ ਅੰਗੂਰ ਆਦਿ ਵੱਖ-ਵੱਖ ਕਿਸਮਾਂ ਦੇ ਫਲ ਨਹੀਂ ਲੱਗ ਸਕਦੇ ਅਤੇ ਸਿਰਫ ਇੱਕੋ ਤਰ੍ਹਾਂ ਦੇ ਫਲ ਹੀ ਲੱਗ ਸਕਦੇ ਹਨ, ਉਸੇ ਤਰ੍ਹਾਂ ਹੀ ਇੱਕ ਇਨਸਾਨ ਵੀ ਸਮਾਜਕ, ਆਰਥਕ, ਵਿਹਾਰਕ, ਬੌਧਿਕ ਅਤੇ ਧਾਰਮਿਕ ਆਦਿ ਪਹਿਲੂਆਂ ਵਿਚ ਇੱਕੋ ਸਮਾਨ ਸੰਪੂਰਨ ਨਹੀਂ ਹੋ ਸਕਦਾ। ਸੰਸਾਰ ਦੇ ਹਰ ਜੀਵ ਨੂੰ ਸ੍ਰਿਸ਼ਟੀਕਰਤਾ ਨੇ ਇਕ-ਦੂਸਰੇ ਤੋਂ ਵੱਖਰਾ ਤੇ ਵਿਸ਼ੇਸ਼ ਬਣਾਇਆ ਹੈ। ਸਾਡੀ ਸੋਚ, ਸੁਭਾਅ, ਵਿਹਾਰ, ਆਦਤਾਂ, ਖੂਬੀਆਂ ਅਤੇ ਕਮਜ਼ੋਰੀਆਂ ਵੀ ਇਕ-ਦੂਜੇ ਤੋਂ ਵੱਖਰੀਆਂ ਹੁੰਦੀਆਂ ਹਨ। ਸਾਡੀ ਸਫਲਤਾ ਜਾਂ ਅਸਫਲਤਾ ਵੀ ਸਾਡੇ ਵੱਖੋ-ਵੱਖਰੇ ਪਿਛੋਕੜ, ਪਰਿਵਾਰ, ਸਮਾਜ, ਸਿੱਖਿਆ, ਤਜਰਬੇ ਅਤੇ ਹਾਲਾਤਾਂ ਆਦਿ ਪਹਿਲੂਆਂ ਉਤੇ ਨਿਰਭਰ ਕਰਦੀ ਹੈ।

ਅਸੀਂ ਆਪਣੇ ਆਪ ਵਿਚ ਹੀ ਇਕ ਖਾਸ, ਨਿਵੇਕਲੀ ਅਤੇ ਵਿਲੱਖਣ ਸ਼ਖਸੀਅਤ ਦੇ ਮਾਲਕ ਹਾਂ। ਇਸ ਲਈ ਅਸੀਂ ਕਿਸੇ ਵਰਗੇ ਨਹੀਂ ਬਣ ਸਕਦੇ ਅਤੇ ਨਾ ਹੀ ਸਾਨੂੰ ਕਿਸੇ ਵਰਗਾ ਬਣਨ ਦਾ ਯਤਨ ਕਰਨਾ ਚਾਹੀਦਾ ਹੈ, ਪਰ ਹਰ ਵੇਲੇ ਕਿਸੇ ਦੀ ਮਹਾਨਤਾ ਅਤੇ ਚੰਗਿਆਈ ਤੋਂ ਜ਼ਰੂਰ ਪ੍ਰੇਰਨਾ ਲੈ ਕੇ ਆਪਣੇ ਆਪ ਵਿਚ ਨਿਰੰਤਰ ਸੁਧਾਰ ਕਰਦੇ ਰਹਿਣਾ ਚਾਹੀਦਾ ਹੈ। ਸਾਨੂੰ ਜ਼ਿੰਦਗੀ ਦੇ ਹਰ ਮੋੜ ਉਤੇ ਪੇਸ਼ ਆਉਂਦੀਆਂ ਮੁਸੀਬਤਾਂ ਦਾ ਡਰ ਕੇ ਨਹੀਂ, ਸਗੋਂ ਡਟ ਕੇ ਮੁਕਾਬਲਾ ਕਰਨਾ ਚਾਹੀਦਾ ਹੈ। ਭਾਵੇਂ ਖੁਦਕੁਸ਼ੀਆਂ ਨੂੰ ਰੋਕਣਾ ਸਮੁੱਚੀ ਮਾਨਵਤਾ ਲਈ ਇਕ ਬਹੁਤ ਵੱਡੀ ਚੁਣੌਤੀ ਹੈ, ਪਰ ਰਲ-ਮਿਲ ਕੇ ਮਾਰੇ ਹੰਭਲੇ ਨਾਲ ਅਸੀਂ ਇਸ ਨਕਾਰਾਤਮਕ ਵਰਤਾਰੇ ਨੂੰ ਜ਼ਰੂਰ ਰੋਕ ਸਕਦੇ ਹਾਂ।

ਸਾਨੂੰ ਜਿੱਥੇ ਪੁਰਾਣੇ ਸਮਿਆਂ ਵਾਂਗ ਆਪਣੀ ਸਮਾਜਕ ਅਤੇ ਭਾਈਚਾਰਕ ਸਾਂਝ ਨਿਰੰਤਰ ਵਧਾਉਣੀ ਚਾਹੀਦੀ ਹੈ, ਉਥੇ ਬਿਨਾ ਕੋਈ ਲੋਭ-ਲਾਲਚ ਰੱਖਦਿਆਂ ਅਤੇ ਤੁਲਨਾ-ਈਰਖਾ ਕਰਦਿਆਂ ਆਪਣੀ ਸੂਝ-ਬੂਝ ਤੇ ਸਬਰ-ਸੰਤੋਖ ਨਾਲ ਆਪਣੇ ਸਾਰੇ ਕਾਰ-ਵਿਹਾਰ ਪੂਰੀ ਮਿਹਨਤ ਨਾਲ ਕਰਨੇ ਚਾਹੀਦੇ ਹਨ, ਬਾਕੀ ਸਭ ਕੁਦਰਤ ਅਤੇ ਪਰਮਾਤਮਾ ਦੇ ਉਪਰ ਛੱਡ ਦੇਣਾ ਚਾਹੀਦਾ ਹੈ। ਯਾਦ ਰਹੇ, ਆਤਮ ਹੱਤਿਆ ਕਿਸੇ ਵੀ ਸਮੱਸਿਆ ਦਾ ਹੱਲ ਨਹੀਂ, ਸਗੋਂ ਆਪ ਬਹੁਤ ਵੱਡੀ ਅਤੇ ਗੰਭੀਰ ਸਮੱਸਿਆ ਹੈ,

ਖੁਦਕੁਸ਼ੀਆਂ ਨਾ ਕਰ ਸਕਣ
ਕੋਈ ਸਮੱਸਿਆ ਹੱਲ,
ਸਮਝ, ਸਬਰ ਤੇ ਉਦਮ ਕੀਤਿਆਂ
ਬਣ ਸਕਦੀ ਹੈ ਗੱਲ।

## ਮਿਨੀ ਕਹਾਣੀ

### ਤੂੰ ਸਮੁੰਦਰ ਨਾ ਬਣੀਂ

ਗੱਭਰੂ ਸਾਂਤ ਚਿੱਤ ਸਮੁੰਦਰ ਨੂੰ ਵੇਖ ਰਿਹਾ ਸੀ। ਵੇਖ ਰਿਹਾ ਸੀ ਜਾਂ ਆਪਣੇ ਨਾਲ ਮੁਲੰਕਣ ਕਰ ਰਿਹਾ ਸੀ। ਆਪਣੇ ਭਵਿੱਖ ਨੂੰ ਲੈ ਮਨ ਵਿਚ ਉਠ ਰਹੀਆਂ ਲਹਿਰਾਂ ਨੂੰ ਜੋਹ ਰਿਹਾ ਸੀ। ਮੁਟਿਆਰ ਇਸ ਸਭ ਤੋਂ ਅਣਭਿੱਜ ਪੈਰਾਂ ਨਾਲ ਆਪਣਾ ਘਰ ਬਣਾ-ਢਾਹ ਰਹੀ ਸੀ। ਕੁਝ ਦੇਰ ਰੇਤ 'ਤੇ ਭੱਜ-ਨੱਠ ਕਰ ਗੱਭਰੂ ਦੇ ਮੋਢੇ 'ਤੇ ਸਿਰ ਰੱਖ ਬੈਠ ਗਈ, "ਕਿੰਨਾ ਸਾਂਤ ਹੈ ਸਮੁੰਦਰ। ਤੇਰੇ ਵਾਂਗ..।"

"ਜਦੋਂ ਗੁੱਸੇ ਵਿਚ ਹੁੰਦਾ, ਆਪਣੇ ਆਪ ਨੂੰ ਪੀਂਦਾ ਜਾਂ ਫਿਰ ਲਹਿਰਾਂ ਦਾ ਰੂਪ ਧਾਰ ਲੈਂਦਾ, ਪਰ ਬੇਵੱਸ ਆਪਣੇ ਹੀ ਕਿਨਾਰੇ ਖੋਰਦਾ।"

"ਅਥਾਹ ਭੰਡਾਰ ਪਰ ਆਪ ਵੀ ਪਿਆਸਾ, ਕਿਸੇ ਦੀ ਪਿਆਸ ਵੀ ਨਹੀਂ ਬੁੱਝਾ ਸਕਦਾ।"

"ਹੰਝੂਆਂ ਦਾ ਸੁਆਦ ਕਿਹੋ ਜਿਹਾ ਹੁੰਦਾ। ਇਕੱਲਾਪਣ ਕਿੰਨਾ ਚੁਭਦਾ ਹੋਏਗਾ।"

"ਕਿੰਨੀਆਂ ਨਦੀਆਂ ਮਿਲਦੀਆਂ ਫਿਰ ਵੀ..!"

"ਮਿਲਣ ਪਿਛੋਂ ਨਦੀਆਂ ਦੀ ਹੋਂਦ ਕਿੱਥੇ ਰਹਿੰਦੀ ਹੈ! ਸਾਥ ਤਾਂ ਹੱਸਦਾ-ਖੇਡਦਾ, ਮੰਨਦਾ-ਰੁਸਦਾ ਚੰਗਾ ਲੱਗਦਾ। ਲਾਸ਼ ਵਰਗਾ ਨਹੀਂ।"

"ਤੂੰ ਸਮੁੰਦਰ ਨਾ ਬਣੀਂ, ਅੱਗੇ ਵੱਧ ਕਿਨਾਰੇ ਤੋੜ ਬੁੱਕਲ ਵਿਚ ਲੈ ਲਵੀਂ।" ਮੁਟਿਆਰ ਨੇ ਗੱਭਰੂ ਨੂੰ ਜੱਫੀ ਵਿਚ ਘੁੱਟ ਅੱਖਾਂ ਬੰਦ ਕਰ ਲਈਆਂ।

*-ਗੁਰਮੀਤ ਸਿੰਘ ਮਰਾੜ੍ਹ*
*ਫੋਨ: 91-95014-00397*

ਕਹਾਣੀ

# ਨੂਰਾਂ ਅਜੇ ਮਰੀ ਨਹੀਂ

***ਉੱਘੇ ਲੇਖਕ ਕਰਮ ਮਾਨ ਦੀ ਇਹ ਰਚਨਾ 'ਨੂਰਾਂ ਅਜੇ ਮਰੀ ਨਹੀਂ' ਸੰਤਾਲੀ ਦੀ ਵੱਢ-ਟੁੱਕ ਦੇ ਪਿਛੋਕੜ ਨਾਲ ਜੁੜੀ ਹੋਈ ਹੈ। ਉਸ ਵਕਤ ਆਮ ਲੋਕਾਂ ਉਤੇ ਅਤਿਅੰਤ ਜ਼ੁਲਮ ਹੋਏ, ਖਾਸ ਕਰ ਕੇ ਔਰਤਾਂ ਦੀ ਬੇਵਸੀ ਹਰ ਕਿਸੇ ਨੂੰ ਬੇਵੱਸ ਕਰ ਜਾਂਦੀ। ਇਹ ਉਹ ਕਹਾਣੀਆਂ ਹਨ, ਜਦ ਵੀ ਸੁਣੋ ਜਾਂ ਪੜ੍ਹੋ, ਅੱਖਾਂ ਨਮ ਹੋ ਜਾਂਦੀਆਂ ਹਨ। -ਸੰਪਾਦਕ***

**ਕਰਮ ਸਿੰਘ ਮਾਨ**
**ਫੋਨ: 559-261-5024**

ਪਿੰਡ ਗਹਿਲ ਪੁਰਾਣਾ ਇਤਿਹਾਸਕ ਪਿੰਡ ਹੈ। ਇਸ ਦੀ ਖੱਬੀ ਵੱਖੀ ਨਾਲ ਦੀ ਖਹਿ ਕੇ ਸਰਹੰਦ ਨਹਿਰ ਦੀ ਬਠਿੰਡਾ ਬ੍ਰਾਂਚ ਲੰਘਦੀ ਹੈ। ਸਿੱਖਾਂ ਦੇ ਛੇਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਪਿੰਡ ਮਹਿਰਾਜ ਨੂੰ ਜਾਂਦੇ ਸਮੇਂ ਇਕ ਰਾਤ ਇੱਥੇ ਠਹਿਰੇ ਸਨ। ਸਿੱਖਾਂ ਦੇ ਵਡੇ ਘੱਲੂਘਾਰੇ ਦੀ ਅੰਤਮ ਭਿਆਨਕ ਲੜਾਈ ਇਸ ਪਿੰਡ ਦੀ ਵੱਡੀ ਢਾਬ 'ਰਾਮਸਰ' 'ਤੇ ਹੋਈ। ਕੁੱਪ ਰਹੀੜਾ (ਮਲੇਰਕੋਟਲਾ) ਤੋਂ ਅਹਿਮਦ ਸ਼ਾਹ ਅਬਦਾਲੀ ਦੀਆਂ ਫੌਜਾਂ ਨਾਲ ਲੜਦੇ ਸਿੰਘ 'ਰਾਮਸਰ' ਝੀਲ 'ਤੇ ਪਹੁੰਚੇ ਸਨ। ਇਸ ਅੰਤਮ ਭਿਆਨਕ ਲੜਾਈ ਵਿਚ ਦੋਵੇਂ ਪਾਸਿਆਂ ਦਾ ਇੰਨਾ ਖੂਨ ਵਹਿਆ, ਜਦੋਂ ਲੜਾਕੇ ਪੀਣ ਲਈ ਪਾਣੀ ਦਾ ਬੁੱਕ ਭਰਦੇ, ਪਾਣੀ ਵਿਚ ਘੁਲੀ ਲਹੂ ਤੇ ਮਿੱਝ ਹੁੰਦੀ। ਇਸ ਵਿਚ ਤੀਹ ਹਜ਼ਾਰ ਦੇ ਲਗਭਗ ਸਿੱਖ ਮਾਰੇ ਗਏ ਸਨ। ਫਰਵਰੀ ਦੇ ਮਹੀਨੇ ਵੱਡੇ ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ ਵਿਚ ਤਿੰਨ ਦਿਨ ਦਾ ਵੱਡਾ ਜੋੜ ਮੇਲਾ ਲੱਗਦਾ ਹੈ।

ਛੇਵੇਂ ਗੁਰੂ ਦੇ ਅਨਿੰਨ ਸ਼ਰਧਾਲੂ ਭਾਈ ਭਗਤੂ ਦਾ ਸਥਾਨ ਵੀ ਹੈ ਜਿਹੜਾ ਹੁਣ ਧਾਰਮਿਕ, ਸਮਾਜਿਕ ਤੇ ਰਾਜਨੀਤਕ ਗਤੀਵਿਧੀਆਂ ਦਾ ਵੱਡਾ ਕੇਂਦਰ ਬਣ ਗਿਆ ਹੈ। ਇਸ ਪਿੰਡ ਵਿਚ 'ਉਦਾਸੀ', 'ਨਿਰਮਲੇ' ਅਤੇ 'ਵੈਰਾਗੀ' ਸੰਪ੍ਰਦਾਵਾਂ ਦੇ ਡੇਰੇ ਵੀ ਹਨ। ਇਸ ਵਿਚੋਂ ਸਭ ਤੋਂ ਪ੍ਰਮੁੱਖ ਹੈ- 'ਉਦਾਸੀ' ਸੰਤ ਬੀਰਮ ਦਾਸ ਦਾ ਡੇਰਾ। 'ਉਦਾਸੀ' ਸੰਪਰਦਾ ਦਾ ਇਹ ਡੇਰਾ ਇਕ ਪ੍ਰਕਾਰ ਦੀ ਵਿਦਿਅਕ ਅਕੈਡਮੀ ਸੀ ਜਿਸ ਵਿਚ ਪੰਜਾਬੀ, ਗੁਰਬਾਣੀ ਤੇ ਪ੍ਰਾਚੀਨ ਧਾਰਮਿਕ ਗ੍ਰੰਥਾਂ ਦੀ ਵਿਦਿਆ ਦਿੱਤੀ ਜਾਂਦੀ ਸੀ। ਇਹ ਦੇਸ਼-ਭਗਤਾਂ ਦੀ ਪਨਾਹ ਵੀ ਸੀ। ਇਸ ਪਿੰਡ ਨੇ 'ਕੂਕਾ ਲਹਿਰ', 'ਗਦਰੀ ਬਾਬੇ', 'ਅਕਾਲੀ ਲਹਿਰ' 'ਬਬਰ ਅਕਾਲੀ ਲਹਿਰ' ਅਤੇ ਦੇਸ਼ ਦੀ ਆਜ਼ਾਦੀ ਤੇ ਹੋਰ ਲਹਿਰਾਂ ਵਿਚ ਵੀ ਭਰਪੂਰ ਯੋਗਦਾਨ ਪਾਇਆ ਹੈ।

ਪਰ ਉਪਰੋਕਤ ਤੋਂ ਉਪਰੰਤ ਪਿੰਡ ਦਾ ਸਿਰਜਿਆ ਵੱਖਰਾ ਇਤਿਹਾਸ ਵੀ ਹੈ ਜੋ ਮੇਰੇ ਪਿੰਡ ਦੀ ਕਮਜ਼ੋਰ ਤੇ ਡਰਪੋਕ ਮਾਨਸਿਕਤਾ ਨੂੰ ਪ੍ਰਗਟਾਉਂਦਾ ਹੈ। 1947 ਈਸਵੀ ਵਿਚ ਦੇਸ਼ ਦੀ ਵੰਡ ਸਮੇਂ ਪਿੰਡ ਦੀ ਅਣਖ ਤੇ ਗੈਰਤ ਨਾ ਜਾਗੀ, ਜਦੋਂ ਪਿੰਡ ਤੋਂ ਇਕ ਮੀਲ ਦੂਰ ਨਹਿਰੀ ਕੋਠੇ ਨੇੜੇ ਨਿਹੱਥੇ ਬੇਵਸ ਗਰੀਬ ਮੁਸਲਮਾਨ ਲੋਕਾਂ ਦੇ ਇਕੱਠੇ ਕੀਤੇ ਕਾਫਲੇ ਨੂੰ ਲੁੱਟ-ਖੋਹ ਕੇ ਬੜੀ ਦਰਿੰਦਗੀ ਤੇ ਬੇਰਹਿਮੀ ਨਾਲ ਵੱਢ-ਟੁੱਕ ਕੇ ਨਹਿਰ ਵਿਚ ਸੁੱਟ ਦਿੱਤਾ ਸੀ। ਕੁਝ ਗਰੀਬ ਨੌਜਵਾਨ ਕੁੜੀਆਂ ਅਤੇ ਬਣਦੀਆਂ ਤਣਦੀਆਂ ਨੌਜਵਾਨ ਔਰਤਾਂ ਨੂੰ ਲੁਟੇਰੇ ਚੁੱਕ ਕੇ ਲੈ ਗਏ। ਬਹੁਤ ਸਾਰੀਆਂ ਕੁੜੀਆਂ ਆਪਣੀ ਇੱਜ਼ਤ ਬਚਾਉਣ ਖਾਤਰ ਨਹਿਰ ਦੇ ਡੋਬੂ ਪਾਣੀ ਵਿਚ ਡੁੱਬ ਮੋਈਆਂ ਸਨ। ਨੌਜਵਾਨਾਂ ਦੇ ਡੱਕਰੇ ਕਰ ਕੇ ਆਹੂ ਲਾਹ ਦਿੱਤੇ। ਨੌਜਵਾਨਾਂ 'ਤੇ ਤਾਂ ਕਿਸੇ ਨੇ ਰਹਿਮ ਕੀ ਕਰਨਾ ਸੀ, ਮਾਸੂਮ ਬੱਚੇ ਵੀ ਉਨ੍ਹਾਂ ਦੇ ਨੇਜ਼ਿਆਂ ਦੀਆਂ ਨੋਕਾਂ ਦੇ ਸ਼ਿਕਾਰ ਹੋ ਗਏ ਸਨ। ਨੇੜਲੇ ਪਿੰਡ ਦੇ ਲੁਟੇਰੇ ਜੱਥੇ ਦੇ ਜੱਥੇਦਾਰਾਂ ਨੇ ਆਸੇ-ਪਾਸੇ ਦੇ ਪਿੰਡਾਂ ਤੋਂ ਮੁਸਲਮਾਨਾਂ ਨੂੰ ਇਹ ਕਹਿ ਕੇ ਇਕੱਠੇ ਕਰ ਲਿਆ ਸੀ ਕਿ ਉਹ ਉਨ੍ਹਾਂ ਨੂੰ ਮਲੇਰਕੋਟਲੇ ਦੀ ਰਿਆਸਤ ਦੀ ਹੱਦ ਵਿਚ ਸਹੀ ਸਲਾਮਤ ਛੱਡ ਆਉਣਗੇ। ਮਲੇਰਕੋਟਲੇ ਦੇ ਨਵਾਬ ਨੇ ਛੋਟੇ ਸ਼ਹਿਬਜਾਦਿਆਂ ਨੂੰ ਨੀਂਹਾਂ ਵਿਚ ਚਿਣਨ ਸਮੇਂ ਇਸ ਜ਼ੁਲਮ ਵਿਰੁਧ ਰੋਸ ਪ੍ਰਗਟ ਕੀਤਾ ਸੀ ਪਰ ਕੁਝ ਵਿਅਕਤੀਆਂ ਦੇ ਸਾਹਸ ਭਰੇ ਕਾਰਨਾਮੇ ਵੀ ਹਨ ਜੋ ਇਸ ਲੱਗੇ ਦਾਗ ਨੂੰ ਧੋਂਦੇ ਵੀ ਹਨ।

ਇਸ ਵੱਢ-ਟੁੱਕ ਵਿਚੋਂ ਤਿੰਨ ਮਾਸੂਮ ਬੱਚੇ-ਵੱਡੀਆਂ ਦੋ ਕੁੜੀਆਂ ਤੇ ਇਕ ਛੋਟਾ ਮੁੰਡਾ, ਪੰਜ ਤੋਂ ਗਿਆਰਾਂ ਸਾਲਾਂ ਵਿਚਕਾਰ ਉਮਰ ਦੇ-ਜ਼ਖਮੀ ਤੇ ਸਹਿਮ ਨਾਲ ਕੰਬਦੇ ਕਿਵੇਂ ਨਾ ਕਿਵੇਂ ਬਚ ਕੇ ਸੂਰਜ ਡੁੱਬਦੇ ਨਾਲ ਮਾਨਾਂ ਦੀ ਸੱਥ ਵਿਚਕਾਰ ਬੁੱਤ ਬਣੇ ਖੜ੍ਹੇ ਸਨ। ਇਨ੍ਹਾਂ ਬੱਚਿਆਂ ਦੇ ਜ਼ਖਮਾਂ ਵਿਚੋਂ ਰਿਸਦੇ ਖੂਨ ਦਾ ਚਸ਼ਮਦੀਦ ਗਵਾਹ ਮੈਂ ਹਾਂ।

ਸ਼ਾਮ ਦੇ ਘੁਸਮੁਸੇ ਵਿਚ ਮੈਂ ਵੀ ਆਪਣੇ ਪਿਤਾ ਜੀ ਦੀ ਉਂਗਲ ਫੜੀ ਸਹਿਮਿਆ ਖੜ੍ਹਾ ਸੀ। ਪਿੰਡ ਦੀ ਪੱਤੀ ਦਾ ਨੰਬਰਦਾਰ ਉਨ੍ਹਾਂ ਨੂੰ ਮਾਰ ਕੇ ਦੁਬਾਰਾ ਨਹਿਰ 'ਚ ਸੁੱਟਣ ਲਈ ਉਥੇ ਖੜ੍ਹੇ ਲੋਕਾਂ ਨੂੰ ਭੜਕਾ ਰਿਹਾ ਸੀ। ਨਵਾਂ ਸਜਿਆ ਲੁਟੇਰਾ ਸਿੰਘ ਨੰਦ ਸਿੰਘ (ਫਰਜ਼ੀ ਨਾਉਂ) ਰੋਹਬ ਨਾਲ ਹੱਥ ਵਿਚ ਨੇਜ਼ਾ ਫੜੀ ਨੌਜਵਾਨ ਮੁੰਡੀਹਰ ਨੂੰ, ਧਾਰਮਿਕ ਜਨੂਨ ਦੀ ਜ਼ਹਿਰ ਦਾ ਟੀਕਾ ਲਾ ਰਿਹਾ ਸੀ। ਲੋਕ ਚੁੱਪ-ਚਾਪ 'ਭੀਸ਼ਮ ਪਿਤਾਮਾ' ਬਣੇ ਖੜ੍ਹੇ ਸਨ।

ਲੋਕ ਇਸ ਜ਼ੁਲਮ ਵਿਰੁਧ ਉਸ ਦੇ ਜਨੂਨੀ ਅਤੇ ਘਿਰਣਾ ਭਰੇ ਭਾਸ਼ਣ ਦਾ ਅਸਰ ਕਬੂਲ ਨਹੀਂ ਸਨ ਕਰ ਰਹੇ, ਪਰ ਉਹ ਡਰਦੇ ਸਨ ਕਿ ਇਹ ਨਵੇਂ ਬਣੇ ਲੁਟੇਰਿਆਂ ਦੇ ਟੋਲੇ ਉਨ੍ਹਾਂ ਦੇ ਘਰ-ਘਾਟ ਨੂੰ ਅੱਗ ਲਾ ਕੇ ਜਾਨੀ ਮਾਲੀ ਨੁਕਸਾਨ ਨਾ ਕਰ ਦੇਣ। ਕਈ ਪਿੰਡਾਂ 'ਚ ਅਜਿਹੀਆਂ ਦੁਰਘਟਨਾਵਾਂ ਵਾਪਰ ਗਈਆਂ ਸਨ ਜਿਥੇ ਲੁਟੇਰਿਆਂ ਦੇ ਹਜੂਮ ਨੇ ਘਰਾਂ ਨੂੰ ਅੱਗ ਲਾ ਕੇ ਸਾੜ ਦਿੱਤਾ ਅਤੇ ਬਾਹਰ ਨਿਕਲਦੇ ਬੰਦਿਆਂ ਨੂੰ ਕੋਹ-ਕੋਹ ਕੇ ਮਾਰ ਦਿੱਤਾ ਸੀ। ਪਤਾ ਨਹੀਂ, ਮੇਰੇ ਪਿਤਾ ਜੀ ਵਿਚ ਕਿਥੋਂ ਦਲੇਰੀ ਆ ਗਈ। ਉਨ੍ਹਾਂ ਦੀ ਜ਼ਮੀਰ ਇਸ ਜ਼ੁਲਮ ਵਿਰੁਧ ਡਟ ਗਈ। ਉਨ੍ਹਾਂ ਨੇ ਤਾਂ ਕਦੇ ਕਿਸੇ ਨਾਲ ਉਚਾ ਬੋਲ ਕੇ ਨਹੀਂ ਸੀ ਵੀ ਵੇਖਿਆ। ਜੋ ਵਾਰਤਾਲਾਪ ਉਥੇ ਹੋਈ, ਉਸ ਦਾ ਥੋੜ੍ਹਾ ਜਿਹਾ ਸਾਰੰਸ਼ ਮੇਰੀ ਸਿਮ੍ਰਤੀ ਵਿਚ ਹੁਣ ਵੀ ਪਿਆ ਹੈ।

"ਗੁਰੂ ਜੀ ਦੇ ਛੋਟੇ ਲਾਲਾਂ ਦੇ ਕਾਤਲਾਂ ਦੇ ਟੋਟੇ ਕਰ ਕੇ ਨਹਿਰ 'ਚ ਸੁੱਟ ਆਓ, ਜੁਆਨੋ! ਦੀਨ, ਧਰਮ ਦਾ ਕੰਮ ਕਰੋ?" ਨੰਦੂ ਗੜ੍ਹਕਿਆ। ਪਹਿਲਾਂ ਉਸ ਨੂੰ ਲੋਕ ਨੰਦੂ ਹੀ ਕਹਿੰਦੇ ਸਨ। ਨੰਦ ਸਿੰਘ ਤਾਂ ਉਹ ਨਵਾਂ ਸਿੰਘ ਸਜ ਕੇ ਹੀ ਬਣਿਆ ਸੀ।



"ਇਹ ਮਾਸੂਮ ਕਿਵੇਂ ਕਾਤਲ ਹੋਏ? ਭੋਰਾ ਤਾਂ ਤਰਸ ਕਰੋ? ਇਹ ਧਰਮ ਦਾ ਕੰਮ ਐ? ਬੱਚਿਆਂ ਦੀ ਜਾਨ ਲੈਣਾ। ਇਹ ਵੀ ਕਿਸੇ ਮਾਂ ਦੇ ਲਾਲ ਨੇ। 'ਦਇਆ ਬਿਨ ਸਿੱਧ ਕਸਾਈ'?" ਬਾਪੂ ਬੜੀ ਹਲੀਮੀ ਨਾਲ ਬੋਲਿਆ।

"ਤਰਸ? ਟੌਂਡਿਆਂ 'ਤੇ ਤਰਸ? ਇਨ੍ਹਾਂ ਝੂਠੀਆਂ ਕਸਮਾਂ ਖਾ ਕੇ ਆਨੰਦਪੁਰ ਦਾ ਕਿਲ੍ਹਾ ਖਾਲੀ ਕਰਾਇਆ। ਕਸਮਾਂ ਤੋੜ ਕੇ ਗੁਰੂ ਜੀ 'ਤੇ ਧਾਵਾ ਕੀਤਾ।" ਨੰਦ ਸਿੰਘ ਦਹਾੜਿਆ।

"ਉਸ ਪਾਪੀ ਨੇ ਪਾਪ ਕਮਾਇਆ। ਆਪ ਦੀ ਕੀਤੀ ਦਾ ਫਲ ਭੋਗ ਗਿਆ। ਕਸਮਾਂ ਤੂੰ ਨੀਂ ਤੋੜੀਆਂ? ਇਨ੍ਹਾਂ ਨਾਲ ਵਾਅਦਾ ਤਾਂ ਕੀਤਾ ਸੀ ਮਲੇਰਕੋਟਲੇ ਰਾਜ 'ਚ ਛੱਡਣ ਦਾ, ਪਰ ਕਰਤੂਤ...! ਲੁੱਟ ਖੋਹ ਕੇ ਆਹ ਵੱਢ'ਤੇ ਵਿਚਾਰੇ? ਕਿਹੜਾ ਕੁਕਰਮ ਨੀ ਕੀਤਾ? ਭੈਣਾਂ, ਮਾਵਾਂ ਤੇ ਧੀਆਂ ਨਾਲ ਵੀ?" ਪਿਤਾ ਜੀ ਸਹਿਜ ਸੁਭਾ ਹੀ ਬੋਲ ਰਹੇ ਸਨ। ਇੱਡੀ ਵੱਡੀ ਗੱਲ ਕਹਿਣ ਨਾਲ ਵੀ ਉਨ੍ਹਾਂ ਦੇ ਬੋਲ ਵਿਚ ਤਲਖੀ ਨਹੀਂ ਆਈ ਸੀ। ਉਨ੍ਹਾਂ ਦੇ ਚਿਹਰੇ 'ਤੇ ਕਿਸੇ ਕਿਸਮ ਦਾ ਡਰ-ਭਾਉ ਵੀ ਨਹੀਂ ਸੀ।

"ਤੂੰ ਖਾਲਸੇ ਨੂੰ ਨੀ ਜਾਣਦਾ? ਸੋਧਾਂ ਤੈਨੂੰ?" ਉਹ ਇਕ ਕਦਮ ਅੱਗੇ ਵਧ ਕੇ ਰੁਕ ਗਿਆ। ਸ਼ਾਇਦ ਉਹ ਉਥੇ ਖੜ੍ਹੇ ਲੋਕਾਂ ਦੇ ਭੈਅ ਕਾਰਨ ਰੁਕ ਗਿਆ ਹੋਵੇ। ਨਾਲੇ ਲੁਟੇਰੇ ਵਿਚ ਦਲੇਰੀ ਵੀ ਕਿੰਨੀ ਕੁ ਹੁੰਦੀ ਆ।

"ਤੂੰ ਸੋਧੇਂਗਾ? ਨੰਦੂ, ਤੂੰ ਸੋਧੇਂਗਾ? ਤੇਰੀ ਮਾਂ ਫਲਾਣੇ ਪਿੰਡ ਫਲਾਣੇ ਦੇ ਬੈਠੀ ਆ। ਜਾ ਉਹਨੂੰ ਲਿਆ।" ਬਾਪੂ ਨੇ ਜ਼ਖਮੀ ਮੁੰਡੇ ਨੂੰ ਚੁੱਕ ਕੇ ਹਿੱਕ ਨਾਲ ਲਾ ਲਿਆ। "ਆਉ, ਧੀਓ ਤੁਰੋ ਮੂਹਰੇ।" ਮੈਂ ਉਨ੍ਹਾਂ ਦੇ ਪਿੱਛੇ ਹੋ ਤੁਰਿਆ। ਅਸੀਂ ਪੰਜੇ ਜਣੇ ਘਰ ਪਹੁੰਚ ਗਏ।

"ਹੁਣ ਜੇ ਬਾਹਰਲੇ ਸ਼ੇਰ ਸਿੰਘ ਆਗੇ, ਮੈਥੋਂ ਨੀ ਰੁਕਣੇ। ਫਿਰ ਮੈਨੂੰ ਦੋਸ਼ ਦਿਉਂਗੇ। ਇਹ ਕੱਛ ਆਲੇ ਨੇ ਕਰਤੀ ਕਰਤੂਤ।" ਨਵਾਂ ਬਣਿਆ ਲੁਟੇਰਾ ਸਿੰਘ ਲੋਕਾਂ ਨੂੰ ਸਿੱਟੇ ਭੁਗਤਣ ਦੀ ਧਮਕੀ ਦੇ ਕੇ ਚਲਿਆ ਗਿਆ। ਲੋਕ ਪਿੰਡ 'ਤੇ ਆਉਣ ਵਾਲੇ ਖਤਰੇ ਦੇ ਭੈਅ ਤੋਂ ਭੈਭੀਤ ਹੋ ਗਏ ਸਨ।

ਪਤਾ ਨਹੀਂ, ਬੱਚਿਆਂ ਨੂੰ ਜ਼ਖਮ ਦੀ ਪੀੜ ਨਾਲੋਂ ਮੌਤ ਦਾ ਸਹਿਮ ਵਧੇਰੇ ਹੋਣ ਕਰ ਕੇ ਸੀ, ਉਹ ਨਾ ਰੋ ਕੁਰਲਾ ਰਹੇ ਸਨ, ਨਾ ਹੀ ਚੀਸ ਵੱਟ ਕੇ ਆਪਣੇ ਅੰਦਰ ਹੋਣ ਵਾਲੀ ਪੀੜ ਨੂੰ ਪ੍ਰਗਟ ਕਰ ਰਹੇ ਸਨ। ਉਹ ਤਾਂ ਸੁੰਨ ਸਨ, ਜਿਵੇਂ ਉਨ੍ਹਾਂ ਨੂੰ ਕੋਈ ਦਰਦ ਰੋਕਣ ਦਾ ਟੀਕਾ ਲੱਗਿਆ ਹੋਵੇ। ਮੈਨੂੰ ਯਾਦ ਹੈ, ਮੇਰੀ ਮਾਂ ਨੇ ਪਹਿਲਾਂ ਉਨ੍ਹਾਂ ਨੂੰ ਦੁੱਧ ਵਿਚ ਘਿਉ ਪਾ ਕੇ ਪੀਣ ਲਈ ਦਿੱਤਾ ਜਿਸ ਨੂੰ ਉਨ੍ਹਾਂ ਬੜੀ ਮੁਸ਼ਕਿਲ ਨਾਲ ਹੀ ਮੂੰਹ ਲਾਇਆ। ਉਨ੍ਹਾਂ ਦੇ ਜ਼ਖਮ ਕੋਸੇ ਪਾਣੀ ਨਾਲ ਨਿੰਮ ਦੇ ਪੱਤਿਆਂ ਨਾਲ ਧੋਤੇ। ਘਰ ਵਿਚ ਜ਼ਖਮਾਂ 'ਤੇ ਬੰਨ੍ਹਣ ਲਈ ਕੁਝ ਹੋਰ ਤਾਂ ਨਹੀਂ ਸੀ। ਉਸ ਨੇ ਆਪਣੀ ਮਲਮਲ ਦੀ ਚੁੰਨੀ ਸੰਦੂਕ ਵਿਚੋਂ ਕੱਢੀ। ਸ਼ਾਇਦ ਉਸ ਕੋਲ ਇੱਕੋ-ਇੱਕ ਹੀ ਚੁੰਨੀ ਸੀ। ਉਸ ਨੇ ਪਾੜ ਕੇ ਬੱਚਿਆਂ ਦੇ ਜ਼ਖਮਾਂ 'ਤੇ ਬੰਨ੍ਹ ਕੇ ਤੁਪਕਾ-ਤੁਪਕਾ ਡਿਗਦਾ ਲਹੂ ਰੋਕਿਆ। "ਇਥੇ ਡਰੋ ਨਾ ਮੇਰੇ ਲਾਲ। ਇਥੇ ਕੋਈ ਨੀ ਸੋਨੂੰ ਕੁਝ ਕਹਿ ਸਕਦਾ। ਕੋਈ ਨੀ ਸਾਡੇ ਘਰੇ ਆ ਸਕਦਾ ਸੋਨੂੰ ਮਾਰਨ ਲਈ।" ਉਸ ਨੇ ਮੁੰਡੇ ਨੂੰ ਚੁੱਕ ਲਿਆ। ਕੁੜਤੀ ਤੇ ਸਲਵਾਰ ਉਤੇ ਪੱਟ 'ਤੇ ਹੋਏ ਡੂੰਘੇ ਜ਼ਖਮ ਵਿਚੋਂ ਰਿਸਦੇ ਖੂਨ ਨਾਲ ਧੱਬੇ ਪੈ ਗਏ।

ਚਾਰ-ਪੰਜ ਸਾਡੇ ਆਪਣੇ ਘਰ ਸਨ। ਹੋਰ ਪੱਤੀ ਦੇ ਘਰਾਂ ਦੇ ਮੁੰਡੇ ਆ ਗਏ। ਸਾਰੀ ਰਾਤ ਇਹ ਨੌਜਵਾਨ ਮੁੰਡੇ ਘਰ 'ਤੇ ਪਹਿਰਾ ਦਿੰਦੇ ਰਹੇ। ਗੰਡਾਸੇ, ਡਾਂਗ-ਸੋਟੇ ਕਹੀਆਂ ਫੜੀ। ਉਨ੍ਹਾਂ ਕੋਠੇ 'ਤੇ ਬਨੇਰਿਆਂ ਦੇ ਉਹਲੇ ਇੱਟਾਂ-ਰੋੜੇ ਇਕੱਠੇ ਕਰ ਲਏ। ਇਹ ਸੋਚ ਕਿ ਜੇ ਲੁਟੇਰੇ ਆਏ ਤਾਂ ਬੰਬਾਂ ਵਾਂਗੂੰ ਵਰ੍ਹਾ ਦਿਆਂਗੇ। ਫਿਰਨੀ 'ਤੇ ਸਾਰੀ ਰਾਤ ਕੁੱਤੇ ਭੌਂਕਦੇ ਰਹੇ ਪਰ ਸਾਡੀ ਬੀਹੀ ਵਿਚ ਆਉਣ ਦੀ ਕਿਸੇ ਵਿਚ ਦਲੇਰੀ ਨਾ ਆਈ। 'ਲੁਟੇਰੇ ਦਾ ਕੋਈ ਧਰਮ ਨੀ ਹੁੰਦਾ। ਉਸ ਦਾ ਧਰਮ ਤਾਂ ਲੁੱਟ-ਮਾਰ ਈ ਹੁੰਦਾ। ਹੁਣ ਇਥੋਂ ਕੱਢਣ-ਪਾਉਣ ਨੂੰ ਵੀ ਕੀ ਸੀ?'

ਇੱਕ-ਦੋ ਦਿਨ ਪਿੱਛੋਂ ਪਿੰਡ ਦਾ ਮਾਹੌਲ ਹੀ ਬਦਲ ਗਿਆ। ਹੁਣ ਬੱਚਿਆਂ ਲਈ ਸਭ ਦੇ ਦਿਲ ਵਿਚ ਤਰਸ ਆ ਗਿਆ। ਕੋਈ ਕੁਝ ਦੇ ਜਾਂਦਾ, ਕੋਈ ਕੁਝ। ਗਿੰਦਰ ਨਿੰਮ ਦੇ ਪੱਤਿਆਂ ਨਾਲ ਜ਼ਖਮ ਸਾਫ ਕਰ ਦਿੰਦਾ। ਸ਼ਰਾਬ ਨਾਲ ਭਿਉਂ ਕੇ ਪੱਟੀ ਕਰ ਦਿੰਦਾ। ਉਹ ਸਾਡੇ ਗੁਆਂਢ ਵਿਚ ਸੀਰੀ ਰਲਿਆ ਹੋਇਆ ਸੀ, ਜੋ ਕੁਝ ਸਮਾਂ ਫੌਜ 'ਚ ਨੌਕਰੀ ਕਰ ਕੇ ਆਇਆ ਸੀ-ਪੱਟੀ ਕਰਨਾ ਤੇ ਟੀਕਾ ਲਾਉਣਾ ਜਾਣਦਾ ਸੀ। ਪੰਜ-ਸੱਤ ਦਿਨ ਵਿਚ ਹੀ ਉਨ੍ਹਾਂ ਦੇ ਜ਼ਖਮ ਭਰ ਗਏ। ਬੱਚੇ ਵਿਛੜੇ ਮਾਤਾ-ਪਿਤਾ ਨੂੰ ਯਾਦ ਕਰ ਕੇ ਉਦਾਸ ਹੋ ਜਾਂਦੇ। ਮੁੰਡਾ ਤਾਂ ਕਈ ਵਾਰ ਰੋਣ ਵੀ ਲੱਗ ਜਾਂਦਾ। ਵੱਡੀ ਕੁੜੀ ਤੇ ਬੇਬੇ ਉਸ ਨੂੰ ਚੁੱਪ ਕਰਾ ਕੇ ਪਰਚਾ ਦਿੰਦੀ। ਉਹ ਦੋ ਮਹੀਨੇ ਸਾਡੇ ਘਰੇ ਰਹੇ। ਮੁੰਡਾ ਤੇ ਮੈਂ ਇਕੱਠੇ ਖੇਡਦੇ ਰਹੇ। ਜਦ ਮੈਂ ਘਰ ਦੀ ਆਕੜ ਕਰ ਕੇ ਉਸ 'ਤੇ ਧੌਂਸ ਜਮਾਉਣ ਦੀ ਕੋਸ਼ਿਸ ਕਰਦਾ ਤਾਂ ਮੇਰੇ ਘਰੋਂ ਕੁੱਟ ਪੈਂਦੀ। ਦੋ ਮਹੀਨੇ ਪਿੱਛੋਂ ਉਨ੍ਹਾਂ ਦੇ ਨਜ਼ਦੀਕੀ ਰਿਸ਼ਤੇਦਾਰ ਲੱਭ ਕੇ ਮਾਂ ਨੇ ਉਨ੍ਹਾਂ ਦੇ ਹਵਾਲੇ ਕਰ ਦਿੱਤੇ। ਜਦ ਮਗਰੋਂ ਕਿਤੇ ਕੋਈ ਨੇਕ ਕੰਮ ਦੀ ਅਸੀਸ ਦਿੰਦਾ ਤਾਂ ਉਹ ਬੜੇ ਮਾਣ ਨਾਲ ਕਹਿੰਦੀ, "ਵਾਗਰੂ ਕਰਾਉਣ ਆਲਾ। ਬੰਦਾ ਨੀ ਕੁਛ ਕਰ ਸਕਦਾ। ਉਹੀ ਸਮੱਤ ਦਿੰਦਾ। ਮੇਰੇ ਚਾਰੇ ਜਰਵਾਣੇ ਭਰਾਵਾਂ ਨੇ ਵੀ ਆਪਣੇ ਪਿੰਡ ਦਾ ਇਕ ਵੀ ਬੰਦਾ ਨੀ ਮਰਨ ਦਿੱਤਾ। ਚਾਲੀ ਜੀਅ ਸਨ ਸਾਡੇ ਪਿੰਡ ਮੁਸਲਮਾਨਾਂ ਦੇ। ਬੁੜ੍ਹੀਆਂ ਕੁੜੀਆਂ ਦੀਆਂ ਮੁਸਲਮਾਨੀ ਮੀਢੀਆਂ ਖੋਲ੍ਹ ਕੇ ਹਿੰਦੂਆਂ ਵਾਲੀਆਂ ਕਰ ਕੇ ਗੱਡੀ ਚਾੜ੍ਹ ਕੇ ਬੀਕਾਨੇਰ ਦੇ ਰਾਜ 'ਚ ਛੱਡ ਆਉਂਦੇ। ਚਾਰੇ ਭਰਾ ਡਾਂਗਾਂ ਲੈ ਕੇ ਖੜ੍ਹ ਜਾਂਦੇ।"

ਮਾਂ ਦੇ ਭੋਗ ਪੈਣ ਪਿਛੋਂ ਮੰਜੇ 'ਤੇ ਪਏ ਦੇ ਇਹ ਸ਼ਬਦ ਆਪ-ਮੁਹਾਰੇ ਹੀ ਬੁੱਲ੍ਹਾਂ 'ਤੇ ਆ ਗਏ ਸਨ:

1947 ਦਾ ਸਾਲ ਸੀ/ ਗਰਦ ਸੀ ਗਹਿਰ ਸੀ/ ਫਿਜ਼ਾ'ਚ ਜ਼ਹਿਰ ਸੀ/ ਕਹਿਰਾਂ ਦਾ ਕਹਿਰ ਸੀ/ 'ਆਦਮ-ਬੋ ਆਦਮ-ਬੋ' ਕਰਦੇ ਲੁਟੇਰੇ/ ਹੱਥ'ਚ ਨੇਜ਼ੇ, ਦਾਹ ਤੇ ਛਵ੍ਹੀਆਂ ਲਟਕਾਈ/ ਦਹਾੜਦੇ ਬੁੜ੍ਹਕਦੇ ਆਏ/ਕੱਢ ਇਨ੍ਹਾਂ ਕਾਤਲਾਂ ਨੂੰ ਬਾਹਰ/ ਨਹੀਂ, ਆਪਣੀ ਖੈਰ ਨਾ ਭਾਲ /ਫੂਕ ਦਿਆਂਗੇ ਘਰ ਤੇਰਾ/ ਬਣਾ ਦਿਆਂਗੇ ਪਿੰਡ ਨੂੰ ਰਾਖ ਦਾ ਢੇਰ। ਧੀ-ਪੁੱਤ ਪਾਲਣ ਲਈ ਹੁੰਦੇ ਨੇ ਵੱਢਣ ਲਈ ਨੀ ਹੁੰਦੇ। ਬੇਬੇ ਦਹਾੜੀ, ਉਸ ਦੀ ਮਮਤਾ ਬਣ ਗਈ, ਸ਼ੀਹਣੀ 'ਚੰਡੀ'। ਭਾਲ ਕੇ ਉਨ੍ਹਾਂ ਦੇ ਮਾਪੇ, ਉਨ੍ਹਾਂ ਦੇ ਹਵਾਲੇ ਕਰ ਕੇ ਮਾਂ ਦੀ ਮਮਤਾ ਸੁਰਖਰੂ ਹੋਈ ਸੀ।

ਹੱਲੇ-ਗੁੱਲੇ ਦੇ ਇਕ ਮਹੀਨੇ ਬਾਅਦ ਮੇਰੀ ਮਾਂ, ਚਾਚੀ ਬੰਤੋ ਅਤੇ ਤਿੰਨ ਚਾਰ ਚੋਗੀਆਂ ਕਪਾਹ ਚੁਗ ਰਹੀਆਂ ਸਨ। ਢਲਦੀ ਦੁਪਹਿਰ ਦਾ ਸਮਾਂ ਸੀ। ਕੋਈ ਉਚੀ-ਉਚੀ ਰੋ ਰਿਹਾ ਸੀ, ਜਿਵੇਂ ਕਿਸੇ-ਕਿਸੇ ਦਿਨ ਰਾਤ ਸਮੇਂ ਕੁੱਤੇ ਰੋਂਦੇ ਹਨ। ਇਸ ਨੂੰ ਲੋਕ ਬਦਸ਼ਗਨੀ ਸਮਝਦੇ ਸਨ। ਲੋਕ ਇਹ ਕਹਿੰਦੇ ਸਨ ਕਿ ਇਨ੍ਹਾਂ ਨੂੰ ਜਮਦੂਤ ਦਿਸਦੇ ਹਨ। ਇਹ ਕਿਸੇ ਦੇ ਮਰਨ ਦੀ ਸੁਣੌਤੀ ਦਿੰਦੇ ਹਨ ਜਾਂ ਫਿਰ ਇਹ ਕਿਸੇ ਵਿਛੜੇ ਨੂੰ ਯਾਦ ਕਰ ਕੇ ਰੋਂਦੇ ਹਨ। ਮੈਂ ਸੁਣ ਕੇ ਭੈ-ਭੀਤ ਵੀ ਹੋ ਗਿਆ ਸੀ ਤੇ ਇਹ ਕੀ ਹੈ? ਇਸ ਨੂੰ ਜਾਨਣ ਦੀ।

"ਜਾਹ ਸੰਤੀਏ ਦੂਰ ਪਰਲੇ ਖੇਤ ਦੇ ਖਾਲ ਦੀ ਵੱਟ ਤੇ ਚਾਹ ਦਾ ਗਲਾਸ ਤੇ ਦੋ ਰੋਟੀਆਂ ਧਰ ਆ। ਪਤਾ ਨੀ ਕੀਹਨੂੰ ਭਾਲਦਾ ਹੋਣਾ, ਭੁੱਖਾ-ਭਾਣਾ ਵਿਚਾਰਾ! ਇੱਥੇ ਕਿਤੇ ਈ ਲੁਕਿਆ ਹੋਊ ਵਿਚਾਰਾ। ਰੋਂਦਾ ਹੋਊ ਵਿਚਾਰਾ ਆਪਣੇ ਧੀਆਂ-ਪੁੱਤਾਂ ਨੂੰ ਯਾਦ ਕਰਕੇ।" ਭਾਬੀ ਬੰਤੋ ਇਹ ਕਹਿੰਦੀ ਅੱਖਾਂ ਭਰ ਆਈ। ਸੰਤੀ ਚਾਹ ਤੇ ਰੋਟੀਆਂ ਰੱਖ ਆਈ। ਉਚੀ-ਉਚੀ ਕਹਿੰਦੀ ਆਈ। 'ਅਗਲੀ ਖੇਤ ਦੀ ਖਾਲ ਦੀ ਵੱਟ ਤੇ ਪਈਆਂ ਨੇ ਰੋਟੀਆਂ ਤੇ ਚਾਹ।' ਫਿਰ ਇਸ ਤੋਂ ਬਾਅਦ ਕਿੰਨਾਂ ਈ ਚਿਰ ਖੇਤ ਵਿਚ ਕਿਸੇ ਨੇ ਕੋਈ ਗੱਲ ਨਾ ਕੀਤੀ। ਕੁੱਝ ਚਿਰ ਬਾਅਦ ਰੋਣ ਦੀਆਂ ਚੀਕਾਂ ਬੰਦ ਹੋ ਗਈਆਂ। ਜਾਣ ਸਮੇਂ ਸੰਤੀ ਖਾਲੀ ਪੋਣਾ ਤੇ ਚਾਹ ਵਾਲਾ ਖਾਲੀ ਗਿਲਾਸ ਚੁੱਕ ਲਿਆਈ। "ਇਹ ਕੌਣ ਸੀ, ਮੈਂ ਚਾਚੀ ਬੰਤੋ ਤੋਂ ਸਹਿਮੇ ਹੋਏ ਨੇ ਪੁੱਛਿਆ।

"ਕਿਉਂ ਡਰੀ ਜਾਨਾਂ, ਗਿੱਦੜ! ਇੱਥੇ ਹਾੜ੍ਹ ਬੋਲਦਾ ਹੁੰਦਾ, ਦੁਪਹਿਰ ਵੇਲੇ ਤੇ ਅੱਧੀ ਰਾਤ ਨੂੰ। ਉਹ ਕਿਸੇ ਨੂੰ ਕੁਝ ਨੀਂ ਕਹਿੰਦਾ।" ਮੈਂ ਅੱਗੇ ਕੁਝ ਨਹੀਂ ਪੁੱਛਿਆ। ਬੱਸ ਇੰਨਾ ਹੀ ਕਿਹਾ, 'ਹਾੜ ਨੂੰ ਵੀ ਭੁੱਖ ਤੇ ਤ੍ਰੇਹ ਲਗਦੀ ਆ।' ਚਾਚੀ ਬੰਤੋ ਨੇ ਇਸ ਦਾ ਕੋਈ ਉਤਰ ਨਾ ਦਿੱਤਾ।

'ਸਾਡੇ ਪਿੰਡ ਇਕ ਹੋਰ ਬੰਦਾ ਮਾਰਿਆ ਸੀ-ਰੂਪੂ ਪਿੰਡ ਦਾ ਚੌਂਕੀਦਾਰ। ਉਹ ਬੜਾ ਕੱਬਾ ਸੀ ਪੁਲੀਸ ਦਾ ਟਾਊਟ ਸੀ ਤੇ ਮੁਖਬਰ। ਉਸ ਨੇ ਲੋਕ ਬਹੁਤ ਹੀ ਤੰਗ ਕਰਾਏ ਸਨ। ਉਸ ਦੇ ਮਰਨ ਤੇ ਕਿਸੇ ਦੁੱਖ ਨਾ ਮਨਾਇਆ। ਸਗੋਂ ਲੋਕ ਕਹਿੰਦੇ ਚੰਗਾ ਹੋਇਆ 'ਵੱਢ'ਤਾ ਫਾਹਾ। ਪਾਕਿਸਤਾਨ ਜਾ ਕੇ ਕਿਹੜਾ ਇਹਨੇ ਲੋਕਾਂ ਨਾਲ ਭਲੀ ਕਰਨੀ ਸੀ।'

ਇਕ-ਦੋ ਇਮਾਨਦਾਰੀ ਦੀਆਂ ਗੱਲਾਂ ਵੀ ਆਮ ਚਲਦੀਆਂ ਸਨ। ਇਮਾਨਦਾਰੀ ਦੀ ਇੰਤਹਾ ਕਿਰਦਾਰ। ਇਹ ਕਿਰਦਾਰ ਹੈ ਭਾਈ ਜੀ ਸਰਵਣ ਸਿੰਘ ਦਾ। ਉਸ ਦਾ ਪਿੰਡ ਸਾਡੇ ਪਿੰਡ ਤੋਂ ਇਕ ਪਿੰਡ ਛੱਡ ਕੇ ਅਗਲਾ ਪਿੰਡ। ਉਸ ਦਾ ਖੇਤ ਨੀਵੇਂ ਥਾਂ ਸੀ। ਹਰ ਸਾਲ ਫਸਲ ਮਰ ਜਾਂਦੀ। ਪਰਿਵਾਰ ਨੂੰ ਦੋ ਡੰਗ ਦੀ ਰੋਟੀ ਵੀ ਨਸੀਬ ਬੜੀ ਮੁਸ਼ਕਿਲ ਨਾਲ ਹੁੰਦੀ। ਅਤਿ ਦੀ ਗਰੀਬੀ ਵਿਚ ਰਹਿ ਰਿਹਾ ਸੀ ਪਰਿਵਾਰ। ਮਾਘ-ਫੱਗਣ ਦੇ ਮਹੀਨੇ ਤੱਕ ਉਸ ਦੇ ਘਰ ਖਾਣ ਲਈ ਦਾਣਾ ਵੀ ਨਹੀਂ ਬਚਦਾ ਸੀ। ਪਿੰਡ ਦੇ ਸ਼ਾਹੂਕਾਰ ਬਾਣੀਏ ਤੋਂ ਦਾਣੇ ਸਵਾਈ ਡਿਓਡੀ 'ਤੇ ਲੈ ਕੇ ਪਰਿਵਾਰ ਦਾ ਨਿਰਵਾਹ ਹੁੰਦਾ। ਉਸ ਦਾ ਗੁਆਂਢੀ ਸੀ ਸੈਫਦੀਨ। ਰੱਜਿਆ-ਪੁੱਜਿਆ ਕਿਸਾਨ ਸੀ ਪਿੰਡ ਦਾ। ਉਸ ਸਮੇਂ ਉਹ ਪਿੰਡ ਦਾ ਸਭ ਤੋਂ ਵੱਡਾ ਧਨੀ ਸੀ। ਉਹ ਪਾਕਿਸਤਾਨ ਤੋਂ ਪੰਜ ਸਾਲ ਬਾਅਦ ਮਿਲਣ ਲਈ ਆਇਆ। "ਲੈ ਬਈ ਸੈਫਦੀਨਾ, ਆਪਣੀ ਅਮਾਨਤ।" ਉਸ ਨੇ ਉਸ ਦਾ ਉਸੇ ਤਰ੍ਹਾਂ ਪਿਆ ਸੋਨਾ ਖਿਆਨਤ ਨਹੀਂ ਕੀਤੀ ਸੀ। ਹੁਣ ਵੀ ਜਦ ਪਿੰਡ ਝਗੜੇ ਸਮੇਂ ਸੱਚ-ਝੂਠ ਦਾ ਨਿਤਾਰਾ ਕਰਨਾ ਹੋਵੇ ਤਾਂ ਲੋਕ ਆਖਦੇ, "ਜੇ ਤੂੰ ਸੱਚਾ ਏਂ ਤਾਂ ਸਹੁੰ ਖਾ ਭਾਈ ਜੀ ਸਰਵਣ ਦੀ।" ਅੱਜ ਭਾਈ ਜੀ ਸਰਵਣ ਸਿੰਘ ਦਾ ਪਰਿਵਾਰ ਪਿੰਡ ਦਾ ਰੱਜਿਆ-ਪੁੱਜਿਆ ਪਰਿਵਾਰ ਹੈ। ਲੋਕ ਇਸ ਦਾ ਸਿਹਰਾ ਸਰਵਣ ਸਿੰਘ ਦੀ ਇਮਾਨਦਾਰੀ ਦੇ ਸਿਰ ਬੰਨ੍ਹਦੇ ਹਨ।

ਮੇਰੇ ਪਿੰਡ ਦਾ ਗੱਜਣ ਸਿੰਘ ਹੁੰਦਾ ਸੀ। ਜ਼ਮੀਨ ਘੱਟ ਹੋਣ ਕਰਕੇ ਉਸ ਸਮੇਂ ਭੇਡਾਂ ਬੱਕਰੀਆਂ ਚਾਰਦਾ ਹੁੰਦਾ ਸੀ। ਪਠੋਰਿਆਂ ਦੇ ਤਾੜਨ ਲਈ ਉਸ ਕੋਲ ਬਹੁਤ ਹੀ ਵੱਡਾ ਟੋਕਰਾ ਸੀ ਜਿਸ ਥੱਲੇ ਉਹ ਨਿੱਕੀ ਉਮਰ ਦੇ ਪਠੋਰਿਆਂ ਨੂੰ ਕੁੱਤੇ-ਬਿੱਲੇ ਦੇ ਡਰ ਤੋਂ ਤਾੜ ਕੇ ਰੱਖਦਾ। ਉਸ ਦੇ ਘਰ ਦੀ ਚਾਰ-ਦੀਵਾਰੀ ਝਾਫਿਆਂ ਦੀ ਸੰਘਣੀ ਵਾੜ ਸੀ। ਇੱਕੋ-ਇੱਕ ਕੱਚੀ ਸਬਾਤ ਸੀ। ਉਹ ਇਹ ਵੱਡਾ ਟੋਕਰਾ ਇਸੇ ਸਬਾਤ ਵਿਚ ਰੱਖਦਾ। ਹੱਲੇ-ਗੁੱਲੇ ਸਮੇਂ ਉਸ ਨੇ ਆਪਣੇ ਗੁਆਂਢੀ ਦੇ ਚਾਰੇ ਜੀਆਂ ਨੂੰ (ਪਿਉ, ਘਰਵਾਲੀ ਤੇ ਨੌਜਵਾਨ ਮੁੰਡਾ ਅਤੇ ਕੁੜੀ) ਇਨ੍ਹਾਂ ਵੱਡੇ ਟੋਕਰਿਆਂ ਥੱਲੇ ਲਕੋ ਕੇ ਰੱਖਿਆ। ਜਨੂੰਨੀ ਉਸ ਦੇ ਘਰ ਗੇੜੇ ਮਾਰਦੇ ਰਹੇ। ਆਸੇ-ਪਾਸੇ ਦੇ ਹੋਰ ਘਰਾਂ ਦੀ ਤਲਾਸ਼ੀ ਵੀ ਲਈ ਪਰ ਉਸ ਨੇ ਕੱਚੀ ਸਬਾਤ ਦਾ ਬਾਰ ਖੁੱਲ੍ਹਾ ਈ ਰੱਖਿਆ। ਉਸ 'ਤੇ ਤਾਂ ਕਿਸੇ ਨੂੰ ਕੀ ਸ਼ੱਕ ਹੋਣਾ ਸੀ। ਗੱਜਣ ਸਿੰਘ ਇਕ ਦਿਨ ਬੀਹੀ 'ਚ ਖੜ੍ਹੇ ਧਾੜਵੀਆਂ ਨੂੰ ਬੋਲਿਆ, "ਸਾਲੇ ਖੜਸੁੱਲੇ ਪਤਾ ਨੀ ਕਿਹੜੇ ਵੇਲੇ ਨਿਕਲਗੇ। ਸੋਡੇ ਤਾਂ ਆਉਣ ਦੀ ਲੋੜ ਨਹੀਂ ਸੀ ਪੈਣੀ। ਮੈਂ ਈ ਉਨ੍ਹਾਂ ਨੂੰ ਗੱਡੀ ਚਾੜ੍ਹ ਦੇਣਾ ਸੀ। ਜਦੋਂ ਕਿਸੇ ਦਿਨ ਉਠਣ ਸਾਰ ਉਨ੍ਹਾਂ ਦੇ ਘਰੋਂ ਅੱਗ ਲੈਣ ਜਾਣਾ। ਸੁੱਲੀ ਨੇ ਔਖੀ ਹੋ ਜਾਣਾ।" ਕੁਝ ਦਿਨ ਬਾਅਦ ਰਾਤ-ਬਰਾਤੇ ਉਹ ਆਪਣੀ ਜਾਨ ਤਲੀ 'ਤੇ ਧਰ ਕੇ ਉਨ੍ਹਾਂ ਨੂੰ ਮਲੇਰਕੋਟਲੇ ਦੀ ਰਿਆਸਤ ਵਿਚ ਛੱਡ ਆਇਆ।

ਕੁਝ ਸਾਲਾਂ ਵਿਚ ਉਸ ਪਿੰਡ ਵਿਚ ਮੁਰੱਬੇਬੰਦੀ ਹੋ ਗਈ। ਉਨ੍ਹਾਂ ਦੀ ਜਿਹੜੀ ਖਿੰਡੀ-ਪੁੰਡੀ ਜ਼ਮੀਨ ਇਕ ਥਾਂ ਤੇ ਇਕੱਠੀ ਹੋ ਗਈ। ਉਸ ਨੂੰ ਰੁਪਏ ਮੁੱਲ ਵਾਲੀ ਜ਼ਮੀਨ ਦੇ ਬਦਲੇ ਪੱਚੀ ਪੈਸੇ ਵਾਲੀ ਮਿਲਣ ਕਰਕੇ ਉਸ ਦੇ ਸੱਤ ਘੁਮਾਂ ਤੋਂ ਅਠਾਈ ਏਕੜ ਬਣ ਗਈ। ਬਾਕੀ ਮਿਹਨਤੀ ਤਾਂ ਉਹ ਸੀ ਹੀ। ਉਸ ਨੇ ਕੁਝ ਜ਼ਮੀਨ ਹੋਰ ਖਰੀਦ ਲਈ। ਉਸ ਦਾ ਵਿਆਹ ਹੋ ਗਿਆ ਤੇ ਤਿੰਨ ਮੁੰਡੇ ਵੀ। ਦੋ ਮੁੰਡੇ ਪੜ੍ਹ-ਲਿਖ ਕੇ ਚੰਗੀਆਂ ਨੌਕਰੀਆਂ ਤੇ ਲੱਗ ਗਏ। ਭਾਵੇਂ ਉਹ ਮਿਹਨਤ ਕਰ ਕੇ ਟ੍ਰੈਕਟਰਾਂ-ਟਰਾਲੀਆਂ ਵਾਲਾ ਰੱਜਿਆ-ਪੁੱਜਿਆ ਕਿਸਾਨ ਬਣ ਗਿਆ ਪਰ ਭੇਡਾਂ ਵਾਲਾ ਗੱਜਣ ਦੀ ਅੱਲ ਉਸ ਦੇ ਨਾਲ ਹੀ ਰਹੀ। ਉਸ ਦੀ ਸਫਲਤਾ ਦਾ ਕਾਰਨ ਉਨ੍ਹਾਂ ਤਿੰਨ ਮੁਸਲਮਾਨ ਗੁਆਂਢੀਆਂ ਦੀ ਜਾਨ ਬਚਾਉਣ ਦੇ ਕੀਤੇ ਪੁੰਨ ਦਾ ਦੱਸਦੇ ਹਨ।

***(ਬਾਕੀ ਅਗਲੇ ਸਫੇ 'ਤੇ)***

# ਨੂਰਾਂ ਅਜੇ ਮਰੀ ਨਹੀਂ

*(ਪਿਛਲੇ ਸਫੇ ਦੀ ਬਾਕੀ)*

ਮੈਂ ਆਪਣੇ ਪਿੰਡ ਦੇ ਕੁਝ ਨੌਜਵਾਨਾਂ ਦੀ ਡਰਪੋਕ ਮਾਨਸਿਕਤਾ ਬਾਰੇ ਇਕ ਹੋਰ ਗੱਲ ਸੁਣੀ ਸੀ। ਪਿੰਡ ਦੇ ਕਈ ਨੌਜਵਾਨ ਗੁਆਂਢੀ ਨੌਜਵਾਨਾਂ ਨੂੰ ਮਲੇਰਕੋਟਲੇ ਰਿਆਸਤ ਵਿਚ ਛੱਡਣ ਲਈ ਰਾਤ ਨੂੰ ਚੱਲ ਪਏ। ਲਗਭਗ ਰਾਤ ਦੇ ਦਸ ਵਜੇ। ਉਨ੍ਹਾਂ ਨੇ ਦੱਸਿਆ ਸੀ ਕਿ ਦਿਨ ਚੜ੍ਹਦੇ ਨੂੰ ਉਹ ਉਸ ਰਿਆਸਤ ਵਿਚ ਪਹੁੰਚ ਜਾਣਗੇ। ਰਿਆਸਤ ਦਾ ਨੇੜੇ ਦਾ ਪਿੰਡ ਵੀਹ ਮੀਲ ਦੂਰ ਸੀ। ਉਨ੍ਹਾਂ ਸੋਚਿਆ ਕਿ ਉਹ ਦਿਨ ਚੜਦੇ ਨੂੰ ਉਸ ਪਿੰਡ ਪਹੁੰਚ ਜਾਣਗੇ। ਉਹ ਅਜੇ ਚਾਰ ਮੀਲ ਈ ਗਏ ਹੋਣਗੇ, ਅੱਗੇ ਰੌਲਾ ਪੈਂਦਾ ਸੁਣਿਆ। ਉਨ੍ਹਾਂ ਨੂੰ ਉਹ ਉਥੇ ਈ ਛੱਡ ਕੇ ਵਾਪਸ ਭੱਜ ਆਏ। ਉਨ੍ਹਾਂ ਨਾਲ ਕੀ ਵਾਪਰੀ ਕਿਸੇ ਨੂੰ ਕੋਈ ਪਤਾ ਨਹੀਂ।

ਇਕ ਹੋਰ ਕਹਾਣੀ ਜਿਹੜੀ ਮੈਂ ਸੁਣੀ, ਉਸ ਨੂੰ ਸੁਣ ਕੇ ਤਾਂ ਪੱਥਰ-ਦਿਲ ਇਨਸਾਨ ਦਾ ਹਿਰਦਾ ਕਿਹੜਾ ਫਟ ਨਾ ਜਾਵੇ। ਅਕਤੂਬਰ ਦੇ ਮਹੀਨੇ ਮੈਂ ਨੇੜਲੇ ਪਿੰਡ ਹਠੂਰ ਦੀ ਮੰਡੀ ਝੋਨਾ ਵੇਚਣ ਗਿਆ ਸੀ ਪਰ ਬੋਲੀ ਨਾ ਆਉਣ ਕਾਰਨ ਰਾਤ ਉਥੇ ਈ ਕੱਟਣੀ ਪਈ। ਮੈਂ, ਬਚਨ ਸਿੰਘ ਤੇ ਕਈ ਹੋਰ ਜਣੇ ਵੀ ਆਪੋ-ਆਪਣੀਆਂ ਢੇਰੀਆਂ ਕੋਲ ਮੰਜੇ ਡਾਹੀ ਪਏ ਸੀ। ਉਸ ਰਾਤ ਹਵਾ ਬਿਲਕੁਲ ਬੰਦ ਸੀ। ਭਾਦੋਂ ਦੇ ਮਹੀਨੇ ਦਾ ਹੁੰਮਸ। ਮੰਡੀ ਦਾ ਗਰਦ ਗੁਬਾਰ। ਗਰਦ ਝੋਨੇ ਦੀ ਕੰਡ ਜੀ ਬਣ ਕੇ ਲੜੀ ਜਾ ਰਹੀ ਸੀ। ਅਸੀਂ ਉਸਲ-ਵੱਟੇ ਲਈ ਜਾ ਰਹੇ ਸਾਂ। ਕਦੀ ਉਠਦੇ ਕਦੀ ਬਹਿੰਦੇ। ਪੀਣ ਲਈ ਘੁੱਟ ਪਾਣੀ ਵੀ ਨਹੀਂ ਸੀ।

"ਆਪ ਤਾਂ ਘਰੇ ਜਾ ਵੜਿਆ ਕਰਿਆੜੀ ਕੋਲ। ਭੈਣ-ਦੇਣਾ ਖੱਖਾ ਜਾ (ਬਾਣੀਏ ਆੜ੍ਹਤੀਏ ਲਈ), ਸਾਲਿਆ, ਭਣੋਈਆਂ ਲਈ ਕੋਈ ਪੰਪ ਤਾਂ ਲੁਆ ਦਿੰਦਾ। ਬਾਬਾ ਬਚਨ ਸਿੰਘ ਦੇ ਗੱਲ ਕਰਨ ਵਿਚ ਰੋਸ ਸੀ। ਫਿਰ ਉਸ ਨੇ ਸੁਭਾਵਿਕ ਈ ਗੱਲ ਤੋਰ ਲਈ। "ਚੋਬਰਾ, ਪਾਪੀ ਦੇ ਮਾਰਨ ਲਈ ਪਾਪ ਮਹਾਂਬਲੀ ਹੈ।" ਉਸ ਨੇ ਮੈਨੂੰ ਚੋਬਰ ਕਹਿ ਕੇ ਗੱਲ ਸ਼ੁਰੂ ਕੀਤੀ। ਸ਼ਾਇਦ ਹਰ ਇੱਕ ਨੂੰ ਚੋਬਰ ਨਾਲ ਸੰਬੋਧਨ ਕਰਨਾ ਉਸ ਦਾ ਸੁਭਾਅ ਹੋਵੇ।

"ਬੜਾ ਭੈਣ-ਦੇਣਾ ਸੀ ਕੰਜਰ, ਜਗਨਾ। ਸਾਲਾ ਚਿੱਟੇ ਕੱਪੜੇ, ਕਾਲੀ ਪੱਗ ਫਿਫਟੀ ਲਾ ਕੇ ਬੰਨ੍ਹਦਾ। ਚਾਰ ਫੁੱਟੀ ਕਿਰਪਾਨ ਗਾਤਰੇ 'ਚ ਪਾਈ ਰੱਖਦਾ। ਅੱਖਾਂ ਮੀਚ ਕੇ ਧਰਮ-ਕਰਮ ਦੀਆਂ ਗੱਲਾਂ ਕਰਦਾ। ਸਾਲਾ, ਜਿਵੇਂ ਕੋਈ ਗਿਆਨੀ-ਧਿਆਨੀ ਹੁੰਦਾ। ਭੁੱਖਾ ਮਰਦਾ ਸੀ ਉਹ ਪਹਿਲਾਂ। ਕੁਲ ਚਾਰ ਸੌ ਰੁਪਏ ਉਧਾਰੇ ਲਈ ਸੀ ਗੁਆਂਢੀ ਭਰਾਈ ਚੰਨਣ ਤੋਂ। ਕਈ ਪੀੜ੍ਹੀਆਂ ਤੋਂ ਸਾਂਝ ਤੇ ਵਰਤ-ਵਰਤਾਅ। ਨਵੇਂ ਬਣੇ ਲੁਟੇਰੇ ਸਿੰਘਾਂ ਦੇ ਜੱਥੇ ਵਿਚ ਰਲ ਗਿਆ। ਲੁੱਟ ਦੇ ਮਾਲ ਦਾ ਖੂਨ ਮੂੰਹ ਨੂੰ ਲੱਗ ਗਿਆ। ਜਦੋਂ ਬੰਦਾ ਇੱਕ ਪਾਪ ਕਰ ਲਏ ਤਾਂ ਉਸ ਦੀ ਬੁੱਧੀ ਭ੍ਰਿਸ਼ਟ ਹੋ ਜਾਂਦੀ ਹੈ। ਨਾਲੇ ਲੁਟੇਰੇ ਦਾ ਕੋਈ ਧਰਮ ਨੀ ਹੁੰਦਾ। ਨਾ ਬਾਪ, ਨਾ ਧੀ, ਨਾ ਕੋਈ ਹੋਰ ਰਿਸ਼ਤੇਦਾਰ। ਊਂ ਸਾਲੇ ਨੂੰ ਰੱਬ ਨੇ ਦਿੱਤੀ ਸਜ਼ਾ। ਸਾਲਾ ਇਸੇ ਜਨਮ 'ਚ ਈ ਭੁਗਤ ਗਿਆ। ਭੋਗ ਗਿਆ ਆਪਣੀ ਕਰਨੀ ਦਾ ਫਲ। ਕੁੱਤੇ ਦਾ ਪੁੱਤ! ਸਾਲੇ ਦਾ ਨਾਂ ਵੀ ਲੈਣਾ ਮਾੜਾ।"

ਬਾਬਾ ਬਚਨ ਸਿੰਘ ਇੱਕੋ ਸਾਹ ਹੀ ਨਫਰਤ ਭਰੀਆਂ ਗਾਲ੍ਹਾਂ ਕੱਢੀ ਗਿਆ।

"ਉਸ ਸਮੇਂ ਭੁੱਖਾ ਮਰਦਾ ਸੀ ਸਾਲਾ। ਕਹਿੰਦਾ, 'ਤੈਨੂੰ ਤੇ ਨੂਰੇ ਨੂੰ ਛੱਡ ਆਉਨਾ ਮੇਰੇ ਸਹੁਰੀਂ। ਧੰਨੀ ਤਾਈ ਅਤੇ ਨੂਰੀ ਅਜੇ ਘਰੇ ਬੈਠੇ ਰਹੋ, ਤੁਹਾਡਾ ਵੀ ਇੰਤਜ਼ਾਮ ਕਰ ਦੂੰਗਾ'।

"ਚਲ ਬਈ ਨੂਰਿਆ ਆ' ਗੀ ਤੇਰੀ ਵਾਰੀ। ਤਾਈ ਤੁਹਾਨੂੰ ਦੋਵਾਂ ਨੂੰ ਫਿਰ ਛੱਡ ਆਉਨਾ ਬੂਰੇ ਕੋਲ। ਬਾਹਰਲੇ ਦਰਵਾਜੇ ਨੂੰ ਜਿੰਦਰਾ ਮਾਰ ਜਾਨਾ। ਤੁਸੀ ਮੇਰੇ ਬਗੈਰ ਕਿਸੇ ਨੂੰ ਬਾਰ ਨਾ ਖੋਲ੍ਹਣਾ।" ਉਸ ਨੇ ਨੂਰੇ ਨੂੰ ਅੱਗੇ ਲਾ ਲਿਆ। ਤਾਈ ਧੰਨੀ ਅਤੇ ਨੂਰਾਂ ਸਹਿਮੀਆਂ ਘਰੇ ਬੈਠੀਆਂ ਰਹੀਆਂ।

ਉਹ ਪਿੰਡ ਦੀ ਹੱਦ 'ਤੇ ਪਹੁੰਚ ਗਏ।

"ਚੱਲ ਬਈ ਟੌਂਡਿਆ, ਚੜ੍ਹ ਗੱਡੀ।" ਨੂਰੇ ਨੇ ਬਥੇਰੀ ਮਿੰਨਤ ਕੀਤੀ।

"ਛੱਡ ਦਿੰਨਾਂ, ਪਹਿਲਾਂ ਦੱਸ ਕਿੱਥੇ ਲਕੋਇਆ, ਸੋਡਾ ਗਹਿਣਾ-ਗੱਟਾ। ਚੂਨ-ਭੂਨ?" ਉਸ ਨੇ ਇੱਕ ਨੇਜਾ ਛਾਤੀ 'ਚ ਤੇ ਦੂਸਰਾ ਢਿੱਡ 'ਚ। ਬਰਛੇ ਦਾ ਡੰਗ ਬਾਹਰ ਖਿੱਚਣ ਨਾਲ ਹੀ ਆਂਦਰਾਂ ਬਾਹਰ ਨਿਕਲ ਆਈਆਂ। ਉਹ ਧਰਤੀ 'ਤੇ ਢਹਿ ਢੇਰੀ ਹੋ ਗਿਆ। ਇੱਕ ਘੰਟੇ ਵਿਚ ਹੀ ਉਹ ਵਾਪਸ ਆ ਗਿਆ।

"ਛੱਡ ਆਇਆ ਪੁੱਤ ਮੇਰੇ ਨੂਰੇ ਨੂੰ?" ਮਾਂ ਨੇ ਬੜੀ ਉਤਸੁਕਤਾ ਨਾਲ ਪੁੱਛਿਆ।

"ਪਾਣੀ-ਧਾਣੀ ਪੀਤਾ ਨੀ, ਇਹਨੂੰ ਨੂਰੇ ਦੀ ਪੈ ਗਈ। ਟੂੰਮ-ਛੱਲਾ ਤਾਂ ਲਕੋ ਲਿਆ। ਉਤੋਂ ਭਾਲਦੀ ਆ ਗੱਡੀ ਦਾ ਟਿਕਟ।" ਉਹ ਧੰਨੀ ਨੂੰ ਟੁੱਟ ਕੇ ਪੈ ਗਿਆ। ਪਹਿਲਾਂ ਤਾਂ ਇਹਦਾ ਤਾਈ-ਤਾਈ ਕਹਿੰਦੇ ਦਾ ਮੂੰਹ ਸੁੱਕਦਾ ਸੀ। ਉਹ ਇੰਨਾ ਰੁੱਖਾ ਬੋਲਿਆ। ਇਸ ਨਾਲ ਧੰਨੀ ਨੂੰ ਸ਼ੱਕ ਹੋ ਗਿਆ।

"ਪੁੱਤ ਆਹ ਚਾਰ ਤੋਲੇ ਤੇਰੀ ਭੈਣ ਬੀਬੀ ਨੂਰਾਂ ਦੇ ਵਿਆਹ ਲਈ ਰੱਖਿਆ ਸੀ।" ਧੰਨੀ ਨੇ ਟੂਮਾਂ ਵਾਲੀ ਗੁਥਲੀ ਉਸ ਦੇ ਅੱਗੇ ਰੱਖ ਦਿੱਤੀ। ਕੁੜੀ ਨੂਰਾਂ ਅੰਦਰ ਬੈਠੀ ਰੋਂਦੀ ਰਹੀ।

"ਚੱਲ, ਮਿਲਾ ਦਿੰਦਾ ਤੈਨੂੰ, ਤੇਰੇ ਪੁੱਤ ਨੂੰ। ਨੂਰਾਂ ਨੂੰ ਇਥੇ ਬੈਠੀ ਰਹਿਣ ਦੇ। ਤੁਹਾਡੇ ਕੋਲ ਮੁੜ ਕੇ ਛੱਡ ਜੂੰ। ਹੁਣੇ ਈ ਛੱਡ ਜੂੰ।" "ਪੁੱਤ ਲੈ ਭੈਣ ਕਿਹੜਾ ਤੈਨੂੰ ਬਗਾਨੀ ਆ। ਸਕੀ ਭੈਣ ਵਰਗੀ ਆ ਤੇਰੀ। ਜੇ ਬਲਬੀਰ ਇਹਦੀ ਭਾਬੀ ਇੱਥੇ ਹੁੰਦੀ, ਇਹਦਾ ਜੀਅ ਲੱਗਿਆ ਰਹਿਣਾ ਸੀ। ਇਹ ਕਿਹੜਾ ਤੈਨੂੰ ਓਪਰੀ ਆ।" ਉਹ ਆਪਣੀ ਪਤਨੀ ਬਲਬੀਰ ਨੂੰ ਕਈ ਦਿਨ ਹੋਏ ਉਸ ਦੇ ਪੇਕੀਂ ਛੱਡ ਆਇਆ ਸੀ, ਬਈ ਉਸ ਦੀਆਂ ਕਰਤੂਤਾਂ ਦਾ ਉਸ ਨੂੰ ਪਤਾ ਨਾ ਲੱਗੇ।

ਪੁੱਤਰ ਨੂੰ ਮਿਲਣ ਲਈ ਧੰਨੀ ਉਸ ਦੇ ਮਗਰ ਤੁਰ ਪਈ। ਉਹ ਉਹਨੂੰ ਪਿੰਡ ਦੀ ਜੂਹ 'ਤੇ ਨੂਰੇ ਕੋਲ ਲੈ ਗਿਆ ਜਿੱਥੇ ਉਹ ਅਜੇ ਤੜਫ ਰਿਹਾ ਸੀ। ਮਾਂ ਪੁੱਤ ਨੂੰ ਵੇਖ ਕੇ ਉਸ ਤੇ ਬੇਹੋਸ਼ ਹੋ ਕੇ ਡਿੱਗ ਪਈ। ਡਿੱਗੀ ਪਈ ਮਾਂ ਦੇ ਦੋ ਵਾਰ ਨੇਜਾ ਉਸ ਦੀ ਛਾਤੀ ਵਿਚ ਦੀ ਆਰ-ਪਾਰ ਲੰਘਾ ਦਿੱਤਾ। "ਲੈ, ਬੁੜ੍ਹੀਏ ਟਿਕਟ। ਚੜ੍ਹ ਜਾ ਪੁੱਤ ਦੇ ਨਾਲ।"

ਕੰਜਰ ਆਪਣਾ ਇਹ ਪਾਪ ਲੋਕਾਂ ਨੂੰ ਹੁੱਬ-ਹੁੱਬ ਕੇ ਦੱਸਦਾ। ਜਦ ਲੋਕ ਉਸ ਤੋਂ ਬੀਬੀ ਨੂਰਾਂ ਬਾਰੇ ਪੁੱਛਦੇ ਤਾਂ ਉਹ ਟਾਲਾ-ਟੱਪਾ ਜਿਹਾ ਕਰ ਜਾਂਦਾ। ਕਿਸੇ ਦੇ ਪੱਲੇ ਕੁਝ ਨਾ ਪਾਉਂਦਾ।

"ਸਾਲੇ ਨੇ ਲੁੱਟ ਦੇ ਪੈਸੇ ਨਾਲ ਇੱਥੇ ਕੋਠੀ ਪਾ ਲਈ। ਚਾਰ ਮੁਰੱਬੇ ਯੂ.ਪੀ. 'ਚ ਜਾ ਖਰੀਦੇ ਤੇ ਦੋ ਬੱਸਾਂ ਪਾ ਲਈਆਂ। ਸਾਲੇ ਦਾ ਕੰਮ ਚੜ੍ਹਦਾ ਈ ਗਿਆ। ਚਾਰ ਮੁਰੱਬੇ ਹੋਰ ਤੇ ਬੱਸਾਂ ਵੀ ਪਾ ਲਈਆਂ। ਸਰਕਾਰੇ ਦਰਬਾਰੇ ਚੰਗੀ ਪੁੱਛ-ਗਿੱਛ। ਉਹੀ ਭੈੜੇ ਚਾਲੇ ਕੰਜਰ ਦੇ। ਮੁੰਡਿਆਂ ਨੇ ਕੁੱਟ ਕੇ ਘਰੋਂ ਬਾਹਰ ਕੱਢ'ਤਾ। ਦੋਵੇਂ ਮੁੰਡੇ ਬੱਸਾਂ ਦੇ ਰੌਲੇ 'ਚ ਦੂਜੀ ਧਿਰ ਨੇ ਕੋਹ-ਕੋਹ ਕੇ ਵੱਢ'ਤੇ। ਉਨ੍ਹਾਂ ਦੇ ਦਰੇਗ 'ਚ ਸਾਲਾ ਮੇਰਾ, ਉਸੇ ਖੂਹ 'ਚ ਡੁੱਬ ਕੇ ਮਰਿਆ ਜਿਹੜਾ ਉਸ ਨੇ ਲੁੱਟ ਦੇ ਮਾਲ ਨਾਲ ਆਪਣੇ ਖੇਤ 'ਚ ਲਵਾਇਆ ਸੀ। ਪਾਪੀ ਦੇ ਮਾਰਨੇ ਲਈ ਪਾਪ ਬਲੀ ਹੈ।" ਇਹ ਗੱਲਾਂ ਕਰਦੇ ਦਾ ਉਸ ਦਾ ਗੱਚ ਭਰ ਗਿਆ।

ਬਾਬਾ ਬਚਨ ਸਿੰਘ ਸਾਰੀ ਗੱਲਬਾਤ ਸੁਣਾਉਣ ਤੋਂ ਪਿੱਛੋਂ ਕਹਿੰਦਾ, "ਸੌ ਹੱਥ ਰੱਸਾ ਸਿਰੇ 'ਤੇ ਗੰਢ। ਲੋਕ ਮਾੜੇ ਨੀ ਹੁੰਦੇ। ਸਾਰਿਆਂ ਲੋਕਾਂ 'ਚ ਤਰਸ, ਰਹਿਮ ਤੇ ਜ਼ੁਲਮ ਵਿਰੁਧ ਗੁੱਸਾ ਵੀ ਹੁੰਦਾ ਹੈ। ਬਸ ਡਰਦੇ ਮਾਰੇ 'ਭੀਸ਼ਮ ਪਤਾਮਾ' ਬਣ ਜਾਂਦੇ ਨੇ। ਖੱਸੀ ਹੋ ਜਾਂਦੇ ਨੇ।"

"ਹਾਂ, ਬਾਬਾ ਜੀ! ਇਹ ਗੱਲ ਤਾਂ ਸੱਚੀ ਆ। ਲੋਕ ਜਿਨ੍ਹਾਂ ਨੇ ਆਪਣੇ ਭਰਾਵਾਂ ਦੀ ਰੱਖਿਆ ਕੀਤੀ, ਉਨ੍ਹਾਂ ਨੂੰ ਲੋਕਾਂ ਨੇ ਪੁੰਨ ਦਾ ਕੰਮ ਸਮਝਿਆ ਅਤੇ ਜਨੂਨੀ ਲੁਟੇਰੇ ਜ਼ਾਲਮ ਲੋਕਾਂ ਨੂੰ ਪਾਪੀ।"

ਇਸ ਘਟਨਾ ਨੂੰ ਮੈਂ ਕਦੇ ਵੀ ਭੁਲਾ ਨਹੀਂ ਸਕਿਆ। ਸਮਾਂ ਦਿਨ ਦੇ ਬਾਰਾਂ ਵਜੇ ਦਾ ਸੀ। ਮੇਰੇ ਪਿੰਡ ਦਾ ਜਵੰਦਾ ਸਿੰਘ ਨੂਰਦੀਨ ਨੂੰ ਅੱਗੇ ਲਾ ਕੇ ਤੁਰਿਆ ਜਾ ਰਿਹਾ ਸੀ। ਉਸ ਨੇ ਬੁਰਜੀ ਨੰਬਰ 203 ਤੇ ਨਹਿਰ ਦੇ ਕਿਨਾਰੇ 'ਤੇ ਖੜ੍ਹਾ ਕਰ ਲਿਆ। ਉਥੇ ਉਹ ਗੋਲੀ ਚਲਾਉਂਦਾ ਦਿਸਿਆ। ਜ਼ੋਰ ਦਾ ਖੜਾਕਾ ਹੋਇਆ, ਜਿਵੇਂ ਦੀਵਾਲੀ ਵਾਲੇ ਦਿਨ ਚਲਾਏ ਬੰਬ ਤੋਂ ਹੁੰਦਾ ਹੈ। ਜਿੱਥੇ ਉਹ ਡਿੱਗਿਆ, ਉਥੇ ਦੂਰ ਤੱਕ ਪਾਣੀ ਵਿਚ ਖੂਨ ਦੇ ਲਾਲ ਰੰਗੇ ਬੁਲਬੁਲੇ ਉਠਦੇ ਰਹੇ। ਦੂਰ-ਦੂਰ ਤੀਕਰ ਨਹਿਰ ਦੇ ਪਾਣੀ ਵਿਚ ਖੂਨ ਦੀ ਛੱਲ ਫੈਲ ਗਈ। ਇਹ ਵੇਖ ਕੇ ਮੇਰੇ ਅੰਦਰ ਦਹਿਲ ਜਿਹਾ ਪੈ ਗਿਆ। ਮੈਨੂੰ ਕਿੰਨੇ ਈ ਦਿਨ ਬੁਖਾਰ ਚੜ੍ਹਦਾ ਰਿਹਾ। ਉਸ ਪਿੱਛੋਂ ਵੀ ਕਦੀ-ਕਦੀ ਨਹਿਰ ਵਿਚ ਫੁੱਲੀਆਂ ਲਾਸ਼ਾਂ ਤਰਦੀਆਂ ਆਉਂਦੀਆਂ, ਉਨ੍ਹਾਂ ਨੂੰ ਵੇਖ ਕੇ ਮੇਰਾ ਤ੍ਰਾਹ ਨਿਕਲ ਜਾਂਦਾ।

ਇੱਕ ਹੋਰ ਗੱਲ ਸਾਡੇ ਸਕੂਲ ਮਾਸਟਰ ਦੀ ਹੈ। ਮਲਕੀਤ ਸਿੰਘ ਸੀ ਨਾਂ ਉਸ ਦਾ। ਸੁਹਣਾ-ਸੁਨੱਖਾ। ਗੋਰਾ ਨਿਛੋਹ, ਪਰ ਸੀ ਉਹ ਬੁੱਚੜ। ਬੜੀ ਬੇਰਹਿਮੀ ਨਾਲ ਕੁੱਟਦਾ ਸੀ। ਪੁੱਠੇ ਕੰਨ ਫੜਾ ਕੇ ਫੱਟੀ ਦੀ ਨੋਕ ਨਾਲ ਢੂਹੀ ਦੀ ਕੰਗਰੋੜ 'ਤੇ ਮਾਰਦਾ। ਜਾਨ ਨਿਕਲ ਜਾਂਦੀ। ਕਈਆਂ ਦਾ ਪਿਸ਼ਾਬ ਵਿਚੇ ਈ ਨਿਕਲ ਜਾਂਦਾ। ਉਸ ਦੇ ਵੇਲੇ ਸਕੂਲ ਵਿਚ ਪੰਦਰਾਂ ਬੱਚਿਆਂ ਤੋਂ ਸੋਲ੍ਹਵਾਂ ਦਾਖਲ ਨਹੀਂ ਹੋਇਆ। ਉਹ ਵੀ ਲੁਟੇਰੇ ਸਿੰਘਾਂ ਨਾਲ ਰਲ ਕੇ ਪਿੰਡ ਤੋਂ ਚਾਰ ਮੀਲ ਦੂਰ ਪਿੰਡ ਹਠੂਰ ਲੁੱਟਣ ਚਲਿਆ ਗਿਆ। ਉਥੋਂ ਦੇ ਮੁਸਲਮਾਨ ਜਗੀਰਾਂ ਦੇ ਮਾਲਕ ਰੱਜੇ-ਪੁੱਜੇ ਜ਼ਿਮੀਂਦਾਰ ਸਨ। ਹਥਿਆਰਾਂ ਨਾਲ ਲੈਸ। ਆਸੇ-ਪਾਸੇ ਦੇ ਪਿੰਡਾਂ ਦੇ ਲੁਟੇਰਿਆਂ ਨੇ ਉਨ੍ਹਾਂ ਨੂੰ ਘੇਰਾ ਪਾਇਆ ਹੋਇਆ ਸੀ। ਉਹ ਗੋਲੀਆਂ ਚਲਾਉਂਦੇ ਸਭ ਨੂੰ ਲਲਕਾਰ ਕੇ ਲੰਘ ਗਏ। ਉਨ੍ਹਾਂ ਦੀ ਇਕ ਗੋਲੀ ਮਾਸਟਰ ਦੀ ਖੱਬੀ ਵੱਖੀ ਨੂੰ ਚੱਟ ਕੇ ਲੰਘ ਗਈ। ਇਸ ਨਾਲ ਸਕੂਲ ਨੇ ਬੰਦ ਤਾਂ ਹੋਣਾ ਈ ਸੀ। ਮੈਂ ਤਾਂ ਉਨ੍ਹੀਂ ਦਿਨੀਂ ਨਹਿਰ 'ਤੇ ਕਤਲ ਦੀ ਘਟਨਾ ਨੂੰ ਵੇਖ ਕੇ ਬੁਖਾਰ ਨਾਲ ਘਰੇ ਬਿਮਾਰ ਪਿਆ ਰਹਿੰਦਾ ਸੀ ਪਰ ਦੂਜੇ ਸਾਰੇ ਬੱਚੇ ਹਰ ਰੋਜ਼ ਗੁਰਦੁਆਰੇ ਜਾ ਕੇ ਅਰਦਾਸ ਕਰਦੇ, ਉਸ ਦੀ ਤੰਦਰੁਸਤੀ ਲਈ ਨਹੀਂ, ਉਸ ਦੇ ਮਰ ਕੇ ਨਹਿਰ ਵਿਚ ਡਿੱਗਣ ਦੀ, ਪਰ ਬੱਚਿਆਂ ਦੀ ਅਰਦਾਸ ਸੁਣੀ ਨਾ ਗਈ, ਤੇ ਇਕ ਮਹੀਨੇ ਬਾਅਦ ਉਹ ਸਕੂਲ ਵਿਚ ਆ ਧਮਕਿਆ।

ਉਹ ਇਕ ਸਾਲ ਪਿੱਛੋਂ ਬਦਲ ਕੇ ਚਲਿਆ ਗਿਆ। ਉਸ ਦੇ ਨਾਲ ਹੀ ਚਲੀ ਗਈ ਉਰਦੂ ਭਾਸ਼ਾ। ਉਰਦੂ ਨਾਲ ਹੀ ਗੱਡੀ ਚੜ੍ਹ ਗਈ। ਬੁੱਚੜਕੁੱਟ। ਉਸ ਦੇ ਬਾਅਦ ਬੱਚਿਆਂ ਦੀ ਗਿਣਤੀ ਇੱਕਦਮ ਪੰਜਾਹ 'ਤੇ ਪੁੱਜ ਗਈ। ਪਿੱਛੋਂ ਜਦ ਮੈਂ ਜਵਾਨ ਹੋ ਕੇ ਸਕੂਲ ਮਾਸਟਰ ਲੱਗ ਗਿਆ ਤਾਂ ਉਹ ਬਹੁਤ ਮੋਹ ਨਾਲ ਮਿਲਦਾ, ਪਰ ਅਧਿਆਪਕ ਤੇ ਵਿਦਿਆਰਥੀ ਦਾ ਰਿਸ਼ਤਾ ਨਾ ਬਣਦਾ। ਉਸ ਦੀ ਹਠੂਰ ਦੀ ਘਟਨਾ ਕਾਰਨ ਮੇਰੇ ਦਿਮਾਗ 'ਚ ਉਸ ਦਾ ਅਕਸ ਧੁੰਦਲਾ ਹੀ ਰਿਹਾ।

ਲੁਟੇਰਿਆਂ ਨੇ ਲੁੱਟ ਦੇ ਮਾਲ ਨਾਲ ਜਾਇਦਾਦਾਂ ਬਣਾ ਲਈਆਂ ਸਨ। ਲੋਕ ਨਿੱਕੇ-ਮੋਟਿਆਂ ਦੀ ਗੱਲ ਈ ਨਾ ਕਰਦੇ, ਵੱਡੀਆਂ ਮੱਛੀਆਂ ਨੂੰ ਈ ਫੜਦੇ। ਕਿਵੇਂ ਕਿਸੇ ਦੀ ਲੁੱਟੀ ਜਾਇਦਾਦ ਰੂੰ ਦੇ ਫੰਭਿਆਂ ਵਾਂਗ ਉਡੀ। ਕਿਵੇਂ ਉਹ ਆਪ ਨਸ਼ਈ ਤੇ ਡਰੱਗੀ ਬਣੇ, ਕਿਵੇਂ ਉਨ੍ਹਾਂ ਦੀਆਂ ਕਰਤੂਤਾਂ ਕਰ ਕੇ ਉਨ੍ਹਾਂ ਦੇ ਧੀ-ਪੁੱਤਰ ਘਰ ਘਾਟ ਦੇ ਨਾ ਰਹੇ। ਉਨ੍ਹਾਂ ਦੀਆਂ ਕਰਤੂਤਾਂ ਨਾਲ ਧੀਆਂ ਪੁੱਤਰਾਂ ਹੱਥੋਂ ਮਾਰੇ ਗਏ। ਸਾਰੀਆਂ ਗੱਲਾਂ ਤਾਂ ਹੁੰਦੀਆਂ, ਪਰ ਅਖੀਰ ਵਿਚ ਗੱਲਬਾਤ ਵੈਦ ਪੰਡਤ ਠੇਲਾ ਰਾਮ ਨੇ ਜਥੇਦਾਰ ਨਰੈਣ ਸਿੰਘ ਦੀ ਗੱਲ ਤਾਂ ਕਰਨੀ ਹੀ ਹੋਈ।

"ਪਾਪੀ ਦੇ ਮਾਰਨ ਕੋ ਪਾਪ ਮਹਾਂਬਲੀ ਹੈ। ਆਹ ਆਪਣੀਆਂ ਅੱਖਾਂ ਦੇ ਸਾਹਮਣੇ ਈ ਵੇਖ ਲੋ ਨਰੈਣੇ ਸਿਉਂ ਦੀ। ਉਹਦੀ ਗੱਲ ਕਰ ਕੇ ਤਾਂ ਮਨ ਕਰੇਲੇ ਵਰਗਾ ਹੋ ਜਾਂਦਾ।" ਉਹ ਮੱਥੇ 'ਤੇ ਤਿਉੜੀਆਂ ਪਾ ਕੇ ਤੇ ਚੰਦਰਾ ਜਿਹਾ ਮੂੰਹ ਬਣਾਉਂਦਾ ਜਿਸ ਨੂੰ ਵੇਖ ਕੇ ਸਾਰੇ ਹੱਸ ਪੈਂਦੇ।

ਅਖੇ, ਸੋਨੂੰ ਸਾਰਿਆਂ ਨੂੰ ਕੋਟਲੇ ਦੇ ਰਾਜ 'ਚ ਸਹੀ ਸਲਮਤ ਛੱਡ ਆਊਂ। ਆਪਣੇ ਪਿੰਡ ਇਹਨੇ ਨੇੜੇ-ਤੇੜੇ ਦੇ ਗਰੀਬ ਮੁਸਲਮਾਨ ਇਕੱਠੇ ਕਰ ਲਏ। ਇੱਕ ਹਜ਼ਾਰ ਤੋਂ ਵੱਧ ਹੋਣਗੇ ਸਾਰੇ। ਇਸ ਨੇ ਪੰਜ ਲੁਟੇਰਿਆਂ ਦਾ ਜੱਥਾ ਬਣਾ ਲਿਆ। ਆਪ ਜੱਥੇਦਾਰ ਬਣ ਗਿਆ। 'ਕੋਈ ਗੱਲ ਜੱਥੇਦਾਰ ਦੇ ਹੁਕਮ ਤੋਂ ਬਿਨਾ ਨੀ ਕਰਨੀ। ਲੁੱਟਮਾਰ ਦਾ ਸਾਰਾ ਸਮਾਨ ਜੱਥੇਦਾਰ ਕੋਲ ਜਮ੍ਹਾਂ ਕਰਾਉਣਾ। ਲੁੱਟਣ-ਮਾਰਨ ਸਮੇਂ ਕਿਸੇ ਕਿਸਮ ਦਾ ਤਰਸ ਨੀ ਕਰਨਾ। ਮਾਰਨ ਵੇਲੇ ਵੀ ਕੋਈ ਰਹਿਮ ਨੀ। ਹਾਂ, ਐਸ਼ ਜਿਵੇਂ ਤੁਹਾਡੀ ਮਰਜ਼ੀ ਕਰ ਲੋ। ਜੀਹਦੇ ਨਾਲ ਜੀਅ ਕਰੇ, ਖੇਹ ਖਾ ਲਿਉ। ਪਰ ਮੇਰੇ ਪੁੱਛੇ ਬਿਨਾਂ ਵੇਚਣੀ ਨੀ। ਜਿਹੜੀ ਮਰਜ਼ੀ ਆ ਘਰੇ ਵਸਾ ਲਿਉ ਪਰ ਮੈਨੂੰ ਦੱਸ ਕੇ'। ਉਸੇ ਸਮੇਂ ਜੱਥੇਦਾਰ ਦੀ ਰਾਏ ਤੋਂ ਇਕੱਠੇ ਕਰ ਲਏ ਪਿੰਡ। ਜੋ ਵਿਚਾਰਿਆਂ ਨਾਲ ਵਾਪਰੀ, ਆਪਾਂ ਸਾਰਿਆਂ ਨੇ ਵੇਖੀ ਆ।

ਲੁੱਟ ਦੇ ਮਾਲ ਨਾਲ ਵੀਹ ਕਿੱਲੇ ਜ਼ਮੀਨ ਖਰੀਦ ਲਈ। ਪਹਿਲਾਂ ਦਸ ਕਿੱਲੇ ਪਿਤਾ ਪੁਰਖੀ ਆਈ। ਉਸ ਦੀ ਵੱਡੇ ਜਗੀਰਦਾਰਾਂ ਵਿਚ ਗਿਣਤੀ ਹੋਣ ਲੱਗ ਪਈ। ਸਰਕਾਰੇ-ਦਰਬਾਰੇ ਪਹਿਲਾਂ ਨਾਲੋਂ ਵੀ ਇੱਜ਼ਤ ਵਧ ਗਈ। ਵੱਡਾ ਮੁੰਡਾ ਥੋੜ੍ਹਾ ਜਿਹਾ ਉਸ ਦੀਆਂ ਕਰਤੂਤਾਂ ਕਰ ਕੇ ਰੜਕ ਮੰਨਦਾ ਸੀ। ਉਸ ਨੂੰ ਬਾਹਰਲੇ ਦੇਸ਼ ਭੇਜ ਕੇ ਰਾਹ 'ਚੋਂ ਰੋੜਾ ਹਟਾ ਦਿੱਤਾ। ਘਰ ਨੌਜਵਾਨ ਨੂੰਹ ਸੀ। ਘਰਵਾਲੀ ਤਾਂ ਐਵੇਂ ਬਸ ਬੁੱਤ ਈ ਸੀ ਮਿੱਟੀ ਦਾ। ਸਾਰੀ ਉਮਰ ਹੀ ਦਬਾ ਕੇ ਰੱਖੀ ਹੋਈ। ਉਹ ਕੀ ਬੋਲਦੀ ਵਿਚਾਰੀ? ਦੋ-ਚਾਰ ਸਾਲ ਬਾਅਦ ਈ ਬਸ ਉਹ ਨਿਕਲ ਆਈ ਬਾਹਰ। ਪਹਿਲੀ ਬੱਸ ਆਇਆ ਕਰੇ। ਰਾਤ ਪੈਣ ਸਮੇਂ ਘਰ ਮੁੜਿਆ ਕਰੇ। ਇਸ ਬਾਰੇ ਚਾਰ-ਚੁਫੇਰੇ ਦੇ ਪਿੰਡਾਂ ਵਿਚ ਦੰਦ-ਕਥਾ ਚਲਦੀ ਰਹਿੰਦੀ। ਦਸ-ਪੰਦਰਾਂ ਮੀਲ ਤੱਕ ਸਾਰੇ ਲੋਕ ਉਸ ਨੂੰ ਜਾਣਦੇ ਸਨ। ਜਦ ਮੁੰਡਾ ਪਿੰਡ ਆਇਆ, ਲੋਕਾਂ ਨੇ ਉਸ ਨੂੰ ਚੁੱਕ ਦਿੱਤਾ। ਉਹ ਆਪਣਾ ਹਿੱਸਾ ਮੰਗਣ ਲੱਗਿਆ। ਲੜਾਈ ਤੱਕ ਨੌਬਤ ਆ ਗਈ। ਪਤਾ ਨੀ ਮੁੰਡਾ ਇਸ ਦੀ ਗੋਲੀ ਨਾਲ ਮਰਿਆ ਜਾਂ ਹੋਰ ਕੋਈ ਦੁਸ਼ਮਣੀ ਕੱਢ ਗਿਆ। ਕਤਲ ਦਾ ਕੇਸ ਤਾਂ ਇਸ 'ਤੇ ਹੀ ਬਣਨਾ ਸੀ। ਕਤਲ ਦੇ ਖਰਚੇ। ਵਕੀਲਾਂ ਦੀ ਫੀਸ ਈ ਘਰ ਖੁੰਘਲ ਕਰ ਦਿੰਦੀ ਐ। ਉਹੀ ਵੀਹ ਕਿੱਲੇ ਜਿਨ੍ਹਾਂ ਲਈ ਉਸ ਨੇ ਗਰੀਬਾਂ ਦੀ ਕੱਟ ਵੱਢ ਕੀਤੀ ਸੀ, ਬੈਅ ਹੋ ਗਈ ਤੇ ਵਿਆਜ ਵਿਚ ਵੀਹ ਸਾਲ ਕੈਦ ਵੀ ਹੋ ਗਈ। ਜਿਹੜੀ ਤਿੰਨ ਮੰਜ਼ਲੀ ਕੋਠੀ ਉਸ ਨੇ ਬਣਾਈ ਸੀ, ਉਹ ਖੋਲਾ ਬਣ ਗਈ। ਉਸ ਵਿਚ ਕੁੱਤੇ ਮੂਤਦੇ ਜਾਂ ਅਵਾਰਾ ਡੰਗਰ ਉਸ ਵਿਚ ਰਾਤ ਨੂੰ ਆ ਬੈਠਦੇ।

1947 ਈਸਵੀਂ ਤੋਂ ਬਾਅਦ, ਕਈ ਸਾਲਾਂ ਲਈ ਲਗਾਤਾਰ ਮੋਹਲੇਧਾਰ ਵਰਖਾ ਹੁੰਦੀ ਰਹੀ। ਪਿਛਲੇ ਸਾਰੇ ਪਿੰਡਾਂ ਦਾ ਪਾਣੀ ਇਸ ਕੋਠੀ ਕੋਲ ਨਹਿਰ ਦੀ ਪਟੜੀ ਨਾਲ ਆ ਟੱਕਰ ਲਾਉਂਦਾ। ਇਸ ਸਾਰੇ ਪਾਣੀ ਨਾਲ ਫਸਲਾਂ ਮਰ ਜਾਂਦੀਆਂ। ਇਸੇ ਥਾਂ ਤੋਂ ਨਹਿਰ ਵੱਢ ਕੇ ਪਾਣੀ ਨਹਿਰ ਵਿਚ ਪਾਉਂਦੇ ਤਾਂ ਜਾ ਕੇ ਕਣਕ-ਬੀਜਣ ਲਈ ਜ਼ਮੀਨ ਸੁੱਕਦੀ। ਲੋਕਾਂ ਦੀ ਇਹੀ ਧਾਰਨਾ ਸੀ ਕਿ ਮੁਸਲਮਾਨਾਂ ਦੀ ਵੱਢ ਟੁੱਕ ਤੇ ਹੋਏ ਜ਼ੁਲਮ ਦੀ ਪਿੰਡ ਨੂੰ ਸਜ਼ਾ ਮਿਲ ਰਹੀ ਹੈ ਤੇ ਮਾਸੂਮਾਂ ਦੇ ਵਹੇ ਖੂਨ ਦੇ ਦਾਗ ਧੋ ਰਹੀ ਹੈ।

ਸਾਡੇ ਘਰ ਦੀ ਪਿੱਠ 'ਤੇ ਚੰਨਣ ਭਰਾਈ ਦੇ ਘਰ ਦੇ ਪਿਛਲੇ ਪਾਸੇ ਦੀ ਕੰਧ ਸਾਂਝੀ ਸੀ। ਭਰਾਈ ਤਾਂ ਸਭ ਕੁਝ ਛੱਡ ਕੇ ਚਲਿਆ ਗਿਆ ਸੀ। ਉਨ੍ਹਾਂ ਦੇ ਡੰਗਰ ਹੋਰ ਸਭ ਘਰ ਦਾ ਸਮਾਨ, ਇੱਥੋਂ ਤੱਕ ਕਿ ਮਿੱਟੀ ਦੇ ਭਾਂਡੇ ਵੀ ਛੱਡੇ ਨਹੀਂ ਸੀ। ਰਹਿ ਗਿਆ ਸੀ ਬਾਲਣ ਲਈ ਕਾਨੇ ਸਲਵਾੜ। ਉਨ੍ਹਾਂ ਦੇ ਉਜੜ ਕੇ ਚਲੇ ਜਾਣ ਤੋਂ ਮਹੀਨਾ ਕੁ ਪਿੱਛੋਂ ਮੇਰੀ ਮਾਂ ਸਵੇਰੇ ਬਾਲਣ ਲਈ ਸਲਵਾੜ ਦੀ ਪੂਲੀ ਚੁੱਕ ਲਿਆਈ। ਇਹ ਵੇਖ ਕੇ ਮੇਰੇ ਬਾਪੂ ਜੀ ਬੇਬੇ ਦੇ ਗਲ ਟੁੱਟ ਕੇ ਪੈ ਗਏ। "ਚਲ ਉਥੇ ਈ ਵਾਪਸ ਰੱਖ ਕੇ ਆ।" ਮੇਰੇ ਪਿਤਾ ਜੀ ਅੱਗ ਭਬੂਕਾ ਹੋ ਕੇ ਗਾਲ੍ਹ ਵੀ ਕੱਢ ਗਏ।

"ਚਾਰ ਕਾਨੇ ਸਲਵਾੜ ਈ ਨੇ। ਮੈਂ ਕਿਹੜਾ ਉਨ੍ਹਾਂ ਦਾ ਸੋਨਾ ਲੁੱਟ ਲਿਆਈ।"

"ਤੈਂ ਗੁਆਂਢੀ ਮਰੇ ਈ ਸਮਝ ਲਏ। ਮਰੇ ਈ ਸਮਝ ਲਏ ਤੈਂ?"

"ਆਹ ਤਾਂ ਠੀਕ ਐ। ਸੱਚੀਂ, ਮੈਂ ਨੂਰਾਂ ਨੂੰ ਮਰਿਆ ਈ ਸਮਝ ਲਿਆ।" ਉਹ ਚੁੱਪ-ਚੁਪੀਤੀ ਚਾਰ ਸੁੱਕੇ ਕਾਨੇ ਤੇ ਘਾਸ-ਫੂਸ ਉਥੇ ਈ ਰੱਖ ਆਈ।

---

## ਉਹ ਦਿਨ ਕਿੱਥੋਂ ਲੱਭਾਂ !

### ਡਾਇਰੀ ਦੇ ਪੰਨੇ



ਨਿੰਦਰ ਘੁਗਿਆਣਵੀ
ਫੋਨ: 91-94174-21700

ਕਣਕਾਂ ਨਿੱਸਰਦੀਆਂ। ਬੇਰੀਆਂ ਨੂੰ ਬੂਰ ਪੈਂਣ ਲਗਦੇ। ਜਦ ਕਣਕਾਂ ਸਿੱਟੇ ਕੱਢ ਖਲੋਂਦੀਆਂ, ਬੇਰੀਆਂ ਬੇਰਾਂ ਨਾਲ ਲੱਦੀਆਂ ਦਿਸਦੀਆਂ। ਉਦੋਂ ਮਲ੍ਹਿਆਂ ਤੇ ਦੇਸੀ ਬੇਰੀਆਂ ਦੇ ਬੇਰ ਮੰਡੀ-ਬਜ਼ਾਰ ਨਹੀਂ ਸਨ ਵਿਕਦੇ, ਆਮ ਜੋ ਹੁੰਦੇ ਸਨ। ਜਿਨ੍ਹਾਂ ਇਲਾਕਿਆਂ ਵਿਚ ਬੇਰੀਆਂ ਘੱਟ ਹੁੰਦੀਆਂ, ਲੋਕੀਂ ਆਪਣੇ ਰਿਸ਼ਤੇਦਾਰਾਂ ਨੂੰ ਰੁੱਤ ਦਾ ਮੇਵਾ ਝੋਲੇ ਭਰ-ਭਰ ਕੇ ਬੇਰਾਂ ਦੇ ਭੇਜਦੇ। ਸੀਜ਼ਨ ਦੀ ਸੌਗਾਤ ਲੈ ਕੇ ਲੋਕ ਪ੍ਰਸੰਨ ਹੁੰਦੇ ਸਨ। ਸੇਊ ਬੇਰ ਹਾਲੇ ਨਹੀਂ ਸੀ ਹੋਣ ਲੱਗੇ। ਬੇਰੀਆਂ ਪੇਂਦਣਾ ਬਹੁਤ ਪਿਛੋਂ ਸ਼ੁਰੂ ਹੋਇਆ।

ਮੇਰੇ ਨਾਨਕੇ ਪਿੰਡ ਸ਼ਰੀਂਹ ਵਾਲਾ ਵਿਚ ਝੰਜਣ ਦੀ ਫਸਲ ਬਹੁਤ ਹੁੰਦੀ ਸੀ। ਇਹ ਝੋਨਾ ਲਾਉਣ ਤੋਂ ਪਹਿਲਾਂ ਤਿਆਰ ਕੀਤੀ ਜਾਂਦੀ, ਕੁਝ ਵਿਚੇ ਵਾਹ ਲੈਂਦੇ ਤੇ ਬਾਕੀ ਦੀ ਬਾਲਣ ਵਾਸਤੇ ਸਾਂਭ ਲੈਂਦੇ। ਝੰਜਣ ਦੇ ਟਾਂਡੇ ਕਾਫੀ ਮੋਟੇ ਤੇ ਲੰਬੇ ਹੁੰਦੇ। ਇਹ ਸੁੱਕੇ ਟਾਂਡੇ ਛੇਤੀ ਕੀਤਿਆਂ ਟੁੱਟਦੇ ਨਹੀਂ ਸਨ। ਮੇਰਾ ਪਿਓ ਇੱਕ-ਅੱਧ ਵਾਰ ਬੋਤੀ-ਗੱਡੀ 'ਤੇ ਟਾਂਡੇ ਲੈਣ ਗਿਆ ਸੀ। ਵਾਪਸੀ 'ਤੇ ਮੇਰੇ ਨਾਨੇ ਨੇ ਮੇਰੇ ਬਹਿਣ ਲਈ ਖੇਸ ਚੌਹਰਾ ਕਰ ਕੇ ਟਾਂਡਿਆਂ 'ਤੇ ਵਿਛਾ ਦਿੱਤਾ ਤਾਂ ਕਿ ਨਿਆਣੇ ਦੋਹਤੇ ਦੇ ਟਾਂਡੇ ਨਾ ਖੁਭਣ। ਮੈਂ ਭਰੀ ਗੱਡੀ ਦੀ ਸਿਖਰ 'ਤੇ ਰਾਜਾ ਬਣਿਆ ਬੈਠਾ ਆਲੇ-ਦੁਆਲੇ ਨੂੰ ਨਿਹਾਰ ਰਿਹਾ ਨਜ਼ਾਰੇ ਲੈ ਰਿਹਾ ਸਾਂ। ਦੂਰ ਤੀਕ ਖੇਤਾਂ ਵਿਚ ਖੜ੍ਹੀਆਂ ਫਸਲਾਂ ਤੇ ਰੁੱਖ ਮੇਰੇ ਮਨ ਨੂੰ ਖੇੜਾ ਦੇਈ ਜਾਂਦੇ ਸਨ। ਪਿਤਾ ਗੱਡੀ ਦੇ ਅਗਲੇ ਹਿੱਸੇ (ਗਾਡਰ) 'ਤੇ ਬੈਠਾ ਹੋਇਆ ਸੀ। ਕਦੇ-ਕਦੇ ਉਹ ਬੋਤੀ ਦੀ ਮੁਹਾਰ ਫੜ੍ਹ ਕੇ ਅੱਗੇ ਅੱਗੇ ਤੁਰਨ ਲਗਦਾ, ਜਦ ਜੀਅ



ਕਰਦਾ ਬਹਿ ਜਾਂਦਾ। ਨਾਲੇ ਨਾਲ ਮੇਰੇ 'ਤੇ ਵੀ ਨਿਗ੍ਹਾ ਰਖਦਾ। ਬੋਤੀ ਲੰਮੀਆਂ-ਲੰਮੀਆਂ ਪੁਲਾਂਘਾਂ ਭਰਦੀ ਤਾਂ ਗੱਡੀ ਝੂਲਦੀ, ਮੈਨੂੰ ਝੂਟੇ ਆਉਂਦੇ, ਮੈਂ ਖੁਸ਼ ਹੁੰਦਾ ਤਾਂ ਪਿਤਾ ਵੀ ਖੁਸ਼ ਹੋ ਕੇ ਪੁਛਦਾ, "ਕਿਵੇਂ ਆਂ, ਆਉਂਦੇ ਐ ਠੂਹਣੇਂ?" ਜਦ ਸਾਦਿਕ ਮੰਡੀ ਆਉਂਦੀ ਤਾਂ ਪਿਤਾ ਮੈਨੂੰ ਮੱਕੀ ਦੇ ਫੁੱਲੇ ਜਾਂ ਕੁਲਫੀ ਲੈ ਦਿੰਦਾ।

ਮਾਮੇ ਹੁਰੀਂ ਵੰਗੇ ਬਹੁਤ ਬੀਜਦੇ ਗਰਮੀਆਂ 'ਚ। ਜਦ ਨਾਨਾ-ਨਾਨੀ ਜਾਂ ਕੋਈ ਮਾਮਾ-ਮਾਮੀ ਸਾਡੇ ਕੋਲ ਆਉਂਦੇ ਤਾਂ ਵੰਗਿਆਂ ਦੇ ਝੋਲ਼ ਭਰੀ ਲਿਆਉਂਦੇ। ਇੱਕ ਝੋਲਾ ਸਾਡੇ ਘਰ, ਦੂਜਾ ਮਾਸੀ ਕੇ। ਫਰਿੱਜਾਂ ਦਾ ਅਜੇ ਨਾਮੋਂ-ਨਿਸ਼ਾਨ ਨਹੀਂ ਸੀ। ਬੋਰਿਆਂ 'ਚ ਬਰਫ ਦੇ ਡਲੇ (ਬਲਾਕ) ਸ਼ਹਿਰੋਂ ਰੇਹੜਿਆਂ 'ਤੇ ਲੱਦੇ ਆਉਂਦੇ, ਕਾਫੀ ਸਾਰੀ ਬਰਫ ਰਾਹੇ ਖੁਰ ਜਾਂਦੀ, ਬਚਦੀ ਚੁਆਨੀ-ਚੁਆਨੀ ਦੀ ਲੋਕ ਲਿਜਾਂਦੇ। ਬਰਫ ਦੀ ਵਰਤੋਂ ਤੋਂ ਵੀ ਆਮ ਲੋਕ ਪਰਹੇਜ਼ ਹੀ ਕਰਦੇ ਸਨ। ਖੂਹਾਂ ਤੇ ਨਲਕਿਆਂ ਦਾ ਪਾਣੀ ਬਰਫ ਦੇ ਪਾਣੀ ਨੂੰ ਮਾਤ ਪਾਉਂਦਾ ਸੀ। ਖੇਤਾਂ ਵਿਚ ਨੱਕੋ-ਨੱਕ ਭਰੇ ਵਗਦੇ ਕੱਚੇ ਖਾਲਾਂ ਦਾ ਪਾਣੀ ਅਸੀਂ ਬੁੱਕਾਂ ਭਰ-ਭਰ ਅਕਸਰ ਹੀ ਪੀ ਲੈਂਦੇ ਸਾਂ। ਖਾਲਿਆਂ ਤੇ ਟੋਭਿਆਂ ਦਾ ਇਹ ਪਾਣੀ ਨਿੱਤਰਿਆ ਤੇ ਸਾਫ-ਸ਼ਫਾਫ ਹੁੰਦਾ।

ਮੇਰਾ ਪਿਓ ਖੂਹੀ 'ਚੋਂ ਪਾਣੀ ਦੀ ਬਾਲਟੀ ਖਿੱਚ੍ਹਦਾ ਤੇ ਬਾਲਟੀ 'ਚ ਵੰਗੇ ਸੁੱਟ ਦਿੰਦਾ। ਖੇਤੋਂ ਲਿਆਂਦੀ ਖੱਟੀ (ਨਿੰਬੂ ਦੀ ਭੈਣ) ਠੰਢੇ ਵੰਗਿਆਂ 'ਤੇ ਨਿਚੋੜ ਕੇ ਕਾਲੀ-ਲੂਣ ਮਿਰਚ ਭੁੱਕ ਲਈ ਜਾਂਦੀ। ਉਨ੍ਹੀਂ ਦਿਨੀਂ ਰਾਤ ਦੀ ਰੋਟੀ ਨਾਲ ਖਾਣ ਵਾਲਾ ਸਲਾਦ ਇਹੋ ਹੀ ਹੁੰਦਾ ਸੀ। ਟਮਾਟਰ, ਖੀਰੇ, ਤਰਾਂ ਆਦਿ ਬਾਰੇ ਕਦੇ ਕੋਈ ਸੋਚਦਾ ਵੀ ਨਹੀਂ ਸੀ। ਖੇਤੋਂ ਖੱਖੜੀਆਂ, ਖਰਬੂਜੇ ਤੇ ਮਤੀਰੇ ਆਮ ਲਹਿੰਦੇ। ਕਰਤਾਰਾ ਬੌਰੀਆ ਸਾਡੇ ਖੂਹ ਵਾਲੇ ਖੇਤ ਬਹੁਤ ਸਾਲ ਖੱਖੜੀਆਂ, ਖਰਬੂਜੇ ਤੇ ਮਤੀਰੇ ਅੱਧ 'ਤੇ ਬੀਜਦਾ ਰਿਹਾ। ਕਦੇ-ਕਦੇ ਘਰ ਦਾ ਕੋਈ ਜੀਅ ਸ਼ਹਿਰ ਜਾਂਦਾ ਤਾਂ ਲਿਆਂਦੇ ਗਏ ਅੰਬ ਵੀ ਖੂਹੀ ਦੇ ਪਾਣੀ ਨਾਲ ਠੰਢੇ ਕੀਤੇ ਜਾਂਦੇ। ਆਮ ਤੌਰ 'ਤੇ ਰਾਤ ਦੀ ਰੋਟੀ ਨਾਲ ਸਲਾਦ ਵਜੋਂ ਗੰਢੇ ਭੰਨੇ ਜਾਂਦੇ। ਲੋਕ ਅਜੇ ਅੰਬ ਦਾ ਅਚਾਰ ਨਹੀਂ ਸੀ ਪਾਉਣ ਲੱਗੇ। ਉਦੋਂ ਜੋ ਕੁਝ ਖੇਤੋਂ ਮਿਲਦਾ, ਉਸੇ ਦਾ ਅਚਾਰ ਪਾਇਆ ਜਾਂਦਾ, ਕਰੀਰਾਂ ਦੇ ਡੇਲੇ ਆਮ ਸਨ ਸਾਡੇ ਖੇਤ ਟਿੱਬਿਆਂ 'ਤੇ। ਕਿੱਕਰਾਂ ਦੇ ਤੁੱਕਿਆਂ ਦਾ ਅਚਾਰ ਘਰ-ਘਰ ਪੈਂਦਾ ਸੀ। ਮਿਰਚਾਂ ਵੀ ਖੇਤੋਂ ਤੋੜ ਕੇ ਹੀ ਅਚਾਰ ਪਾਇਆ ਜਾਂਦਾ। ਜਦ ਅੰਬ ਦਾ ਅਚਾਰ ਪੈਣਾ ਸ਼ੁਰੂ ਹੋਇਆ ਤਾਂ ਤੁੱਕਿਆਂ ਤੇ ਡੇਲਿਆਂ ਦਾ ਅਚਾਰ ਖਾਣ ਵੱਲੋਂ ਲੋਕਾਂ ਦਾ ਧਿਆਨ ਹਟਣ ਲੱਗਿਆ। ਹੌਲੀ-ਹੌਲੀ ਲੋਕਾਂ ਨੇ ਖੇਤਾਂ 'ਚ ਕੁਝ-ਕੁਝ ਬੂਟੇ ਨਿੰਬੂ ਤੇ ਖੱਟੀ ਦੇ ਲਾਉਣੇ ਸ਼ੁਰੂ ਕੀਤੇ, ਤਾਂ ਇਹ ਵੀ ਅਚਾਰ ਦੇ ਕੰਮ ਆਉਣ ਲੱਗੇ। ਮੇਰਾ ਦਾਦਾ ਘਰੇ ਅਕਸਰ ਹੀ ਟੋਕਦਾ ਹੁੰਦਾ ਕਿ ਸਾਉਣ ਦੀ ਝੜੀ ਤੋਂ ਮਗਰੋਂ ਖੱਖੜੀਆਂ, ਖਰਬੂਜੇ, ਮਤੀਰੇ ਨਹੀਂ ਖਾਈਦੇ। ਇਨ੍ਹਾਂ ਵਿਚ ਪਾਣੀ ਭਰ ਜਾਂਦਾ ਹੈ ਤੇ ਹੈਜ਼ਾ ਹੋਣ ਦਾ ਡਰ ਬਣਿਆ ਰਹਿੰਦਾ ਹੈ। ਮੀਂਹਾਂ ਤੋਂ ਪਹਿਲਾਂ ਖੱਖੜੀਆਂ, ਖਰਬੂਜੇ ਆਮ ਹੀ ਖਾਧੇ ਜਾਂਦੇ ਤੇ ਦਾਦੀ ਖੱਖੜੀ ਦੀ ਸਬਜੀ ਵੀ ਬਣਾਉਂਦੀ ਰਹਿੰਦੀ।

## ਰਾਜਸਥਾਨੀ ਲੋਕ ਕਹਾਣੀਆਂ-3




**ਵਿਜੇਦਾਨ ਦੇਥਾ**
ਅਨੁਵਾਦ: ਡਾ. ਹਰਪਾਲ ਸਿੰਘ ਪੰਨੂ
ਫੋਨ: +91-94642 51454

# ਲੰਗੜਾ ਬਘਿਆੜ

***ਵਿਜੇਦਾਨ ਦੇਥਾ (ਪਹਿਲੀ ਸਤੰਬਰ 1926-10 ਨਵੰਬਰ 2013) ਰਾਜਸਥਾਨੀ ਲੋਕਧਾਰਾ ਦਾ ਅਹਿਮ ਨਾਂ ਹੈ। ਉਹਨੇ ਰਾਜਸਥਾਨੀ ਲੋਕ ਕਹਾਣੀਆਂ ਇਕੱਠੀਆਂ ਕੀਤੀਆਂ ਤੇ ਖੁਦ ਮੌਲਿਕ ਕਹਾਣੀ ਦੀ ਰਚਨਾ ਵੀ ਕੀਤੀ। ਡਾ. ਹਰਪਾਲ ਸਿੰਘ ਪੰਨੂ ਨੇ ਉਸ ਦੀਆਂ ਇਕੱਠੀਆਂ ਕੀਤੀਆਂ ਰਾਜਸਥਾਨੀ ਲੋਕ ਕਹਾਣੀਆਂ ਨੂੰ ਪੰਜਾਬੀ ਰੂਪ ਦਿੱਤਾ ਹੈ। ਇਸ ਵਾਰ 'ਲੰਗੜਾ ਬਘਿਆੜ' ਨਾਂ ਦੀ ਲੋਕ ਕਹਾਣੀ ਪਾਠਕਾਂ ਦੇ ਰੂਬਰੂ ਕਰ ਰਹੇ ਹਾਂ। -ਸੰਪਾਦਕ***

ਇੱਕ ਸੀ ਹਿਰਨੀ। ਉਸ ਦੇ ਨਿੱਕੇ-ਨਿੱਕੇ ਚਾਰ ਬੱਚੇ ਸਨ। ਸਰੀਰ ਭਾਰੀ ਹੋਣ ਕਰ ਕੇ ਚਰਦੀ-ਚਰਦੀ ਥੱਕ ਜਾਂਦੀ, ਰਸਤੇ 'ਚ ਸੌਂ ਜਾਂਦੀ। ਇੱਕ ਦਿਨ ਕਿਸਾਨ ਘਾਹ ਫੂਸ ਦਾ ਗੱਡਾ ਲਈ ਆ ਰਿਹਾ ਸੀ ਕਿ ਰਸਤੇ 'ਚ ਲੇਟੀ ਹਿਰਨੀ ਨੂੰ ਬੋਲਿਆ-ਹਿਰਨੀ ਹਿਰਨੀ! ਪਰ੍ਹੇ ਹਟ ਜਾ। ਮੇਰੇ ਬਲਦ ਮਾਰ ਖੰਡਾਹੇ ਨੇ। ਜੇ ਤੇਰੇ ਸਿੰਗ ਮਾਰਿਆ, ਮੈਨੂੰ ਪਾਪ ਲੱਗੇਗਾ। ਹਿਰਨੀ ਲੇਟੀ-ਲੇਟੀ ਬੋਲੀ-ਗੱਡੇ ਵਾਲੇ ਭਰਾ! ਮੇਰੇ ਨਿੱਕੇ-ਨਿੱਕੇ ਬੱਚੇ ਨੇ। ਜੇ ਠੰਢ ਲੱਗ ਗਈ, ਮਰ ਜਾਣਗੇ। ਸੁੰਨੀ ਥਾਂ 'ਚ ਜੰਗਲੀ ਜਾਨਵਰ ਖਾ ਜਾਣਗੇ। ਆਹ ਘਾਹ ਫੂਸ ਦਾ ਗੱਡਾ ਇੱਥੇ ਸਿਟ ਜਾ, ਮੈਂ ਝੌਂਪੜੀ ਬਣਾ ਲਵਾਂਗੀ। ਤੇਰੀ ਹਿਰਨੀ ਭੈਣ ਤੈਨੂੰ ਅਸੀਸਾਂ ਦਿਊਗੀ, ਤੇਰਾ ਬੰਸ ਵਧੇ, ਤੇਰੀ ਖੇਤੀਬਾੜੀ ਵਧੇ ਫੁੱਲੇ।

ਹਿਰਨੀ, ਉਹ ਵੀ ਵਿਚਾਰੀ ਠੰਢ ਵਿਚ ਕੰਬਦੀ, ਬਚਿਆਂ ਲਈ ਵਾਸਤਾ ਪਾਉਂਦੀ...। ਗਰੀਬ ਜਾਨਵਰ ਦੀ ਮਿੰਨਤ ਸੁਣ ਕੇ ਕਿਸਾਨ ਨੂੰ ਤਰਸ ਆ ਗਿਆ। ਜਿੱਥੇ ਹਿਰਨੀ ਨੇ ਕਿਹਾ, ਕਿਸਾਨ ਨੇ ਉਥੇ ਹੀ ਗੱਡਾ ਢੇਰੀ ਕਰ ਦਿੱਤਾ। ਹਿਰਨੀ ਨੇ ਘਾਹ ਦੀ ਝੌਂਪੜੀ ਬਣਾਈ, ਥੱਕ ਕੇ ਝੌਂਪੜੀ ਸਾਹਮਣੇ ਖਲੋਤੇ ਕੇਸਰ ਦੇ ਰੁੱਖ ਹੇਠ ਆਰਾਮ ਕਰਨ ਲੇਟ ਗਈ। ਬੂਹੇ ਬਾਰੀਆਂ ਨਾਲ ਲੱਦਿਆ ਹੋਇਆ ਮਿਸਤਰੀ ਦਾ ਗੱਡਾ ਆਇਆ। ਰਸਤੇ ਵਿਚਕਾਰ ਹਿਰਨੀ ਸੁੱਤੀ ਦੇਖ ਕੇ ਗੱਡਾ ਰੋਕਿਆ, ਬੋਲਿਆ-ਹਿਰਨੀ ਹਿਰਨੀ! ਪਰ੍ਹੇ ਹਟ ਜਾ। ਮੇਰੇ ਬਲਦ ਮਾਰ ਖੰਡਾਹੇ ਨੇ। ਸਿੰਗ ਮਾਰ ਦਿੱਤਾ ਤਾਂ ਮੈਨੂੰ ਪਾਪ ਲੱਗੂਗਾ।

ਹਿਰਨੀ ਲੇਟੀ-ਲੇਟੀ ਬੋਲੀ-ਗੱਡੇ ਵਾਲੇ ਵੀਰ, ਗੱਡੇ ਵਾਲੇ ਵੀਰ! ਮੇਰੇ ਬੱਚੇ ਠੰਢ ਵਿਚ ਕੰਬੀ ਜਾਂਦੇ ਨੇ। ਇੱਕ ਚੁਗਾਠ, ਦਰਵਾਜ਼ਿਆਂ ਦੀ ਇੱਕ ਜੋੜੀ ਮੈਨੂੰ ਦੇ ਜਾ। ਹਿਰਨੀ ਭੈਣ ਤੈਨੂੰ ਅਸੀਸ ਦੇਊਗੀ। ਤੇਰਾ ਬੰਸ ਵਧੇ, ਤੇਰਾ ਕਾਰੋਬਾਰ ਵਧੇ।

ਵਿਚਾਰੀ ਹਿਰਨੀ! ਉਹ ਵੀ ਨਿੱਕੇ-ਨਿੱਕੇ ਬੱਚਿਆਂ ਦੀ ਮਾਂ। ਮਿਸਤਰੀ ਦੇ ਦਿਲ ਵਿਚ ਤਰਸ ਆਉਣਾ ਹੀ ਸੀ। ਉਸ ਨੇ ਚੁਗਾਠ ਅਤੇ ਪੱਲੇ ਝੌਂਪੜੀ ਅੱਗੇ ਉਤਾਰ ਦਿੱਤੇ। ਦਰਵਾਜ਼ੇ ਫਿੱਟ ਕਰ ਕੇ ਅਗਲੇ ਦਿਨ ਹਿਰਨੀ ਫਿਰ ਰਸਤੇ ਵਿਚ ਲੇਟ ਗਈ। ਗੁੜ ਅਤੇ ਚੌਲਾਂ ਨਾਲ ਭਰਿਆ ਗੱਡਾ ਆ ਗਿਆ। ਰਸਤੇ ਵਿਚ ਹਿਰਨੀ ਪਈ ਦੇਖੀ। ਉਚੀ ਅਵਾਜ਼ ਵਿਚ ਕਿਹਾ-ਹਿਰਨੀਏਂ, ਹਿਰਨੀਏਂ! ਪਰ੍ਹੇ ਹਟ ਜਾਹ। ਮੇਰੇ ਬਲਦ ਮਾਰ ਖੰਡਾਹੇ ਨੇ, ਸਿੰਗ ਮਾਰ ਦਿੱਤਾ ਤਾਂ ਮੈਨੂੰ ਪਾਪ ਲੱਗੂ।

ਲੇਟੀ-ਲੇਟੀ ਹਿਰਨੀ ਬੋਲੀ-ਗੱਡੇ ਵਾਲੇ ਭਾਈ! ਮੈਂ ਨਿੱਕੇ-ਨਿੱਕੇ ਬੱਚਿਆਂ ਦੀ ਮਾਂ ਹਾਂ। ਘਾਹ ਵਾਲਾ ਘਾਹ ਦੇ ਗਿਆ, ਦਰਵਾਜ਼ਿਆਂ ਵਾਲਾ ਦਰਵਾਜ਼ੇ। ਕੰਧਾਂ ਲਿੱਪਣ ਵਾਸਤੇ ਮੈਨੂੰ ਗੁੜ ਤੇ ਚੌਲ ਚਾਹੀਦੇ ਨੇ, ਇੱਕ ਗੱਡਾ ਮੇਰੇ ਵਾਸਤੇ ਦਾਨ ਕਰ ਦੇ। ਤੇਰੀ ਹਿਰਨੀ ਭੈਣ ਤੇਰੇ ਗੁਣ ਗਾਊਗੀ, ਅਸੀਸ ਦੇਊਗੀ, ਤੇਰਾ ਬੰਸ ਵਧੇ, ਕਾਰੋਬਾਰ ਚੱਲੇ।

ਹਿਰਨੀ, ਉਹ ਵੀ ਠੰਢ ਵਿਚ ਕੰਬਦੀ! ਗੱਡੇ ਵਾਲੇ ਨੂੰ ਗਰੀਬ ਜਾਨਵਰ ਉਪਰ ਤਰਸ ਆ ਗਿਆ। ਉਸ ਨੇ ਝੌਂਪੜੀ ਸਾਹਮਣੇ ਇੱਕ ਢੇਰ ਗੁੜ ਦਾ, ਤੇ ਦੂਜਾ ਚੌਲਾਂ ਦਾ ਲਾ ਦਿੱਤਾ। ਹਿਰਨੀ ਨੇ ਗੁੜ ਨਾਲ ਝੌਂਪੜੀ ਲਿੱਪ ਦਿੱਤੀ ਤੇ ਚੌਲਾਂ ਨਾਲ ਚਿਤਰ ਦਿੱਤੀ। ਫਿਰ ਹਿਰਨੀ ਝੌਂਪੜੀ ਸਾਹਮਣੇ ਰਸਤੇ ਉਪਰ ਲੇਟ ਗਈ। ਐਤਕਾਂ ਸੇਠ ਗੱਡਾ ਲਈ ਆ ਰਿਹਾ ਸੀ ਜਿਸ ਵਿਚ ਆਟਾ, ਖੰਡ, ਘਿਉ, ਗੂੰਦ, ਜਵੈਣ, ਸੁੰਢ ਵਗੈਰਾ ਸਮਾਨ ਭਰਿਆ ਹੋਇਆ। ਰਸਤੇ ਵਿਚ ਹਿਰਨੀ ਲੇਟੀ ਦੇਖੀ ਤਾਂ ਪੁਚਕਾਰ ਕੇ ਬਲਦ ਰੋਕ ਲਏ। ਕਿਹਾ-ਹਿਰਨੀ ਹਿਰਨੀ! ਦੂਰ ਹੋਜਾ। ਪਰ੍ਹੇ ਹਟ ਜਾ। ਮੇਰੇ ਬਲਦ ਗੁਸੈਲੇ ਨੇ। ਸਿੰਗ ਮਾਰ ਦਿੱਤੇ ਤਾਂ ਮਰ ਜਾਏਂਗੀ, ਮੈਨੂੰ ਪਾਪ ਲੱਗੂਗਾ।

ਲੇਟੀ-ਲੇਟੀ ਹਿਰਨੀ ਬੋਲੀ-ਗੱਡੀਵਾਨ ਗੱਡੀਵਾਨ! ਮੈਂ ਨਿੱਕੇ-ਨਿੱਕੇ ਬੱਚਿਆਂ ਦੀ ਮਾਂ ਹਾਂ, ਮੇਰੇ ਬੱਚੇ ਠੰਢ ਨਾਲ ਕੰਬਦੇ ਨੇ। ਘਾਹ ਵਾਲਾ ਘਾਹ ਦੇ ਗਿਆ, ਝੌਂਪੜੀ ਬਣਾ ਲਈ। ਦਰਵਾਜ਼ਿਆਂ ਵਾਲਾ ਦਰਵਾਜ਼ਾ ਦੇ ਗਿਆ, ਮੈਂ ਦਰਵਾਜ਼ੇ ਜੜ ਦਿੱਤੇ। ਫਿਰ ਗੁੜ ਚੌਲਾਂ ਵਾਲਾ ਆਇਆ, ਗੁੜ ਚੌਲ ਦੇ ਗਿਆ, ਮੈਂ ਝੌਂਪੜੀ ਲਿੱਪ ਲਈ। ਮੈਨੂੰ ਪੰਜੀਰੀ ਵਾਸਤੇ ਵੀ ਤਾਂ ਸਮਾਨ ਚਾਹੀਦੈ। ਤੇਰੀ ਹਿਰਨੀ ਭੈਣ, ਤੇ ਤੇਰੇ ਭਾਣਜੇ ਤੇਰੇ ਗੁਣ ਗਾਇਆ ਕਰਨਗੇ। ਤੇਰਾ ਬੰਸ ਵਧੇਗਾ, ਬਰਕਤਾਂ ਹੋਣਗੀਆਂ।

ਹਿਰਨੀ! ਉਹ ਵੀ ਨਿੱਕੇ ਬਚਿਆਂ ਦੀ ਮਾਂ! ਸੇਠ ਨੂੰ ਤਰਸ ਆਉਣਾ ਹੀ ਸੀ। ਉਸ ਨੇ ਸਾਰਾ ਮਾਲ-ਪੱਤਾ ਝੌਂਪੜੀ ਸਾਹਮਣੇ ਢੇਰੀ ਕਰ ਦਿੱਤਾ। ਹਿਰਨੀ ਨੇ ਬੇਅੰਤ ਅਸੀਸਾਂ ਦਿੱਤੀਆਂ। ਪੰਜੀਰੀ ਦਾ ਸਾਮਾਨ ਅੰਦਰ ਧਰ ਲਿਆ। ਚਾਰ ਬਹੁਤ ਸੁਹਣੇ ਬੱਚੇ ਸਨ। ਸਮੇਂ ਸਿਰ ਪੰਜੀਰੀ ਖਾਂਦੀ, ਸਮੇਂ ਸਿਰ ਬੱਚਿਆਂ ਨੂੰ ਦੁੱਧ ਚੁੰਘਾਉਂਦੀ। ਨਹਾ-ਧੋ ਕੇ, ਸੂਰਜ ਨੂੰ ਮੱਥਾ ਟੇਕ ਕੇ ਉਹ ਬਾਹਰ ਨਿਕਲੀ। ਜੰਗਲ ਵਿਚ ਘਾਹ ਚਰਨ ਵੀ ਤਾਂ ਜਾਣਾ ਹੁੰਦੈ। ਜਾਂਦੀ ਹੋਈ ਬੱਚਿਆਂ ਨੂੰ ਪੂਰੇ ਚੌਕਸ ਕਰ ਕੇ ਜਾਂਦੀ ਕਿ ਦਰਵਾਜ਼ਾ ਅੰਦਰਲੀ ਅਰਲੀ ਲਾ ਕੇ ਬੰਦ ਕਰਨੈ। ਘਾਹ ਚਰ ਕੇ, ਰੱਜ ਪੁੱਜ ਕੇ ਸ਼ਾਮ



ਨੂੰ ਵਾਪਸ ਆਉਂਦੀ। ਝੌਂਪੜੀ ਦੇ ਬਾਹਰ ਖੜ੍ਹੀ ਹੋ ਕੇ ਅਵਾਜ਼ ਮਾਰਦੀ:

ਗੁੜ ਲਿੱਪੀ ਚੌਲਾਂ ਚਿੱਤੀ,
ਖੋਲ੍ਹੋ ਵੇ ਬੱਚਿਉ ਝੌਂਪੜੀ॥
ਗੁੜ ਲਿਪੀ ਚੌਲਾਂ ਚਿੱਤੀ,
ਖੋਲ੍ਹੋ ਵੇ ਬੱਚਿਉ ਝੌਂਪੜੀ॥

ਇਹ ਬੋਲ ਸੁਣਨ ਸਾਰ ਬੱਚੇ ਅੰਦਰ ਲੱਗੀ ਹੋਈ ਅਰਲੀ ਪਰ੍ਹੇ ਹਟਾ ਕੇ ਦਰਵਾਜ਼ਾ ਖੋਲ੍ਹ ਦਿੰਦੇ। ਅੰਦਰ ਆਉਂਦੀ, ਚਾਰੇ ਬੱਚੇ ਮਾਂ ਨੂੰ ਘੇਰ ਲੈਂਦੇ, ਲਿਪਟ-ਲਿਪਟ ਜਾਂਦੇ। ਬੇਅੰਤ ਖ਼ੁਸ਼ ਹੋ ਕੇ ਮਾਂ ਆਪਣੇ ਬੱਚਿਆਂ ਨੂੰ ਦੁੱਧ ਚੁੰਘਾਉਂਦੀ।

ਉਸ ਜੰਗਲ ਵਿਚ ਲੰਗੜਾ ਬਘਿਆੜ ਰਹਿੰਦਾ ਸੀ। ਉਸ ਦਾ ਜੀਅ ਕਰਦਾ ਰਹਿੰਦਾ, ਨਿੱਕੇ-ਨਿੱਕੇ ਬੱਚਿਆਂ ਦਾ ਨਰਮ-ਨਰਮ ਮਾਸ ਖਾਵਾਂ। ਹਿਰਨੀ ਦੇ ਚਾਰੇ ਬੱਚਿਆਂ ਉਪਰ ਉਸ ਦੀ ਅੱਖ ਸੀ। ਇੱਕ ਦਿਨ ਝੌਂਪੜੀ ਸਾਹਮਣੇ ਖਲੋ ਕੇ ਉਸ ਨੇ ਦਰਵਾਜ਼ਾ ਖੜਕਾਇਆ। ਬੱਚਿਆਂ ਨੇ ਪੁੱਛਿਆ-ਕੌਣ ਹੈ? ਲੰਗੜੇ ਬਘਿਆੜ ਨੇ ਜਵਾਬ ਕੋਈ ਨਾ ਦਿੱਤਾ, ਫਿਰ ਦਰਵਾਜ਼ਾ ਖੜਕਾਇਆ। ਬੱਚੇ ਜਾਣ ਗਏ ਕਿ ਮਾਂ ਨਹੀਂ ਹੈ। ਹਿਰਨੀ ਸਮਝਾ ਕੇ ਗਈ ਸੀ ਕਿ ਜਦੋਂ ਮੈਂ ਇਹ ਗੀਤ ਗਾਵਾਂ, ਫਿਰ ਹੀ ਦਰਵਾਜ਼ਾ ਖੋਲ੍ਹਿਓ:

ਗੁੜ ਲਿਪੀ ਚੌਲਾਂ ਚਿੱਤੀ,
ਖੋਲ੍ਹੋ ਵੇ ਬੱਚਿਉ ਝੌਂਪੜੀ॥

ਲੰਗੜੇ ਬਘਿਆੜ ਨੇ ਬਥੇਰੀ ਸਿਰ ਖਪਾਈ ਕੀਤੀ ਪਰ ਬੱਚਿਆਂ ਨੇ ਦਰਵਾਜ਼ਾ ਨਹੀਂ ਖੋਲ੍ਹਿਆ। ਲੰਗੜਾ ਸੋਚੀ ਜਾਵੇ-ਹੁਣ ਕਰਾਂ ਤਾਂ ਕੀ ਕਰਾਂ? ਉਸ ਦਾ ਕੋਈ ਵਸ ਨਾ ਚੱਲਿਆ। ਸ਼ਾਮ ਨੂੰ ਉਦਾਸ ਹੋ ਕੇ ਝੌਂਪੜੀ ਦੇ ਪਿੱਛੇ ਉਚੇ ਲੰਮੇ ਘਾਹ ਵਿਚ ਲੁਕ ਕੇ ਬੈਠ ਗਿਆ। ਜਦੋਂ ਹਿਰਨੀ ਆਈ, ਬੱਚਿਆਂ ਨੂੰ ਅਵਾਜ਼ ਮਾਰੀ। ਬਘਿਆੜ ਨੇ ਉਹ ਸਾਰੇ ਸ਼ਬਦ ਤੇ ਅਵਾਜ਼ ਦਾ ਸੁਰ ਲਹਿਜਾ ਸਿੱਖ ਲਿਆ, ਯਾਦ ਕਰ ਲਿਆ। ਦੂਜੇ ਦਿਨ ਜਦੋਂ ਹਿਰਨੀ ਜੰਗਲ ਵਿਚ ਚਲੀ ਗਈ, ਹਿਰਨੀ ਦੀ ਅਵਾਜ਼ ਵਿਚ ਬਘਿਆੜ ਬੋਲਿਆ, ਗੁੜ ਲਿਪੀ ਚੌਲਾਂ ਚਿੱਤੀ, ਖੋਲ੍ਹੋ ਵੇ ਬੱਚਿਉ ਝੌਂਪੜੀ॥

ਹਿਰਨੀ ਦੇ ਬੱਚੇ ਖੁਸ਼ ਹੋ ਕੇ ਦਰਵਾਜ਼ਾ ਖੋਲ੍ਹਣ ਲੱਗੇ ਹੀ ਸਨ ਕਿ ਕੇਸਰ ਦਾ ਬੂਟਾ ਬੋਲਿਆ-ਖਬਰਦਾਰ! ਦਰਵਾਜ਼ਾ ਨਾ ਖੋਲ੍ਹ ਦੇਇਓ ਕਿਤੇ, ਇਹ ਤਾਂ ਲੰਗੜਾ ਬਘਿਆੜ ਹੈ, ਖਾ ਜਾਊਗਾ ਤੁਹਾਨੂੰ। ਦਰਵਾਜ਼ਾ ਤਾਂ ਨਹੀਂ ਖੁੱਲ੍ਹਿਆ, ਸੋ ਨਹੀਂ ਖੁੱਲ੍ਹਿਆ ਪਰ ਲੰਗੜੇ ਬਘਿਆੜ ਨੂੰ ਇੰਨਾ ਗੁੱਸਾ ਆਇਆ ਕਿ ਪੰਜਿਆਂ ਨਾਲ ਉਸ ਨੇ ਕੇਸਰ ਦਾ ਬੂਟਾ ਸਣੇ ਜੜ੍ਹਾਂ ਉਖਾੜ ਦਿੱਤਾ। ਅਗਲੇ ਦਿਨ ਫਿਰ ਆਇਆ, ਗਾਉਣ ਲੱਗਾ:

ਗੁੜ ਲਿਪੀ ਚੌਲਾਂ ਚਿੱਤੀ,
ਖੋਲ੍ਹੋ ਵੇ ਬੱਚਿਉ ਝੌਂਪੜੀ॥

ਜ਼ਮੀਨ 'ਤੇ ਡਿਗਿਆ ਪਿਆ ਕੇਸਰ ਦਾ ਬੂਟਾ ਫਿਰ ਬੋਲਿਆ-ਦਰਵਾਜ਼ਾ ਨਾ ਖੋਲ੍ਹਿਓ! ਇਹ ਲੰਗੜਾ ਬਘਿਆੜ ਹੈ, ਤੁਹਾਨੂੰ ਖਾ ਜਾਏਗਾ। ਬੱਚੇ ਸਾਵਧਾਨ ਹੋ ਗਏ। ਦਰਵਾਜ਼ਾ ਨਾ ਖੋਲ੍ਹਿਆ। ਬੱਚੇ ਤਾਂ ਹੱਥ ਨਹੀਂ ਆਏ ਪਰ ਬਘਿਆੜ ਨੂੰ ਇੰਨਾ ਗੁੱਸਾ ਚੜ੍ਹਿਆ ਕਿ ਕੇਸਰ ਦੇ ਬੂਟੇ ਨੂੰ ਅੱਗ ਵਿਚ ਜਲਾ ਦਿੱਤਾ, ਉਸ ਦੀ ਰਾਖ ਪਾਣੀ ਵਿਚ ਘੋਲ ਕੇ ਪੀ ਗਿਆ ਕਿ ਕਿਤੇ ਰਾਖ ਨਾ ਰੌਲਾ ਪਾ ਦੇਵੇ। ਅਗਲੇ ਦਿਨ ਫਿਰ ਗਾਉਣ ਲੱਗਾ:

ਗੁੜ ਲਿਪੀ ਚੌਲਾਂ ਚਿੱਤੀ,
ਖੋਲ੍ਹੋ ਵੇ ਬੱਚਿਉ ਝੌਂਪੜੀ॥

ਬੱਚਿਆਂ ਨੇ ਸੋਚਿਆ- ਲੰਗੜਾ ਬਘਿਆੜ ਹੁੰਦਾ, ਕੇਸਰ ਦਾ ਬੂਟਾ ਸਾਨੂੰ ਸਾਵਧਾਨ ਕਰ ਦਿੰਦਾ। ਪੱਕੀ ਗੱਲ, ਇਹ ਮਾਂ ਹੀ ਹੈ। ਦਰਵਾਜ਼ਾ ਖੋਲ੍ਹ ਦਿੱਤਾ। ਖੋਲ੍ਹਣ ਸਾਰ ਦੇਖਿਆ- ਉਹੋ!...ਇਹ ਤਾਂ ਲੰਗੜਾ ਬਘਿਆੜ ਹੈ! ਪਰ ਹੁਣ ਕੀ ਹੋ ਸਕਦਾ ਸੀ? ਲੰਗੜਾ ਚਾਰੇ ਬੱਚਿਆਂ ਨੂੰ ਖਾ ਗਿਆ। ਨਰਮ-ਨਰਮ ਬੱਚੇ ਉਸ ਨੂੰ ਮੱਖਣ ਵਰਗੇ ਸੁਆਦ ਲੱਗੇ।

ਘਾਹ ਚਰ ਕੇ ਰੱਜ ਪੁੱਜ ਕੇ ਹਿਰਨੀ ਵਾਪਸ ਆਈ, ਦੇਖਿਆ ਦਰਵਾਜ਼ਾ ਖੁੱਲ੍ਹਾ ਪਿਆ ਹੈ। ਝੌਂਪੜੀ ਬਾਹਰ ਬਘਿਆੜ ਦੀਆਂ ਪੈੜਾਂ ਦੇ ਨਿਸ਼ਾਨ! ਕੇਸਰ ਦਾ ਬੂਟਾ ਕਿਤੇ ਨਹੀਂ! ਸਿਰ ਚਕਰਾ ਗਿਆ। ਝੌਂਪੜੀ ਦੇ ਅੰਦਰ ਗਈ। ਇੱਕ ਵੀ ਬੱਚਾ ਨਹੀਂ ਦਿਸਿਆ! ਚੀਕਾਂ ਮਾਰ ਕੇ ਰੋਈ। ਜਿੱਧਰ ਕਿੱਧਰ ਬਘਿਆੜ ਦੀਆਂ ਪੈੜਾਂ ਗਈਆਂ, ਉਧਰ-ਉਧਰ ਦੌੜਨ ਲੱਗੀ। ਰੋਂਦੀ ਜਾਂਦੀ, ਭੱਜੀ ਜਾਂਦੀ।

ਰੋਂਦੀ-ਰੋਂਦੀ ਨੂੰ ਤਲਾਬ ਦਾ ਕਿਨਾਰਾ ਆ ਗਿਆ। ਕੀ ਦੇਖਿਆ, ਲੰਗੜਾ ਬਘਿਆੜ, ਲੰਗ ਮਾਰਦਾ ਮਾਰਦਾ, ਡਕਾਰਾਂ ਲੈਂਦਾ-ਲੈਂਦਾ ਮੌਜ ਨਾਲ ਪਾਣੀ ਪੀਣ ਤਲਾਬ ਵਿਚ ਹੇਠਾਂ ਉਤਰ ਰਿਹਾ ਹੈ। ਚੁੰਨੀ ਨਾਲ ਅੱਖਾਂ ਪੂੰਝਦੀ-ਪੂੰਝਦੀ ਹਿਰਨੀ ਕਹਿੰਦੀ-ਓ ਲੰਗੜੇ ਚੰਡਾਲ, ਮੇਰੇ ਬੱਚੇ ਵਾਪਸ ਮੈਨੂੰ ਦੇ!

ਲੰਗੜੇ ਨੇ ਕਿਹਾ-ਮੈਨੂੰ ਕੀ ਪਤਾ ਤੇਰੇ ਬੱਚਿਆਂ ਦਾ? ਮੈਂ ਉਨ੍ਹਾਂ ਦਾ ਚੌਕੀਦਾਰ ਹਾਂ? ਇਹ ਕਹਿ ਕੇ ਉਸ ਨੇ ਮੌਜ ਨਾਲ ਆਪਣੇ ਪੇਟ ਉਪਰ ਹੱਥ ਫੇਰਿਆ ਤੇ ਡਕਾਰ ਮਾਰੀ। ਹਿਰਨੀ ਚੀਕ ਮਾਰ ਕੇ ਫਿਰ ਰੋ ਪਈ। ਰੋਂਦੀ-ਰੋਂਦੀ ਕਹਿੰਦੀ-ਤੇਰਾ ਕੱਖ ਨਾ ਰਹੇ ਪਾਪੀ, ਮੇਰੇ ਬੱਚੇ ਖਾਧੇ।

ਪਰ ਲੰਗੜੇ ਨੂੰ ਹਿਰਨੀ ਦੀ ਕੀ ਪਰਵਾਹ? ਪਾਣੀ ਪੀਣ ਲਈ ਮੂੰਹ ਹੇਠਾਂ ਕੀਤਾ ਹੀ ਸੀ ਕਿ ਹਿਰਨੀ ਨੇ ਸਰਾਪ ਦਿੱਤਾ-ਜਿਸ ਨੇ ਮੇਰੇ ਬੱਚੇ ਖਾਧੇ, ਉਸ ਦੀਆਂ ਅੱਖਾਂ ਫੁੱਟ ਜਾਣ। ਲਉ ਜੀ, ਇਸ ਬੋਲ ਨਾਲ ਬਘਿਆੜ ਅੰਨ੍ਹਾ ਹੋ ਗਿਆ। ਦਹਾੜ ਮਾਰ ਕੇ ਪਿੱਛੇ ਮੁੜ ਕੇ ਹਿਰਨੀ 'ਤੇ ਹੱਲਾ ਕਰਨਾ ਚਾਹਿਆ। ਹਿਰਨੀ ਨੇ ਕਿਹਾ-ਜਿਸ ਨੇ ਮੇਰੇ ਬੱਚੇ ਖਾਧੇ, ਉਸ ਦੀਆਂ ਲੱਤਾਂ ਟੁੱਟਣ!

ਇੱਕ ਲੱਤ ਤਾਂ ਪਹਿਲਾਂ ਹੀ ਟੁੱਟੀ ਹੋਈ ਸੀ, ਬਘਿਆੜ ਦੀਆਂ ਬਾਕੀ ਤਿੰਨ ਲੱਤਾਂ ਵੀ ਟੁੱਟ ਗਈਆਂ। ਕਿਨਾਰੇ 'ਤੇ ਡਿੱਗ ਪਿਆ। ਹਿਰਨੀ ਨੇ ਫਿਰ ਕਿਹਾ-ਜਿਸ ਨੇ ਮੇਰੇ ਬੱਚੇ ਖਾਧੇ, ਉਸ ਦਾ ਪੇਟ ਫੁੱਟ ਜਾਵੇ! ਬਘਿਆੜ ਦਾ ਪੇਟ ਪਟਾਕ ਕਰ ਕੇ ਫੁੱਟ ਗਿਆ। ਚਾਰੇ ਬੱਚੇ ਛਾਲਾਂ ਮਾਰਦੇ ਬਾਹਰ ਨਿਕਲ ਆਏ। ਕੇਸਰ ਦਾ ਬੂਟਾ ਵੀ ਨਿਕਲ ਆਇਆ। ਕੇਸਰ ਦਾ ਬੂਟਾ ਫਿਰ ਜੜ੍ਹੋਂ ਹਰਾ ਹੋ ਗਿਆ। ਭੱਜ ਕੇ ਹਿਰਨੀ ਬੱਚਿਆਂ ਕੋਲ ਗਈ। ਤਲਾਬ ਵਿਚ ਇਸ਼ਨਾਨ ਕਰਾਇਆ, ਦੁੱਧ ਚੁੰਘਾਇਆ। ਬੱਚੇ ਭੁੱਖੇ ਸਨ, ਰੱਜ ਕੇ ਦੁੱਧ ਚੁੰਘਿਆ। ਬਾਕੀ ਬਚਿਆ ਦੁੱਧ ਕੇਸਰ ਦੀਆਂ ਜੜ੍ਹਾਂ ਵਿਚ ਚੁਆ ਦਿੱਤਾ। ਕੇਸਰ ਦੇ ਫੁੱਲ ਖਿੜ ਗਏ। ਫਿਰ ਹਿਰਨੀ ਬੱਚਿਆਂ ਨੂੰ ਕੇਸਰ ਦੇ ਫੁੱਲ ਘੋਲ ਕੇ ਦੁੱਧ ਪਿਆਉਂਦੀ। ਸਾਰੇ ਜਣੇ ਮੌਜਾਂ ਨਾਲ ਰਹਿਣ ਲੱਗੇ। ਕਿੰਨੇ ਦਿਨ ਲੰਗੜਾ ਬਘਿਆੜ ਤਲਾਬ ਕਿਨਾਰੇ ਮਰਿਆ ਪਿਆ ਰਿਹਾ। ਕਾਂ, ਇਲਾਂ, ਗਿਰਝਾਂ, ਕੁੱਤੇ ਆ ਗਏ। ਉਸ ਦੀ ਬੋਟੀ-ਬੋਟੀ ਚੂੰਡ ਲਈ। ਹੁਣ ਤੱਕ ਹੱਡੀਆਂ ਤਲਾਬ ਕਿਨਾਰੇ ਖਿੱਲਰੀਆਂ ਪਈਆਂ ਦਿਸ ਜਾਂਦੀਆਂ ਹਨ ਜਿਸ ਨੇ ਦੇਖਣੀਆਂ ਹੋਣ ਦੇਖ ਲਵੇ।

***(ਛਪ ਰਹੀ ਕਿਤਾਬ 'ਰਾਜਸਥਾਨੀ ਕਥਾ ਸਾਗਰ' ਵਿਚੋਂ)***

# ਮਣਿ ਕੌਲ ਦਾ ਖਤ ਵਿਜੇਦਾਨ ਦੇ ਨਾਂ


***ਮਣਿਕੌਲ ਪ੍ਰੋਡਕਸ਼ਨਜ਼***
***21 ਮਈ, 1972***
**ਪਿਆਰੇ ਵਿਜੇਦਾਨ ਬਿੱਜੀ,**

ਤੂੰ ਛੁਪਿਆ ਹੋਇਆ ਠੀਕ ਹੈਂ। ਅੱਜ ਲੱਗਿਆ, ਤੇਰੀਆਂ ਕਹਾਣੀਆਂ ਸ਼ਹਿਰੀ ਜਾਨਵਰਾਂ ਤੱਕ ਪੁੱਜ ਜਾਂਦੀਆਂ, ਉਹ ਕੁੱਤਿਆਂ ਵਾਂਗ ਟੁੱਟ ਪੈਂਦੇ। ਗਿਰਝਾਂ ਨੇ। ਨੋਚ ਖਾਂਦੇ। ਤੇਰੀ ਨਿਮਰਤਾ ਹੈ ਆਪਣੇ ਰਤਨਾਂ ਨੂੰ ਤੂੰ ਬਰੀਕ ਰੇਤ ਨਾਲ ਢਕੀ ਰੱਖਿਆ। ਰੇਤਾ ਵੀ ਦਿਸਦਾ ਹੈ, ਰਤਨ ਵੀ। ਕੱਲ੍ਹ ਰਾਤ ਤੋਂ ਅੱਜ ਦਿਨ ਤੱਕ ਤਿੰਨੇ ਕਹਾਣੀਆਂ ਬਿਨਾਂ ਰੁਕੇ ਪੜ੍ਹ ਚੁੱਕਾ ਹਾਂ-ਆਸਮਾਨ ਜੋਗੀ, ਨਾਗਣ ਥਾਰੋ ਬੰਸ ਬਧੈ ਅਤੇ ਮਿਨਖ ਜਮਾਰੌ। ਕਹਾਣੀਆਂ ਦਾ ਵਿਸ਼ਲੇਸ਼ਣ ਕਰਨਾ ਤਾਂ ਨ੍ਹੇਰੀ ਪਿੱਛੋਂ ਖਿੱਲਰੀਆਂ ਚੀਜ਼ਾਂ ਦੁਬਾਰਾ ਇਕੱਠਾ ਕਰਨ ਵਰਗਾ ਲਗਦਾ ਹੈ। ਵਿਸ਼ਲੇਸ਼ਣ ਕਰਨਾ ਆਉਂਦਾ ਵੀ ਤਾਂ ਨਹੀਂ। ਜੋ ਮਨ ਆਇਆ, ਸੋ ਲਿਖਿਆ, ਸਮਝ ਲੈਣਾ।

'ਨਾਗਣ ਥਾਰੋ ਬੰਸ ਬਧੈ' ਪੜ੍ਹ ਕੇ ਮੈਂ ਹੈਰਾਨ ਹੋ ਗਿਆ। ਖਾਸ ਕਰ ਕੇ ਵੀਲਿਆ ਦੇ ਅੰਤਿਮ ਸ਼ਬਦਾਂ ਵਿਚ ਕਮਾਲ ਕਰ ਦਿੱਤੀ ਤੂੰ। ਗਾਉਂ ਚੌਧਰੀ ਗੱਲ ਸਮਝਿਆ ਨਾ ਸਮਝਿਆ, ਮੈਨੂੰ ਵੀ ਗੱਲ ਸਮਝ ਨਾ ਆਈ। ਇਸ ਦਾ ਜਿੰਨਾ ਅਮੂਰਤ ਸਾਰ ਸੀ, ਉਹ ਪੂਰਾ ਸਮਝ ਗਿਆ। ਤੁਹਾਡੀ ਇਸ ਕਹਾਣੀ ਦਾ ਰੂਪ ਗਣਿਤ ਦੀ ਬੁਝਾਰਤ ਵਰਗਾ ਹੈ। ਗਣਿਤ ਵਿਚ ਸਵਾਲਾਂ ਦੇ ਜਵਾਬ ਨਹੀਂ ਹੁੰਦੇ, ਹੱਲ ਹੁੰਦੇ ਹਨ। ਇਹ ਹੱਲ ਆਪਣੇ ਆਪ ਵਿਚ ਕੋਈ ਵਿਚਾਰ ਨਹੀਂ ਹੁੰਦੇ, ਇਨ੍ਹਾਂ ਦਾ ਕੰਮ ਕੇਵਲ ਉਨ੍ਹਾਂ ਸਾਧਨਾ ਵਲ ਸੰਬੋਧਿਤ ਹੋਣਾ ਹੈ ਜਿਨ੍ਹਾਂ ਸਦਕਾ ਸਵਾਲ ਸੁਲਝ ਗਿਆ। ਜੋ ਬਾਕੀ ਬਚ ਗਿਆ, ਉਸ ਵਿਚ ਉਲਝਣ ਨਾਲ ਹੀ ਪਿੰਡ ਦੇ ਚੌਧਰੀ ਤੇ ਮੇਰੀ ਹਾਲਤ ਕਹਾਣੀ ਦੇ ਅੰਤ 'ਚ ਇੱਕੋ ਜਿਹੀ ਹੋ ਗਈ।

ਫਰਾਂਸ ਦੇ ਸਮਾਜ ਸ਼ਾਸਤਰੀ ਕਲਾਡ ਲੇਵੀ ਸਤ੍ਰਾਸ ਨੇ ਆਪਣੇ ਸਿਧਾਂਤ ਬਾਰੇ ਚਰਚਾ ਕਰਦਿਆਂ ਦੱਸਿਆ ਕਿ ਕਦੇ-ਕਦੇ ਕਿਸੇ ਮਿੱਥ ਨੂੰ ਸੁਲਝਾਣ ਵਾਸਤੇ ਉਸ ਨੂੰ ਪੁੱਠੀ ਕਰ ਕੇ ਦੇਖਣਾ ਹੁੰਦਾ ਹੈ, ਯਾਨੀ ਮਿੱਥ ਰਾਹੀਂ ਜੋ ਸਵਾਲ ਪੈਦਾ ਹੋਣ, ਉਨ੍ਹਾਂ ਨੂੰ ਉਲਟਾ ਦਿਉ। ਉਦਾਹਰਣ ਵਜੋਂ, ਵਾਕ ਹੈ-ਇੱਕ ਸਵਾਲ ਅਜਿਹਾ ਹੈ ਜਿਸ ਦਾ ਕੋਈ ਜਵਾਬ ਨਹੀਂ। ਅਸੀਂ ਲੋਕ ਜਵਾਬ ਲੱਭਣ ਦੇ ਝਮੇਲੇ ਵਿਚ ਫਸੇ ਰਹਿੰਦੇ ਹਾਂ। ਤੇਰੀਆਂ ਕਹਾਣੀਆਂ ਇਹ ਕਹਿ ਕੇ ਇਸ ਉਲਝਣ ਵਿਚੋਂ ਨਿਕਲ ਗਈਆਂ-ਕੋਈ ਜਵਾਬ ਹੈ ਅਜਿਹਾ, ਜਿਸ ਦਾ ਸਵਾਲ ਨਹੀਂ। ਇਸ ਨੂੰ ਕਹਿੰਦੇ ਨੇ ਅਨੁਭਵ ਜੋ ਤੂੰ ਹਾਸਲ ਕਰ ਲਿਆ। ਇਸ ਉਤਰ ਵਾਸਤੇ ਤੇਰੀ ਖੋਜ ਕਹਾਣੀਆਂ ਵਿਚ ਥਾਂ-ਥਾਂ ਦਿਸਦੀ ਹੈ ਜੋ ਪੈਦਾ ਹੋਏ ਸਵਾਲਾਂ ਦੇ ਜਵਾਬ ਨਹੀਂ ਦਿੰਦੀ, ਇਹੋ ਜਿਹੇ ਫੁੱਲਾਂ ਦੀ ਫੁਲਵਾੜੀ ਪੈਦਾ ਕਰ ਦਿੰਦੀ ਹੈ ਜਿਸ ਸਦਕਾ ਸਾਹਮਣੇ ਪਏ ਸਵਾਲਾਂ ਦਾ ਮਰਮ ਫਿੱਕਾ ਪੈ ਜਾਂਦਾ ਹੈ। ਜ਼ਿੰਦਗੀ ਨੂੰ ਉਨ੍ਹਾਂ ਸਵਾਲਾਂ ਦੀ ਜ਼ਰੂਰਤ ਨਹੀਂ ਰਹਿੰਦੀ। ਵੀਲਿਆ ਖਵਾਸ, ਕਹਾਣੀ ਸੁਣਨ ਪਿੱਛੋਂ ਹਰ ਵਾਰ ਬਦਲਦਾ ਜਾਂਦਾ ਹੈ। ਸਾਡੇ ਵਰਗੇ ਕਹਾਣੀ ਦੇ ਸਰੋਤੇ ਹਰ ਵਾਰ ਬਦਲਦੇ ਜਾਂਦੇ ਹਨ। ਹੋ ਸਕਦੈ, ਟੁੱਟੇ ਫੁੱਟੇ ਸ਼ਹਿਰੀ ਲੇਖਕ ਇਹੋ ਜਿਹੇ ਸਵਾਲ ਪੈਦਾ ਕਰਨ ਜਿਨ੍ਹਾਂ ਦਾ ਅਸਲੀਅਤ ਨਾਲ ਕੋਈ ਸਬੰਧ ਹੋਵੇ, ਇਸ ਬਹਾਨੇ ਉਨ੍ਹਾਂ ਵਿਚ ਉਲਝੇ ਰਹਿਣ। ਪਰ ਤੂੰ ਇਨ੍ਹਾਂ ਸਵਾਲਾਂ ਜਵਾਬਾਂ ਤੋਂ ਕੀ ਲੈਣਾ ਦੇਣਾ! ਤੇਰੇ ਅੱਗੇ, ਤੇਰੇ ਉਤਰਾਂ ਅੱਗੇ, ਇਨ੍ਹਾਂ ਸਵਾਲਾਂ ਦੀ ਔਕਾਤ ਹੀ ਕੀ? ਵਜੂਦ ਹੀ ਕੀ?

ਅੱਜ ਤੁਹਾਨੂੰ 'ਤੂੰ' ਕਹਿਣ ਵਿਚ ਆਨੰਦ



ਮਣਿ ਕੌਲ

ਆ ਰਿਹੈ, ਨਜ਼ਦੀਕ ਲੱਗ ਰਿਹੈਂ। ਸੋ ਹਿੰਮਤ ਕਰ ਲਈ, ਬਿੱਜੀ ਨਾਮ ਨਾਲ ਬੁਲਾਇਆ। 'ਅਸਮਾਨ ਜੋਗੀ' ਵਿਚ ਘੁਮਿਆਰੀ ਦੇ ਮੁੰਡੇ ਦੀ ਮਾਸੂਮੀਅਤ ਕੈਦ ਵਿਚ ਫਸ ਜਾਏ, ਸਾਡੇ ਸਭ ਦੇ ਮਨ ਨੂੰ ਛੁਟਕਾਰਾ ਦੇ ਸਕਦੀ ਹੈ। 'ਆਸਮਾਨ ਜੋਗੀ' ਉਦੋਂ ਬੇਚੈਨ ਹੋ ਜਾਂਦਾ ਹੈ, ਜਦੋਂ ਉਸ ਨੂੰ ਪਹਿਲੀ ਵਾਰ ਲਗਦਾ ਹੈ ਕਿਸੇ ਔਰਤ ਵਾਸਤੇ ਉਸ ਵਿਚ ਕੋਈ ਉਤੇਜਨਾ ਨਹੀਂ ਰਹੀ। ਇਸ ਨਾਲ ਉਹ ਹੋਰ ਬੇਚੈਨ ਹੁੰਦਾ ਹੈ। ਬਾਲਪਨ ਦੀ ਸਹਿਜਤਾ ਤੇ ਉਦੋਂ ਦਾ ਨਿਰਮਲ ਸਰੂਪ ਹੀ ਫਿਰ ਵਾਪਸ ਪਰਤਦਾ ਹੈ ਜੋ ਸੀਨਾ ਚਾਕ ਕਰ ਦਿੰਦਾ ਹੈ, ਜੋ ਇੰਨਾ ਨਿਰਮਲ, ਭੋਲਾ, ਅਨਜਾਣ ਹੁੰਦਾ ਹੋਇਆ ਵੀ ਤੜਫਾ ਦਿੰਦਾ ਹੈ। ਫਿਰ ਤੂੰ ਇੱਕ ਦੂਜੇ ਪੈਂਤੜੇ ਤੋਂ ਕਮਾਲ ਕਰ ਗਿਆ। ਕਹਾਣੀ ਨੂੰ ਕੁਝ ਇਉਂ ਬੁਣਿਆ ਜਾਵੇ ਕਿ ਜਦ ਤਾਣਾ ਸਿੱਧਾ ਹੋਵੇ, ਕਿਸੇ ਦਾ ਤਾਣਾ, ਟੇਢਾ ਵੀ ਨਜ਼ਰਾਂ ਤੋਂ ਦੂਰ ਨਾ ਜਾਏ, ਯਾਨੀ ਮਤਲਬ ਦਾ ਤਾਣਾ ਜਦੋਂ ਟੇਢਾ ਚੱਲੇ ਤਾਂ ਸਿੱਧਾ ਵੀ ਹਰ ਵਕਤ ਮੌਜੂਦ। ਜਿਵੇਂ ਕੋਈ ਕੱਪੜਾ ਬੁਣਿਆ ਜਾ ਰਿਹਾ ਹੋਵੇ, ਸਿੱਧਾ ਵੀ ਟੇਢਾ ਵੀ। ਕਹਾਣੀ ਪੜ੍ਹਨ ਪਿੱਛੋਂ ਲੱਗਿਆ ਮੈਂ ਖੁਦ ਆਸਮਾਨ ਜੋਗੀ ਹਾਂ ਤੇ ਘੁਮਿਆਰੀ ਦਾ ਮੁੰਡਾ ਵੀ। ਤੂੰ ਚਰਿਤਰਾਂ ਨੂੰ ਵੱਖ-ਵੱਖ ਕਰ ਕੇ ਨਿਭਾ ਦਿੰਨੈ ਪਰ ਸਭ ਦੀ ਪੂਰਨ ਇਕਾਈ ਤੋਂ ਨਜ਼ਰ ਇੱਧਰ ਉਧਰ ਨਹੀਂ ਹੋਣ ਦਿੰਦਾ। ਅਖੀਰ ਵਿਚ ਜਦ ਇਹ ਸ਼ਬਦ ਆਏ-'ਸਾਚ ਮਾਨਣਿਆ, ਕੁਮਹਾਰੀ ਰੇ ਬੇਟਾ ਰੀ ਗਲਾਈ ਸੁਖੀ ਵਹੈਲਾ। ਗਾਜਾਂ ਬਾਜਾਂ ਮਨਚਾਹੀ ਬਿਆ ਵਹੈਲਾ।' ਮੈਂ ਇਹ ਤੈਅ ਨਹੀਂ ਕਰ ਸਕਿਆ ਕਿ ਮੇਰਾ ਕੀ ਬਣੇਗਾ।

ਕੱਲ੍ਹ ਰਾਤ ਦੇਰ ਤੱਕ ਇਸ ਕਹਾਣੀ ਨੇ ਸੌਣ ਨਹੀਂ ਦਿੱਤਾ। ਸੁਲਝਣ ਦਾ ਚੈਨ ਅਤੇ ਦੋਸ਼ਾਂ ਦੀ ਚੁਭਣ ਦੋਵੇਂ ਬਰਾਬਰ ਜਾਗ੍ਰਤ ਸਨ।

'ਆਦਮੀ ਦੀ ਜ਼ਿੰਦਗੀ'(ਮਿਨਖ ਜਮਾਰੌ)

ਦੋ ਕਹਾਣੀਆਂ ਦੇ ਨਸ਼ੇ ਵਿਚ ਤੀਜੀ ਕਹਾਣੀ ਸ਼ੁਰੂ ਕਰਨੀ ਬੇਵਕੂਫੀ ਸੀ। ਕਦੇ ਫਿਰ ਪੜ੍ਹਾਂਗਾ ਤੇ ਲਿਖਾਂਗਾ। ਇਸ ਕਹਾਣੀ ਤੋਂ ਡਰ ਗਿਆ ਸ਼ਾਇਦ। ਇੱਕ ਵਾਰ ਫਿਰ ਦੇਖਾਂਗਾ, ਐਨਾ ਭਾਰ ਝੱਲਣ ਦਾ ਜਿਗਰ ਹੈ ਕਿ ਨਹੀਂ।

ਚਿੱਤਰ ਅਤੇ ਸ਼ਬਦਾਂ ਬਾਰੇ ਜੋ ਤੂੰ ਲਿਖਿਆ, ਮੈਨੂੰ ਬਿਲਕੁਲ ਸਹੀ ਲੱਗਿਆ ਪਰ ਕੁੱਖ ਤੋਂ ਸੁਤੰਤਰ ਹੋਣ ਵਾਸਤੇ ਤਾਂ ਕਿੰਨੇ ਸਾਲ ਲੱਗਣਗੇ। ਕੋਸ਼ਿਸ਼ ਕਰ ਰਿਹਾਂ। ਇਸ ਵਾਸਤੇ ਮੈਂ ਕੀ-ਕੀ ਤਰੀਕੇ ਲੱਭੇ, ਉਸ ਉਪਰ ਪੂਰੀ ਕਿਤਾਬ ਲਿਖੀ ਜਾ ਸਕਦੀ ਹੈ। ਪੜ੍ਹੇਗਾ ਕੌਣ? ਇੱਥੇ ਤਾਂ ਕੁੱਖ ਤੱਕ ਵੀ ਬਹੁਤ ਘੱਟ ਪੁੱਜੇ ਨੇ, ਲਗਦੈ ਗੁੱਡੇ-ਗੁੱਡੀ ਨਾਲ ਖੇਡ ਰਹੇ ਨੇ। ਕਹਾਣੀ ਉਨ੍ਹਾਂ ਵਾਸਤੇ ਖੇਡ ਹੈ। ਖੇਡਦੇ ਨੇ, ਰੋਂਦੇ ਨੇ, ਹਸਦੇ ਨੇ। ਉਨ੍ਹਾਂ ਦਾ ਸਹੀ ਸਬੰਧ ਹੁਣ ਤੱਕ ਇਸ ਕਰ ਕੇ ਨਹੀਂ ਜਮਿਆ ਕਿਉਂਕਿ ਕਹਾਣੀ ਨੂੰ ਇੱਕ ਪੂਰਨ ਰੂਪ ਨਹੀਂ ਦਿੱਤਾ ਗਿਆ। ਉਹ ਕਹਾਣੀ ਦੀ ਵਰਤੋਂ ਕਰਦੇ ਨੇ। ਵਰਤੋਂ ਕਰਨ ਦਾ ਮਤਲਬ ਆਪਣੀ ਆਜ਼ਾਦੀ ਨੂੰ ਹੀ ਖੋ ਲੈਣਾ ਹੁੰਦਾ ਹੈ। ਮੈਂ ਕਿਸੇ ਦੀ ਵਰਤੋਂ ਕਰਦਾ ਹਾਂ ਤਾਂ ਮੇਰਾ ਉਸ ਉਪਰ ਨਿਰਭਰ ਹੋਣਾ ਸੁਭਾਵਕ ਹੈ, ਫਿਰ ਸੁਤੰਤਰਤਾ ਕਿੱਥੇ? ਸਮਾਂ ਤਾਂ ਲੱਗੇਗਾ, ਲੱਗਣਾ ਚਾਹੀਦਾ ਵੀ ਹੈ, ਇਨ੍ਹਾਂ ਫਿਲਮੀ ਜਾਦੂਗਰੀ ਦੀਆਂ ਤਰਕੀਬਾਂ ਦਾ ਭਾਂਡਾ ਫੁੱਟਣ ਨੂੰ। ਮੁੱਦਤ ਹੋ ਗਈ ਪੁਰਾਣੀਆਂ ਤਰਕੀਬਾਂ ਨਾਲ ਮੱਥਾ ਮਾਰਦਿਆਂ। ਜੇ ਕੁਝ ਬਦਲਦਾ ਵੀ ਹੈ ਤਾਂ ਵੇਚਣ ਦਾ ਨਵਾਂ ਤਰੀਕਾ ਲੱਭ ਕੇ। ਜੀ ਕਰਦੈ 'ਨਾਗਣ ਥਾਰੋ ਬੰਸ ਬਧੈ', ਅਤੇ 'ਅਸਮਾਨੀ ਜੋਗੀ' ਉਪਰ ਫਿਲਮ ਮੈਂ ਹੀ ਬਣਾਵਾਂ ਕਦੀ।

ਆਦਮੀ ਹਾਂ, ਏਨੇ ਸਾਰੇ ਰਤਨਾਂ ਦਾ ਉਘੜਿਆ ਢੇਰ ਦੇਖ ਕੇ ਬਾਂਸਾਂ ਜਿੰਨਾ ਉਚਾ ਉਛਲ ਰਿਹਾਂ। ਨੇੜੇ ਤੇੜੇ ਕੋਈ ਨਹੀਂ। ਲਗਦੈ ਸਾਰੀ ਮਾਇਆ ਮੇਰੇ ਈ ਹੱਥ ਲੱਗ ਜਾਵੇ।

**ਤੇਰਾ, ਮਣਿ।**

# ਸਮਾਜਕ ਮਖੌਟਿਆਂ ਦੀ ਮੁਖਾਲਫਤ: ਤਿੰਨ ਚਿਹਰੇ

**ਵਿਰਾਸਤ-ਏ-ਸਿਨੇਮਾ**



**ਡਾ. ਕੁਲਦੀਪ ਕੌਰ**
ਫੋਨ: +91-98554-04330

***ਡਾ. ਕੁਲਦੀਪ ਕੌਰ ਇਸ ਕਾਲਮ ਰਾਹੀਂ ਸੰਸਾਰ ਸਿਨੇਮਾ ਦੇ ਉਨ੍ਹਾਂ ਫਿਲਮਸਾਜ਼ਾਂ ਦੀ ਸਿਰਜਣਾ ਬਾਰੇ ਸੰਵਾਦ ਰਚਾ ਰਹੇ ਹਨ ਜਿਨ੍ਹਾਂ ਲਈ ਫਿਲਮਾਂ ਬਣਾਉਣਾ ਸਾਹ ਲੈਣ ਵਾਂਗ ਹੈ। ਐਤਕੀਂ ਇਰਾਨ ਦੇ ਸਰਕਰਦਾ ਫਿਲਮਸਾਜ਼ ਜਫਰ ਪਨਾਹੀ ਦੀ ਫਿਲਮ 'ਤਿੰਨ ਚਿਹਰੇ' ਬਾਰੇ ਚਰਚਾ ਕੀਤੀ ਗਈ ਹੈ ਜੋ ਔਰਤ ਦੀ ਹੋਣੀ ਦਾ ਬਿਆਨ ਹੈ। -ਸੰਪਾਦਕ***



*ਫਿਲਮਸਾਜ਼ ਜਫਰ ਪਨਾਹੀ ਦੀ ਫਿਲਮ 'ਤਿੰਨ ਚਿਹਰੇ' ਦਾ ਇਕ ਦ੍ਰਿਸ਼।*

ਫਿਲਮ 'ਤਿੰਨ ਚਿਹਰੇ' ਫਿਲਮਸਾਜ਼ ਜਫਰ ਪਨਾਹੀ ਦੀ ਚੌਥੀ ਫਿਲਮ ਸੀ ਜਿਸ ਉਪਰ ਇਰਾਨੀ ਸਰਕਾਰ ਨੇ ਪਾਬੰਦੀ ਲਗਾਈ। ਇਸ ਦੇ ਬਾਵਜੂਦ ਸਰਕਾਰ ਉਸ ਅੰਦਰਲੇ ਫਿਲਮਸਾਜ਼ ਨੂੰ ਚੁੱਪ ਕਰਾਉਣ ਵਿਚ ਕਾਮਯਾਬ ਨਹੀਂ ਹੋ ਸਕੀ। ਸਰਕਾਰ ਦਾ ਇਲਜ਼ਾਮ ਸੀ ਕਿ ਉਹ ਸਰਕਾਰ ਖਿਲਾਫ ਪ੍ਰਾਪੇਗੰਡਾ ਫਿਲਮਾਂ ਬਣਾਉਂਦਾ ਹੈ ਜਿਸ ਨਾਲ ਨਾ ਸਿਰਫ ਇਰਾਨੀਆਂ ਵਿਚ ਸਰਕਾਰੀ ਨੀਤੀਆਂ ਅਤੇ ਇਸ ਦੇ ਮੂਲਵਾਦੀ ਇਸਲਾਮੀ ਖਾਸੇ ਖਿਲਾਫ ਰੰਜ਼ ਤੇ ਰੋਸ ਪੈਦਾ ਹੁੰਦਾ ਹੈ ਸਗੋਂ ਬਾਹਰਲੇ ਮੁਲਕਾਂ ਵਿਚ ਇਰਾਨੀ ਸਰਕਾਰ ਦਾ ਅਕਸ ਤਾਨਾਸ਼ਾਹੀ ਅਤੇ ਜਾਬਰ ਸਰਕਾਰ ਵਾਲਾ ਬਣਦਾ ਹੈ। ਜਫਰ ਪਨਾਹੀ ਨੇ ਆਪਣੇ ਉਪਰ ਲਗਾਈਆਂ ਪਾਬੰਦੀਆਂ ਤੋਂ ਖੌਫਜ਼ਦਾ ਹੋਣ ਦੀ ਥਾਂ ਫਿਲਮਸਾਜ਼ੀ ਦਾ ਵੱਖਰਾ ਹੀ ਢੰਗ ਈਜਾਦ ਕਰ ਲਿਆ ਜਿਹੜਾ ਬਹੁਤ ਵਾਰ ਦਸਤਾਵੇਜ਼ੀ ਫਿਲਮ ਅਤੇ ਆਤਮ-ਕਥਾ ਹੋਣ ਦੀਆਂ ਸ਼ਰਤਾਂ ਪੂਰੀਆਂ ਕਰਨ ਦੇ ਬਾਵਜੂਦ ਮਜ਼ਾਕੀਆਂ ਤਰੀਕੇ ਨਾਲ ਸਰਕਾਰੀ ਪ੍ਰਬੰਧਾਂ 'ਤੇ ਟੱਕ ਮਾਰਦਾ ਹੈ। ਇਸ ਫਿਲਮ ਵਿਚ ਕੈਮਰਾ ਕਿਸੇ ਖਾਸ ਬੰਧੇਜ਼ ਵਿਚ ਕੰਮ ਨਹੀਂ ਕਰਦਾ।

ਫਿਲਮ 'ਤਿੰਨ ਚਿਹਰੇ' ਵਿਚ ਤਿੰਨ ਚਿਹਰੇ ਕੌਣ ਹਨ? ਪਹਿਲਾ ਚਿਹਰਾ ਮਰਜ਼ੀਆਂ (ਮਰਜ਼ੀਆਂ ਰਜ਼ੀਲ) ਦਾ ਹੈ ਜਿਹੜੀ ਇਰਾਨ ਦੇ ਨਿੱਕੇ ਜਿਹੇ ਪਿੰਡ ਵਿਚ ਰਹਿੰਦੀ ਹੈ ਅਤੇ ਫਿਲਮਾਂ ਵਿਚ ਕੰਮ ਕਰਨਾ ਚਾਹੁੰਦੀ ਹੈ, ਤਕਰੀਬਨ ਕਰ ਹੀ ਰਹੀ ਹੈ। ਦੂਜਾ ਚਿਹਰਾ ਇਰਾਨ ਦੀ ਮਸ਼ਹੂਰ ਅਭਿਨੇਤਰੀ ਬਹਿਨਾਜ਼ (ਬਹਿਨਾਜ਼ ਜਾਫਰੀ) ਦਾ ਹੈ ਜਿਹੜੀ ਇਸ ਫਿਲਮ ਦੇ ਨਿਰਦੇਸ਼ਕ ਜਫਰ ਪਨਾਹੀ ਦੀ ਫਿਲਮ ਵਿਚ ਭੂਮਿਕਾ ਨਿਭਾ ਰਹੀ ਹੈ। ਅਸਲ ਵਿਚ ਸਾਰੇ ਅਦਾਕਾਰ ਅਸਲ ਜ਼ਿੰਦਗੀ ਵਾਲੀ ਭੂਮਿਕਾ ਹੀ ਫਿਲਮ ਵਿਚ ਦੁਹਰਾ ਰਹੇ ਹਨ। ਫਿਲਮ 'ਤਿੰਨ ਚਿਹਰੇ' ਦੀ ਸ਼ੁਰੂਆਤ ਵਿਚ ਮਰਜ਼ੀਆਂ, ਨਿਰਦੇਸ਼ਕ ਜਫਰ ਪਨਾਹੀ ਨੂੰ ਸਮਾਰਟ ਫੋਨ ਰਾਹੀ ਵੀਡੀਓ ਕਾਲ ਕਰ ਕੇ ਦੱਸਦੀ ਹੈ ਕਿ ਕਿਵੇਂ ਪਹਿਲਾਂ ਉਸ ਦੇ ਘਰਦਿਆਂ ਨੇ ਉਸ ਨੂੰ ਇਸ ਸ਼ਰਤ 'ਤੇ ਉਸ ਦੀ ਅਗਲੀ ਫਿਲਮ ਵਿਚ ਅਦਾਕਾਰੀ ਕਰਨ ਦੀ ਇਜਾਜ਼ਤ ਦਿੱਤੀ ਸੀ ਕਿ ਉਹ ਬਦਲੇ ਵਿਚ ਜਿੰਨੀ ਛੇਤੀ ਹੋ ਸਕੇ, ਵਿਆਹ ਲਈ ਰਾਜ਼ੀ ਹੋ ਜਾਵੇਗੀ ਪਰ ਜਫਰ ਪਨਾਹੀ 'ਤੇ ਪਾਬੰਦੀ ਲੱਗਣ ਨਾਲ ਹੁਣ ਉਸ ਦੇ ਘਰਦੇ ਬਿਲਕੁਲ ਹੀ ਮੁਕਰ ਗਏ ਹਨ। ਉਹ ਆਖਦੀ ਹੈ ਕਿ ਸ਼ਾਇਦ ਹੁਣ ਉਸ ਕੋਲ ਖੁਦਕੁਸ਼ੀ ਕਰਨ ਤੋਂ ਬਿਨਾਂ ਹੋਰ ਕੋਈ ਬਦਲ ਹੀ ਨਹੀਂ ਬਚਿਆ ਤੇ ਇਹ ਵੀਡੀਓ ਰਾਹੀ ਮੈਂ ਅੰਤਿਮ ਵਿਦਾ ਲੈਣੀ ਚਾਹੁੰਦੀ ਹਾਂ। ਇਹ ਵੀਡੀਓ ਬਹਿਨਾਜ਼ ਅਤੇ ਜਫਰ ਪਨਾਹੀ ਇਕੱਠਿਆਂ ਦੇਖ ਰਹੇ ਹਨ ਅਤੇ ਜਫਰ ਸਾਰੀ ਰੁਟੀਨ ਤੇ ਸ਼ੂਟਿੰਗ ਖਤਮ ਕਰ ਕੇ ਉਸ ਨਿੱਕੇ ਜਿਹੇ ਪਿੰਡ ਵੱਲ ਰਵਾਨਾ ਹੋ ਜਾਂਦਾ ਹੈ ਜਿਸ ਦੀ ਇੱਕ ਗੁਫਾ ਵਿਚ ਮਰਜ਼ੀਆਂ ਆਪਣੇ ਮਰਨ ਦਾ ਸਾਮਾਨ ਇਕੱਠਾ ਕਰ ਰਹੀ ਹੈ।

ਉਨ੍ਹਾਂ ਦਾ ਸਫਰ ਬੇਚੈਨੀ ਤੇ ਬਦਹਵਾਸੀ ਭਰਿਆ ਹੈ ਜਿਸ ਵਿਚੋਂ ਵਾਰ-ਵਾਰ ਅੱਬਾਸ ਕਇਰੋਸਤਮੀ ਦੀ ਫਿਲਮ 'ਦਿ ਟੇਸਟ ਆਫ ਚੈਰੀ' ਅਤੇ ਜਫਰ ਪਨਾਹੀ ਦੀ ਆਪਣੀ ਫਿਲਮ 'ਟੈਕਸੀ' ਦੇ ਝਲਕਾਰੇ ਪੈਂਦੇ ਹਨ। ਮਰਜ਼ੀਆਂ ਦੀ ਖੁਦਕੁਸ਼ੀ ਰੋਕਣ ਨਿਕਲੇ ਦੋਵੇਂ ਕਿਰਦਾਰ ਮੁਲਕ ਵਿਚ ਔਰਤਾਂ ਦੇ ਜਿਊਣ ਹਾਲਾਤ ਦਾ ਮੁਤਾਲਿਆ ਕਰਦਿਆਂ ਵਾਰ-ਵਾਰ ਤ੍ਰਭਕਦੇ ਹਨ। ਉਨ੍ਹਾਂ ਨੂੰ ਜਾਪਦਾ ਹੈ ਕਿ ਕਿਤੇ ਔਰਤਾਂ ਲਗਾਤਾਰ ਲੰਮੀ ਖੁਦਕੁਸ਼ੀ ਵਿਚ ਹੀ ਤਾਂ ਨਹੀਂ ਜੀਅ ਰਹੀਆਂ ਤੇ ਅੰਤ ਵਿਚ ਸਰੀਰ ਦਾ ਖਤਮ ਹੋਣਾ ਉਨ੍ਹਾਂ ਦੇ ਸੋਗ ਦੀ ਥਾਂ ਉਨ੍ਹਾਂ ਦੇ ਦੁੱਖਾਂ ਤੋਂ ਨਿਜਾਤ ਪਾਉਣ ਦਾ ਜ਼ਰੀਆ ਹੀ ਹੋਵੇ। ਇਸ ਦਾ ਅੰਦਾਜ਼ਾ ਉਨ੍ਹਾਂ ਨੂੰ ਮਰਜ਼ੀਆਂ ਦੇ ਪਿੰਡ ਜਾ ਕੇ ਹੁੰਦਾ ਹੈ। ਇੱਕ ਬੰਦਾ ਹੱਥ ਵਿਚ ਪੱਥਰ ਲੈ ਕੇ ਘੁੰਮ ਰਿਹਾ ਹੈ ਤੇ ਅਗਲੇ ਦ੍ਰਿਸ਼ਾਂ ਵਿਚ ਦਰਸ਼ਕਾਂ ਨੂੰ ਜਫਰ ਪਨਾਹੀ ਦੀ ਗੱਡੀ ਦਾ ਸ਼ੀਸ਼ਾ ਟੁੱਟਿਆ ਮਿਲਦਾ ਹੈ। ਪਿੰਡ ਵਾਲਿਆਂ ਲਈ ਉਹ ਅਜਨਬੀ ਹਨ। ਉਨ੍ਹਾਂ ਦਾ ਪਿੰਡ ਵਿਚ ਆਉਣਾ ਪਿੰਡ ਵਾਸੀਆਂ ਨੂੰ ਸਿਰਫ ਇਸ ਲਈ ਮਾਣ ਵਾਲੀ ਗੱਲ ਲੱਗਦੀ ਹੈ ਕਿ ਕੋਈ ਫਿਲਮਸਾਜ਼ ਤੇ ਮਸ਼ਹੂਰ ਅਦਾਕਾਰਾ ਉਨ੍ਹਾਂ ਦੇ ਪਿੰਡ ਦੀ ਜ਼ਮੀਨ 'ਤੇ ਖੜ੍ਹੇ ਹਨ; ਐਪਰ ਪਿੰਡ ਵਾਲਿਆਂ ਨੂੰ ਉਨ੍ਹਾਂ ਦੀਆਂ ਨੀਤਾਂ 'ਤੇ ਸ਼ੱਕ ਹੈ। ਪਿੰਡ ਵਾਲਿਆਂ ਨੂੰ ਸਿਨੇਮਾ ਪਸੰਦ ਹੈ, ਫਿਲਮਾਂ ਪਸੰਦ ਹਨ, ਅਦਾਕਾਰ ਪਸੰਦ ਹਨ ਪਰ ਉਨ੍ਹਾਂ 'ਤੇ ਯਕੀਨ ਕੋਈ ਨਹੀਂ। ਇਹ ਸਿਰਫ ਇਰਾਨੀ ਸਮਾਜ ਦਾ ਸੱਚ ਨਹੀਂ ਸਗੋਂ ਵੱਖ-ਵੱਖ ਸਮਾਜਾਂ ਵਿਚ ਸਿਰਜਣਾਤਮਿਕ ਤੇ ਕਲਾਵਾਂ ਨਾਲ ਜੁੜੇ ਲੋਕਾਂ ਨਾਲ ਲਗਾਤਾਰ ਵਾਪਰਦਾ ਹੈ। ਇਸ ਦਾ ਕਾਰਨ ਸ਼ਾਇਦ ਸਮਾਜ ਦਾ ਆਪਣਾ ਦੋਗਲਾਪਣ ਅਤੇ ਸੁਹਜ ਤੋਂ ਸੱਖਣੀ ਦ੍ਰਿਸ਼ਟੀ ਹੈ। ਇਸ ਫਿਲਮ ਵਿਚ ਪਿੰਡ ਵਾਲੇ ਜਫਰ ਪਨਾਹੀ ਅਤੇ ਉਸ ਦੀ ਫਿਲਮ ਦੀ ਅਦਾਕਾਰਾ ਨੂੰ ਆਪਣੇ ਨਾਲ ਚਾਹ ਪੀਣ ਦਾ ਸੱਦਾ ਦਿੰਦੇ ਹਨ ਪਰ ਇਸ ਸੱਦੇ ਵਿਚ ਇੰਨਾ ਜ਼ਿਆਦਾ ਰਸਮੀਪੁਣਾ ਹੈ ਕਿ ਇਹ ਮਹਿਜ਼ ਖੋਖਲਾ ਸੰਵਾਦ ਬਣ ਕੇ ਰਹਿ ਜਾਂਦਾ ਹੈ। ਜਫਰ ਪਨਾਹੀ, ਅੱਬਾਸ ਵਾਂਗ ਇਰਾਨ ਦੀਆਂ ਸਮਾਜਿਕ ਖਾਈਆਂ ਅਤੇ ਆਰਥਿਕ ਅਸਮਾਨਤਾਵਾਂ ਨੂੰ ਸ਼ਹਿਰੀ-ਦਿਹਾਤੀ ਅਤੇ ਨਵੇਂ-ਪੁਰਾਣੇ ਸਭਿਆਚਾਰ ਦੀਆਂ ਕਦਰਾਂ-ਕੀਮਤਾਂ ਰਾਹੀ ਪੜ੍ਹਦਾ ਹੈ। ਉਸ ਦੇ ਕਿਰਦਾਰ ਆਪਣੇ ਆਲੇ-ਦੁਆਲੇ ਵਿਚ ਗੁੰਨੇ ਅਤੇ ਜ਼ਿੰਦਗੀ ਦੇ ਲਗਾਤਾਰ ਚੱਲਦੇ ਦਾਇਰਿਆਂ ਵਿਚ ਆਪਣੀ ਤਲਾਸ਼ ਕਰਦੇ ਨਜ਼ਰ ਆਉਂਦੇ ਹਨ।

ਫਿਲਮ ਦੇ ਸ਼ੁਰੂ ਤੋਂ ਅੰਤ ਤੱਕ ਕੈਮਰਾ ਵੀ ਕਿਸੇ ਕਿਰਦਾਰ ਵਾਂਗ ਪੂਰੀ ਫਿਲਮ ਵਿਚ ਆਪਣੀ ਹਾਜ਼ਰੀ ਲਵਾਉਂਦਾ ਹੈ। ਜਫਰ ਪਨਾਹੀ ਬਾਕੀ ਫਿਲਮਾਂ ਵਾਂਗ ਇਸ ਫਿਲਮ ਵਿਚ ਵੀ ਕੋਈ ਭਾਸ਼ਣ ਜਾਂ ਸਿਆਸੀ ਤਹਿਰੀਰ ਨਹੀਂ ਕਰਦਾ। ਉਸ ਦਾ ਸਿਨੇਮਾ ਘਟਨਾਵਾਂ ਅਤੇ ਵਰਤਾਰਿਆਂ ਦੇ ਮਨੁੱਖੀ ਹਾਲਾਤ ਨਾਲ ਟਕਰਾਓ ਨੂੰ ਸਮਝਣ ਅਤੇ ਸਮਝਾਉਣ ਦਾ ਸਿਨੇਮਾ ਹੈ। ਫਿਲਮ ਦੇ ਇੱਕ ਸੀਨ ਵਿਚ ਜਫਰ ਪਨਾਹੀ ਨੂੰ ਉਸ ਦੀ ਮਾਂ ਦਾ ਫੋਨ ਆਉਂਦਾ ਹੈ ਜਿਹੜੀ ਇਸ ਤੱਥ ਤੋਂ ਬੇਹੱਦ ਪ੍ਰੇਸ਼ਾਨ ਹੈ ਕਿ ਇਰਾਨੀ ਸਰਕਾਰ ਵਲੋਂ ਪਾਬੰਦੀ ਲਗਾਉਣ ਦੇ ਬਾਵਜੂਦ ਜਫਰ ਨੇ ਆਪਣੀ ਅਗਲੀ ਫਿਲਮ 'ਤੇ ਕੰਮ ਸ਼ੁਰੂ ਕਰ ਦਿੱਤਾ ਹੈ। ਜਫਰ ਉਸ ਨੂੰ ਭਰੋਸਾ ਦਿੰਦਾ ਹੈ, "ਮਾਂ, ਅਫਵਾਹਾਂ 'ਤੇ ਯਕੀਨ ਨਾ ਕਰੀਂ। ਇਹ ਸਭ ਝੂਠ ਹੋ ਸਕਦਾ ਹੈ।"

ਇਰਾਨੀ ਸਰਕਾਰ ਅਤੇ ਜਫਰ ਪਨਾਹੀ ਦੋਹਾਂ ਨੂੰ ਪਤਾ ਹੈ ਕਿ ਇਹ ਨਾ ਤਾਂ ਅਫਵਾਹ ਹੈ ਅਤੇ ਨਾ ਹੀ ਝੂਠ। ਫਿਲਮ ਦੇ ਅੰਤਿਮ ਦ੍ਰਿਸ਼ ਵਿਚ ਸਾਰੇ ਕਿਰਦਾਰ ਅਨੰਤਤਾ ਵੱਲ ਇਸ਼ਾਰਾ ਕਰਦੇ ਹਨ, ਅਰਥਾਤ ਜ਼ਿੰਦਗੀ ਕਦੇ ਵੀ ਰੁਕਦੀ ਨਹੀਂ, ਸਿਰਫ ਘਟਨਾਵਾਂ ਬਦਲਦੀਆਂ ਹਨ ਜਾਂ ਕਿਰਦਾਰ ਬਦਲਦੇ ਹਨ।







*ਖੱਬਿਓਂ: ਫਿਲਮ 'ਤਿੰਨ ਚਿਹਰੇ' ਦੇ ਇਕ ਦ੍ਰਿਸ਼ ਵਿਚ ਬਹਿਨਾਜ਼ ਜਾਫਰੀ ਤੇ ਜਫਰ ਪਨਾਹੀ ਅਤੇ (ਵਿਚਕਾਰ ਤੇ ਸੱਜੇ) ਫਿਲਮ ਦੇ ਦੋ ਹੋਰ ਦ੍ਰਿਸ਼।*

# ਅਦਾਕਾਰਾ ਦੀਪਤੀ ਨਵਲ ਦਾ ਦਰਦ ਵਾਲਾ ਦੀਪ

ਨੌਜਵਾਨ ਅਦਾਕਾਰ ਸੁਸ਼ਾਂਤ ਸਿੰਘ ਰਾਜਪੂਤ ਦੀ ਮੌਤ ਮਗਰੋਂ ਫਿਲਮੀ ਦੁਨੀਆਂ ਦੀਆਂ ਬਹੁਤ ਸਾਰੀਆਂ ਪਰਤਾਂ ਖੁੱਲ੍ਹ ਰਹੀਆਂ ਹਨ ਅਤੇ ਇਹ ਸੱਚ ਸਭ ਦੇ ਸਾਹਮਣੇ ਆ ਰਿਹਾ ਹੈ ਕਿ ਦਮਕ-ਦਮਕ ਵਾਲੀ ਇਸ ਦੁਨੀਆਂ ਦੇ ਲੋਕ ਕਿਸ ਤਰ੍ਹਾਂ ਦੇ ਤਣਾਵਾਂ ਵਿਚੋਂ ਲੰਘਦੇ ਹਨ। ਸੁਸ਼ਾਂਤ ਰਾਜਪੂਤ ਵਾਲੇ ਕੇਸ ਨਾਲ ਫਿਲਮੀ ਦੁਨੀਆਂ ਅੰਦਰ ਭਾਈ-ਭਤੀਜਾਵਾਦ ਦੀ ਗੱਲ ਤਾਂ ਚੱਲੀ ਹੀ ਹੈ, ਨਾਲ ਇਹ ਖੁਲਾਸੇ ਵੀ ਹੋਏ ਹਨ ਕਿ ਅੰਤਾਂ ਦੇ ਪ੍ਰਤਿਭਾਸ਼ਾਲੀ ਹੋਣ ਦੇ ਬਾਵਜੂਦ ਇਸ ਦੁਨੀਆਂ ਵਿਚ ਤੁਹਾਡੀ ਕੋਈ ਵੁਕਅਤ ਨਹੀਂ। ਆਮ ਦਰਸ਼ਕਾਂ ਜਾਂ ਬਾਹਰ ਦੀ ਦੁਨੀਆਂ ਨੂੰ ਜਿਹੜੇ ਲੋਕ ਆਮ ਕਰ ਕੇ ਨਾਇਕ ਦਿਸਦੇ ਹਨ, ਉਹ ਬਹੁਤ ਸਾਰੇ ਮਾਮਲਿਆਂ ਵਿਚ ਖਲਨਾਇਕ ਦੀ ਭੂਮਿਕਾ ਨਿਭਾਉਂਦੇ ਹਨ। ਇਨ੍ਹਾਂ ਖਲਨਾਇਕਾਂ ਬਾਰੇ ਚਰਚਾ ਪਹਿਲਾਂ ਵੀ ਦੱਬਵੀਂ ਸੁਰ ਵਿਚ ਹੁੰਦੀ ਰਹੀ ਹੈ ਪਰ ਹੁਣ ਇਹ ਚਰਚਾ ਸਿਖਰਾਂ ਛੂਹ ਰਹੀ ਹੈ।

ਸੁਸ਼ਾਂਤ ਦੀ ਮੌਤ ਪਿਛੋਂ ਸ਼ੁਰੂ ਹੋਈ ਚਰਚਾ ਦੇ ਨਾਲ-ਨਾਲ ਪ੍ਰਸਿਧ ਅਦਾਕਾਰਾ ਦੀਪਤੀ ਨਵਲ ਨੇ 90ਵਿਆਂ ਦੌਰਾਨ ਆਪਣੇ ਮਾਨਸਿਕ ਤਣਾਅ ਬਾਰੇ ਗੱਲ ਕੀਤੀ ਹੈ। ਉਨ੍ਹਾਂ ਦੱਸਿਆ ਹੈ ਕਿ ਉਨ੍ਹਾਂ ਦੇ ਮਨ ਵੀ ਖੁਦਕੁਸ਼ੀ ਕਰ ਲੈਣ ਦਾ ਖਿਆਲਾਂ ਆ ਗਿਆ ਸੀ ਅਤੇ ਉਸ ਨੂੰ ਇਸ ਖਲਜਗਣ ਵਿਚੋਂ ਨਿਕਲਣ ਲਈ ਬਹੁਤ ਪੱਧਰਾਂ ਉਤੇ ਜੂਝਣਾ ਪਿਆ ਸੀ। ਦੀਪਤੀ ਨਵਲ ਨੇ ਆਪਣੇ ਮਾਨਸਿਕ ਤਣਾਅ ਨਾਲ ਸੰਘਰਸ਼ ਦੌਰਾਨ ਲਿਖੀ ਕਵਿਤਾ ਵੀ ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ ਹੈ ਅਤੇ ਬਹੁਤ ਸਾਰੇ ਪਿਆਰ ਨਾਲ ਸੁਸ਼ਾਂਤ ਰਾਜਪੂਤ ਨੂੰ ਯਾਦ ਕੀਤਾ ਹੈ। ਚੇਤੇ ਰਹੇ ਕਿ 34 ਵਰ੍ਹਿਆਂ ਦੇ ਸੁਸ਼ਾਂਤ ਰਾਜਪੂਤ ਦੀ ਲਾਸ਼ ਉਸ ਦੇ ਬਾਂਦਰਾ ਸਥਿਤ ਘਰ 'ਚੋਂ ਲਟਕਦੀ ਹੋਈ ਮਿਲੀ ਸੀ। ਪੁਲਿਸ ਅਨੁਸਾਰ ਜਾਂਚ ਦੌਰਾਨ ਪਤਾ ਲੱਗਿਆ ਹੈ ਕਿ ਉਹ ਮਾਨਸਿਕ ਤਣਾਅ ਨਾਲ



ਜੂਝ ਰਿਹਾ ਸੀ ਅਤੇ ਇਸ ਸਬੰਧੀ ਉਸ ਦੀ ਦਵਾਈ ਵੀ ਚੱਲ ਰਹੀ ਸੀ।

ਦੀਪਤੀ ਨਵਲ ਨੇ ਲਿਖਿਆ, "ਇਹ ਕਾਲੇ ਦਿਨ ਨੇ। ਕਿੰਨਾ ਕੁਝ ਵਾਪਰ ਰਿਹਾ ਹੈ। ਦਿਮਾਗ ਨੇ ਕੰਮ ਕਰਨਾ ਬੰਦ ਕਰ ਦਿੱਤਾ ਹੈ ਬਲਕਿ ਦਿਮਾਗ ਸੁੰਨ ਜਿਹਾ ਹੋ ਗਿਆ ਹੈ। ਅੱਜ ਮੇਰਾ ਕਈ ਵਰ੍ਹੇ ਪਹਿਲਾਂ ਲਿਖੀ ਕਵਿਤਾ ਸਾਂਝੀ ਕਰਨ ਦਾ ਜੀਅ ਕੀਤਾ ਹੈ। ਇਹ ਕਵਿਤਾ ਮੈਂ ਉਦੋਂ ਲਿਖੀ ਸੀ ਜਦੋਂ ਮੈਂ ਤਣਾਅ, ਚਿੰਤਾ, ਖੁਦਕੁਸ਼ੀ ਦੇ ਖਿਆਲਾਂ ਨਾਲ ਲੜ ਰਹੀ ਸੀ।" 68 ਵਰ੍ਹਿਆਂ ਦੀ ਦੀਪਤੀ ਨਵਲ ਨੇ ਆਪਣੀ ਇਸ ਕਵਿਤਾ ਨੂੰ 'ਬਲੈਕ ਵਿੰਡ' (ਕਾਲੀ ਬੋਲੀ ਹਵਾ) ਦਾ ਨਾਂ ਦਿੱਤਾ ਹੈ। ਉਸ ਨੇ ਸੁਸ਼ਾਂਤ ਰਾਜਪੂਤ ਦੀ ਮੌਤ ਨੂੰ ਫਿਲਮੀ ਦੁਨੀਆਂ ਨੂੰ ਕਦੀ ਨਾ ਪੂਰਿਆ ਜਾਣ ਵਾਲਾ ਘਾਟਾ ਦੱਸਿਆ ਹੈ।

ਦੀਪਤੀ ਨਵਲ ਨੇ ਆਪਣੇ ਫਿਲਮੀ ਕਰੀਅਰ ਦਾ ਆਰੰਭ ਪ੍ਰਸਿੱਧ ਫਿਲਮਸਾਜ਼ ਸ਼ਿਆਮ ਬੈਨੇਗਲ ਦੀ ਫਿਲਮ 'ਜਨੂਨ' ਨਾਲ ਕੀਤਾ ਸੀ। ਇਹ ਸਾਲ 1978 ਦੀਆਂ ਗੱਲਾਂ ਹਨ। ਉਦੋਂ ਉਸ ਦੀ ਉਮਰ 26 ਸਾਲ ਦੀ ਸੀ। ਮਗਰੋਂ ਉਸ ਨੇ ਭਾਰਤ ਅੰਦਰ ਚੱਲੀ ਸਾਰਥਕ ਸਿਨੇਮਾ ਵਾਲੀ ਲਹਿਰ ਅੰਦਰ ਅਹਿਮ ਭੂਮਿਕਾ ਨਿਭਾਈ। ਸਿਨੇਮਾ ਦੀ ਇਹ ਲਹਿਰ ਵਪਾਰ ਦੀ ਥਾਂ ਮਨੁੱਖੀ ਸਰੋਕਾਰਾਂ ਨੂੰ ਪਹਿਲ ਦਿੰਦੀ ਸੀ। ਇਸ ਪ੍ਰਸੰਗ ਵਿਚ ਉਸ ਦੀਆਂ ਦੋ ਫਿਲਮਾਂ 'ਕਮਲਾ'(1984) ਅਤੇ 'ਅਨਕਹੀ' (1985) ਨੂੰ ਬੜੀ ਸ਼ਿੱਦਤ ਨਾਲ ਯਾਦ ਕੀਤਾ ਜਾਂਦਾ ਹੈ। ਉਸ ਦੀਆਂ ਹੋਰ ਅਹਿਮ ਫਿਲਮਾਂ ਵਿਚ 'ਹਮ ਪਾਂਚ', 'ਏਕ ਵਾਰ ਫਿਰ', 'ਚਸ਼ਮੇ ਬੱਦੂਰ', 'ਮੋਹਨ ਜੋਸ਼ੀ ਹਾਜ਼ਿਰ ਹੋ', 'ਹਿਪ ਹਿਪ ਹੁੱਰੇ', 'ਆਂਧੀ ਗਲੀ', 'ਦਾਮੁਲ', 'ਮਿਰਚ ਮਸਾਲਾ' ਆਦਿ ਸ਼ਾਮਿਲ ਹਨ। ਅੰਮ੍ਰਿਤਸਰ ਦੀ ਜੰਪਲ ਦੀਪਤੀ ਨਵਲ ਨੇ ਨਾਵਲਕਾਰ ਗੁਰਦਿਆਲ ਸਿੰਘ ਦੇ ਨਾਵਲ 'ਮੜ੍ਹੀ ਦਾ ਦੀਵਾ' ਉਤੇ ਇਸੇ ਨਾਂ ਹੇਠ ਬਣੀ ਪੰਜਾਬੀ ਫਿਲਮ ਵਿਚ ਅਹਿਮ ਰੋਲ ਨਿਭਾਇਆ ਸੀ।

***-ਆਮਨਾ ਕੌਰ***

Tel.: 317-426-5410
Ext 311 or 340

XPressCargo

Cell : 317-701-4230
Fax : 317-308-6424

Pay Every Week
Single upto 42 Cent + Team Upto 50 Cent

100%
OWNER OPERATOR
COMPANY

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com